30 ਜੁਲਾਈ-ਸਤੰਬਰ, 2013

ISSN 2321- 4449


# ਕਹਾਣੀ ਧਾਰਾ




ਮੁੱਲ : 30/-

Year: 8 Issue No. 30
'KAHANI DHARA'(PUNJABI QUARTERLY) July-Sept., 2013 R.N.I. Regd No. PUN PUN 2006 / 19971



## ਪਰਵਾਜ਼ ਪ੍ਰਕਾਸ਼ਨ ਦੀਆਂ ਬਿਲਕੁਲ ਨਵੀਆਂ ਛਪੀਆਂ ਪੁਸਤਕਾਂ





ਮੁੱਲ: 340 ਰੁਪਏ, ਪੰਨੇ: 336




ਮੁੱਲ: 150 ਰੁਪਏ, ਪੰਨੇ: 144




ਮੁੱਲ: 180 ਰੁਪਏ, ਪੰਨੇ: 144




ਮੁੱਲ: 160 ਰੁਪਏ, ਪੰਨੇ: 112

ਪਰਵਾਜ਼ ਪ੍ਰਕਾਸ਼ਨ Parwaz Parkashan

ਪਤਾ: ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-6
ਫੋਨ: 94170-64350

E.mail:
parwazparkashan@gmail.com
Mob. 94170-64350

*ਜੁਲਾਈ-ਸਤੰਬਰ, 2013 ਅੰਕ: 30*

KAHANI DHARA (Punjabi Quarterly)
R.N.I.Regd No.PUN PUN/2006/19971
ISSN 2321-4449

e-mail:
kahanidhara@gmail.com
kahani_dhara@yahoo.co.in
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:**30ਰੁ.,10 **ਅੰਕ:**300 ਰੁ.,
10 **ਅੰਕ: ਡਾਲਰ:**35, **ਤੇ ਪੌਂਡ:** 30
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ** 'KAHANI DHARA' **ਦੇ ਨਾਂ ਭੇਜੇ ਜਾਣ।**

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kishanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਜੁਲਾਈ, 2013)

**ਅੰਦਰ ਪੜ੍ਹੋ:**

ਸੰਪਾਦਕੀ: ਪੰਜਾਬੀ ਲੋਕ-ਨਾਟ ਨਕਲਾਂ ਦਾ ਪਤਣ / -ਭਗਵੰਤ ਰਸੂਲਪੁਰੀ-2

**ਮੇਰੀਆਂ ਕਹਾਣੀਆਂ ਦੇ ਇਸਤਰੀ ਪਾਤਰ**

1. ਤਲਵਿੰਦਰ ਸਿੰਘ-4
2. ਅਜਮੇਰ ਸਿੱਧੂ-14

**ਕਹਾਣੀਆਂ:**

1. ਸੱਪ ਤੇ ਨਿਉਲਾ / - ਕੁਲਜੀਤ ਮਾਨ-22
2. ਸ਼ਰਧਾਂਜਲੀ/ -ਬਲਦੇਵ ਸਿੰਘ ਢੀਂਡਸਾ-41
3. ਭਾਰਮੁਕਤ / ਗੋਵਰਧਨ ਗੱਬੀ-51
4. ਚਰਚਿਤ / - ਨਵਨੀਤ ਪਨੂੰ-63
5. ਲਹੂ ਦਾ ਛੱਪੜ/ - ਕਰਮਜੀਤ ਸਿੰਘ ਨਡਾਲਾ-70
6. ਸੂਲੀ ਉੱਤੇ ਟੰਗੀ ਅਣਖ / -ਅਸਗਰ ਅਲੀ ਜਾਵੇਦ-79

**ਆਲੋਚਨਾ:**

ਪੰਜਾਬੀ ਕਹਾਣੀ : ਇਕ ਵਿਸ਼ਾ ਵਿਭਿੰਨ ਵਿਸਤ੍ਰਿਤ ਪ੍ਰਵਚਨ/ਡਾ. ਗੁਰਮੀਤ ਕੌਰ-84

ਵਿਸ਼ਵੀਕਰਨ ਦੇ ਦੌਰ 'ਚ ਡਾਊਨ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਦਾ ਬਿਰਤਾਂਤ : ਸਲੋਅ ਡਾਊਨ - ਸੰਤੋਖ ਸਿੰਘ 'ਸੁੱਖੀ'-90

ਪੰਜਾਬੀ ਕਹਾਣੀ ਵਿੱਚ ਨਵਾਂ ਪ੍ਰਯੋਗ : ਬੁਲਬੁਲਿਆਂ ਦੀ ਕਾਸ਼ਤ - ਡਾ: ਜਸਵਿੰਦਰ ਕੌਰ ਬਿੰਦਰਾ-95

ਮਰਦ ਤ੍ਰਾਸਦੀ ਦੀ ਪੇਸ਼ਕਾਰੀ 'ਤੀਵੀਆਂ'- ਹਰਪ੍ਰੀਤ ਸਿੰਘ-99

**ਜਨ ਬੋਧ**

ਸਮਾਜ ਤੇ ਨੈਤਿਕਤਾ

ਅਨੁਵਾਦ: ਭਗਵੰਤ ਰਸੂਲਪੁਰੀ-103

**ਪੁਸਤਕ ਪੜਚੋਲ**-114

**ਹੁੰਗਾਰਾ**-121

**ਟਾਇਟਲ ਪੇਟਿੰਗ: ਪਵਨ ਕੁਮਾਰ, ਜਲੰਧਰ 90414-59767**



**ਸੰਪਾਦਕੀ-**

# ਪੰਜਾਬੀ ਲੋਕ-ਨਾਟ ਨਕਲਾਂ ਦਾ ਪੱਤਣ

ਪੰਜਾਬੀ ਸਭਿਆਚਾਰ ਵਿਚ ਲੋਕ-ਨਾਟ ਨਕਲਾਂ ਦਾ ਅਹਿਮ ਸਥਾਨ ਹੈ। ਪੰਜਾਬੀ ਸਮਾਜ ਦੀਆਂ ਸਮਾਜਿਕ ਗੁੰਝਲਾਂ ਨੂੰ ਸਮਝਣ ਲਈ ਅਤੇ ਸਮਾਜ ਦੀ ਇਤਿਹਾਸਕਾਰੀ ਜਾਨਣ ਲਈ ਲੋਕ-ਨਾਟ ਨਕਲਾਂ ਵਿਚੋਂ ਮੌਖਿਕ ਸਮੱਗਰੀ ਭਵਿੱਖ 'ਚ ਬਹੁਤ ਮਹੱਤਵਪੂਰਨ ਰੋਲ ਅਦਾ ਕਰੇਗੀ। 1930 ਤੋਂ ਲੈ ਕੇ 1990 ਦਾ ਸਮਾਂ ਲੋਕ-ਨਾਟ ਨਕਲਾਂ ਦਾ ਸੁਨਹਿਰੀ ਯੁੱਗ ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਕਾਲ-ਖੰਡ ਵਿਚ ਨਕਲਾਂ ਜਵਾਨ ਹੋਈਆਂ ਅਤੇ ਸਿਖਰ ਤੱਕ ਪਹੁੰਚ ਗਈਆਂ। ਪੰਜਾਬ ਵਿਚ ਹਰੀ ਕ੍ਰਾਂਤੀ ਦੇ ਆਉਣ ਨਾਲ ਪੰਜਾਬੀ ਸਮਾਜ ਮਸ਼ੀਨੀਕਰਨ ਦੀ ਜਕੜ ਵਿਚ ਜਾਣ ਲੱਗਾ। ਜਿਸ ਕਾਰਨ ਇਸ ਪੀੜ੍ਹੀ ਦੀਆਂ ਲੋੜਾਂ, ਖ਼ਾਹਿਸਾ ਅਤੇ ਮੰਨੋਰੰਜਨ ਦੇ ਸਾਧਨ ਬਦਲਣ ਲੱਗੇ। ਫਿਰ ਵਿਸ਼ਵੀਕਰਨ ਦੇ ਦੌਰ ਵਿਚ ਕੰਪਿਊਟਰ, ਇੰਟਰਨੈੱਟ, ਮੋਬਾਇਲ, ਫੇਸ ਬੁੱਕ, ਗੂਗਲ, ਇਲਕਟ੍ਰੋਨਿਕ ਚੈਨਲਾਂ ਦੇ ਫੈਲਾ ਨਾਲ ਨਵੀਂ ਪੀੜ੍ਹੀ ਇਕ ਦਮ ਪੰਜਾਬੀ ਕਲਚਰ ਨਾਲੋਂ ਟੁੱਟਣ ਲੱਗ ਪਈ। ਇਹ ਤਕਨੀਕ ਦਾ ਯੁੱਗ ਸੀ। ਜਿਸ ਵਿਚ ਲੋਕ ਕਲਾਵਾਂ ਅਤੇ ਖੇਤਰੀ ਭਾਸ਼ਾਵਾਂ ਪਤੱਣ ਵੱਲ ਵੱਧਣ ਲੱਗੀਆਂ। ਇਸ ਟੈਕਨੌਲਿਜੀ ਦੇ ਯੁੱਗ ਨੇ ਨਵੀਂ ਪੀੜ੍ਹੀ ਦੇ ਮਨ 'ਤੇ ਤੇਜੀ ਨਾਲ ਅਸਰ ਕੀਤਾ। ਉਨ੍ਹਾਂ ਦੀਆਂ ਲੋੜਾਂ, ਖ਼ਾਹਿਸਾਂ ਅਤੇ ਮੰਨੋਰੰਜਨ ਦੇ ਸਾਧਨ ਬਦਲਣ ਲੱਗ ਪਏ। ਪੰਜਾਬੀ ਸਭਿਆਚਾਰ ਦੀਆਂ ਹੋਰ ਵੰਨਗੀਆਂ ਦੇ ਨਾਲ-ਨਾਲ ਪੰਜਾਬੀ ਨਕਲਾਂ 'ਤੇ ਇਸ ਦਾ ਬਹੁਤ ਅਸਰ ਪਿਆ। ਤਕਨੀਕ ਦੇ ਇਸ ਯੁੱਗ ਵਿਚ ਲੋਕਾਂ ਦੀ ਮਾਨਸਿਕਤਾ ਬਦਲਣ ਲੱਗ ਪਈ। ਨੈਤਿਕ ਕਦਰਾਂ-ਕੀਮਤਾਂ ਤੇ ਨੈਤਿਕਤਾ ਬਦਲ ਗਈ। ਪੰਜਾਬੀ ਲੋਕ, ਭੰਡਾਂ ਦੀਆਂ ਨਕਲਾਂ ਨੂੰ ਖੁਸ਼ੀ ਦੇ ਮੌਕੇ ਅਤੇ ਘਰਾਂ ਵਿਚ ਕਰਵਾਉਣ ਅਤੇ ਦੇਖਣ ਨੂੰ ਨੈਤਿਕਤਾ ਦੇ ਮਾਪਦੰਡ ਨਾਲ ਵੇਖਣ ਲੱਗ ਪਏ। ਉਨ੍ਹਾਂ ਨੇ ਇਹ ਨੈਤਿਕਤਾ ਬਣਾ ਲਈ ਕਿ ਇਨ੍ਹਾਂ ਨੂੰ ਸੂਝਵਾਨ ਅਤੇ ਸਿਆਣੇ, ਉੱਚ ਵਰਗ ਦੇ ਲੋਕ ਨਹੀਂ ਦੇਖਦੇ, ਉਨ੍ਹਾਂ ਦੀ ਧਾਰਨਾ ਇਹ ਸੀ ਕਿ ਇਨ੍ਹਾਂ ਦੇ ਦੇਖਣ ਨਾਲ ਬੱਚਿਆਂ ਤੇ ਜਵਾਨਾਂ ਵਿਚ ਨੈਤਿਕ ਗਿਰਾਵਟ ਆਉਂਦੀ ਹੈ। ਮੰਨੋਰੰਜਨ ਦਾ ਇਕ ਬੂਹਾ ਬੰਦ ਕਰਨ ਨਾਲ ਉਨ੍ਹਾਂ ਅੱਗੇ ਅਨੇਕਾਂ ਬੂਹੇ ਖੁੱਲ੍ਹੇ ਗਏ। ਬਲਕਿ ਚੈਨਲ ਤੇ ਇੰਟਰਨੈੱਟ ਰਾਹੀਂ 'ਵਾਜ਼ਾਂ ਮਾਰਨ ਲੱਗੇ। ਜਿਸ ਕਾਰਨ ਭੰਡਾਂ ਦੀ ਨਵੀਂ ਪੀੜ੍ਹੀ ਦਾ ਨਕਲਾਂ ਕਰਨ ਵਿਚ ਬਿਲਕੁਲ ਹੀ ਮੋਹ ਭੰਗ ਹੋ ਗਿਆ। ਅੱਜ ਸਥਿਤੀ ਇਹ ਹੈ ਕਿ ਨਕਲਾਂ ਕਰਨ ਵਾਲੇ ਭੰਡਾਂ ਵਿਚ ਨਵੀਂ ਪੀੜ੍ਹੀ ਪਿਤਾ-ਪੁਰਖੀ ਕਿੱਤਾ ਕਰਨ ਲਈ ਤਿਆਰ ਨਹੀਂ। ਜਿੱਥੇ 1980 ਦੇ ਆਸ-ਪਾਸ ਪੰਜਾਬ ਵਿਚ ਪਿੰਡ-ਪਿੰਡ ਵਿਚ ਨਕਲਾਂ ਕਰਨ ਵਾਲੇ ਭੰਡਾਂ ਦੀਆਂ ਟੋਲੀਆਂ ਸਨ ਹੁਣ ਪੰਜਾਬ ਵਿਚ ਮਸਾਂ ਹੀ 30-35 ਟੋਲੀਆਂ ਲੱਭਦੀਆਂ ਹਨ। ਇਹ ਟੋਲੀਆਂ ਵੀ ਪੂਰੀ ਤਰ੍ਹਾਂ ਨਕਲਾਂ ਤੇ ਨਿਰਭਰ ਨਹੀਂ। ਉਨ੍ਹਾਂ ਨੂੰ ਰੋਟੀ ਰੋਜੀ ਲਈ ਹੋਰ ਕਿੱਤੇ ਵੀ ਕਰਨੇ ਪੈਂਦੇ ਹਨ। ਪੰਜਾਬੀ ਸਮਾਜ ਦੇ ਉੱਚ ਅਤੇ ਮੱਧ ਵਰਗ ਵਲੋਂ ਭੰਡਾਂ ਨੂੰ ਦੁਰਕਾਰੇ ਜਾਣ ਤੇ ਭੰਡਾਂ ਦੀ ਨਵੀਂ ਪੀੜ੍ਹੀ ਆਪਣੇ ਗੌਰਵ 'ਤੇ ਸੱਟ ਵੱਜਦੀ ਮਹਿਸੂਸ ਕਰਦੀ ਹੈ।

ਦੁਆਬੇ ਵਿਚ ਨਕਲਾਂ ਕਰਨ ਵਾਲੇ ਵਧੇਰੇ ਕਰਕੇ ਮੀਰ ਆਲਮੀ ਮਿਰਾਸੀ (ਡੂੰਮ) ਮੰਨੇ ਗਏ ਹਨ। ਭਾਰਤੀ ਮੁਗਲ ਰਾਜੇ ਮਿਰਾਸੀਆਂ ਨੂੰ ਸਾਹੀ ਦਰਬਾਰ 'ਚ ਗਵੱਈਏ ਰੱਖਦੇ ਸਨ। ਇਹ ਲੋਕ ਦਿਮਾਗੀ ਤੌਰ ਤੇ ਐਨੇ ਤੇਜ-ਤਰਾਰ ਹੁੰਦੇ ਸਨ ਕਿ ਉਨ੍ਹਾਂ ਨੂੰ ਰਾਜਿਆਂ, ਜਗੀਰਦਾਰਾਂ ਤੇ ਵੱਡੇ ਅਹਿਲਕਾਰਾਂ ਦਾ ਸਦੀਆਂ ਪੁਰਾਣਾ ਕੁਰਸੀ-ਨਾਮਾ ਜ਼ੁਬਾਨੀ ਚੇਤੇ ਹੁੰਦਾ ਸੀ। ਸਾਹੀ ਦਰਬਾਰ ਵਿਚ ਉਹ ਰਾਜਿਆਂ ਦਾ ਮੰਨੋਰੰਜਨ ਵੀ ਕਰਦੇ ਸਨ। ਰਾਜੇ ਉਨ੍ਹਾਂ ਨੂੰ ਸੋਨੇ ਦੇ ਸਿੱਕੇ ਤੇ ਮੋਹਰਾ ਦਿੰਦੇ ਸਨ। ਇਨ੍ਹਾਂ ਦਰਬਾਰਾਂ ਵਿਚ ਹੀ ਲੋਕ-ਨਾਟ ਨਕਲਾਂ ਦਾ ਜਨਮ ਹੋਇਆ। ਇਹ ਨਕਲਾਂ ਮਿਰਾਸੀ ਮੂੰਹ ਜ਼ੁਬਾਨੀ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਂ

ਅੱਗੇ ਤੋਰਦੇ ਸਨ। ਉਨ੍ਹਾਂ ਕੋਲ ਇਨ੍ਹਾਂ ਦਾ ਕੋਈ ਲਿਖਤੀ ਰਿਕਾਰਡ ਨਹੀਂ ਹੁੰਦਾ ਸੀ।

ਨਕਲਾਂ ਵੱਖ-ਵੱਖ ਪੜ੍ਹਾਵਾਂ ਵਿਚ ਰੰਗਾ ਤੇ ਬਿਗਲਾ ਦੋ ਪਾਤਰਾਂ ਵਲੋਂ ਖੇਡੀਆਂ ਜਾਂਦੀਆਂ ਹਨ। ਨਕਲਾਂ ਖੇਡਣ ਲਈ ਕੋਈ ਸਾਜ਼ ਤੇ ਤਿਆਰੀ ਦੀ ਲੋੜ ਨਹੀਂ ਹੁੰਦੀ। ਬਿਗਲੇ ਕੋਲ ਚਮੜੇ ਦਾ ਚਮੋਟਾ ਹੁੰਦਾ ਹੈ ਅਤੇ ਰੰਗੇ ਕੋਲ ਡੱਫਲੀ ਹੁੰਦੀ ਹੈ। ਬਿਗਲਾ ਤੇ ਰੰਗਾ ਹੰਢੇ ਹੋਏ ਨਾਟ ਖੇਤਰ ਦੇ ਕਲਾਕਾਰ ਹੁੰਦੇ ਹਨ। ਉਹ ਸੰਵਾਦੀ ਜੁਗਤ ਰਾਹੀ ਸਾਰਾ ਕੁਝ ਦਰਸ਼ਕ ਨੂੰ ਦਿਖਾ ਦਿੰਦੇ ਹਨ। ਹੰਢੇ ਹੋਏ ਨਕਲੀਏ ਦਰਸ਼ਕਾਂ ਨੂੰ ਇਕ ਤਰ੍ਹਾਂ ਨਾਲ ਹਿਪਨੋਟਾਇਜ ਕਰ ਲੈਂਦੇ ਹਨ, ਜੇਕਰ ਬਿਗਲਾ ਔਰਤ ਬਣਨਾ ਚਾਹੇ ਤਾਂ ਦਰਸ਼ਕ ਉਸ ਨੂੰ ਔਰਤ ਸਮਝ ਲੈਂਦੇ ਹਨ। ਉਹ ਔਰਤ ਵਾਂਗ ਚਿਹਰੇ ਦੀ ਬਨਾਵਟ ਬਣਾ ਕੇ, ਸਿਰ ਤੇ ਲਪੇਟਿਆ ਪਰਨਾ ਚੁੰਨੀ ਵਾਂਗ ਲੈ ਕੇ ਔਰਤ ਦਾ ਰੋਲ ਕਰ ਲੈਂਦਾ ਹੈ। ਨਕਲਾਂ ਮੌਕੇ ਤੇ ਵੀ ਘੜ ਲਈਆਂ ਜਾਂਦੀਆਂ ਹਨ। ਨਕਲਾਂ ਨੂੰ ਵਾਰ ਵਾਰ ਖੇਡਣ ਤੇ ਇਹ ਲੰਮੀਆਂ ਪਟੜੀਆਂ ਦਾ ਰੂਪ ਧਾਰਨ ਕਰਦੀਆਂ ਹਨ।

ਦੇਸ਼ ਵੰਡ ਉਪਰੰਤ ਪੰਜਾਬ ਦੇ ਬਹੁਤ ਸਾਰੇ ਭੰ- ਮਿਰਾਸੀ ਨਕਲੀਏ ਪਾਕਿਸਤਾਨ ਚਲੇ ਗਏ। ਜਿਹੜੇ ਥੋੜੇ ਬਹੁਤੇ ਪੰਜਾਬ ਰਹਿ ਗਏ ਉਨ੍ਹਾਂ ਤੋਂ ਨਕਲਾਂ ਰੂਪੀ ਲੋਕ-ਨਾਟ ਅੱਗੇ ਤੁਰਿਆ। ਬੀਤੀ ਸਦੀ ਦਾ ਵਿਚਕਾਰਲਾ ਸਮਾਂ ਨਕਲਾਂ ਦਾ ਸੁਨਹਿਰੀ ਕਾਲ ਮੰਨਿਆ ਗਿਆ ਹੈ। ਜਿਸ ਵਿਚ ਨਕਲਾਂ ਕਰਨ ਵਾਲੇ ਭੰਡ ਖੁਸ਼ਹਾਲ ਜ਼ਿੰਦਗੀ ਜਿਉਂਦੇ ਸਨ ਅਤੇ ਸਮਾਜ ਵਿਚ ਉਨ੍ਹਾਂ ਨੂੰ ਚੰਗੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ। ਉਨ੍ਹਾਂ ਦੀ ਸਮਾਜ ਵਿਚ ਪੂਰੀ ਇੱਜ਼ਤ ਹੁੰਦੀ ਸੀ ਅਤੇ ਉਨ੍ਹਾਂ ਨੂੰ ਬਕਾਇਦਾ ਸਾਈ ਦੇ ਕੇ ਨਕਲਾਂ ਕਰਨ ਲਈ ਸੱਦਾ ਦਿੱਤਾ ਜਾਂਦਾ ਸੀ। ਹੁਣ ਹਾਲਾਤ ਇਹ ਹਨ ਕਿ ਨਕਲਾਂ ਕਰਨ ਵਾਲੇ ਭੰਡ ਜੇਕਰ ਕਿਸੇ ਘਰ ਮੁੰਡਾ ਜੰਮਣ ਜਾਂ ਵਿਆਹ ਦੀਆਂ ਵਧਾਈਆਂ ਲੈਣ ਚਲੇ ਜਾਣ ਤਾਂ ਮੁੰਡੇ ਵਾਲੇ ਉਨ੍ਹਾਂ ਨੂੰ ਘਰ ਅੰਦਰ ਨਹੀਂ ਵਾੜਦੇ। ਘਰ ਵਾੜ ਕੇ ਭੰਡਾਂ ਦੀਆਂ ਨਕਲਾਂ ਕਰਵਾਉਣ ਤੇ ਸੁਣਨ ਨਾਲ ਉਨ੍ਹਾਂ ਦੀ ਨੈਤਿਕਤਾ ਦਾ ਪੱਤਣ ਹੁੰਦਾ ਹੈ। ਜਿੱਥੇ ਪਹਿਲਾਂ ਬਰਾਤਾਂ ਤਿੰਨ-ਚਾਰ ਦਿਨ ਰੁਕਦੀਆਂ ਸਨ, ਉਥੇ ਹੁਣ ਕੁਝ ਘੰਟਿਆਂ ਦਾ ਕਾਰਜ ਰਹਿ ਗਿਆ ਹੈ। ਪਹਿਲਾਂ-ਪਹਿਲ ਬਰਾਤੀ ਆਪਣੇ ਮੰਨੋਰੰਜਨ ਲਈ ਨਕਲਾਂ ਕਰਨ ਵਾਲਿਆਂ ਨੂੰ ਨਾਲ ਲੈ ਕੇ ਜਾਂਦੇ ਸਨ। ਹੁਣ ਵਿਆਹ ਪੈਲੇਸਾਂ ਵਿਚ ਹੁੰਦੇ ਹਨ, ਜਿਥੇ ਭੰਡਾਂ ਨੂੰ ਪੈਲੇਸਾਂ ਵਿਚ ਵੜਨ ਨਹੀਂ ਦਿੱਤਾ ਜਾਂਦਾ। ਉੱਚ ਵਰਗ ਦੇ ਲੋਕ ਗਾਇਕਾਂ ਤੇ ਲੱਖਾਂ ਰੁਪਏ ਖਰਚ ਦਿੰਦੇ ਹਨ ਪਰ ਭੰਡਾਂ ਨੂੰ ਦੱਸ ਰੁਪਏ ਵਧਾਈ ਦੇਣੀ ਆਪਣੀ ਨੈਤਿਕਤਾ ਨੂੰ ਢਾਹ ਵੱਜਦੀ ਸਮਝਦੇ ਹਨ।

ਦੁਆਬੇ ਵਿਚ ਭੰਡਾਂ ਦੀਆਂ ਟੋਲੀਆਂ ਦੀ ਆਰਥਿਕ ਤੇ ਸਮਾਜਿਕ ਹਾਲਤ ਬਹੁਤ ਖ਼ਸਤਾ ਹੈ। ਗਰੀਬੀ ਅਤੇ ਪੜ੍ਹਾਈ ਤੋਂ ਦੂਰੀ ਕਾਰਨ ਇਸ ਪੀੜ੍ਹੀ ਦੇ ਬੱਚੇ ਨਕਲਾਂ ਕਰਨ ਨੂੰ ਮਾੜਾ ਕੰਮ ਸਮਝਦੇ ਹਨ ਦੂਜੇ ਪਾਸੇ ਉਹ ਪੜ੍ਹ ਲਿਖ ਵੀ ਨਹੀਂ ਸਕਦੇ। ਜਿਸ ਕਾਰਨ ਉਹ ਵੱਖ ਵੱਖ ਖੇਤਰਾਂ ਵਿਚ ਮਜ਼ਦੂਰੀ ਕਰਨ ਤੁਰ ਪੈਂਦੇ ਹਨ। ਹਰ ਸਾਲ ਸਭਿਆਚਾਰ ਦੇ ਨਾਂ ਤੇ ਅਨੇਕਾਂ ਸੰਸਥਾਵਾਂ ਲੱਖਾਂ ਰੁਪਏ ਹੜੱਪ ਕਰ ਜਾਂਦੀਆਂ ਹਨ, ਪਰ ਜਿਹੜੀਆਂ ਲੋਕ ਪ੍ਰੰਪਰਾਵਾਂ ਮਰ ਰਹੀਆਂ ਹਨ ਉਨ੍ਹਾਂ ਦੀ ਸਾਂਭ ਲਈ ਜਾਂ ਇਨ੍ਹਾਂ ਲੋਕ ਪ੍ਰੰਪਰਾਵਾਂ ਨੂੰ ਕਰਨ ਵਾਲਿਆ ਨੂੰ ਨਹੀਂ ਸਾਂਭ ਰਹੀਆਂ। ਸ਼ਹਿਰਾਂ ਦੇ ਨਾਲ ਲੱਗਦੀਆਂ ਕਲੋਨੀਆਂ ਵਿਚ ਰਹਿੰਦੇ ਮੱਧਵਰਗੀ ਪਰਿਵਾਰਾਂ ਦੇ ਘਰਾਂ ਵਿਚ ਵਧਾਈਆਂ ਲੈਣ ਇਹ ਭੰਡ ਲੋਕ ਤੁਰੇ ਰਹਿੰਦੇ ਹਨ, ਪਰ ਉਹ ਜਿੱਥੇ ਜਾਂਦੇ ਹਨ ਉਨ੍ਹਾਂ ਨੂੰ ਦੁਰਕਾਰਿਆ ਹੀ ਜਾਂਦਾ ਹੈ। ਸਮਾਜ ਵਿਚ ਉਨ੍ਹਾਂ ਦਾ ਰੁਤਬਾ ਬਹੁਤ ਨੀਵਾਂ ਹੁੰਦਾ ਜਾ ਰਿਹਾ ਹੈ। ਭੰਡਾਂ ਦੀਆਂ ਨਕਲਾਂ ਤੇ ਖੋਜ ਕਾਰਜ ਪਿਛਲੇ ਤਿੰਨ ਸਾਲਾਂ ਤੋਂ ਕਰਦਾ ਹੋਣ ਕਰਕੇ ਮੈਂ ਇਨ੍ਹਾਂ ਨੂੰ ਬਹੁਤ ਨੇੜਿਓ ਦੇਖਿਆ ਹੈ, ਇਨ੍ਹਾਂ ਦੇ ਘਰਾਂ ਵਿਚ ਵਿਚਰ ਦੇ ਦੇਖਿਆ ਹੈ। ਇਹ ਨਾਟ ਪ੍ਰੰਪਰਾ ਸੱਚਮੁੱਚ ਹੀ ਤੇਜੀ ਨਾਲ ਮਰ ਰਹੀ ਹੈ। ਸਾਡੀਆਂ ਅਗਲੀਆਂ ਪੀੜ੍ਹੀਆਂ ਕਲਪਨਾ ਵੀ ਨਹੀਂ ਕਰ ਸਕਦੀਆਂ ਕਿ ਨਕਲਾਂ ਵੀ ਕਦੇ ਪੰਜਾਬ ਦੀ ਲੋਕ-ਨਾਟ ਪ੍ਰੰਪਰਾ ਦਾ ਹਿੱਸਾ ਹੁੰਦੀਆਂ ਸਨ। - **ਭਗਵੰਤ ਰਸੂਲਪੁਰੀ**



***ਮੇਰੀਆਂ ਕਹਾਣੀਆਂ ਦੇ ਇਸਤਰੀ ਪਾਤਰ-1***

# ਮਨ ਦੀ ਕੈਨਵਸ ਦੇ ਚਿੱਤਰ

***-ਤਲਵਿੰਦਰ ਸਿੰਘ***

ਇਕ ਦਿਨ ਕੈਨੇਡਾ ਦੇ ਸ਼ਹਿਰ ਕੈਲਗਰੀ ਤੋਂ ਸੋਨੀਆ ਨਾਂ ਦੀ ਪਾਠਕ ਦਾ ਫ਼ੋਨ ਆਇਆ। ਉਸਨੇ ਤਾਜ਼ੀ ਤਾਜ਼ੀ ਮੇਰੀ ਕਿਤਾਬ 'ਵਿਚਲੀ ਔਰਤ' ਦੀਆਂ ਕਹਾਣੀਆਂ ਪੜ੍ਹੀਆਂ ਸਨ। ਬੋਲੀ, 'ਤਲਵਿੰਦਰ ਜੀ, ਕਿਤਾਬ ਤਾਂ ਮੈਂ ਤੁਹਾਡੀ ਪਰਸੋਂ ਮੁਕਾ ਲਈ ਸੀ ਪਰ ਹਿੰਮਤ ਨਹੀਂ ਸੀ ਪੈ ਰਹੀ ਗੱਲ ਕਰਨ ਦੀ। ਕਹਾਣੀਆਂ ਨੇ ਮੈਨੂੰ ਸੁੰਨ ਹੀ ਕਰ ਦਿੱਤਾ। ਮੈਨੂੰ ਦੱਸੋ ਤੁਸੀਂ ਔਰਤਾਂ ਦੀ ਸੰਗਤ ਵਿਚ ਕਿੰਨਾ ਕੁ ਰਹਿੰਦੇ ਹੋ?'

'ਕੁਝ ਖ਼ਾਸ ਨਹੀਂ। ਕਿਉਂ ਕੀ ਗੱਲ?' ਮੈਂ ਪੁੱਛਿਆ।

'ਇਹ ਦੱਸੋ ਕਿ ਤੁਸੀਂ ਔਰਤਾਂ ਦੇ ਅੰਦਰਲੀਆਂ ਗੱਲਾਂ ਏਨੀ ਡੂੰਘਾਈ 'ਚ ਕਿਵੇਂ ਜਾਣਦੇ ਓ?'

'ਬੱਸ ਐਵੇਂ ਈ, ਅਟਕਲਪੱਚੂ ਜਿਹਾ ਲਾ ਲਈਦਾ।' ਮੈਂ ਗੱਲ ਹਾਸੇ ਪਾਉਣੀ ਚਾਹੀ ਪਰ ਉਸਦੀ ਸੁਰ ਗੰਭੀਰ ਸੀ। ਕਹਿਣ ਲੱਗੀ, 'ਔਰਤ ਦੇ ਮਨ ਦੀ ਗੱਲ ਤਾਂ ਮੈਂ ਖ਼ੁਦ ਔਰਤ ਹੋਣ ਨਾਤੇ ਏਥੋਂ ਤੱਕ ਨਹੀਂ ਸਮਝ ਸਕਦੀ। ਬੇਸ਼ਕ ਮੈਂ ਦਾਅਵੇ ਨਾਲ ਨਹੀਂ ਕਹਿ ਸਕਦੀ ਪਰ ਸ਼ਾਇਦ ਕੋਈ ਹੀ ਲੇਖਕਾ ਔਰਤ ਦੀ ਸਾਈਕੀ ਨੂੰ ਇੰਜ ਬਿਆਨ ਕਰ ਸਕੇ।' ਇਸਤੋਂ ਬਾਅਦ ਉਹਨੇ ਪੌਣਾ ਘੰਟਾ ਇਕ ਇਕ ਕਹਾਣੀ ਦੀ ਪੁਣਛਾਣ ਕੀਤੀ।

ਇਵੇਂ ਹੀ ਪਾਕਿਸਤਾਨ ਤੋਂ ਸ਼ਾਇਰਾ ਤੇ ਗਲਪ ਲੇਖਕਾ ਸਈਦਾ ਯੂਨਿਸ ਨੇ ਇਕ ਵਾਰ ਕਾਲ ਕੀਤੀ। ਕਹਿਣ ਲੱਗੀ, 'ਮੈਂ ਤੇਰੇ ਹੀ ਲਿਖੇ ਕਾਇਦੇ ਤੋਂ ਗੁਰਮੁਖੀ ਸਿੱਖੀ ਤੇ ਪਹਿਲੀ ਕਿਤਾਬ ਤੇਰੀ 'ਵਿਚਲੀ ਔਰਤ' ਪੜ੍ਹੀ ਹੈ। ਮੈਂ ਹੈਰਾਨ ਆਂ ਤੂੰ ਮਰਦ ਹੋ ਕੇ ਜ਼ਨਾਨੀਆਂ ਬਾਰੇ ਏਨਾ ਕਿਵੇਂ ਜਾਣਨਾ। ਏਨਾ ਤਾਂ ਸਾਨੂੰ ਨਹੀਂ ਪਤਾ।'

ਮੇਰੀ ਇਕ ਕਹਾਣੀ 'ਮਾਇਆ ਜਾਲ' ਲਾਹੌਰ ਦੇ ਇਕ ਉਰਦੂ ਰਸਾਲੇ ਵਿਚ ਅਨੁਵਾਦ ਹੋ ਕੇ ਛਪੀ। ਅਨੁਵਾਦ ਮੇਰੇ ਮਿੱਤਰ ਆਸ਼ਿਕ ਰਹੀਲ ਨੇ ਕੀਤਾ ਸੀ। ਉਹਦੀ ਬੀਵੀ ਰਸਾਲੇ ਦਾ ਉਹ ਅੰਕ ਆਪਣੇ ਸਕੂਲ ਲੈ ਗਈ ਜਿੱਥੇ ਉਹਦੀਆਂ ਕੁਲੀਗਜ਼ ਨੇ ਉਹ ਕਹਾਣੀ ਵਾਰੋ ਵਾਰੀ ਪੜ੍ਹੀ। ਬਹਿਸ ਮਗਰੋਂ ਉਨ੍ਹਾਂ ਸਿੱਟਾ ਇਹ ਕੱਢਿਆ ਕਿ ਪਾਕਿਸਤਾਨ ਦੀ ਕੋਈ ਜ਼ਨਾਨੀ ਨਾ ਏਦਾਂ ਸੋਚ ਸਕਦੀ ਹੈ ਨਾ ਕਰ ਸਕਦੀ ਹੈ, ਏਦਾਂ ਇੰਡੀਆ ਵਿਚ ਹੀ ਹੋ ਸਕਦਾ ਜਿੱਥੇ ਏਨੀ ਆਜ਼ਾਦੀ ਆ। ਇਥੇ ਤਾਂ ਜ਼ਨਾਨੀਆਂ ਦੇ ਸੁਪਨੇ ਵਿਚ ਵੀ ਅਜਿਹੀ ਸਮਾਇਲ ਨਹੀਂ ਆ ਸਕਦੀ।

ਇਸਤਰ੍ਹਾਂ ਦੇ ਹੋਰ ਵੀ ਕਈ ਵਾਕਿਆਤ ਹੋਏ। ਕੁਝ ਫ਼ੋਨਾਂ 'ਤੇ, ਕੁਝ ਚਿੱਠੀ ਪੱਤਰੀ ਤੇ ਕੁਝ ਆਹਮੋ ਸਾਹਮਣੇ। ਕਿਸੇ ਦੀ ਰਾਏ ਵਿਚ ਇਹ ਕਹਾਣੀਆਂ ਇਸਤਰੀ ਮਨ ਦੇ ਅੰਤਰੀਵ ਨੂੰ ਫਰੋਲਣ ਤੇ ਅੰਦਰਲੇ ਸੱਚ ਨੂੰ ਉਜਾਗਰ ਕਰਨ ਦਾ ਸਬਬ ਬਣੀਆਂ ਤੇ ਕਈਆਂ ਨੂੰ ਇਹ ਜ਼ਨਾਨੀਆਂ ਬਾਰੇ ਮਹਿਜ਼ ਊਲ ਜਲੂਲ ਗੱਲਾਂ ਲੱਗੀਆਂ, ਉਨ੍ਹਾਂ ਨੂੰ ਇਨ੍ਹਾਂ 'ਚੋਂ ਅਸ਼ਲੀਲਤਾ ਨਜ਼ਰ ਆਈ। ਮੇਰੇ ਮਿੱਤਰ ਦੇਵ ਦਰਦ ਨੇ ਦੱਸਿਆ ਕਿ ਉਹਦੇ ਸਕੂਲ ਦੀਆਂ ਟੀਚਰਾਂ ਨੇ 'ਵਿਚਲੀ ਔਰਤ' ਕਿਤਾਬ ਨੂੰ ਵਾਰੋ ਵਾਰੀ ਪੜ੍ਹਿਆ। ਉਹ ਇਕ ਦੂਜੀ ਨੂੰ ਕਿਤਾਬ ਦੇਣ ਵੇਲੇ ਉਸਨੂੰ ਅਖ਼ਬਾਰ ਵਿਚ ਲਪੇਟ ਕੇ ਫੜਾਉਂਦੀਆਂ, ਜਿਵੇਂ ਕੋਈ ਪਾਬੰਦੀਸ਼ੁਦਾ ਦਸਤਾਵੇਜ਼ ਹੋਵੇ।

ਪ੍ਰੇਮ ਪ੍ਰਕਾਸ਼ ਨੇ ਮੇਰੇ ਕਹਾਣੀ ਸੰਗ੍ਰਹਿ 'ਇਸ ਵਾਰ' ਦੀ ਜੈਕਟ ਬਾਰੇ ਵਿਚ ਲਿਖਿਆ-ਉਸਦੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਹੈਰਾਨੀ ਭਰੀ ਖ਼ੁਸ਼ੀ ਹੋਈ। ਏਨੇ ਬਾਰੀਕ ਅਹਿਸਾਸਾਂ ਤੇ ਸੁਹਜ ਸੁਆਦਾਂ ਵਾਲੇ

ਬਿਆਨ ਦੀਆਂ ਕਹਾਣੀਆਂ ਪੰਜਾਬੀ ਵਿਚ ਘੱਟ ਹੀ ਲਿਖੀਆਂ ਗਈਆਂ ਨੇ ਉਸਨੇ ਔਰਤ ਮਰਦ ਦੇ ਬਦਲ ਰਹੇ ਸਮਾਜੀ ਰਿਸ਼ਤਿਆਂ ਬਾਰੇ ਖੁਭ ਕੇ ਲਿਖਿਆ ਹੈ।

ਉਕਤ ਸੁਆਲਾਂ ਜਾਂ ਟਿੱਪਣੀਆਂ ਦੇ ਮੱਦੇ ਨਜ਼ਰ ਜਦੋਂ ਮੈਂ ਪਿੱਛੇ ਝਾਤ ਪਾ ਕੇ ਵੇਖਦਾ ਹਾਂ ਤਾਂ ਮੈਨੂੰ ਆਪਣੇ ਵਿਚ ਹੋਰ ਆਮ ਫ਼ਹਿਮ ਬੰਦਿਆਂ ਨਾਲੋਂ ਕੁਝ ਵੀ ਵੱਖਰਾ ਨਹੀਂ ਦਿਸਦਾ। ਇਕ ਸਾਧਾਰਨ ਹੇਠਲੀ ਮੱਧ ਸ਼੍ਰੇਣੀ ਦਾ ਜੰਮਪਲ। ਤੰਗੀਆਂ ਤੁਰਸ਼ੀਆਂ ਵਿਚ ਬੀਤਿਆ ਬਚਪਨ। ਹੋਰ ਸਾਧਨ ਸੰਪਨ ਆਪਣੇ ਹਾਣੀਆਂ ਵੱਲ ਵੇਖ ਸਮੇਂ ਮੁਤਾਬਕ ਹੋਰ ਬਹੁਤ ਕੁਝ ਵੇਖਣਾ, ਮਾਣਨਾ, ਚੱਖਣਾ ਚਾਹੁੰਦਾ ਸਾਂ ਪਰ ਘਰੇਲੂ ਸੀਮਾਵਾਂ ਹਮੇਸ਼ਾ ਦਰਪੇਸ਼ ਰਹੀਆਂ। ਇਸਦੇ ਵਿਚ ਹੀ ਉਹ ਸਮਾਜਿਕ ਮਰਿਆਦਾਵਾਂ ਵੀ ਪੇਸ਼ ਪੇਸ਼ ਸਨ ਜਿਨ੍ਹਾਂ ਕਦੇ ਕਿਸੇ ਹਾਣ ਪ੍ਰਵਾਣ ਨਾਲ ਕੋਈ ਨਾਤਾ ਗੰਢਣੋ ਵਰਜੀ ਰੱਖਿਆ। ਇਨ੍ਹਾਂ ਵਲਗਣਾਂ ਨੇ ਮਨ ਦੀ ਦੁਨੀਆ ਨੂੰ ਦੋਂਹ ਹਿੱਸਿਆਂ ਵਿਚ ਵੰਡ ਛੱਡਿਆ। ਜਿਸਦਾ ਇਕ ਰੂਪ ਵਲਗਣਾਂ ਦੇ ਅਸਰਾਂ ਥੱਲੇ ਆਦਰਸ਼ਕ ਰੰਗ ਗ੍ਰਹਿਣ ਕਰ ਗਿਆ ਤੇ ਦੂਜਾ ਟੁੱਟੀਆਂ ਤੇ ਦੱਬੀਆਂ ਰੀਝਾਂ ਦੇ ਮਾਤਮ ਵਿਚ ਤੜਫਦਾ ਤੇ ਵਿਰਲਾਪ ਕਰਦਾ। ਉਹ ਸੀਮਾਵਾਂ ਤੋਂ ਬਾਹਰ ਪਏ ਸੁੱਖਾਂ ਨੂੰ ਤਾਂਘਦਾ ਤੇ ਛਟਪਟਾਉਂਦਾ। ਮਨ ਦੇ ਇਸ ਰੂਪ ਨੇ ਲੰਮਾ ਸਮਾਂ ਆਦਰਸ਼ਕ ਮਨ ਦੇ ਤਸ਼ੱਦਦ ਨੂੰ ਸਹਾਰਿਆ। ਦੋਸਤਾਂ ਮਿੱਤਰਾਂ ਦੀ ਸੰਗਤ ਵਿਚ ਇਹ ਪਹਿਲਾ ਰੂਪ ਭਾਰੂ ਹੋ ਕੇ ਪ੍ਰਵਚਨੀ ਸੁਰ ਗ੍ਰਹਿਣ ਕਰਦਾ ਪਰ ਜਿਓਂ ਹੀ ਆਪਣੇ ਆਪ ਦੇ ਰੂਬਰੂ ਹੁੰਦਾ ਤਾਂ ਮਨ ਦਾ ਦੂਜਾ ਰੂਪ ਆਪਣੇ ਤਮਾਮ ਦਰਦ ਲੈ ਕੇ ਉਦੈ ਹੋ ਜਾਂਦਾ ਤੇ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ। ਆਪਣੇ ਸਕੂਲ, ਆਂਢ ਗੁਆਂਢ ਤੇ ਰਿਸ਼ਤੇਦਾਰੀ ਦੀਆਂ ਹਾਣੀ ਕੁੜੀਆਂ ਮੇਰੇ ਇਸ ਅਵਚੇਤਨੀ ਧਰਾਤਲ ‘ਤੇ ਕਿੱਕਲੀ ਪਾਉਂਦੀਆਂ ਤੇ ਮੇਰਾ ਸਰੀਰ ਮੁੜ੍ਹਕੇ ਨਾਲ ਭਿੱਜ ਜਾਂਦਾ।

ਸਕੂਲ ਦੇ ਆਖਰੀ ਤੇ ਕਾਲਜ ਦੇ ਮੁੱਢਲੇ ਦਿਨੀਂ ਮੈਂ ਇਸ ਡੋਲਦੀ ਕੰਬਦੀ ਮਾਨਸਿਕਤਾ ਨੂੰ ਕਾ.ਗਜ਼ਾਂ ’ਤੇ ਉਤਾਰ ਕੇ ਮਨ ਦੀ ਸ਼ਾਂਤੀ ਲੱਭਣ ਲੱਗਾ ਸਾਂ। ਸ਼ਬਦ ਅਧੂਰੀਆਂ ਖ਼ਾਹਸ਼ਾਂ ਤੇ ਅਤ੍ਰਿਪਤ ਚੇਸ਼ਟਾਵਾਂ ਦੀ ਸ਼ਰਨਗਾਹ ਬਣਨ ਲੱਗੇ ਸਨ। ਉਹੀ ਦਿਨ ਵਿਦਿਆਰਥੀ ਜਥੇਬੰਦੀਆਂ ਦੇ ਉਭਾਰ ਦੇ ਸਨ। ਕਾਲਜ ਦਾ ਮਾਹੌਲ ਵਿਚਾਰਧਾਰਕ ਉਤੇਜਨਾਵਾਂ ਵਾਲਾ ਸੀ। ਸੀਨੀਅਰ ਵਿਦਿਆਰਥੀ ਆਏ ਦਿਨ ਹੜਤਾਲ ਕਰਵਾ ਦਿੰਦੇ। ਪ੍ਰੋਫ਼ੈਸਰ ਇਨਕਲਾਬ ਦਾ ਸਬਕ ਦਿੰਦੇ ਤਾਂ ਮਨ ਦਾ ਆਦਰਸ਼ਕ ਰੂਪ ਸ਼ੇਰ ਹੋ ਜਾਂਦਾ। ਚੇਤਨਾ ਫਿਰ ਦੋਹਾਂ ਧਿਰਾਂ ਵਿਚਾਲੇ ਤ੍ਰਿਸ਼ੰਕੂ ਬਣ ਲਟਕ ਜਾਂਦੀ। ਜੁਆਨੀ ਦੇ ਉਹ ਦਿਨ ਇਸ ਟੁੱਟ ਭੱਜ ਦੇ ਬਹੁਤ ਬੁਰੀ ਤਰ੍ਹਾਂ ਸ਼ਿਕਾਰ ਰਹੇ। ਦਿਨ ਦਾ ਰੂਪ ਹੋਰ, ਰਾਤ ਦਾ ਹੋਰ। ਸੁਚੇਤ ਮਨ ਹੋਰ, ਅਚੇਤ ਹੋਰ। ਬਾਹਰ ਹੋਰ, ਅੰਦਰ ਹੋਰ। ਵਿਡੰਬਨਾਵਾਂ ਦਾ ਇਹ ਸਫ਼ਰ ਬਹੁਤ ਲੰਮਾ ਰਿਹਾ। ਦੋ ਪਰਸਪਰ ਵਿਰੋਧੀ ਜੁਟ ਨਾਲੋ ਨਾਲ ਤੁਰੇ। ਸ਼ਾਇਦ ਅੱਜ ਵੀ ਮੈਂ ਇਸ ਦਵੰਦ ਤੋਂ ਮੁਕਤ ਨਹੀਂ ਹਾਂ। ਇਸੇ ਦਵੰਦ ਨੇ ਇਕ ਤੀਜੀ ਡਾਇਮੈਨਸ਼ਨ ਨੂੰ ਜਨਮ ਦਿੱਤਾ ਹੈ। ਉਸ ਧਰਾਤਲ ਤੇ ਰਹਿ ਕੇ ਮੈਂ ਆਪਣੇ ਮਨ ਵਿਚ ਵਿਚਰਦੇ ਕੁਝ ਪਾਤਰਾਂ ਦੇ ਹਾਵ ਭਾਵ ਫੜਨ ਵਿਚ ਕਾਮਯਾਬ ਹੋਇਆ। ਜਾਂ ਸ਼ਾਇਦ ਉਹ ਮੇਰੀਆਂ ਹੀ ਦੁਬਿਧਾਵਾਂ ਦਾ ਮਨੋਵਿਗਿਆਨ ਸੀ। ਜਿਵੇਂ ਮੈਂ ਵਿਪਰੀਤ ਸਥਿਤੀਆਂ ਵਿਚ ਆਪਣੇ ਮਨ ਦੀ ਦਿਸ਼ਾ ਨਿਰਧਾਰਤ ਕਰਦਾ ਸਾਂ। ਆਪਣੇ ਅਤ੍ਰਿਪਤ ਮਨ ਦੀ ਕਿਸੇ ਗੁੱਠ ਵਿਚ ਬੈਠੀ ਕਿਸੇ ਔਰਤ ਦੇ ਮਨ ਦੀ ਅੱਕਾਸੀ ਕਰਦਾ ਸਾਂ ਕਿ ਕਿਸੇ ਖ਼ਾਸ ਮੌਕੇ ਉਸਦਾ ਕੀ ਮਾਨਸਿਕ ਪ੍ਰਤੀਕਰਮ ਬਣੇਗਾ? ਕੋਈ ਔਰਤ ਕਿਸੇ ਵਿਸ਼ੇਸ਼ ਮੌਕੇ ਕਿਵੇਂ ਸੋਚਦੀ ਹੈ ਇਹ ਨਿਰੋਲ ਮੇਰੇ ਮਨ ਦੀ ਪੈਦਾਵਾਰ ਸੀ ਨਾ ਕਿ ਕਿਸੇ ਕੋਲੋਂ ਪੁੱਛੇ ਉਸ ਪ੍ਰਸਥਿਤੀ ਦੇ ਸੁਆਲ ਦਾ ਪ੍ਰਤੀਉੱਤਰ।

ਘਰ ਵਿਚਲੇ ਮਾਹੌਲ ਤੋਂ ਬਾਹਰ ਬਹੁਤ ਘੱਟ ਅਜਿਹੀਆਂ ਔਰਤਾਂ ਨਾਲ ਵਾਹ ਵਾਸਤਾ ਪਿਆ ਜੋ ਮੇਰੇ ਸਾਹਿਤਕ ਕਾਰਜ ਵਿਚ ਭਾਰੂ ਭੂਮਿਕਾ ਲੈ ਕੇ ਆਈਆਂ ਹੋਣ। ਮੈਨੂੰ ਯਾਦ ਹੈ ਸਾਡੇ ਗੁਆਂਢ ਇਕ ਕੁੜੀ ਹੁੰਦੀ ਸੀ ਜੋ ਬਹੁਤਾ ਪੜ੍ਹੀ ਲਿਖੀ ਨਹੀਂ ਸੀ। ਉਹ ਸੁਹਣੀ ਤੇ ਭਰ ਜੁਆਨ ਸੀ। ਘਰ ਚਾਦਰਾਂ ਸਿਰਹਾਣੇ



ਕੱਢਦੀ ਜਾਂ ਵਿਹਲੀ ਗੱਪਾਂ ਮਾਰਦੀ। ਬੇਸ਼ਕ ਬਾਹਰੀ ਤੌਰ ’ਤੇ ਮੇਰੀ ਉਸ ਵਿਚ ਕੋਈ ਦਿਲਚਸਪੀ ਨਹੀਂ ਸੀ ਪਰ ਅੰਦਰੋਂ ਉਹ ਮੈਨੂੰ ਚੰਗੀ ਲੱਗਦੀ ਸੀ। ਉਹ ਜਦ ਕਦੇ ਸਾਡੇ ਘਰ ਆਉਂਦੀ ਮੈਂ ਪੜ੍ਹਾਈ ਲਿਖਾਈ ਦੇ ਬਹਾਨੇ ਉਹਦੇ ਨਾਲ ਗੱਲ ਕਰਦਾ। ਮੇਰੀ ਮਾਂ ਸ਼ੱਕੀ ਸੁਭਾਅ ਦੀ ਹੁੰਦੀ ਹੋਈ ਵੀ ਉਸ ਕੁੜੀ ਦੇ ਘਰ ਆਉਣ ਤੇ ਮੇਰੇ ਨਾਲ ਜ਼ੁਬਾਨ ਸਾਂਝੀ ਕਰਨ ਦਾ ਬੁਰਾ ਨਹੀਂ ਸੀ ਮਨਾਉਂਦੀ। ਮੈਂ ਉਸ ਕੁੜੀ ਦੀ ਮਾਨਸਿਕਤਾ ਸਮਝਣ ਦੀ ਕੋਸ਼ਿਸ਼ ਕਰਦਾ ਸਾਂ ਪਰ ਮਨ ਇੱਛਤ ਸੁਆਲ ਉਹਦੇ ਅੱਗੇ ਪਾਉਣ ਦੀ ਹਿੰਮਤ ਨਹੀਂ ਸਾਂ ਜੁਟਾ ਪਾਉਂਦਾ। ਉਸ ਕੁੜੀ ਨੂੰ ਸ਼ਾਇਦ ਹਿਸਟੀਰੀਆ ਹੋ ਗਿਆ। ਅਚਾਨਕ ਉਹਨੂੰ ਦੌਰੇ ਪੈਣ ਲੱਗ ਪਏ। ਉਹ ਹਿੰਸਕ ਹੋਣ ਲੱਗੀ। ਉਦੋਂ ਮੈਂ ਬੀ.ਏ. ਦੇ ਪੇਪਰ ਦੇ ਕੇ ਵਿਹਲਾ ਸਾਂ ਜਦ ਇਕ ਦਿਨ ਉਹ ਅਚਾਨਕ ਭੜਕ ਪਈ ਤੇ ਘਰੋਂ ਸਾਰਿਆਂ ਨੂੰ ਧੱਕੇ ਮਾਰ ਭੱਜ ਕੇ ਗਲੀ ਵਿਚ ਆ ਗਈ। ਉਹਦਾ ਪਿਓ ਮਗਰ ਦੌੜਿਆ। ਸਬੱਬੀਂ ਆਪਣੇ ਘਰ ਦੇ ਦਰਵਾਜ਼ੇ ਮੈਂ ਖਲੋਤਾ ਸਾਂ ਕਿ ਉਹ ਕੂਕਿਆ, ‘ਕਾਕਾ ਫੜੀਂ ਇਹਨੂੰ।’ ਮੈਂ ਅਗਾਂਹ ਹੋ ਕੇ ਉਹਦੀ ਬਾਂਹ ਫੜੀ ਤਾਂ ਉਹਦਾ ਗ਼ੁਸੈਲ ਤੇ ਹਿੰਸਕ ਚਿਹਰਾ ਅਚਾਨਕ ਢਿੱਲਾ ਪੈ ਗਿਆ। ਮੈਂ ਕਿਹਾ, ‘ਚੱਲ ਦੀਪਾਂ, ਘਰ ਚੱਲ।’ ਉਹ ਆਗਿਆਕਾਰ ਬੱਚੇ ਵਾਂਗ ਆਪਣੇ ਪਿਓ ਦੇ ਅੱਗੇ ਲੱਗ ਕੇ ਤੁਰ ਪਈ। ਮੈਂ ਇਸ ਪ੍ਰਤੀਕਰਮ ਦੇ ਕਾਰਨ ਲੱਭਦਾ ਰਿਹਾ। ਉਹ ਘਰੋਂ ਵਿਹਲੀ ਹੁੰਦੀ ਤਾਂ ਸਾਡੇ ਵੱਲ ਆ ਜਾਂਦੀ। ਉਦੋਂ ਮੈਂ ਪਿਛਲੇ ਕਮਰੇ ਵਿਚ ਕੁਰਸੀ ਮੇਜ਼ ਡਾਹ ਕੁਝ ਨਾ ਕੁਝ ਪੜ੍ਹਦਾ ਜਾਂ ਲਿਖਣ ਦੀ ਕੋਸ਼ਿਸ਼ ਕਰਦਾ ਸਾਂ। ਦੀਪਾਂ ਆ ਜਾਂਦੀ ਤੇ ਮੇਰੇ ਲਾਗੇ ਫ਼ਰਸ਼ ’ਤੇ ਆ ਕੇ ਬਹਿ ਜਾਂਦੀ। ਬਹੁਤੀ ਵਾਰ ਮੇਰੀ ਮਾਂ ਲਾਗੇ ਹੁੰਦੀ। ਜਦੋਂ ਉਰੇ ਪਰ੍ਹੇ ਗਈ ਹੁੰਦੀ ਤਾਂ ਮੈਂ ਹੇਠ ਫ਼ਰਸ਼ ‘ਤੇ ਲੇਟੀ ਜਾਂ ਸੌਂ ਚੁੱਕੀ ਹੁੰਦੀ ਦੀਪਾਂ ਵੱਲ ਇਕ ਟੱਕ ਵੇਖਦਾ ਤੇ ਆਪਣੇ ਅੰਦਰਲੀ ਸੀਤ ਜੰਗ ਲੜਦਾ। ਉਹ ਜੋ ਮੇਰੇ ਤੋਂ ਸਿਰਫ਼ ਇਕ ਇਸ਼ਾਰੇ ਦੀ ਵਿੱਥ ’ਤੇ ਹੁੰਦੀ ਕਿੰਨਾ ਕਿੰਨਾ ਚਿਰ ਲੇਟ ਬਹਿ ਕੇ ਚਲੀ ਜਾਂਦੀ। ਸ਼ਾਇਦ ਮੇਰੇ ਲਾਗੇ ਬਹਿ ਕੇ ਉਹਦੀ ਕੋਈ ਤ੍ਰਿਪਤੀ ਹੁੰਦੀ ਜਾਂ ਭਟਕਣਾ ਵਧਦੀ, ਮੈਂ ਕੋਈ ਫ਼ੈਸਲਾ ਨਾ ਕਰ ਪਾਉਂਦਾ। ਇਕ ਦਿਨ ਐਸਾ ਵੀ ਆਇਆ ਕਿ ਉਹ ਸਾਡੇ ਘਰ ਨਾ ਆਈ, ਫਿਰ ਕਈ ਦਿਨ ਲੰਘੇ ਉਹਦਾ ਆਉਣ ਨਾ ਹੋਇਆ। ਅਗਲੀ ਵਾਰ ਉਹਨੂੰ ਫਿਰ ਦੌਰਾ ਪਿਆ। ਉਸ ਵਾਰ ਵੀ ਉਹ ਘਰ ਦੇ ਜੀਆਂ ਨੂੰ ਧੱਕੇ ਮਾਰ ਕੇ ਦੌੜੀ। ਉਸ ਵਾਰ ਵੀ ਸਬੱਬੀਂ ਮੈਂ ਦਰਵਾਜ਼ੇ ਵਿਚ ਖਲੋਤਾ ਸਾਂ। ਉਹਦੇ ਮਾਂ ਨੇ ਲਗਪਗ ਪਹਿਲਾਂ ਜਿਹੀ ਆਵਾਜ਼ ਮੈਨੂੰ ਲਾਈ ਸੀ ਤੇ ਮੈਂ ਅਗਾਂਹ ਹੋ ਕੇ ਉਸਨੂੰ ਫੜਨ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਮੈਨੂੰ ਵੀ ਧੱਕਾ ਮਾਰ ਗਈ ਸੀ। ਗਲੀ ਦੇ ਅਗਲੇ ਮੋੜ ‘ਤੇ ਸੁੱਖੇ ਫ਼ੌਜੀ ਨੇ ਉਸਨੂੰ ਜੱਫਾ ਮਾਰ ਕੇ ਕਾਬੂ ਕੀਤਾ ਸੀ।

ਇਵੇਂ ਹੀ ਇਕ ਹੋਰ ਘਟਨਾ ਵਾਪਰੀ। ਸਾਡੇ ਗੁਆਂਢ ਇਕ ਪ੍ਰਾਹੁਣੀ ਕੁੜੀ ਆਪਣੀ ਮਾਮੀ ਦਾ ਜਣੇਪਾ ਕਟਾਉਣ ਆਈ ਸੀ। ਉਦੋਂ ਸ਼ਾਇਦ ਮੈਂ ਐੱਮ.ਏ. ਪ੍ਰੀਵੀਅਸ ਦੇ ਇਮਤਿਹਾਨ ਦੇ ਕੇ ਹਟਿਆ ਸਾਂ। ਮਈ ਜੂਨ ਦੇ ਗਰਮ ਜਿਹੇ ਦਿਨ ਸਨ। ਅਸਾਂ ਦੋਹਾਂ ਘਰਾਂ ਨੇ ਸਾਂਝੀ ਕੰਧ ਵਿਚ ਇਕ ਗਲ਼ਾ ਰੱਖਿਆ ਹੋਇਆ ਸੀ ਜਿਸ ਰਾਹੀਂ ਦੋਵੇਂ ਘਰ ਇਕ ਦੂਜੇ ਨੂੰ ਕੋਈ ਚੀਜ਼ ਫੜਾ ਦਿੰਦੇ ਜਾਂ ਲੈ ਲੈਂਦੇ। ਉਹ ਕੁੜੀ ਦਸਵੀਂ ਦੇ ਪੇਪਰ ਦੇ ਕੇ ਆਈ ਸੀ। ਸਾਂਵਲੀ, ਤਿੱਖੇ ਨਕਸ਼ਾਂ ਵਾਲੀ, ਪਤਲੀ ਤੇ ਚੁਸਤ। ਇਕ ਦਿਨ ਮੈਂ ਮਹਿਸੂਸ ਕੀਤਾ ਕਿ ਉਹ ਉਸ ਗਲ਼ੇ ਰਾਹੀਂ ਲੰਘਦੀ ਵੜਦੀ ਮੇਰੇ ਵੱਲ ਵੇਖਦੀ ਸੀ। ਅਚਾਨਕ ਮੇਰੀ ਵੀ ਦਿਲਚਸਪੀ ਉਸ ਵਿਚ ਜਾਗ ਪਈ। ਫਿਰ ਉਹ ਮੁਸਕਰਾਉਣ ਵੀ ਲੱਗ ਪਈ। ਮੈਂ ਫਿਰ ਹੋਣ ਜਾਂ ਨਾ ਹੋਣ ਦੇ ਦਵੰਦ ਵਿਚ ਘਿਰ ਗਿਆ। ਉਸ ਘਰ ਕੋਠੇ ਚੜ੍ਹਨ ਲਈ ਪੌੜੀ ਨਹੀਂ ਸੀ ਤੇ ਉਹ ਕੁੜੀ ਕੋਠੇ ’ਤੇ ਕੱਪੜੇ ਵਗੈਰਾ ਸੁਕਣੇ ਪਾਉਣ ਸਾਡੀ ਪੌੜੀ ਚੜ੍ਹਨ ਆ ਜਾਂਦੀ। ਉਹ ਮੇਰੇ ਲਾਗੋਂ ਲੰਘਦਿਆਂ ਲੱਕ ਨੂੰ ਮਰੋੜਾ ਜਿਹਾ ਦੇ ਕੇ ਗੁੱਤ ਨੂੰ ਹੁਲਾਰਾ ਦਿੰਦੀ ਤੇ ਮੁੜਦਿਆਂ ਵੀ ਤਿਰਛੀ ਜਿਹੀ ਤੱਕਣੀ ਮੇਰੇ ’ਤੇ ਸੁੱਟ ਚਲੀ ਜਾਂਦੀ। ਮੈਂ ਫੱਟੜ ਹਾਲਤ ਵਿਚ ਸੋਚਾਂ ਦੀ ਘੁੰਮਣਘੇਰੀ ਵਿਚ ਗੋਤੇ ਖਾਂਦਾ ਪਰ ਉਸ ਡਾਵਾਂਡੋਲ ਅਵਸਥਾ ’ਚੋਂ ਉੱਭਰ ਨਾ ਪਾਉਂਦਾ। ਉਹੀ

ਦਵੰਦ ਤੇ ਉਹੀ ਪਾਰੇ ਵਾਂਗ ਡੋਲਦੀ ਕੰਬਦੀ ਮਾਨਸਿਕਤਾ। ਫਿਰ ਇਸ ਘਟਨਾ ਦਾ ਸਿਖ਼ਰ ਵੀ ਇੰਜ ਹੀ ਸਿਰਜਿਆ ਗਿਆ। ਉਸ ਦਿਨ ਮੈਂ ਘਰ ਇਕੱਲਾ ਸਾਂ। ਉਹ ਉਵੇਂ ਮਟਕ ਨਾਲ ਆਈ। ਉਹਦੀਆਂ ਅੱਖਾਂ ਵਿਚ ਕੋਈ ਸਾਗਰ ਖ਼ੌਲ ਰਿਹਾ ਸੀ। ਕੋਈ ਬੰਨ੍ਹ ਵੱਜਾ ਸੀ ਅੱਗੇ। ਉਸਨੂੰ ਪਤਾ ਸੀ ਘਰ ਮੇਰੇ ਤੋਂ ਸਿਵਾ ਹੋਰ ਕੋਈ ਨਹੀਂ। ਉਹ ਮੇਰੇ ਅੱਗੇ ਸੁਆਲ ਬਣ ਕੇ ਖੜੀ ਸੀ। ਬੋਲੀ, 'ਮੈਂ ਅੱਜ ਸ਼ਾਮ ਚਲੀ ਜਾਣਾ, ਆਪਾਂ ਕੁਝ ਕਰੀਏ।' ਪਰ ਮੈਂ ਉੱਤਰ ਵਿਹੂਣਾ ਹੋ ਗਿਆ। ਕਿਹਾ, 'ਹੁਣ ਤੂੰ ਚੱਲ, ਮੈਂ ਤੈਨੂੰ ਬਾਅਦ 'ਚ ਦੱਸਦਾਂ।'

ਉਹ ਚਲੀ ਗਈ। ਬਿਨਾ ਅੱਖ ਮਿਲਾਏ। ਜਦੋਂ ਉਹ ਗਈ, ਮੈਂ ਦਰਵਾਜ਼ੇ ਵਿਚ ਖਲੋਤਾ ਸਾਂ। ਪਰ ਉਹ ਦੂਜੇ ਪਾਸੇ ਤੱਕਦੀ ਅਗਾਂਹ ਨਿਕਲ ਗਈ।

ਅਜਿਹੀ ਹੀ ਇਕ ਹੋਰ ਘਟਨਾ ਕਸੀਰ ਵਾਂਗ ਮੇਰੀ ਚੇਤਨਾ ਵਿਚ ਅੱਜ ਵੀ ਰੜਕਦੀ ਹੈ। ਮੈਂ ਨਵਾਂ ਨਵਾਂ ਨੌਕਰੀ ਲੱਗਾ ਸਾਂ ਤੇ ਜਲੰਧਰ ਪੋਸਟਡ ਸਾਂ। ਲਾਡੋਵਾਲੀ ਰੋਡ 'ਤੇ ਇਕ ਪ੍ਰੋਫ਼ੈਸਰ ਦੇ ਘਰ ਕਿਰਾਏ ਦਾ ਕਮਰਾ ਲੈ ਕੇ ਰਹਿੰਦਾ ਸਾਂ। ਮੇਰਾ ਇਕ ਕੁਲੀਗ ਸੀ ਜਿਹਦੀ ਆਪਣੇ ਭਣੇਵੇਂ ਨਾਲ ਗੂੜ੍ਹੀ ਯਾਰੀ ਸੀ। ਉਨ੍ਹਾਂ ਦੇ ਇਸ਼ਕ ਵੀ ਸਾਂਝੇ ਸਨ। ਉਹਦਾ ਭਾਣਜਾ ਕਿਉਂਕਿ ਅਕਸਰ ਦਫ਼ਤਰ ਆ ਜਾਂਦਾ ਸੀ, ਇਸ ਲਈ ਮੇਰਾ ਵੀ ਮਿੱਤਰ ਬਣ ਗਿਆ ਸੀ। ਇਕ ਦਿਨ ਮੇਰਾ ਕੁਲੀਗ ਮੈਨੂੰ ਕਹਿਣ ਲੱਗਾ, ਚੱਲ ਤੇਰੇ ਕਮਰੇ ਵਿਚ ਚੱਲੀਏ। ਅਸੀਂ ਉਹਦੇ ਮੋਟਰ ਸਾਇਕਲ 'ਤੇ ਬੈਠੇ ਤੇ ਕਮਰੇ ਵਿਚ ਚਲੇ ਗਏ। ਅੱਗੇ ਉਹਦਾ ਭਾਣਜਾ ਇਕ ਜ਼ਨਾਨੀ ਲਈ ਖੜਾ ਸੀ। ਕਮਰੇ ਵਿਚ ਅਸੀਂ ਜਾ ਬੈਠੇ। ਉਹ ਔਰਤ ਹਸਪਤਾਲ ਦੇ ਵਿਚ ਨਰਸ ਸੀ ਤੇ ਉਨ੍ਹਾਂ ਦੋਹਾਂ-ਮਾਮੇ ਭਣੇਵੇਂ ਦੀ ਸਾਂਝੀ ਬੇਲਣ ਸੀ। ਕਮਰਾ ਮੁਹੱਈਆ ਕਰਨ ਦੇ ਇਵਜ਼ਾਨੇ ਵਿਚ ਉਨ੍ਹਾਂ ਮੈਨੂੰ ਬਾਰ ਬਾਰ ਕਿਹਾ ਕਿ ਮੈਂ ਵੀ ਉਸ ਔਰਤ ਕੋਲ ਜਾਵਾਂ ਪਰ ਮੈਂ ਹਿੰਮਤ ਨਾ ਜੁਟਾ ਪਾਇਆ। ਉਸ ਔਰਤ ਨੇ ਵੀ ਮੈਨੂੰ ਪੇਸ਼ਕਸ਼ ਕੀਤੀ ਪਰ ਮੈਂ ਨਾ ਮੰਨਿਆ। ਜਾਂਦੀ ਹੋਈ ਉਹ ਔਰਤ ਮੇਰੇ ਕੁਲੀਗ ਤੇ ਉਹਦੇ ਭਾਣਜੇ ਨੂੰ ਕਹਿਣ ਲੱਗੀ, 'ਇਹ ਤਾਂ ਬਾਹਲਾ ਈ ਸਾਊ ਆ, ਇਹਦਾ ਧਿਆਨ ਰੱਖਿਓ।'

ਪਤਾ ਨਹੀਂ ਇਹ ਟਿੱਪਣੀ ਮੇਰੀ ਸਿਫ਼ਤ ਸੀ ਜਾਂ ਕੋਈ ਗੁੱਝੀ ਟਕੋਰ। ਪਰ ਇਹ ਘਟਨਾ ਵੀ ਕੰਡੇ ਵਾਂਗ ਮੇਰੀ ਮਾਨਸਿਕਤਾ ਦਾ ਹਿੱਸਾ ਬਣੀ। 'ਤਾੜੀ' ਕਹਾਣੀ ਵਿਚਲੇ ਦੱਬੂ ਕਿਸਮ ਦੇ ਮਰਦ ਪਾਤਰ ਦੀ ਹੋਣੀ ਨੂੰ ਚਿਤਰਤ ਕਰਦਿਆਂ ਮੈਂ ਸਹਿਵਨ ਹੀ ਅਮਨ, ਤਾਰੀ, ਅਨੁਰਾਗ ਤੇ ਰਜਨੀ ਜਿਹੇ ਔਰਤ ਪਾਤਰਾਂ ਦੀ ਉਸਾਰੀ ਕਰ ਸਕਿਆ। ਇਹ ਸਾਰੀਆਂ ਔਰਤ ਪਾਤਰਾਂ ਆਪਣੇ ਮਨਾਂ ਦੇ ਵੇਗ ਨੂੰ ਅਚੇਤ ਸੁਚੇਤ ਪ੍ਰਗਟ ਕਰਦੀਆਂ ਪਰ 'ਅਣਭੋਲ' ਮਰਦ ਪਾਤਰ ਦਾ ਹੁੰਗਾਰਾ ਨਾ ਪਾ ਕੇ ਕਿਸੇ 'ਹੋਰ' ਰਾਹ ਦੀਆਂ ਰਾਹੀ ਬਣੀਆਂ। 'ਰੂਹਾਂ ਬਦਰੂਹਾਂ' ਦੀਆਂ ਔਰਤ ਪਾਤਰਾਂ ਦੀ ਕਾਮੁਕ ਭੁੱਖ ਨਿਪੁੰਸਕ ਮਰਦ ਸਾਹਮਣੇ ਹੋਰ ਤਿੱਖੀ ਹੁੰਦੀ ਹੈ। ਉਨ੍ਹਾਂ ਦੀ ਹਿੰਸਕ ਪ੍ਰਵਿਰਤੀ ਵੀ ਇਸੇ ਵਿਹਾਰ 'ਚੋਂ ਉਪਜਦੀ ਹੈ। ਮੇਰੇ ਇਕ ਬਹੁਤ ਹੀ ਨਜ਼ਦੀਕੀ ਪ੍ਰੋਫ਼ੈਸਰ ਦੋਸਤ ਨਾਲ ਵੀ ਕੁਝ ਇੰਜ ਹੀ ਘਟਿਆ। ਜਿਸਮਾਨੀ ਤੌਰ ਤੇ 'ਕਮਜ਼ੋਰ' ਉਹ ਮਿੱਤਰ ਆਪਣੀ ਖ਼ੂਬਸੂਰਤ ਤੇ ਜ਼ਹੀਨ ਪਤਨੀ ਦੇ ਸਾਥ ਤੋਂ ਵਿਰਵਾ ਹੋ ਗਿਆ। ਉਹ ਜ਼ਹੀਨ ਔਰਤ ਹਿੰਸਾ ਦੀ ਮੂਰਤ ਬਣ ਗਈ ਤੇ ਭਰੀ ਅਦਾਲਤ ਵਿਚ ਮਿੱਤਰ ਨੂੰ ਨਮਰਦ ਗਰਦਾਨ ਕੇ ਤਲਾਕ ਲੈ ਗਈ। 'ਰੂਹਾਂ ਬਦਰੂਹਾਂ' ਦੀ ਪਤਨੀ ਨਿੰਦਰ ਦਾ ਚਿਤਰਣ ਕਰਦਿਆਂ ਮੈਨੂੰ ਬਹੁਤ ਕੁਝ ਕਲਪਨਾ 'ਚੋਂ ਲੈਣਾ ਹੀ ਨਾ ਪਿਆ। ਇਸ ਮਾਨਸਿਕਤਾ ਨੂੰ ਪ੍ਰਚੰਡ ਕਰਨ ਲਈ ਮੈਂ ਕਹਾਣੀ ਦੇ ਮੈਂ ਪਾਤਰ ਦੇ ਜੀਵਨ ਵਿਚ ਅਜਿਹੀਆਂ ਔਰਤਾਂ ਦੀ 'ਦਹਿਸ਼ਤ' ਪਾਉਣ ਲਈ ਸਹਾਇਕ ਪਾਤਰਾਂ ਵੀ ਘੜੀਆਂ ਜਿਨ੍ਹਾਂ ਵਿਚ ਇਕ ਪਾਤਰ ਉਹ ਵੀ ਹੈ, ਜਿਸਨੂੰ ਮੈਂ ਆਪ ਨਹੀਂ ਸਾਂ ਮਿਲਿਆ, ਮੇਰਾ ਬਠਿੰਡੇ ਦਫ਼ਤਰ ਦਾ ਇਕ ਕੁਲੀਗ ਮਿਲਿਆ ਸੀ। ਉਹ ਔਰਤ ਅੱਧੀ ਰਾਤ ਅਰਧ ਨਗਨ ਹਾਲਤ ਵਿਚ ਘਰ ਦੇ ਦਰਵਾਜ਼ੇ ਸਾਹਮਣੇ ਖੜੀ ਸੀ। ਉਸ ਮਿੱਤਰ ਨੂੰ ਉਸਨੇ ਆਪਣੀ ਅਤ੍ਰਿਪਤ ਖ਼ਾਹਸ਼ ਦੀ ਪੂਰਤੀ ਲਈ ਹਾਕ ਲਾਈ ਸੀ ਪਰ ਉਹ ਉਸਦੀ ਇੱਛਾ ਸਮਝੇ ਸੁਣੇ ਬਗ਼ੈਰ ਉੱਥੋਂ



ਨਿਕਲ ਅਇਆ ਸੀ। ਕਹਾਣੀ ਲਿਖਦਿਆਂ ਉਹ ਬੇਨਾਮ ਜਿਹਾ ਪਾਤਰ ਅਚਾਨਕ ਆ ਪ੍ਰਗਟ ਹੋਇਆ ਸੀ।

ਮਰਦ ਮਾਨਸਿਕਤਾ ਨੂੰ ਫਰੋਲਦਿਆਂ ਮੈਂ ਦੂਜੀ ਧਿਰ ਦੀਆਂ ਚੇਸ਼ਟਾਵਾਂ ਦੀ ਨਿਸ਼ਾਨਦੇਹੀ ਵਿਚ ਜੁਟਦਾ ਤਾਂ ਮੈਨੂੰ ਕਹਾਣੀਆਂ ਵਿਚਲੀਆਂ ਪਾਤਰਾਂ ਦੀਆਂ ਮਨੋਅਕਾਂਖਿਆਵਾਂ ਨਾਲ ਜੁੜੇ ਕਈ ਹਵਾਲੇ ਲੱਭਣ ਲੱਗਦੇ। ਸੁਆਲਾਂ ਦੇ ਜੁਆਬ ਲੱਭਦੇ ਵੀ ਤੇ ਅਹੁੜਦੇ ਵੀ। ਅਸਾਵੇਂ ਰਿਸ਼ਤੇ ਤੇ ਵਿਆਹ ਬਾਹਰੇ ਸਬੰਧਾਂ ਦੇ ਕਾਰਨ ਸਮਝ ਆਉਂਦੇ। ਸਾਡੇ ਲਾਗੇ, ਮੁਹੱਲੇ ਵਿਚ ਹੀ ਇਕ ਬੰਦੇ ਦਾ ਕਤਲ ਹੋ ਗਿਆ। ਪਤਾ ਲੱਗਾ ਕਿ ਉਹਦੀ ਘਰਵਾਲੀ ਨੇ ਕਿਸੇ ਹੋਰ ਆਦਮੀ ਨਾਲ ਰਲ਼ ਕੇ ਆਪਣੇ ਘਰਵਾਲੇ ਦੀ ਧੌਣ ਮੰਜੇ ਦੇ ਪਾਵੇ ਹੇਠ ਦੇ ਕੇ ਉਹਦੀ ਹੱਤਿਆ ਕੀਤੀ। ਬਾਅਦ ਵਿਚ ਪੁਲਿਸ ਤੇ ਅਦਾਲਤੀ ਕਾਰਵਾਈ ਵਿਚ ਬਥੇਰਾ ਕੁਝ ਹੋਇਆ ਪਰ ਜਿਹੜੀ ਗੰਢ ਮੇਰੀ ਮਾਨਸਿਕਤਾ ਵਿਚ ਬੱਝ ਗਈ ਉਸਨੂੰ ਖੋਲ੍ਹਣ ਲਈ ਮੈਨੂੰ ਔਰਤ ਦੇ ਜਿਸਮਾਨੀ, ਆਰਥਿਕ ਤੇ ਸਮਾਜਿਕ ਪਹਿਲੂਆਂ ਨੂੰ ਸੋਚ ਅਧੀਨ ਲਿਆਉਣ ਦੀ ਲੋੜ ਪਈ। ਇਵੇਂ ਹੀ ਅਮ੍ਰਿਤਸਰ ਇਕ ਘਟਨਾ ਵਾਪਰੀ ਜਿਸਨੇ ਮੈਨੂੰ ਇਸ ਮਸਲੇ ਨੂੰ ਫਰੋਲਣ ਲਈ ਅਗਾਂਹ ਹੋਰ ਉਤੇਜਤ ਕੀਤਾ। ਇਕ ਔਰਤ ਆਪਣੇ ਸੱਤ ਸਾਲ ਦੇ ਬੱਚੇ ਨੂੰ ਇਸ ਕਾਰਨ ਕਤਲ ਕਰ ਦਿੰਦੀ ਹੈ ਕਿਉਂਕਿ ਉਸ ਬੱਚੇ ਨੇ ਆਪਣੀ ਮਾਂ ਨੂੰ ਕਿਸੇ ਹੋਰ ਮਰਦ ਨਾਲ ਹਮਬਿਸਤਰੀ ਕਰਦਿਆਂ ਵੇਖ ਲਿਆ। ਉਹ ਬੱਚੇ ਨੂੰ 'ਸਮਝਾਉਂਦੀ' ਹੈ ਪਰ ਬੱਚਾ ਬਜ਼ਿਦ ਹੈ ਕਿ ਉਹ 'ਇਹ' ਗੱਲ ਆਪਣੇ ਪਾਪਾ ਨੂੰ ਦੱਸੇਗਾ। ਕਿਸ ਮਾਨਸਿਕ ਧਰਾਤਲ 'ਤੇ ਖਲੋਤੀ ਉਹ ਔਰਤ ਆਪਣੇ ਇਕਲੌਤੇ ਬੱਚੇ ਨੂੰ ਕਤਲ ਕਰਨ ਬਾਰੇ ਸੋਚਦੀ ਹੈ। ਬਿਨਾ ਸ਼ੱਕ ਉਹ ਸਮਾਜ ਕਾਨੂੰਨ ਦੀ ਨਿਗ਼ਾਹ ਵਿਚ ਮੁਜ਼ਰਿਮ ਹੈ ਪਰ ਉਸਦੇ ਇਸ ਕਾਰੇ ਪਿੱਛੇ ਕਿਹੜੇ ਕਾਰਨ ਮੌਜੂਦ ਹਨ। ਉਹਦੀ ਇਸ ਕਾਤਲਾਨਾ ਮਾਨਸਿਕਤਾ ਨੂੰ ਕਿਸ ਚੀਜ਼ ਨੇ ਉਕਸਾਇਆ ਹੈ? ਇਸ ਸੁਆਲ ਦਾ ਜੁਆਬ ਲੱਭਣ ਲਈ ਮੈਨੂੰ ਕਹਾਣੀਆਂ ਵਿਚ ਅਜਿਹੀ ਮਾਨਸਿਕਤਾ ਨਾਲ ਜੁੜੀਆਂ ਔਰਤ ਪਾਤਰਾਂ ਦੀ ਉਸਾਰੀ ਕਰਨੀ ਪਈ। ਵਿਆਹ ਬਾਹਰੇ ਸਬੰਧਾਂ ਵਿਚੋਂ ਹੋਣ ਵਾਲੀ 'ਤ੍ਰਿਪਤੀ' ਤੇ ਬਾਅਦ ਵਿਚ ਉਪਜਣ ਵਾਲੇ ਦੁਖਾਂਤ ਦਾ ਚਿਤਰਣ ਮੈਂ ਕਹਾਣੀ 'ਮਾਇਆ ਜਾਲ' ਦੀ ਪਾਤਰ ਮੈਡਮ ਸੇਖੋਂ ਦੇ ਉਸ ਕਿਰਦਾਰ ਵਿਚੋਂ ਉਘਾੜ ਕੇ ਕੀਤਾ ਜੋ ਇਨ੍ਹਾਂ ਸਬੰਧਾਂ ਦੀ ਤਿਲਕਣਬਾਜ਼ੀ ਵਿਚ ਘਿਰੀ ਹੈ। ਕੁਝ ਚਾਹੁੰਦਿਆਂ ਕੁਝ ਨਾ ਚਾਹੁੰਦਿਆਂ। ਇਨ੍ਹਾਂ ਸਬੰਧਾਂ ਵਿਚ ਸੁਆਦ ਵੀ ਹੈ, ਖਟਾਸ ਵੀ ਤੇ ਕੁੜੱਤਣ ਵੀ। ਉਹ ਪਤੀ ਪ੍ਰਤੀ ਵੀ ਸੰਵੇਦਨਸ਼ੀਲ਼ ਹੈ ਤੇ ਪ੍ਰੇਮੀ ਦੀ ਵੀ ਵਫ਼ਾਦਾਰ। ਸਮਾਜਿਕ ਮਰਿਆਦਾ ਇਕ ਤੀਜੀ ਧਿਰ ਹੈ ਜੋ ਸਭ ਤੋਂ ਤਾਕਤਵਰ ਹੈ। ਸਬੰਧਾਂ ਦੇ ਐਕਸਪੋਜ਼ ਹੋਣ ਦਾ ਖ਼ੌਫ਼ ਮਾਨਸਿਕ ਧਰਾਤਲ 'ਤੇ ਡੂੰਘੇ ਮਾਨਸਿਕ ਵਿਸ਼ਾਦ ਦਾ ਕਾਰਨ ਬਣਦਾ ਹੈ। ਇਸ ਐਕਸਪੋਜ਼ਰ ਤੋਂ ਬਚਣਾ ਤੇ ਆਪਣੀ ਸਮਾਜਕ ਹੋਂਦ ਨੂੰ ਬਚਾਉਣਾ ਇਕ ਵੱਡੀ ਚੁਣੌਤੀ ਬਣਦਾ ਹੈ। ਇਸ 'ਬਚਾਅ' ਲਈ ਕਿਸੇ ਨੂੰ 'ਲਾਂਭੇ' ਕਰਨਾ 'ਸਸਤਾ ਸੌਦਾ' ਲੱਗਦਾ ਹੈ। ਇਹ ਔਰਤ ਮਾਨਸਿਕਤਾ ਦੀ ਅਜੀਬ ਵਿਡੰਬਨਾ ਹੈ। ਇਹ ਘਟਨਾ ਆਏ ਦਿਨ ਰੀਪੀਟ ਹੁੰਦੀ ਹੈ। ਸਬੰਧਾਂ ਦਾ ਅੰਜਾਮ ਵੀ ਪਤਾ ਹੈ ਤੇ ਇਸ ਅੰਜਾਮ ਤੋਂ ਬਾਅਦ ਵਾਲੇ ਸਿੱਟੇ ਵੀ ਸਭ ਨੂੰ ਪਤਾ ਹਨ ਫਿਰ ਵੀ ਦੁਹਰਾਓ ਹੋ ਰਿਹਾ ਹੈ। 'ਮਾਇਆ ਜਾਲ' ਦੀ ਮੈਡਮ ਸੇਖੋਂ ਦੀ ਮਾਨਸਿਕਤਾ ਇਨ੍ਹਾਂ ਦਵੰਦਮਈ ਵਿਚਾਰਾਂ ਨਾਲ ਓਤਪੋਤ ਹੈ। ਸੁਆਦ, ਖਟਾਸ, ਕੁੜੱਤਣ ਤੇ ਵਿਸ਼ਾਦ ਸਭ ਗੱਡਮੱਡ ਹਨ। ਵਿਆਹ ਬਾਹਰੇ ਸਬੰਧਾਂ ਦੇ ਇਸ ਮਕੜਜਾਲ ਵਿਚ 'ਅਮਰ ਕਥਾ' ਦੀ ਸੁਲੋਚਨਾ ਵੀ ਘਿਰੀ ਹੈ, 'ਹੈਲੋ ਮੈਂ ਕਿੱਟੀ ਬੋਲ ਰਹੀ ਆਂ' ਦੀ ਕਿੱਟੀ ਆਨੰਦ ਤੇ ਰੂਪਾ ਵੀ। 'ਜਲਧਾਰਾ' ਦੀ ਤਮੰਨਾ ਮਲਹੋਤਰਾ ਵੀ ਤੇ 'ਵਿਸਰਜਨ' ਦੀ ਰਸ਼ਮੀ ਵੀ। ਇਨ੍ਹਾਂ ਸਬੰਧਾਂ ਨੂੰ 'ਨੀਲਾ ਪਾਣੀ' ਦੀਆਂ ਫਿਰੋਜ਼ਾ, ਮਨਮੀਨ ਤੇ ਰਜਨੀ ਵੀ ਮਾਣ ਰਹੀਆਂ ਨੇ ਤੇ 'ਖ਼ਾਲੀ ਮਕਾਨ' ਦੀ ਮੈਂ ਪਾਤਰ ਵੀ। 'ਗਲੇਸ਼ੀਅਰ' ਦੀ ਸਵਰਾਜ ਦੋ ਦੋਸਤਾਂ ਦੀ ਸਾਂਝੀ ਮੁਹੱਬਤ ਭੋਗਦੀ ਹੈ। ਇਨ੍ਹਾਂ ਸਭਨਾਂ ਦੀ ਮਾਨਸਿਕ ਸ਼ੇਡ

ਵਿਭਿੰਨ ਹੈ। ਸੁਲੋਚਨਾ ਨੂੰ ਨੌਕਰੀ ਦੇ ਸਟੇਸ਼ਨ ਬਦਲੀ ਦੀ ਜ਼ਰੂਰਤ ਵਿਆਹ ਬਾਹਰੇ ਸਬੰਧਾਂ ਦੇ ਸੰਸਾਰ ਵਿਚ ਲੈ ਜਾਂਦੀ ਹੈ। ਕਿੱਟੀ ਆਨੰਦ ਨੂੰ ਰਾਜਨੀਤਕ ਖੇਤਰ ਵਿਚ ਉਭਰਨ ਦਾ ਸ਼ੌਕ ਉਸ ਪਾਸੇ ਲੈ ਜਾਂਦਾ ਹੈ। ਇਓਂ ਹੀ ਰੂਪਾ ਆਪਣੇ ਪਤੀ ਦੇ ਜਾਣੂ ਬੈਂਕ ਅਫ਼ਸਰ ਦੀ ਚੁੰਗਲ ਵਿਚ ਜਾ ਫ਼ਸਦੀ ਹੈ। ਤਮੰਨਾ ਮਲਹੋਤਰਾ ਅੱਡ ਕਿਸਮ ਦੀ ਮਾਨਸਿਕਤਾ ਦੀ ਮਾਲਕ ਹੈ। ਉਹ ਬਿਨਾ ਕਿਸੇ ਮਾਨਸਿਕ ਦੁਬਿਧਾ ਦੇ ਇਨ੍ਹਾਂ ਸਬੰਧਾਂ ਨੂੰ ਸਹਿਜ ਰੂਪ ਵਿਚ ਭੋਗਦੀ ਹੈ। ਉਸ ਵਿਚ ਕੋਈ ਹੀਣ ਭਾਵਨਾ ਨਹੀਂ, ਕਿਸੇ ਦੋਸ਼ ਦਾ ਅਹਿਸਾਸ ਨਹੀਂ। ਇਕ ਬਹੁਤ ਹੀ ਖ਼ੁਸ਼ਮਿਜਾਜ਼ ਔਰਤ ਦੇ ਸਾਥ ਵਿਚ ਮੈਨੂੰ ਇੰਜ ਹੀ ਮਹਿਸੂਸ ਹੋਇਆ, ਜਿੱਥੇ ਮੁਹੱਬਤ ਬਿਨਾ ਕਿਸੇ ਸੁਆਰਥ ਦੇ ਪ੍ਰਵਾਨ ਚੜ੍ਹਦੀ। ਇਕ ਖ਼ੁਸ਼ਨੁਮਾ ਅਹਿਸਾਸ, ਬਿਨਾ ਕਿਸੇ ਮਾਨਸਿਕ ਬੋਝ ਦੇ। ਇੰਜ ਹੀ ਸਵਰਾਜ ਕਰਦੀ ਹੈ। ਆਪਣੀਆਂ ਕਲਾਤਮਕ ਰੁਚੀਆਂ ਨੂੰ ਉਭਾਰਨ ਹਿੱਤ ਉਹ ਮੈਂ ਪਾਤਰ ਤੇ ਉਸਦੇ ਦੋਸਤ ਦੀਪਕ ਦੀ ਸਾਂਝੀ ਪ੍ਰੇਮਕਾ ਬਣਦੀ ਹੈ। ਮੇਰੇ ਇਕ ਮਿੱਤਰ ਨੇ ਦੱਸਿਆ ਕਿ ਇਕ ਟੀਚਰ ਆਪਣੀ ਬਦਲੀ ਦੇ ਚੱਕਰ ਵਿਚ ਡੀ.ਈ.ਓ. ਨਾਲ ਦੋ ਦਿਨ ਧਰਮਸ਼ਾਲਾ ਰਹਿ ਕੇ ਆਈ। ਮੇਰੇ ਕਰੀਬੀ ਦਾਇਰੇ ਦੀ ਇਕ ਔਰਤ ਨੇ ਦੱਸਿਆ ਕਿ ਉਹਦਾ ਵਿਆਹ ਸਿਆਣੀ ਉਮਰ ਦੇ ਅਮੀਰ ਬੰਦੇ ਨਾਲ ਉਦੋਂ ਹੋਇਆ ਜਦੋਂ ਉਹ ਅਜੇ ਨਿਆਣੀ ਸੀ। ਮਾਪਿਆਂ ਗ਼ਰੀਬੀ ਕਾਰਨ ਅਜਿਹਾ ਕੀਤਾ ਸੀ। ਜਦੋਂ ਉਹ ਜਵਾਨੀ ਦੀ ਭਰਪੂਰਤਾ ਵਿਚ ਆਈ ਉਹ ਬੁੱਢਾ ਹੋ ਗਿਆ ਸੀ। ਉਹਦੀ ਲੋਚਾ ਸਿਖ਼ਰ ਤੇ ਹੁੰਦੀ ਜਦ ਕਿ ਉਹ ਮਰਦ ਹਾਰੇ ਹੋਏ ਖਿਡਾਰੀ ਵਾਂਗ ਇਕ ਪਾਸੇ ਦੁਬਕ ਕੇ ਪਿਆ ਹੁੰਦਾ। ਇਕ ਰਾਤ ਆਪਣੇ ਨਾਲ ਬੇਵਜ੍ਹਾ ਘੁਲਦੇ ਉਸ ਮਰਦ ਨੂੰ ਉਸ ਔਰਤ ਨੇ ਐਸਾ ਕਰਾਰਾ ਥੱਪੜ ਜੜਿਆ ਕਿ ਉਹਦੇ ਹੋਸ਼ ਭੁੱਲ ਗਏ। ਮੈਨੂੰ ਮਹਿਸੂਸ ਹੋਇਆ ਕਿ ਬੇਮੇਲ ਸਾਥ ਸਾਥ ਤੇ ਅਧੂਰੇ ਜਿਸਮਾਨੀ ਤ੍ਰਿਪਤੀ ਦੇ ਅਹਿਸਾਸ ਨੇ ਉਸਨੂੰ ਵਿਹਾਰ ਪੱਖੋਂ ਵਿਚਲਿਤ ਕਰ ਦਿਤਾ ਹੈ। ਉਹ ਡਾਵਾਂਡੋਲ ਮਾਨਸਿਕ ਧਰਾਤਲ ਤੇ ਖਲੋਤੀ ਹਿੰਸਕ ਹੋ ਗਈ ਹੈ। ਇਵੇਂ ਹੀ ਆਪਣੀਆਂ ਲੋੜਾਂ ਗਰਜਾਂ ਖ਼ਾਤਰ ਸਬੰਧਾਂ ਦਾ ਉਸਰਨਾ ਤੇ ਢਹਿਣਾ ਮੈਨੂੰ ਨਜ਼ਰ ਆਇਆ। ਮੁਹੱਬਤ, ਮਾਨਸਿਕਤਾ, ਮਰਿਆਦਾਵਾਂ ਤੇ ਸਮਾਜ ਗੁੱਥਮਗੁੱਥਾ ਹੁੰਦੇ। ਨਿਯਮ, ਆਚਾਰ ਵਿਹਾਰ ਤੇ ਕੁਦਰਤੀ ਜਜ਼ਬੇ ਆਪਸ ਵਿਚੀਂ ਖਹਿਸਰਦੇ ਟਕਰਾਉਂਦੇ। ਆਸੇ ਪਾਸੇ ਦਾ ਵਰਤਾਰਾ ਤਲਖ਼ ਤੇ ਦੁਖਦਾਇਕ ਰੰਗਾਂ ਵਿਚ ਰੰਗਿਆ ਦਿਸਿਆ।

ਰਿਸ਼ਤਿਆਂ ਦੀ ਵਿਡੰਬਨਾ ਨੂੰ ਮੈਂ ਭੈਣ-ਭਰਾ ਦਾ ਦੁਨਿਆਵੀ ਵਿਖਾਵਾ ਬਣਾ ਕੇ ਲੁਕਵੀਂ ਮੁਹੱਬਤ ਭੋਗਦੇ ਦੋਹਰੇ ਕਿਰਦਾਰ ਨਿਭਾਉਂਦੇ ਆਪਣੀ ਦੂਰ ਦੀ ਸਾਕਾਦਾਰੀ ਵਿਚੋਂ ਇਕ ਔਰਤ ਰਾਹੀਂ ਵੇਖ ਸਕਿਆ। ਇਕ ਲੰਮਾ ਸਮਾਂ ਇਹ ਮੁਹੱਬਤ ਇੰਜ ਹੀ ਕੰਧਾਂ ਕੌਲ਼ਿਆਂ ਉਹਲੇ ਪ੍ਰਵਾਨ ਚੜ੍ਹਦੀ ਰਹੀ। ਇਸ ਰਿਸ਼ਤੇ ਦੀ ਭਿਣਕ ਨੇ ਦੋਹਾਂ ਪਰਿਵਾਰਾਂ ਵਿਚ ਟੁੱਟ ਭੱਜ ਨੂੰ ਅੰਜਾਮ ਦਿੱਤਾ ਪਰ ਮੁਹੱਬਤ ਦਾ ਇਹ ਮਿੱਠਾ ਮਹੁਰਾ ਇਓਂ ਹੀ ਚੱਖਿਆ ਜਾਂਦਾ ਰਿਹਾ। ਇਨ੍ਹਾਂ ਸਬੰਧਾਂ ਦੇ ਆਧਾਰ 'ਤੇ ਹੀ ਮੈਂ 'ਵਾਵਰੋਲੇ' ਦੀ ਜੋਤੀ ਦੇ ਪਾਤਰ ਦੀ ਸਿਰਜਣਾ ਹੋਈ। ਜੋਤੀ ਬਿਨਾ ਆਪਣੇ ਅੰਦਰ ਦੋਸ਼ ਦੀ ਭਾਵਨਾ ਲਈ ਇਸ ਰਿਸ਼ਤੇ ਨੂੰ ਭੋਗਦੀ ਤੁਰੀ ਜਾਂਦੀ ਹੈ।

ਆਪਣੇ ਬਹੁਤ ਹੀ ਸੁਖਾਵੇਂ ਪਰਿਵਾਰਕ ਮਾਹੌਲ ਵਿਚ ਆਪਣੀ ਪਤਨੀ ਦੇ ਆਦਰਸ਼ਕ ਸੁਭਾਅ ਨੂੰ ਮੈਂ ਬਹੁਤ ਕਹਾਣੀਆਂ ਵਿਚ ਚਿਤਰਿਆ। ਵਿਆਹ ਦੇ ਸ਼ੁਰੂਆਤੀ ਸਾਲਾਂ ਵਿਚ ਮੇਰੀ ਮਾਂ ਤੇ ਪਤਨੀ ਦੇ ਅਣਸੁਖਾਵੇਂ ਸਬੰਧਾਂ ਵਿਚੋਂ ਉਪਜੇ ਪਰਿਵਾਰਕ ਕਲੇਸ਼ ਨੂੰ ਮੈਂ 'ਪੋਟਾ ਪੋਟਾ ਦਰਦ' ਕਹਾਣੀ ਵਿਚ ਆਪਣੇ ਹੀ ਘਰੇਲੂ ਪਾਤਰ ਲੈ ਕੇ ਲਿਖਿਆ। ਘਰੋਂ ਅਲਹਿਦਾ ਹੋ ਕੇ ਅਮ੍ਰਿਤਸਰ ਆ ਵੱਸਣਾ, ਭਾਰੀ ਆਰਥਕ ਤੰਗੀ ਦਾ ਸ਼ਿਕਾਰ ਹੋਣਾ ਤੇ ਕਦੇ ਕਦੇ ਪਤਨੀ ਦਾ ਤਲਖ਼ ਰਵੱਈਆ ਅਖ਼ਤਿਆਰ ਕਰ ਲੈਣਾ ਵੀ ਮੇਰੀਆਂ ਪਹਿਲ ਪਲੇਠੀਆਂ ਕਹਾਣੀਆਂ ਦੀ ਪਤਨੀ ਪਾਤਰ ਦੀ ਮਾਨਸਿਕਤਾ ਦਾ ਹਿੱਸਾ ਬਣਿਆ। ਉਹ ਸਾਊ ਤੇ



ਸੁਘੜ ਔਰਤ ਆਰਥਿਕ- ਪਰਿਵਾਰਕ ਬੋਝ ਥੱਲੇ ਦੱਬੀ, ਛੋਟੇ ਜੁਆਕਾਂ ਨੂੰ ਸਾਂਭਦੀ ਵਿਚ ਵਾਰ ਗੁਸੈਲ ਰਵੱਈਆ ਅਖ਼ਤਿਆਰ ਕਰਦੀ ਹੈ। 'ਵਾਰਸ' ਦੀ ਪਤਨੀ ਜਸਬੀਰ, 'ਮਲਬਾ' ਤੇ 'ਸਤਰੰਗੀ ਪੀਘ' ਦੀਆਂ ਪਤਨੀਆਂ ਅਜਿਹੇ ਹੀ ਆਰਥਿਕ ਸਮਾਜਿਕ ਹਾਲਾਤ ਵਿਚ ਵਿਚਰਦੀਆਂ ਹਨ।

ਪਤਨੀ ਦੇ ਪਾਤਰ ਵਿਚ ਇਕ ਹੋਰ ਪੱਖ ਮੈਂ ਜੋੜਦਾ ਰਿਹਾ। ਕਾਲਜ ਵੇਲੇ ਮੈਂ ਇਕ ਕੁੜੀ ਤੋਂ ਬਹੁਤ ਪ੍ਰਭਾਵਤ ਰਿਹਾ ਜੋ ਸ਼ਾਇਦ ਐੱਸ.ਐੱਫ.ਆਈ. ਵਿਚ ਕੰਮ ਕਰਦੀ ਸੀ। ਉਹਦੇ ਨਾਲ ਬੇਸ਼ਕ ਸਿੱਧਾ ਵਾਸਤਾ ਕੋਈ ਨਹੀਂ ਸੀ ਪਰ ਉਹ ਜਦੋਂ ਕੋਈ ਵਿਦਿਆਰਥੀਆਂ ਦਾ ਇਕੱਠ ਹੁੰਦਾ ਜ਼ਰੂਰ ਬੋਲਦੀ। ਨਿਧੜਕ ਤੇ ਬੇਖ਼ੌਫ਼। ਉਹ ਬਹੁਤ ਸਾਦੇ ਪਹਿਰਾਵੇ ਵਿਚ ਹੁੰਦੀ। ਮੈਂ ਕਾਲਜ ਮੈਗ਼ਜ਼ੀਨ ਦਾ ਪੰਜਾਬੀ ਸੈਕਸ਼ਨ ਦਾ ਵਿਦਿਆਰਥੀ ਸੰਪਾਦਕ ਬਣਿਆ ਤਾਂ ਉਹ ਆਪਣੀਆਂ ਜੁਝਾਰੂ ਕਵਿਤਾਵਾਂ ਲੈ ਕੇ ਮੇਰੇ ਕੋਲ ਆਈ। ਪ੍ਰੋਫ਼ੈਸਰ ਰਤਨ ਸਿੰਘ ਚਾਹਲ ਸਾਡੇ ਅਧਿਆਪਕ ਸੰਪਾਦਕ ਸਨ। ਕਵਿਤਾਵਾਂ ਦੀ ਪੜਚੋਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਕੁੜੀ ਵਿਚ ਬਹੁਤ ਸੰਭਾਵਨਾਵਾਂ ਹਨ। ਬੀ.ਏ. ਦੀ ਪੜ੍ਹਾਈ ਮੁਕਦਿਆਂ ਹੀ ਉਹ ਕੁੜੀ ਵੀ ਭੁੱਲ ਭੁਲਾ ਗਈ। ਛੇ ਜਾਂ ਸੱਤ ਸਾਲ ਬਾਅਦ, ਜਦ ਮੈਂ ਜਲੰਧਰ ਪੋਸਟਡ ਸਾਂ ਤਾਂ ਵਿਭਾਗ ਦੇ ਇਕ ਸਰਵੇ ਦੌਰਾਨ ਇਕ ਘਰ ਦੇ ਵੇਰਵੇ ਲਿਖਦਿਆਂ ਮੈਂ ਉਸ ਕੁੜੀ ਦੇ ਨਕਸ਼ ਪਛਾਣੇ। ਪਰ ਇਸਤੋਂ ਪਹਿਲਾਂ ਕਿ ਮੇਰੀ ਪਛਾਣ ਪੂਰੀ ਹੁੰਦੀ, ਉਹ ਬੋਲੀ, 'ਤੁਸੀਂ ਤਲਵਿੰਦਰ ਤਾਂ ਨਹੀਂ? ਬੇਰਿੰਗ ਕਾਲਜ ਬਟਾਲੇ ਵਾਲੇ।'

'ਹਾਂ ਉਹੀ, ਤੇ ਤੁਸੀਂ।' ਮੈਨੂੰ ਸੱਚੀਓਂ ਉਹਦਾ ਨਾਂ ਵਿੱਸਰ ਗਿਆ ਸੀ। 'ਮੈਂ ਸੀਤਲ ਆਂ।' ਉਸ ਦੱਸਿਆ।

ਉਸ ਮੈਨੂੰ ਬਿਠਾਇਆ। ਚਾਹ ਪਾਣੀ ਪਿਆਇਆ। ਘੰਟਾ ਭਰ ਕਾਲਜ ਦੀਆਂ ਗੱਲਾਂ ਕਰਦੀ ਰਹੀ। ਮੈਂ ਪ੍ਰੋਫ਼ੈਸਰ ਦੀ ਉਸ ਬਾਰੇ ਕੀਤੀ ਟਿੱਪਣੀ ਵੀ ਦੱਸੀ। ਪਰਿਵਾਰਕ ਗੱਲਾਂ ਕਰਦੀ ਉਹ ਬਹੁਤ ਉਦਾਸ ਹੋ ਗਈ। ਆਪਣੇ ਪਤੀ ਦੇ ਰੁੱਖੇ ਤੇ ਪਦਾਰਥਕ ਸੋਚ ਵਾਲੇ ਰਵੱਈਏ ਤੇ ਝੂਰਦੀ ਰਹੀ। ਉਸ ਦੱਸਿਆ ਕਿ ਉਹਦੇ ਪਤੀ ਦੀ ਸੋਚ ਪਹਿਲਾਂ ਪ੍ਰੋਗਰੈੱਸਿਵ ਸੀ ਪਰ ਕੁਰੱਪਟ ਮਹਿਕਮੇ ਵਿਚ ਪੈ ਕੇ ਉਹਦੀ ਸੋਚ ਤੇ ਖ਼ਿਆਲ ਬਿਲਕੁਲ ਬਦਲ ਗਏ। ਉਸਦੇ ਸੁਭਾਅ ਦੇ ਬਿਲਕੁਲ ਉਲਟ ਹੈ ਉਹ। ਮੈਂ ਕਿਹਾ, ਤੁਹਾਡਾ ਘਰ ਚੰਗਾ ਹੈ। ਸੋਹਣੀ ਲੋਕੈਲਿਟੀ ਹੈ। ਪਤੀ ਦੀ ਨੌਕਰੀ ਚੰਗੀ ਹੈ, ਪੈਸਾ ਵੀ ਹੈ, ਫਿਰ ਕੀ ਕਮੀ ਹੈ? ਉਹ ਕਹਿਣ ਲੱਗੀ, ਬੰਦੇ ਲਈ ਇਹ ਸੁਖ ਹੀ ਤਾਂ ਸਭ ਕੁਝ ਨਹੀਂ ਹੁੰਦੇ। ਉਹਦੇ ਹੋਰ ਵੀ ਕੋਈ ਸਰੋਕਾਰ ਹੁੰਦੇ ਨੇ। ਮੈਂ ਕਿਸੇ ਹੋਰ ਖੇਤਰ ਵਿਚ ਗਰੋਅ ਕਰਨਾ ਚਾਹੁੰਦੀ ਸਾਂ ਪਰ ਇਸ ਬੰਦੇ ਨੇ ਸਭ ਪਾਸੇ ਰੋਕਾਂ ਲਾ ਦਿੱਤੀਆਂ। ਜੀਵਨ ਦੇ ਕਈ ਮਸਲੇ ਉਹਨੇ ਮੇਰੇ ਨਾਲ ਇੰਜ ਫਰੋਲੇ ਜਿਵੇਂ ਅਸੀਂ ਬਹੁਤ ਗਹਿਰੇ ਦੋਸਤ ਸਾਂ। ਤੁਰਨ ਵੇਲੇ ਉਹਨੇ ਮੈਨੂੰ ਫੇਰ ਵੀ ਆਉਣ ਲਈ ਕਿਹਾ। ਮੈਂ ਸ਼ਾਇਦ ਇਕ ਅੱਧ ਵਾਰ ਉਹਨੂੰ ਦੁਬਾਰਾ ਮਿਲਿਆ। ਉਹਦੀਆਂ ਗੱਲਾਂ ਵਿਚ ਉਹੀ ਰੁਦਨ ਸੀ। ਸਭ ਸਹੂਲਤਾਂ ਦੇ ਬਾਵਜੂਦ ਵੀ ਕੁਝ ਖ਼ਾਲੀਪਨ। ਆਪਣੀਆਂ ਸੋਚਾਂ ਤੇ ਚਾਹਤ ਤੋਂ ਟੁੱਟੀ ਹੋਈ ਉਸ ਔਰਤ ਦੇ ਪਾਤਰ ਨੂੰ ਮੈਂ 'ਨਾਇਕ ਦੀ ਮੌਤ' ਵਿਚਲੇ ਪਤਨੀ ਤੇ 'ਵਾਵਰੋਲੇ' ਦੀ ਜਿੰਦਰ ਦੇ ਪਾਤਰਾਂ ਰਾਹੀਂ ਚਿਤਰਿਆ। ਇਹ ਦੋਹਾਂ ਕਹਾਣੀਆਂ ਵਿਚਲੀਆਂ ਔਰਤ ਪਾਤਰਾਂ ਅਜਿਹੇ ਹੀ ਮਾਨਸਿਕ ਵਿਸ਼ਾਦ 'ਚੋਂ ਗੁਜ਼ਰਦੀਆਂ ਹਨ।

ਇਸਦੇ ਸਮਾਂਤਰ ਹੀ ਮੈਂ ਉਨ੍ਹਾਂ ਸੁਆਣੀਆਂ ਦੇ ਸੰਪਰਕ ਵਿਚ ਆਇਆ ਜੋ ਇਮਾਨਦਾਰ ਪਤੀਆਂ ਦੀਆਂ ਤਨਖ਼ਾਹਾਂ ਨਾਲ ਸੰਤੁਸ਼ਟ ਨਹੀਂ ਸਨ। ਉਨ੍ਹਾਂ 'ਤੇ ਬਾਜ਼ਾਰ ਦਾ ਪ੍ਰਭਾਵ ਪ੍ਰਬਲ ਹੈ ਤੇ ਦੁਨਿਆਵੀ ਸੁੱਖਾਂ ਨੂੰ ਭੋਗਣ ਦੀ ਲਾਲਸਾ ਰੱਖਦੀਆਂ ਨੇ। ਉਹ ਬੱਚਿਆਂ ਦੀ 'ਚੰਗੀ' ਪੜ੍ਹਾਈ ਲਈ ਚਿੰਤਤ ਹਨ। ਸਾਊ ਪਤੀਆਂ ਤੋਂ ਉਲਟ ਦਿਸ਼ਾ ਵਿਚ ਖੜੀਆਂ ਹਨ। 'ਦਰਸ਼ਕ' ਦੀ ਪਤਨੀ ਪਾਤਰ ਕਮਲਾ ਪਤੀ ਦੀ ਤਨਖ਼ਾਹ

ਨਾਲ ਸੰਤੁਸ਼ਟ ਨਹੀਂ। ਉਹਨੂੰ ਪਤੀ ਦੇ ਵਿਭਾਗ ਵਾਲੇ ਦੋ ਨੰਬਰ ਦੀ ਕਮਾਈ ਵਾਲੇ ਕੁਲੀਗ ਠੀਕ ਲੱਗਦੇ ਹਨ। 'ਤਾੜੀ' ਦੀ ਕੰਵਲ ਵੀ ਅਜਿਹੀ ਹੀ ਸੋਚ ਦੀ ਧਾਰਨੀ ਹੈ। ਇਨ੍ਹਾਂ ਦੀ ਸੋਚ ਉਪਰ ਮੰਡੀ ਕਲਚਰ ਭਾਰੂ ਹੈ। ਮੰਡੀ ਕਲਚਰ ਵਿਚ ਵਿਲੀਨ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਸੰਕੇਤਕ ਢੰਗ ਨਾਲ ਮੈਂ 'ਲੇਜ਼ਰ ਸ਼ੋ' ਦੀ ਮਾਇਆ ਨਾਂ ਦੀ ਕੁੜੀ ਦੇ ਕਿਰਦਾਰ ਰਾਹੀਂ ਚਿਤਰਿਤ ਕਰਨ ਦਾ ਯਤਨ ਕੀਤਾ। ਨੌਜਵਾਨ ਪੀੜ੍ਹੀ ਸਾਹਮਣੇ ਤਲਿਸਮੀ ਸੰਸਾਰ ਹੈ ਜੋ ਵੰਨ ਸੁਵੰਨੀਆਂ ਰੋਸ਼ਨੀਆਂ ਦਿਖਾ ਕੇ ਬੁਲਾ ਰਿਹਾ ਹੈ। ਇਥੇ ਸੱਪ-ਪੌੜੀ ਦੀ ਖੇਡ ਹੈ। ਵਸਤਾਂ ਦਾ ਭੰਡਾਰ ਹੈ। ਬਿਨਾਂ ਸਿਰਾਂ ਤੋਂ ਧੜ ਹਨ। ਸੋਚ ਵਿਹੂਣੇ ਲੋਕਾਂ ਦਾ ਜੰਗਲ ਹੈ। ਇਸ ਜੰਗਲ ਵਿਚ ਗੁਆਚਣ ਲਈ ਮਾਇਆ ਦਾ ਪਾਤਰ ਪੇਸ਼ ਹੈ।

ਔਰਤਾਂ ਪ੍ਰਤੀ ਕਿਸੇ ਦੱਬੀ ਹੋਈ ਖਿੱਚ ਦੇ ਅਹਿਸਾਸ ਨੇ ਮੈਨੂੰ ਉਨ੍ਹਾਂ ਬਾਰੇ ਹੋਰ ਨਿੱਠ ਕੇ ਲਿਖਣ ਲਈ ਪ੍ਰੇਰਤ ਕੀਤਾ। ਮੈਂ ਲਿਖ ਕੇ ਤ੍ਰਿਪਤੀ ਜਿਹੀ ਮਹਿਸੂਸ ਕਰਦਾ। ਉਨ੍ਹਾਂ ਦੇ ਮਸਲੇ ਮੈਨੂੰ ਲੁਭਾਉਂਦੇ। ਮੇਰੇ ਮਿੱਤਰ ਸੁਰਿੰਦਰ ਸ਼ਾਂਤ ਨੇ ਆਪਣੇ ਪਿੰਡ ਨੇੜੇ ਇਕ ਜੁਆਨ ਵਿਧਵਾ ਦੀ ਮੈਨੂੰ ਗੱਲ ਸੁਣਾਈ। ਉਹ ਸਬਰ ਸੰਤੋਖ ਵਿਚ ਰਹਿ ਕੇ ਜੀਣ ਵਾਲੀ ਔਰਤ ਸੀ ਤੇ ਮਰਦ ਸਾਥ ਤੋਂ ਬਿਨਾ ਹੀ ਪਹਾੜ ਜਿੱਡੀ ਜ਼ਿੰਦਗੀ ਜੀਣ ਦਾ ਤਹੱਈਆ ਕਰੀ ਬੈਠੀ ਸੀ। ਸ਼ਾਂਤ ਨੇ ਮੈਨੂੰ ਕਿਹਾ ਕਿ ਮੈਂ ਕਦੇ ਆ ਕੇ ਉਸ ਕੁੜੀ ਨੂੰ ਮਿਲਾਂ। ਮੈਂ ਮਿਲ ਤਾਂ ਭਾਵੇਂ ਨਾ ਸਕਿਆ ਪਰ ਬਹੁਤ ਚਿਰ ਉਸ ਬਾਰੇ ਸੋਚਿਆ ਕਿ ਇਹ ਸਬਰ ਉਹ ਕਿੰਨਾ ਚਿਰ ਨਿਭਾ ਪਾਏਗੀ? ਜਿਸਮਾਨੀ ਲੋੜਾਂ ਦੇ ਨਾਲ ਨਾਲ ਸਮਾਜਕ ਵਲਗਣਾਂ ਤੇ ਨੈਤਿਕ ਮੁੱਲ ਵੀ ਆੜੇ ਸਨ। ਜਜ਼ਬਿਆਂ ਤੇ ਬੰਧਨਾਂ ਦੇ ਪੁੜਾਂ ਵਿਚ ਜੀਣਾ ਉਸ ਔਰਤ ਨੂੰ ਕਿੱਥੇ ਲੈ ਜਾਏਗਾ? ਇਨ੍ਹਾਂ ਮਸਲਿਆਂ ਦੇ ਵਿਚੋਂ ਵਿਚੀ 'ਵਿਚਲੀ ਔਰਤ' ਦੀ ਰਵਿੰਦਰ ਨਿਕਲੀ। ਉਹ ਚੇਤਨ ਤੇ ਅਵਚੇਤਨ ਨੂੰ ਇਕ ਸੁਰ ਕਰਦੀ ਹੈ। ਸਮਾਜਿਕ ਮਰਿਆਦਾਵਾਂ ਤੇ ਜਿਨਸੀ ਲੋੜਾਂ ਨੂੰ ਇਕ ਪੱਧਰ ਤੇ ਲਿਆਉਂਦੀ ਹੈ। ਉਹ ਆਪਣੀਆਂ ਦਿੱਤੀਆਂ ਗੰਢਾਂ ਖੋਲ੍ਹਦੀ ਤੇ ਨਵੇਂ ਰਾਹ ਸਿਰਜਦੀ ਹੈ। ਇਸੇ ਹੀ ਤਰਜ਼ ਤੇ 'ਰਾਤ ਚਾਨਣੀ' ਦੀ ਅੰਬੋ ਜੋ ਕਿ ਇਕ ਨਸ਼ੇੜੀ ਬੰਦੇ ਦੀ ਜੁਆਨ ਵਿਧਵਾ ਹੈ ਨੂੰ ਟਿਕੀ ਰਾਤ ਵਿਚ ਆਪਣੇ ਘਰ ਤੋਂ ਸਰਵਣ ਦੇ ਘਰ ਤੱਕ ਦਾ ਰਾਹ ਸਾਫ਼ ਨਜ਼ਰੀਂ ਆਉਂਦਾ ਹੈ। ਦੱਬ ਦੱਬ ਕੇ ਜੀਣ ਨਾਲੋਂ ਇਹ ਇਨਕਲਾਬ ਇਨ੍ਹਾਂ ਪਾਤਰਾਂ ਨੂੰ ਸਾਰਥਕ ਲੱਗਦਾ ਹੈ।

ਆਪਣੀ ਬਹੁਤ ਹੀ ਜ਼ਹੀਨ ਬੇਟੀ ਨੂੰ ਮੈਂ ਜਿੱਥੇ ਕਿਤੇ ਵੀ ਧੀ ਦਾ ਪਾਤਰ ਘੜਨ ਦੀ ਲੋੜ ਪਈ ਇਕ ਪੜ੍ਹਨ ਲਿਖਣ ਵਾਲੀ ਤੇ ਅਗਾਂਹਵਧੂ ਸੋਚ ਵਾਲੀ ਬੱਚੀ ਦੇ ਰੂਪ ਵਿਚ ਚਿਤਰਿਆ। 'ਤਾੜੀ' ਦੀ ਅਕੀਦਾ, 'ਵਿਸ਼ ਕੰਨਿਆ' ਦੀ ਸਿਲਕੀ, 'ਜਲਧਾਰਾ' ਦੀ ਆਭਾ, 'ਤ੍ਰਿੰਜਣ' ਦੀ ਸੀਰਤ, 'ਕਸੀਰ' ਦੀ ਮਨੀਸ਼ਾ, 'ਗ਼ੁਬਾਰ' ਦੀ ਅਮਨ, 'ਨੀਲੀਆਂ ਅੱਖਾਂ' ਦੀ ਸੁਲੇਖਾ, 'ਦਰਸ਼ਕ' ਦੀ ਰੂਪਾ ਆਦਿ ਜਾਗਰਤ ਸੋਚ ਵਾਲੀਆਂ ਧੀਆਂ ਹਨ। ਇਹ ਪਿਓ ਦਾ ਪੱਖ ਪੂਰਦੀਆਂ, ਘਰਾਂ ਦੀ ਰੌਣਕ ਤੇ ਆਪਣੇ ਮਿਸ਼ਨ ਪ੍ਰਤੀ ਸੁਚੇਤ ਹਨ। ਮੈਂ ਇਨ੍ਹਾਂ ਵਿਚੋਂ ਔਰਤ ਦੇ ਰੌਸ਼ਨ ਭਵਿੱਖ ਦੀ ਨਿਸ਼ਾਨਦੇਹੀ ਕੀਤੀ। ਮੈਂ ਸੋਚਦਾ ਆਉਣ ਵਾਲੀ ਨੌਜਵਾਨ ਪੀੜ੍ਹੀ ਆਪਣੇ ਹੱਕਾਂ ਫ਼ਰਜ਼ਾਂ ਤੋਂ ਪੂਰੀ ਤਰ੍ਹਾਂ ਸੁਚੇਤ ਹੋਵੇਗੀ ਤੇ ਹਰ ਤਰ੍ਹਾਂ ਦੇ ਅਨਿਆਂ ਖ਼ਿਲਾਫ਼ ਡਟ ਜਾਏਗੀ।

ਜ਼ਿੰਦਗੀ ਦੇ ਰਹੱਸਾਂ ਤੇ ਰਿਸ਼ਤਿਆਂ ਦੇ ਤਾਣੇਬਾਣੇ ਨੂੰ ਸਮਝਣ ਵਿਚ ਕਈ ਨੁਕਤੇ ਮੈਂ ਆਪਣੇ ਮਿੱਤਰ ਦੇਵ ਪਾਸੋਂ ਜਿਉਂ ਦੇ ਤਿਉਂ ਫੜ ਲਏ। ਇਸ਼ਕ ਦੇ ਪ੍ਰਸੰਗਾਂ ਵਿਚ ਉਹਦੀ ਦੀਦਾ ਦਲੇਰੀ ਮੈਨੂੰ ਹੈਰਾਨ ਕਰਦੀ। ਅਸੀਂ ਮੁਹੱਬਤ ਦਾ ਵਿਸ਼ਾ ਫੜ ਕੇ ਲੰਮੀਆਂ ਕਹਾਣੀਆਂ ਪਾਉਂਦੇ। ਇਸ ਆਦਾਨ ਪ੍ਰਦਾਨ ਵਿਚੋਂ ਜਿਨਸੀ ਰਿਸ਼ਤਿਆਂ ਦੇ ਕਈ ਪਾਸਾਰ ਨਜ਼ਰੀ ਪੈਂਦੇ। ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਬੰਬਈ ਤੇ ਗੋਆ ਦਾ ਰੈੱਡ ਲਾਈਟ ਏਰੀਆ ਉਹਦੇ ਸਾਥ ਵਿਚ ਵੇਖਿਆ। ਜੇ ਉਹ ਫ਼ਾਰਸ ਰੋਡ ਦੀ ਨੀਤੂ ਨਾਲ ਨਾ ਮਿਲਾਉਂਦਾ ਤਾਂ 'ਨੀਲੀਆਂ ਅੱਖਾਂ' ਕਹਾਣੀ ਨਹੀਂ ਸੀ ਲਿਖੀ ਜਾ ਸਕਦੀ। ਅਸੀਂ ਦੋ ਪਰਿਵਾਰ-ਮੇਰਾ ਤੇ



ਦੇਵ ਦਰਦ ਦਾ, ਮੁੰਬਈ ਗਏ ਸਾਂ। ਉਥੇ ਇਕ ਲੋਕਲ ਟਰੇਨ ਵਿਚ ਅਸਾਂ ਸਭ ਨੇ ਚੜ੍ਹਨਾ ਸੀ। ਗੱਡੀ ਦਾ ਠਹਿਰਾਓ ਏਨਾ ਘੱਟ ਸੀ ਕਿ ਕਾਹਲੀ ਵਿਚ ਬੱਚਿਆਂ ਤੇ ਬੀਵੀਆਂ ਨੂੰ ਚੜ੍ਹਾਉਂਦਿਆਂ ਅਸੀਂ ਉਹਨਾਂ ਤੋਂ ਨਿੱਖੜ ਗਏ। ਮੈਂ ਤੇ ਦੇਵ ਸਟੇਸ਼ਨ 'ਤੇ ਖੜੇ ਰਹਿ ਗਏ ਤੇ ਗੱਡੀ ਕਿਤੇ ਦੀ ਕਿਤੇ ਨਿਕਲ ਗਈ। ਮੇਰੇ ਮਨ ਮਸਤਕ 'ਤੇ ਹੋਰ ਕਿਸੇ ਵੀ ਤਣਾਓ ਤੋਂ ਵੱਧ ਇਹ ਸੀ ਮੇਰੀ ਸਤਵੀਂ ਜਮਾਤ ਵਿਚ ਪੜ੍ਹਦੀ ਬੇਟੀ ਕਿਥੇ ਹੋਵੇਗੀ? ਉਹ ਆਪਣੀ ਮੰਮੀ ਦੇ ਨਾਲ ਹੋਏਗੀ ਜਾਂ ਇਕੱਲੀ? ਜੇ ਉਹ ਕਿਸੇ ਹੋਰ ਸਟੇਸ਼ਨ ਤੇ ਉਤਰ ਗਈ ਤਾਂ ਕੀ ਬਣੇਗਾ? ਅਗਲੀ ਗੱਡੀ ਵਿਚ ਬਹਿਣ ਤੋਂ ਮਿਥੇ ਟਿਕਾਣੇ ਪਹੁੰਚਣ ਤੱਕ ਮੈਂ ਜੋ ਜੋ ਕਿਆਸ ਕਰ ਸਕਿਆ, ਇਸ ਕਹਾਣੀ ਵਿਚ ਹੈ। ਕੁਝ ਗੱਲਾਂ ਕਹਾਣੀ ਤੋਰਨ ਲਈ ਵੱਧ ਪਾਈਆਂ ਨੇ। ਇਹ ਕਹਾਣੀ ਮਹਾਨਗਰਾਂ ਵਿਚ ਪੈਦਾ ਹੁੰਦੀ ਵੇਸਵਾਗਮਨੀ ਦੇ ਕਾਰਨਾਂ ਨਾਲ ਜੁੜ ਗਈ। ਮੈਂ ਉਸ ਘਟਨਾ ਨੂੰ ਜੀਵੇ ਬਿਨਾ ਇਹ ਕਹਾਣੀ ਨਹੀਂ ਸੀ ਲਿਖ ਸਕਦਾ ਨਾ ਹੀ ਨੀਤੂ ਦੇ ਪਾਤਰ ਨੂੰ ਸਜੀਵ ਢੰਗ ਨਾਲ ਪੇਸ਼ ਕਰ ਸਕਦਾ ਸਾਂ।

ਸਮੂਹਕ ਬਲਾਤਕਾਰ ਦੀ ਸ਼ਿਕਾਰ ਮੁਲਤਾਨ ਜ਼ਿਲ੍ਹੇ ਦੀ ਮੁਖਤਾਰਾਂ ਮਾਈ ਦੇ ਕਿਰਦਾਰ ਨੂੰ ਮੈਂ 'ਨਿੱਕੀ ਇੱਟ ਵਾਲੀ ਹਵੇਲੀ' ਵਿਚ ਨਸੀਬੋ ਅਤੇ ਰਜ਼ੀਆ ਦੇ ਪਾਤਰਾਂ ਰਾਹੀਂ ਜਗੀਰੂ ਸਿਸਟਮ ਦੇ ਵਿਰੋਧ ਵਿਚ ਰੱਖ ਕੇ ਪੇਸ਼ ਕੀਤਾ। ਆਪਣੇ ਪਾਕਿਸਤਾਨੀ ਮਿੱਤਰਾਂ ਨਾਲ ਸਾਂਝ ਨੇੜਤਾ ਵਿਚੋਂ ਮੈਂ ਕਹਾਣੀ 'ਨੋ-ਮੈਨਜ਼ ਲੈਂਡ' ਦੀ ਇਕ ਰਿਸਰਚ ਸਕਾਲਰ ਪਾਤਰ ਤਹਿਮੀਨਾ ਦਾ ਪਾਤਰ ਘੜਿਆ। ਉਹ ਵੰਡ ਦੇ ਦੁਖਾਂਤ ਨੂੰ ਆਪਣੇ ਮਾਪਿਆਂ ਰਾਹੀਂ ਸਹਿਣ ਦੇ ਬਾਵਜੂਦ ਵੀ ਸਾਂਝਾਂ ਦੀ ਮੁਦੱਈ ਹੈ। ਪਿਛਲੇ ਸਾਲਾਂ ਵਿਚ ਪਾਕਿਸਤਾਨ ਵਿਚ ਸਈਦਾ ਦੀਪ, ਨਸਰੀਨ ਅੰਜੁਮ ਭੱਟੀ, ਪਰਵੀਨ ਮਲਿਕ ਆਦਿ ਕੋਲੋਂ ਭੈਣਾਂ ਜਿਹਾ ਪਿਆਰ ਮਿਲਣ ਅਤੇ ਆਪਣੇ ਮਿੱਤਰ ਇਕਬਾਲ ਕੈਸਰ ਦੇ ਪਰਿਵਾਰ ਨਾਲ ਨਿੱਘੀ ਸਾਂਝ ਵਿਚੋਂ ਮੈਂ ਆਪਣੀ ਕਹਾਣੀ 'ਪਾਂਡੀ' ਦੀ ਭੈਣ ਬਰਕਤੇ ਦਾ ਪਾਤਰ ਸਿਰਜ ਸਕਿਆ।

ਇਵੇਂ ਹੀ ਉਥੋਂ ਦੇ ਪਹਿਲਾਂ ਸਿੱਖ ਤੇ ਵੰਡ ਤੋਂ ਬਾਅਦ ਵਿਚ ਮੁਸਲਮਾਨ ਹੋ ਗਏ ਕੁਝ ਬਜ਼ੁਰਗਾਂ ਦੀ ਨੇੜਤਾ ਵਿਚੋਂ ਮੈਂ ਕਹਾਣੀ 'ਖ਼ੁਸ਼ਬੂ' ਦੀ ਹਮੀਦਾਂ ਸਿਰਜ ਸਕਿਆ। ਅਸਲ ਵਿਚ ਹਮੀਦਾਂ ਨਾਲ ਘਟਦੀ ਘਟਨਾ, ਉਹਦਾ ਬਚਪਨ ਤੇ ਅੱਲੜ੍ਹ ਉਮਰ ਦੀ ਮੁਹੱਬਤ ਦੇ ਵੇਰਵੇ ਮੈਂ ਕਥਾਕਾਰ ਤਾਰਨ ਗੁਜਰਾਲ ਦੇ ਜੀਵਨ ਵਿਚੋਂ ਲਏ। ਅਟਾਰੀ ਵਿਚ ਆਪਣਾ ਬਚਪਨ ਤੇ ਇਕ ਸੂਖ਼ਮ ਜਿਹੀ ਮੁਹੱਬਤ ਦੀ ਬਾਤ ਸੁਣਾਉਣ ਵਾਲੀ ਤਾਰਨ ਦੇ ਜੀਵਨ ਦਾ ਇਹ ਹਿੱਸਾ ਏਨਾ ਸਜੀਵ ਤੇ ਦਿਲ ਨੂੰ ਟੁੰਬਣ ਵਾਲਾ ਸੀ ਕਿ ਅਨੇਕਾਂ ਨਿੱਕੇ ਨਿੱਕੇ ਵੇਰਵੇ ਇਕ ਥਾਂ ਇਕੱਠੇ ਹੋ ਗਏ। ਬਟਾਲੇ ਦੇ ਜਿਸ ਮੁਹੱਲੇ ਵਿਚ ਮੈਂ ਆਪਣਾ ਬਚਪਨ ਗੁਜ਼ਾਰਿਆ ਉਥੇ ਇਕ ਜ਼ਨਾਨੀ ਬਾਰੇ ਮੈਨੂੰ ਪਤਾ ਸੀ ਕਿ ਉਹ ਵੰਡ ਤੋਂ ਪਹਿਲਾਂ ਮੁਸਲਮਾਨ ਸੀ। ਮੈਂ ਸੋਚਿਆ ਕਰਦਾ ਕਿ ਬੇਸ਼ਕ ਇਹ ਸਿੱਖਾਂ ਦੇ ਘਰ ਵਿਚ ਰਹਿ ਰਹੀ ਐ ਇਹਨੂੰ ਆਪਣਾ ਧਰਮ ਅਵੱਸ਼ ਯਾਦ ਆਉਂਦਾ ਹੋਊ। ਇਕ ਦੋਸਤ ਨੇ ਦੱਸਿਆ ਕਿ ਪਾਕਿਸਤਾਨ ਦੇ ਇਕ ਘਰ ਵਿਚ ਹਾਲੇ ਵੀ ਇਕ ਨੌਕਰਾਣੀ ਕੰਮ ਕਰਦੀ ਹੈ ਜੋ ਵੰਡ ਤੋਂ ਪਹਿਲਾਂ ਸਿੱਖ ਸੀ। ਉਹ ਏਨਾ ਸਮਾਂ ਬੀਤਣ ਦੇ ਬਾਅਦ ਵੀ ਨਮਾਜ਼ ਦੇ ਵਕਤ ਜਪੁਜੀ ਦਾ ਪਾਠ ਕਰਦੀ ਹੈ। ਜਦ ਮੈਂ 'ਧਰਤ ਸੁਹਾਵੀ' ਲਿਖ ਰਿਹਾ ਸਾਂ ਤਾਂ ਸਹਿਵਨ ਹੀ ਸ਼ੀਦਾਂ ਦਾ ਪਾਤਰ ਸਿਰਜਿਆ ਗਿਆ। ਸ਼ੀਦਾਂ ਤੋਂ ਅੰਮ੍ਰਿਤ ਕੌਰ ਬਣੀ ਉਸ ਔਰਤ ਦੀ ਮਾਨਸਿਕਤਾ ਨੂੰ ਦੋਹਾਂ ਪਾਸਿਆਂ ਦੇ ਬਜ਼ੁਰਗਾਂ ਦੀਆਂ ਗੱਲਾਂ ਦੇ ਆਧਾਰ ਤੇ ਚਿਤਰ ਲਿਆ। ਇਵੇਂ ਹੀ 'ਪਾਂਡੀ' ਦੀ ਬਸ਼ੀਰਾਂ ਤੋਂ ਬੇਗ਼ਮ ਕੌਰ ਬਣੀ ਪਾਤਰ ਨੂੰ ਮੈਂ ਇਕਬਾਲ ਕੈਸਰ ਦੇ ਵੰਡ ਵੇਲੇ ਫਿਰੋਜ਼ਪੁਰ ਲਾਗੇ ਦੇ ਪਿੰਡ ਕੱਬਰਵੱਛੇ ਰਹਿ ਗਏ ਦਾਦੇ ਦੇ ਭਰਾ ਅੱਲ੍ਹਾ ਦਿੱਤੇ ਦੀ ਬੀਵੀ ਬੇਗਮੋ ਦੇ ਕਿਰਦਾਰ ਨੂੰ ਇੰਨ ਬਿੰਨ ਚਿਤਰ ਲਿਆ।

ਬੇਸ਼ਕ ਪੇਂਡੂ ਜੀਵਨ ਨਾਲ ਮੇਰਾ ਸਿੱਧਾ ਵਾਸਤਾ ਕਦੇ ਵੀ ਨਹੀਂ ਰਿਹਾ ਪਰ ਫਿਰ ਵੀ ਆਪਣੇ ਨਾਨਕੇ

ਪਿੰਡ ਕੋਟਲੀ ਢੋਲੇ ਸ਼ਾਹ ਮੈਂ ਬਚਪਨ ਵਿਚ ਤਕਰੀਬਨ ਹਰ ਛੁੱਟੀਆਂ ਵਿਚ ਜਾਂਦਾ ਰਿਹਾ। ਉਥੋਂ ਦਾ ਪਰਸਪਰ ਨਿਰਭਰਤਾ ਵਾਲਾ ਮਾਹੌਲ ਮੈਨੂੰ ਹਮੇਸ਼ਾ ਟੁੰਬਦਾ। ਮੇਰੀ ਨਾਨੀ ਤੇ ਵੱਡੀ ਮਾਮੀ ਮੇਰੇ ਲਈ ਪੇਂਡੂ ਸੱਭਿਆਚਾਰ ਦੀ ਨੁਮਾਇੰਦਗੀ ਕਰਨ ਵਾਲੀਆਂ ਆਦਰਸ਼ਕ ਔਰਤਾਂ ਲੱਗਦੀਆਂ। ਸਵੇਰ ਤੋਂ ਸ਼ਾਮ ਤੱਕ ਖਿੜੇ ਮੱਥੇ ਘਰ ਦੇ ਕੰਮਾਂ ਵਿਚ ਰੁੱਝੇ ਰਹਿਣਾ। ਸਾਡੇ ਬਟਾਲੇ ਦੇ ਨੀਮ ਸ਼ਹਿਰੀ ਜੀਵਨ ਨਾਲੋਂ ਪਿੰਡ ਦੀ ਇਹ ਜੀਵਨ ਧਾਰਾ ਮੈਨੂੰ ਟੁੰਬਦੀ। 'ਵਾਰਸ' ਕਹਾਣੀ ਲਿਖੀ ਤਾਂ ਬੇਬੇ ਦੇ ਪਾਤਰ ਨੂੰ ਮੈਂ ਆਪਣੀ ਨਾਨੀ ਦੇ ਆਚਾਰ ਵਿਹਾਰ ਨੂੰ ਪੂਰੀ ਰੀਝ ਨਾਲ ਚਿਤਰਿਆ। ਬੇਬੇ ਦਾ ਪਾਤਰ ਇਕੋ ਵੇਲੇ ਘਰੇਲੂ ਫ਼ਰਜ਼ ਵੀ ਨਿਭਾਉਂਦਾ, ਸਮਾਜਿਕ ਕੰਮਾਂ ਵਿਚ ਵੀ ਭੂਮਿਕਾ ਅਦਾ ਕਰਦਾ ਤੇ ਲੋਕ ਸੱਭਿਆਚਾਰ ਨਾਲ ਵੀ ਡੂੰਘਾ ਲਗਾਓ ਰੱਖਦਾ। ਉਹਦੇ ਵਿਚੋਂ ਮੈਨੂੰ ਪੰਜਾਬੀਅਤ ਦੇ ਨਕਸ਼ ਦਿਸਦੇ।

ਔਰਤ ਦੇ ਜ਼ੁਲਮ ਸਹਿਣ ਤੇ ਜ਼ੁਲਮ ਖ਼ਿਲਾਫ਼ ਡਟ ਜਾਣ ਦੇ ਦੋਵੇਂ ਰੂਪ ਮੇਰੀ ਦ੍ਰਿਸ਼ਟੀ ਵਿਚ ਰਹੇ ਤੇ ਦੋਹਾਂ ਰੂਪਾਂ ਨੂੰ ਮੈਂ ਕਿਵੇਂ ਨਾ ਕਿਵੇਂ ਕਹਾਣੀਆਂ ਦਾ ਹਿੱਸਾ ਬਣਾਇਆ। ਬਟਾਲੇ ਸਾਡੀ ਆਬਾਦੀ ਤੋਂ ਥੋੜ੍ਹਾ ਹਟਵਾਂ ਇਕ ਪਰਿਵਾਰ ਸੀ ਜਿਨ੍ਹਾਂ ਦੀ ਕੁੜੀ ਬੇਹੱਦ ਸੰਗਾਊ ਸੁਭਾ ਦੀ ਸੀ। ਉਹ ਪੜ੍ਹਨ ਵਿਚ ਹੁਸ਼ਿਆਰ ਸੀ। ਉਹ ਕਦੇ ਕਦਾਈਂ ਕੋਈ ਪੜ੍ਹਨ ਲਿਖਣ ਵਾਲੀ ਗੱਲ ਪੁੱਛਣ ਮੇਰੇ ਕੋਲ ਆਉਂਦੀ। ਉਹ ਕਿਸੇ ਤਰ੍ਹਾਂ ਕਿਸੇ ਅਜਿਹੇ ਮੁੰਡੇ ਦੇ ਸੰਪਰਕ ਵਿਚ ਆ ਗਈ ਜਿਸਨੇ ਉਸਨੂੰ ਵਰਗਲਾ ਲਿਆ। ਉਸ ਕੁੜੀ ਦੇ ਗਰਭਵਤੀ ਹੋਣ 'ਤੇ ਉਹਦੇ ਪਿਓ ਤੇ ਭਰਾਵਾਂ ਰਾਤੋ ਰਾਤ ਮਾਰ ਕੇ ਫੂਕ ਦਿੱਤਾ। ਅਜਿਹੀ ਹੀ ਇਕ ਘਟਨਾ ਅੰਮ੍ਰਿਤਸਰ ਵਾਪਰੀ ਜਿੱਥੇ ਵਿਆਹ ਤੋਂ ਹਫ਼ਤਾ ਬਾਅਦ ਹੀ ਸਹੁਰੇ ਪਰਿਵਾਰ ਨੇ ਕੁੜੀ ਨੂੰ ਮਾਰ ਮੁਕਾਇਆ। ਜਿਸ ਵੇਲੇ ਸੂਹੇ ਜੋੜੇ ਤੇ ਲਾਲ ਚੂੜੇ ਵਿਚ ਉਸਦਾ ਸੰਸਕਾਰ ਸ਼ਮਸ਼ਾਨ ਘਾਟ ਵਿਚ ਹੋ ਰਿਹਾ ਸੀ ਤਾਂ ਸਾਰਾ ਆਸਾ ਪਾਸਾ ਸੁੰਨ ਸੀ। ਇਸ ਘਟਨਾ ਨੇ ਔਰਤ ਦੇ ਸਮਾਜਕ ਰੁਤਬੇ ਨੂੰ ਸਮਝਣ ਲਈ ਬਹੁਤ ਸੋਚਣ ਲਈ ਮਜਬੂਰ ਕੀਤਾ। 'ਤ੍ਰਿੰਜਣ' ਦੀਆਂ ਔਰਤ ਪਾਤਰਾਂ ਕੇਸਰੋ, ਸਿੰਦਰ, ਚੰਦਰਿਕਾ ਤੇ ਸਰੋਜ ਸਮਾਜ ਦੇ ਵੱਖ ਵੱਖ ਵਰਤਾਰਿਆਂ ਵਿਚੋਂ ਮਾਰ ਝੱਲਦੀਆਂ ਤੇ ਅੰਤ ਮਰਦੀਆਂ ਨੇ। 'ਵਿਸ਼ ਕੰਨਿਆ' ਦੀ ਕਿਰਨਾ ਆਪਣੇ ਰੌਸ਼ਨ ਖ਼ਿਆਲਾਤ ਕਾਰਨ ਮਰਦ ਪ੍ਰਧਾਨ ਸਮਾਜ ਨੂੰ ਪ੍ਰਵਾਨ ਨਹੀਂ। ਉਹਦਾ ਅਗਾਂਵਧੂ ਰਵੱਈਆ ਦਕਿਆਨੂਸੀ ਸੋਚ ਤੋਂ ਬਹੁਤ ਅੱਗੇ ਹੈ ਜਿਸ ਕਾਰਨ ਉਹ ਸਵੀਕਾਰੇ ਜਾਣ ਯੋਗ ਨਹੀਂ। ਅੰਤ ਉਸਨੂੰ ਵੀ ਮਰਨਾ ਪੈਂਦਾ ਹੈ। ਇਸੇ ਕਹਾਣੀ ਦੀ ਮੁੱਖ ਪਾਤਰ ਨਿਰਮਲਾ ਮਰਦੀ ਭਾਵੇਂ ਨਹੀਂ ਪਰ ਪਤੀ ਦਾ ਤਸ਼ੱਦਦ ਤੇ ਤ੍ਰਿਸਕਾਰ ਉਹ ਲਗਾਤਾਰ ਸਹਾਰਦੀ ਹੈ। ਇਸਦੇ ਵਿਪਰੀਤ 'ਕਰੂੰਬਲਾਂ' ਦੀ ਗੇਜੋ, 'ਸੰਕਲਪ' ਦੀ ਮੀਤੋ, 'ਖੁਸ਼ੀ ਦਾ ਦਿਨ' ਦੀ ਰੇਖਾ ਆਪਣੇ ਪ੍ਰਤੀਕੂਲ ਹਾਲਾਤ ਵਿਚੋਂ ਵੀ ਨਵੇਂ ਦਿਸਹੱਦੇ ਸਿਰਜਦੀਆਂ ਹਨ।

ਮੈਂ ਔਰਤ ਦੀ ਮਾਨਸਿਕਤਾ ਨੂੰ ਮੌਜੂਦਾ ਸਮਾਜਿਕ ਵਰਤਾਰਿਆਂ ਨਾਲੋਂ ਤੋੜ ਕੇ ਨਹੀਂ ਵੇਖਦਾ। ਇਕੋ ਸਮੇਂ ਤੇ ਸਥਾਨ ਤੇ ਦੋ ਔਰਤਾਂ ਦਾ ਅਚਾਰ ਵਿਹਾਰ ਮੈਨੂੰ ਫਰਕ ਨਜ਼ਰ ਆਉਂਦਾ ਹੈ। ਇਕ ਔਰਤ ਦੋ ਸਥਿਤੀਆਂ ਤੇ ਸਮਿਆਂ ਵਿਚ ਅੱਡ ਅੱਡ ਤਰ੍ਹਾਂ ਸੋਚਦੀ ਤੇ ਵਿਹਾਰ ਕਰਦੀ ਹੈ। ਲੇਖਕ ਆਪਣੀ ਸਮਝ ਤੇ ਲਿਖਣ ਯੋਗਤਾ ਦੇ ਬਲਬੂਤੇ ਹੀ ਪ੍ਰਚਲਤ ਵਰਤਾਰਿਆਂ ਨੂੰ ਸਮਝਣ ਜੋਗਾ ਹੁੰਦਾ ਹੈ ਤੇ ਇਹੀ ਤੱਥ ਮੇਰੇ ਉਪਰ ਢੁਕਦਾ ਹੈ। ਉਂਜ ਕਦੇ ਕਦੇ ਆਪਣੇ ਹੀ ਲਿਖੇ ਨੂੰ ਪੜ੍ਹ ਕੇ ਅਚੰਭਾ ਵੀ ਹੁੰਦਾ ਹੈ ਕਿ ਜਿਨ੍ਹਾਂ ਘਟਨਾਵਾਂ 'ਚੋਂ ਕਦੇ ਗੁਜ਼ਰੇ ਹੀ ਨਹੀਂ, ਜੋ ਦ੍ਰਿਸ਼ ਕਦੇ ਤੱਕੇ ਹੀ ਨਹੀਂ, ਜਿਨ੍ਹਾਂ ਲੋਕਾਂ ਨੂੰ ਕਦੇ ਮਿਲੇ ਹੀ ਨਹੀਂ ਉਨ੍ਹਾਂ ਨੂੰ ਸ਼ਬਦਾਂ ਵਿਚ ਕਿਵੇਂ ਢਾਲ ਲਿਆ। ਇਹ ਕੋਈ ਅਮੂਰਤ ਜਿਹਾ ਅਹਿਸਾਸ ਹੀ ਹੈ, ਕੋਈ ਲੁਕਵੀਂ ਜਿਹੀ ਸੈਨਤ ਦੇ ਕੇ ਪਾਸੇ ਹੋ ਜਾਂਦਾ ਹੈ। ਜੋ ਮੁੜ ਹੱਥ ਨਹੀਂ ਆਉਂਦਾ। ਇੰਜ ਕੁਝ ਲਿਖ ਹੋ ਜਾਂਦਾ ਹੈ ਜੋ ਸਾਹਿਤ ਸੰਸਾਰ ਦਾ ਹਿੱਸਾ ਬਣ ਜਾਂਦਾ, ਵਰਨਾ ਸਾਡੀ ਔਕਾਤ ਹੈ ਹੀ ਕੀ?

-98721-78035



***ਮੇਰੀਆਂ ਕਹਾਣੀਆਂ ਦੇ ਇਸਤਰੀ ਪਾਤਰ-2***

# ਮੇਰੇ ਔਰਤ ਪਾਤਰ ਔਰਤਾਂ ਨਾਲ ਜੁੜੀਆਂ ਧਾਰਨਾਵਾਂ ਨੂੰ ਬਦਲ ਦਿੰਦੇ ਹਨ/ - ਅਜਮੇਰ ਸਿੱਧੂ

ਮੇਰੀਆਂ ਪਹਿਲੀਆਂ ਦੋ ਕਹਾਣੀਆਂ 'ਨਚੀਕੇਤਾ ਦੀ ਮੌਤ' ਅਤੇ 'ਗੌਰਜਾਂ' 1995 ਵਿਚ ਛਪੀਆਂ ਸਨ। 1995 ਤੋਂ 2013 ਤੱਕ ਮੇਰੇ ਤਿੰਨ ਕਥਾ ਸੰਗ੍ਰਹਿ 'ਨਚੀਕੇਤਾ ਦੀ ਮੌਤ' (1998), 'ਖੂਹ ਗਿੜਦਾ ਹੈ' (2004) ਅਤੇ 'ਖੁਸ਼ਕ ਅੱਖ ਦਾ ਖ਼ਾਬ' (2013) ਵਿਚ ਸ਼ਾਮਿਲ ਕਹਾਣੀਆਂ ਅਤੇ ਇਕ ਹੋਰ ਕਹਾਣੀ ਸਮੇਤ ਕੁਲ 25 ਕਹਾਣੀਆਂ ਛਪੀਆਂ ਹਨ। ਨਵੀਂ ਪੰਜਾਬੀ ਕਹਾਣੀ ਵਿਚ ਮੇਰੀਆਂ ਕਹਾਣੀਆਂ ਦੇ ਅਨੇਕਾਂ ਪਾਸਾਰ ਹੋ ਸਕਦੇ ਹਨ ਪਰ ਮੇਰਾ ਸਭ ਤੋਂ ਉੱਘੜਵਾਂ ਪੱਖ ਔਰਤਾਂ ਨੂੰ ਪੇਸ਼ ਕਰਨ ਵੱਲ ਰਿਹਾ ਹੈ। ਮੇਰੀਆਂ ਸਿਰਫ਼ ਦੋ ਕਹਾਣੀਆਂ 'ਦਿੱਲੀ ਦੇ ਕਿੰਗਰੇ' ਅਤੇ 'ਦੀ ਸੋਅਰਡ ਆਫ ਬੰਦਾ ਸਿੰਘ ਬਹਾਦਰ' ਵਿਚ ਔਰਤ ਪਾਤਰ ਨਾਂਹ ਦੇ ਬਰਾਬਰ ਹਨ। ਲੇਕਿਨ 11 ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਕੇਂਦਰ ਵਿਚ ਔਰਤ ਪਈ ਹੈ। ਇਹ ਔਰਤ ਪਾਤਰ ਵੱਡੇ ਕਾਰਜ਼ ਕਰਦੇ ਹਨ। ਭਾਰੂ ਧਿਰ ਬਣ ਫ਼ੈਸਲਾ ਬਦਲ ਦਿੰਦੇ ਹਨ। ਇਨ੍ਹਾਂ ਵਿੱਚੋਂ 4 ਕਹਾਣੀਆਂ ਦੀ ਮੁੱਖ ਪਾਤਰ ਔਰਤ ਹੈ। ਇਹ ਸਾਰੀਆਂ ਕਹਾਣੀਆਂ ਔਰਤ ਦੀ ਹੋਂਦ, ਸੁਭਾਅ ਤੇ ਜੀਵਨ ਸੰਘਰਸ਼ ਨੂੰ ਬਿਆਨ ਕਰਦੀਆਂ ਹਨ। ਭਾਵੇਂ ਉਕਤ ਤੋਂ ਇਲਾਵਾ ਹੋਰ 12 ਕਹਾਣੀਆਂ ਦੇ ਮੁੱਖ ਪਾਤਰ ਮਰਦ ਹਨ ਤੇ ਉਹਨਾਂ ਦੇ ਵਿਸ਼ੇ ਵੀ ਅੱਡ ਅੱਡ ਹਨ ਪਰ ਇਨ੍ਹਾਂ ਕਹਾਣੀਆਂ ਦੇ ਦੂਜੈਲੀ ਮੁਹੱਤਤਾ ਵਾਲੇ ਔਰਤ ਪਾਤਰ ਵੀ ਕਿਸੇ ਨਾ ਕਿਸੇ ਪੱਖੋਂ ਹਾਸ਼ੀਆਗ੍ਰਸਤ ਸਥਿਤੀ ਦੀ ਹੋਣੀ ਭੋਗਦੇ ਹਨ ਜਾਂ ਕਿਸੇ ਹੋਰ ਰੂਪ ਵਿਚ ਸਾਹਮਣੇ ਆਉਂਦੇ ਹਨ। ਮੈਂ ਘਰ, ਸਮਾਜ ਅਤੇ ਦੇਸ਼ ਅੰਦਰ ਔਰਤ ਦੀ ਸਥਿਤੀ ਅਤੇ ਪੀੜ ਨੂੰ ਪੇਸ਼ ਕਰਦਾ ਹਾਂ। ਮੈਂ ਅਕਸਰ ਕਹਿੰਦਾ ਹਾਂ ਕਿ ਮੇਰੀਆਂ ਔਰਤ ਦੇ ਮੈਂ ਮੂਲਕ ਵਾਲੀਆਂ ਕਹਾਣੀਆਂ ਅਤੇ ਉਹਨਾਂ ਦੀਆਂ ਪਾਤਰ, ਦੂਜੀਆਂ ਕਹਾਣੀਆਂ ਅਤੇ ਪਾਤਰ ਦੇ ਮੁਕਾਬਲੇ ਵਧੇਰੇ ਸਮਰੱਥਾ ਵਾਲੀਆਂ ਹਨ। ਇਨ੍ਹਾਂ ਕਹਾਣੀਆਂ ਨੇ ਪੰਜਾਬੀ ਬੰਦੇ ਦੇ ਮਨ ਵਿਚ ਵੱਧ ਥਾਂ ਬਣਾਈ ਹੈ।

'ਇਕਬਾਲ ਹੁਸੈਨ ਮੋਇਆ ਨਹੀਂ' ਅਤੇ 'ਸ਼ਾਇਦ ਰੰਮੀ ਮੰਨ ਜਾਏ' ਮੇਰੀਆਂ ਸਭ ਤੋਂ ਵੱਧ ਚਰਚਾ ਵਿਚ ਰਹੀਆਂ ਕਹਾਣੀਆਂ ਹਨ। 'ਇਕਬਾਲ ਹੁਸੈਨ ਮੋਇਆ ਨਹੀਂ' ਦੀ ਮੁਸਲਮਾਨ ਕੁੜੀ ਜਮੀਲਾ ਦਾ ਸੰਤਾਲੀ ਦੇ ਦੰਗਿਆਂ ਵੇਲੇ ਜਬਰ ਜਿਨਾਹ ਕਰਕੇ ਬਚਿੱਤਰ ਸਿੰਘ ਦੇ ਘਰ 'ਵਸਾ' ਦਿੱਤੀ ਜਾਂਦੀ ਹੈ। ਉਸਨੂੰ ਅੰਮ੍ਰਿਤ ਛਕ' ਕੇ ਪ੍ਰੀਤਮ ਕੌਰ ਬਣਾ ਦਿੱਤਾ ਜਾਂਦਾ ਹੈ। ਉਹ ਦੋ ਬੱਚਿਆ ਦੀ ਮਾਂ ਵੀ ਬਣ ਜਾਂਦੀ ਹੈ ਪਰ ਉਹਦੇ ਅੰਦਰ ਉਸਦੇ ਦਾਦੇ ਇਕਬਾਲ ਹੁਸੈਨ ਵਲੋਂ ਭਰਿਆ ਇਸਲਾਮ ਵਾਲਾ ਗੌਰਵ ਖਤਮ ਨਹੀਂ ਹੁੰਦਾ। ਉਹ ਆਪਣੇ ਪੁੱਤ ਬਲਵੀਰ ਨੂੰ ਦਾਦੂ ਸ਼ਾਹ ਅਤੇ ਰੌਜ਼ੇ ਦਾ ਗੱਦੀ ਨਸ਼ੀਨ ਬਣਿਆ ਦੇਖ ਕੇ ਗਦ ਗਦ ਹੋ ਉੱਠਦੀ ਹੈ। ... ਤੇ ਉਸਦੇ ਅੰਦਰਲੀ ਜਮੀਲਾ ਪ੍ਰਗਟ ਹੋ ਜਾਂਦੀ ਹੈ। ਇਹ ਔਰਤ ਘਰ, ਸਮਾਜ ਅਤੇ ਧਰਮ ਨਾਲ ਆਹਢਾ ਲੈ ਕੇ ਇਹ ਧਾਰਨਾ ਸਥਾਪਤ ਕਰਦੀ ਹੈ ਕਿ ਕਿਸੇ ਦਾ ਜਬਰਦਸਤੀ ਧਰਮ ਨਹੀਂ ਬਦਲਿਆ ਜਾ ਸਕਦਾ।

ਮੈਂ ਕਈ ਵਰ੍ਹੇ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਪਿੰਡਾਂ ਦਾ ਮੌਖਿਕ ਇਤਿਹਾਸ ਲਿਖਦਾ ਰਿਹਾ ਹਾਂ। ਸੰਤਾਲੀ ਵੇਲੇ ਜਬਰਦਸਤੀ ਰੱਖ ਲਈਆਂ ਗਈਆਂ ਮੁਸਲਮਾਨ ਕੁੜੀਆਂ / ਔਰਤਾਂ ਨਾਲ ਮੁਲਾਕਾਤਾਂ ਵੀ ਕਰਦਾ ਰਿਹਾ ਹਾਂ। ਪਿੰਡ ਸਿੰਬਲੀ, ਚਣਕੋਆ, ਸਹਾਬਪੁਰ, ਕਰੀਹਾ, ਕਮਾਮ, ਮਜਾਰਾ, ਭੀਣ, ਮਾਹਲੋਂ... ਆਦਿ ਪਿੰਡਾਂ ਦੀਆਂ ਮੁਸਲਮਾਨ ਔਰਤਾਂ ਜੋ ਰੌਲਿਆਂ ਵਾਲੇ ਸਾਲ ਦੀ ਕਰੋਪੀ ਦਾ ਸ਼ਿਕਾਰ ਹੋਈਆਂ ਸਨ, ਜਮੀਲਾ ਦਾ ਪਾਤਰ ਘੜਨ ਵਿਚ ਮੇਰੀ ਮਦਦ ਕਰਦੀਆਂ ਹਨ।

ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਵਿਚ ਬਿਮਲਾ ਆਪਣੀਆਂ ਧੀਆਂ ਰੱਜੂ ਤੇ ਲੱਭੂ ਕੋਲੋਂ ਸਟੇਜ 'ਤੇ ਡਾਂਸ ਅਤੇ ਬੰਦ ਕਮਰਿਆਂ ਵਿਚ ਦੇਹ ਵਪਾਰ ਕਰਵਾ ਕੇ ਕਾਰਾਂ, ਕੋਠੀਆਂ ਤੇ ਜਾਇਦਾਦਾਂ ਦੀ ਮਾਲਕ ਬਣ ਜਾਂਦੀ ਹੈ।ਉਸਦੀ ਨਣਾਨ ਤਾਰੋ ਘਰ ਦੀਆਂ ਤੰਗੀਆਂ ਦੀ ਸਤਾਈ ਤੇ ਬਿਮਲਾ ਦੇ ਘਰ ਦੀ 'ਖੁਸਹਾਲੀ' ਦੇਖ ਕੇ ਆਪਣੀ ਧੀ ਰੰਮੀ ਨੂੰ ਦੇਹ ਦੇ ਧੰਦੇ ਲਈ ਮਨਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ। ਮੇਰੇ ਕੋਲ ਦੋ ਕਿਸਮ ਦੀਆਂ ਔਰਤਾਂ ਹਨ। ਪਹਿਲੀ ਕਿਸਮ ਦੀਆਂ ਔਰਤਾਂ (ਬਿਮਲਾ, ਰੱਜੂ, ਲੱਭੂ ਤੇ ਕੁਲਜੀਤ) ਬੇਵਸ ਹੋ ਕੇ ਵਿਸ਼ਵ ਸਰਮਾਏ ਦੁਆਰਾ ਸਥਾਪਤ ਉਪਭੋਗਤਾਵਾਦੀ ਵਿਵਸਥਾ ਵਿਚ ਜਜ਼ਬ ਹੋ ਜਾਂਦੀਆਂ ਹਨ। ਲੇਕਿਨ ਔਰਤਾਂ ਦੀ ਦੂਜੀ ਧਿਰ (ਰੰਮੀ ਤੇ ਚੇਤਨਾ) ਅਜਿਹੀਆਂ ਕਦਰਾਂ-ਕੀਮਤਾਂ ਅਪਨਾਉਣ ਤੋਂ ਇਨਕਾਰੀ ਹਨ। ਰੰਮੀ ਦੀ ਮਾਂ ਤਾਰੋ ਦੁੱਧ ਤੋਂ ਦੇਹ ਦੇ ਵਿਉਪਾਰ ਵੱਲ ਸਫ਼ਰ ਕਰਨ ਦਾ ਫ਼ੈਸਲਾ ਕਰ ਚੁੱਕੀ ਹੈ।

"ਜੇ ਭੁੱਖੇ ਮਰਦੇ ਆਂ ਤਾਂ ਕੀ ਧੀਆਂ-ਭੈਣਾਂ ਨੂੰ ਜਿਸਮ ਵੇਚਣ ਲਾ ਦੀਏ?" ਸੱਤੇ ਦੇ ਇਹ ਬੋਲ, ਉਸਦੀ ਵਿਚਾਰਧਾਰਾ ਤੇ ਮੌਤ ਨਾਰੀ ਦੇਹ ਨੂੰ ਖਪਤ ਦੀ ਵਸਤੂ ਨਹੀਂ ਬਣਨ ਦਿੰਦੇ। ਤਾਰੋ ਆਪਣਾ ਫ਼ੈਸਲਾ ਬਦਲ ਲੈਂਦੀ ਹੈ ਤੇ ਦੂਜੀ ਧਿਰ ਨਾਲ ਜਾ ਖਲੌਂਦੀ ਹੈ।

ਦੋਨੋਂ ਕਿਸਮ ਦੀਆਂ ਔਰਤਾਂ ਦੇ ਮੈਂ ਨੇੜਿਓਂ ਹੋ ਕੇ ਗੁਜ਼ਰਦਾ ਰਿਹਾ ਹਾਂ। ਇਸੇ ਕਾਰਨ ਮੈਂ ਵਿਸ਼ਵ ਸਰਮਾਏ ਵਲੋਂ ਪੰਜਾਬੀ ਸਭਿਆਚਾਰ।ਮੁੱਲ ਪ੍ਰਬੰਧ 'ਤੇ ਕੀਤੀ ਜਾ ਰਹੀ ਚਾਂਦ ਮਾਰੀ ਦੀ ਕਹਾਣੀ ਲਿਖ ਸਕਿਆ ਹਾਂ।

"ਚੰਦ ਨੂੰ ਗ੍ਰਹਿਣ ਲੱਗ ਗਿਆ। ਨੇਰਾ ਖਾਣ ਨੂੰ ਪੈਂਦਾ। ਮੈਂ ਤਾਂ ਡਰਦੀ ਅੰਦਰ ਆ ਵੜੀ ਹਾਂ। ਹੋਰੇ ਅੰਨ੍ਹੀ ਨਾ ਹੋ ਜਾਮਾਂ। " ਆਰੰਭਕ ਬੋਲਾਂ ਨਾਲ ਸ਼ੁਰੂ ਹੋਣ ਵਾਲੀ ਕਹਾਣੀ 'ਇਸ ਵਾਰ ਨਹੀਂ' ਔਰਤਾਂ ਦੀਆਂ ਤਿੰਨ ਪੀੜ੍ਹੀਆਂ ਦੀ ਕਥਾ ਹੈ। ਇਸ ਕਹਾਣੀ ਵਿਚ 'ਜੋਧਪੁਰ ਦਾ ਪਰਮਾਰਾਂ ਦਾ ਖਾਨਦਾਨ' ਆਪਣੇ ਰਾਜਪੂਤੀ ਅਭਿਮਾਨ ਨੂੰ ਕਾਇਮ ਰੱਖਣ ਖ਼ਾਤਿਰ ਘਰ ਦੀਆਂ ਔਰਤਾਂ ਦੇ ਪਤੀ ਦੀ ਮੌਤ ਪਿੱਛੋਂ ਪੁਨਰ-ਵਸੇਬੇ ਦੀ ਸੰਭਾਵਨਾ ਖਤਮ ਕਰ ਦਿੰਦਾ ਹੈ। ਉਸ ਖਾਨਦਾਨ ਦੀਆਂ ਔਰਤਾਂ ਉਮਰ ਭਰ ਰੰਡੇਪਾ ਕੱਟਣ ਦਾ ਸੰਤਾਪ ਭੋਗਦੀਆਂ ਹਨ। ਪਹਿਲੀ ਪੀੜ੍ਹੀ ਵਿਚ ਕਰਤਾਰ ਕੌਰ ਤੇ ਦੂਜੀ ਪੀੜ੍ਹੀ ਵਿਚ ਚਰਜੀਤ ਕੌਰ ਤੇ ਬਰਜਿੰਦਰ ਕੌਰ ਇਸ ਪਰੰਪਰਾ ਦਾ ਸ਼ਿਕਾਰ ਹੁੰਦੀਆਂ ਹਨ। ਬਲਜਿੰਦਰ ਕੌਰ ਸ਼ਿਕਾਰ ਹੋ ਕੇ ਜੈਲੇ ਭਲਵਾਨ ਨਾਲ ਸ਼ਹਿਰ ਜਾ ਕੇ ਚੁਬਾਰੇ ਵਿਚ ਪਰਮਾਰਾਂ ਦੇ ਖਾਨਦਾਨ ਨੂੰ ਤਾਂ ਕਲੰਕਤ ਕਰ ਰਹੀ ਹੈ ਪਰ ਖਾਨਦਾਨ ਦੀ ਦੁਬਾਰਾ ਵਿਆਹ ਨਾ ਕਰਵਾਉਣ ਦੀ ਮਰਿਯਾਦਾ ਨਹੀਂ ਟੱਪਦੀ ਇਹ ਸਾਹਸ ਤੀਜੀ ਪੀੜ੍ਹੀ ਵੇਲੇ ਆਉਂਦਾ ਹੈ।ਉਮਰ ਭਰ ਰੰਡੇਪਾ ਕੱਟਣ ਦਾ ਸੰਤਾਪ ਭੋਗਣ ਵਾਲੀ ਕਰਤਾਰ ਕੌਰ ਦੀ ਪੋਤਰੀ ਰੁਪਾਲੀ ਨਾਲ ਵੀ ਜਦ ਉਸ ਵਰਗੀ ਘਟਨਾ ਵਾਪਰਨ ਲਗਦੀ ਹੈ ਤਾਂ ਦਾਦੀ ਰੁਪਾਲੀ ਦੇ ਮਨ ਇੱਛਤ ਸਾਥੀ ਨਾਲ ਤੋਰਨ ਵਿਚ ਮਦਦ ਕਰਦੀ ਹੈ।

"ਨ੍ਹੇਰਿਆਂ ਨੂੰ ਚੀਰੇ ਬਿਨਾਂ ਖਲਾਸੀ ਵੀ ਤਾਂ ਨਹੀਂ ਹੋਣੀ।" ਕਹਾਣੀ ਦੇ ਅੰਤ ਤੋਂ ਪਹਿਲਾਂ ਇਹਨਾਂ ਸਤਰਾਂ ਨਾਲ ਔਰਤ ਦੇ ਦਮਨ ਵਿਰੁੱਧ ਸਟੈਂਡ ਲਿਆ ਜਾਂਦਾ ਹੈ।... ਤੇ ਦਾਦੀ-ਪੋਤੀ ਆਪਣੇ ਹੱਕਾਂ ਦੀ ਪਛਾਣ ਵੱਲ ਹੌਂਸਲੇ ਨਾਲ ਤੁਰ ਪੈਂਦੀਆਂ ਹਨ। ਦਰਅਸਲ ਇਹ ਕਹਾਣੀ ਮੇਰੀ ਵਾਕਫ਼ ਮੁਟਿਆਰ ਅਨੁਸ਼ਿਕਾ ਦਿਓਲ ਦੀ ਵਿਧਵਾ ਦਾਦੀ ਦੇ ਜੀਵਨ ਦੀ ਕਹਾਣੀ ਹੈ। ਇਕ ਹੋਰ ਪਰਿਵਾਰ ਦੀ ਮੁਟਿਆਰ ਬਲਜਿੰਦਰ ਕੌਰ ਵੀ ਇਸ ਕਹਾਣੀ ਵਿਚ ਬਣਦਾ ਯੋਗਦਾਨ ਪਾ ਗਈ। ਰੁਪਾਲੀ ਕੋਈ ਅਸਲ ਪਾਤਰ ਨਹੀਂ ਹੈ। ਰੂਪਾਲੀ ਤਾਂ ਕੋਈ ਮੇਰਾ ਆਪਣਾ ਹੀ ਰੂਪ ਹੈ।

ਔਰਤ-ਮਰਦ ਦੇ ਨਜਾਇਜ਼ ਸੰਬੰਧਾਂ ਦੇ ਸ਼ੱਕ ਬਾਰੇ ਮੇਰੀ ਕਹਾਣੀ 'ਕੁਰੁਕਸ਼ੇਤਰ ਤੋਂ ਪਾਰ' ਸਿਰਜਣਾ



ਵਿਚ ਛਪੀ ਹੈ। ਗੁਰਜਿੰਦਰ ਸਿੰਘ ਵਿਆਹ ਕਰਵਾ ਕੇ ਅਮਰੀਕਾ ਗਿਆ ਹੋਇਆ ਹੈ। ਅਮਰੀਕਾ ਵਿਚ ਰਹਿੰਦੇ ਨੂੰ ਪਹਿਲਾਂ ਉਹਦੀ ਭੂਆ ਜਗਦੀਸ਼ ਕੌਰ ਦੇ ਖ਼ਤ ਤੋਂ ਫਿਰ ਉਸਦੇ ਦੋਸਤ ਸੁਦਾਗਰ ਦੇ ਫ਼ੋਨ ਤੋਂ ਤੇ ਅੰਤ 'ਤੇ ਪਿੰਡ ਦੇ ਸਰਪੰਚ ਪਾਖਰ ਸੁੰਹ ਤੋਂ ਪਤਾ ਚਲਦਾ ਹੈ ਕਿ ਪੰਜਾਬ / ਭਾਰਤ ਵਿਚ ਉਹਦੀ ਪਤਨੀ ਮਨਪ੍ਰੀਤ ਤੇ ਉਹਦੇ ਪਿਓ ਫ਼ੌਜੀ ਮਿਲਖਾ ਸਿੰਘ ਘਿਓ ਖਿਚੜੀ ਹੋਏ ਪਏ ਹਨ। ਉਸਦੇ ਮਨ ਵਿਚ ਨੂੰਹ ਤੇ ਸਹੁਰੇ ਦੇ ਨਜਾਇਜ਼ ਸੰਬੰਧਾਂ ਬਾਰੇ ਤਸਵੀਰ ਬਣ ਜਾਂਦੀ ਹੈ। ਉਸ ਕਬੂਤਰੀ ਦੀ ਤਸਵੀਰ ਸਾਰੇ ਰਿਸ਼ਤੇਦਾਰਾਂ ਅਤੇ ਪਿੰਡ ਦੇ ਲੋਕਾਂ ਵਿਚ ਗੰਧਲੀ ਹੋਈ ਪਈ ਹੈ। ਉਸਦਾ ਪਾਕਿ ਪਵਿੱਤਰ ਲਿਸ਼ਕੋਰਾ ਉਦੋਂ ਹੀ ਪੈਂਦਾ ਹੈ, ਜਦ ਉਹ ਸਹੁਰੇ ਦੀ ਲਾਸ਼ ਨਾਲ ਲਿਪਟੀ ਵਿਰਲਾਪ ਕਰ ਰਹੀ ਹੈ।

"ਵੇ ਮੇਰਿਆ ਬਾਬਲਾ, ਮੈਂ ਤਾਂ ਰਿਸ਼ਤੇਦਾਰਾਂ ਤੋਂ ਊਜਾਂ ਲੁਆਈਆਂ। ਸਾਰੇ ਪਿੰਡ ਤੋਂ ਬਦਨਾਮੀ ਖੱਟੀ। ਫਿਰ ਵੀ ਤੈਨੂੰ ਬਚਾਅ ਨਹੀਂ ਸਕੀ।"

ਇਹ ਕਹਾਣੀ ਪੰਜਾਬ ਸਮੱਸਿਆ ਅਤੇ ਪ੍ਰਵਾਸ ਨੂੰ ਵੀ ਸੰਬੋਧਨ ਹੈ। ਪੰਜਾਬ ਸਮੱਸਿਆ ਮੈਂ ਤਨ-ਮਨ 'ਤੇ ਹੰਢਾਈ ਹੋਈ ਹੈ। ਅਮਰੀਕਾ ਗੇੜਾ ਲੱਗ ਜਾਂਦਾ ਹੋਣ ਕਾਰਨ ਪ੍ਰਵਾਸ ਨੂੰ ਸਮਝਣਾ ਸੌਖਾ ਹੈ। ਮਨਪ੍ਰੀਤ ਮੇਰੇ ਸ਼ਾਇਰ ਦੋਸਤ ਕੁਲਵਿੰਦਰ ਕੁੱਲਾ ਦੀ ਵਾਕਫ਼ੀ ਵਿੱਚੋਂ ਆਈ ਪਾਤਰ ਹੈ। ਔਰਤ ਦੀ ਇਕ ਤਸਵੀਰ ਮਨਪ੍ਰੀਤ ਵਾਲੀ ਹੈ। ਦੂਸਰੀ 'ਬਾਰ ਵੇਲੇ ਦਾ ਸਕੂਟਰ' ਵਿਚ ਪ੍ਰਿੰਸੀਪਲ ਸੁਖਰਾਜ ਕੌਰ ਦੀ ਦੇਖੀ ਜਾ ਸਕਦੀ ਹੈ। ਜਿਹੜੀ ਆਪਣੇ ਪਤੀ ਦਾ ਆਤਮ ਗੌਰਵ ਗੁਆ ਦੇਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹ ਪ੍ਰਿੰਸੀਪਲੀ ਦੀ ਹਾਉਮੇਂ ਵਿਚ ਵਕਾਲਤ ਦੇ ਪੇਸ਼ੇ ਵਿਚ ਨਾਕਾਮਯਾਬ ਹੋਏ ਆਪਣੇ ਵਕੀਲ ਪਤੀ ਮਲਵਿੰਦਰ ਸਿੰਘ ਸੈਂਭੀ ਦੀ ਜ਼ਿੰਦਗੀ ਲੀਹੋਂ ਲਾਹ ਦਿੰਦੀ ਹੈ। ਉਹ ਉਸ ਰੰਗੜ ਔਰਤ ਦੇ ਸੁਭਾਅ ਕਾਰਨ ਆਪਣੀ ਮਨੁੱਖੀ ਹੋਂਦ ਨੂੰ ਸੰਤੁਲਨ ਨਹੀਂ ਰੱਖ ਸਕਿਆ। ਸਿੱਟੇ ਵਜੋਂ ਮੈਡਮ ਉਸਨੂੰ ਪਾਗਲ ਹੋਣ ਦੀ ਹੱਦ ਤੱਕ ਪਹੁੰਚਾ ਦਿੰਦੀ ਹੈ। ਕਹਾਣੀ ਸ਼ੁਰੂ ਹੀ ਉਸਦੀ ਪਾਗਲ ਅਵਸਥਾ ਤੋਂ ਹੁੰਦੀ ਹੈ,

"ਸਿਰ ਵਿਚ ਟਮਾਟਰ ਉੱਗ ਆਏ ਆ। ਸਵੇਰ ਦਾ ਗਲੀ-ਗਲੀ ਨਵੀਂ ਧਰਤੀ ਦੀ ਪੈਦਾਵਾਰ ਦਿਖਾਉਂਦਾ ਪਿਆਂ। ... ਲੈ ਕਰ ਲੋ ਘੇਅ ਨੂੰ ਕੌਲਾ। ਹੱਸਲ ਪਏ? ਉਹ ਵੀ ਇੱਦੇ ਹੱਸਦੀ ਆ। ਨਾ ਭਲਾ ਵਾਲਾਂ ਦੀਆਂ ਬਣੀਆਂ ਬੋਦੀਆਂ ਨ੍ਹੀਂ ਦਿਖਦੀਆਂ। ਇਹਨਾਂ ਵਿੱਚੋਂ ਚੋਂਦਾਂ ਟਮਾਟਰਾਂ ਦਾ ਪਾਣੀ ਨ੍ਹੀਂ ਦਿਖਦਾ। ਤੁਸੀਂ ਪੁੱਛ ਸਕਦੇ ਓ, 'ਸੈਂਭੀ ਸਾਹਿਬ, ਸਿਰ ਵਿਚ ਟਮਾਟਰ ਕਿੱਦਾਂ ਉੱਗ ਆਏ? ' ਮੈਂ ਆਪ ਹੈਰਾਨ ਆਂ। ਮਿਸਿਜ਼ ਨੇ ਤਾਂ ਆਲੂ ਬੀਜੇ ਸੀਗੇ।" ਮੇਰੇ ਘੇਰੇ ਵਿਚ ਸੁਖਰਾਜ ਕੌਰ ਵਰਗੀਆਂ ਮੱਧ ਵਰਗ ਪਰਿਵਾਰਾਂ ਦੀਆਂ ਖਾਸ ਤੌਰ 'ਤੇ ਨੌਕਰੀਪੇਸ਼ਾ ਔਰਤਾਂ ਦੀ ਬਹੁ ਗਿਣਤੀ ਹੈ। ਜਿਨ੍ਹਾਂ ਆਪਣੀ ਹੈਂਕੜ ਜਾਂ ਨਾਰੀਵਾਦ ਦੇ ਰੁਝਾਨਾਂ ਕਾਰਨ ਆਪਣੇ ਪਤੀਆਂ ਨੂੰ ਕੀਲੀ 'ਤੇ ਸੁੱਕਣੇ ਪਾਇਆ ਹੋਇਆ ਹੈ।

ਅੱਜ ਪੰਜਾਬ ਬੁਰੀ ਤਰ੍ਹਾਂ ਨਸ਼ਿਆਂ ਦੀ ਲਪੇਟ ਵਿਚ ਆ ਚੁੱਕਾ ਹੈ। ਜਿਸ ਸਾਡੀ ਨੌਜੁਆਨ ਪੀੜ੍ਹੀ ਨੇ ਆਪਣਾ, ਪਰਿਵਾਰ ਦਾ ਤੇ ਦੇਸ਼ ਦਾ ਭਵਿੱਖ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਣੀ ਸੀ, ਉਹ ਨਸ਼ਿਆਂ ਦੀ ਦਲਦਲ ਵਿਚ ਇਸ ਕਦਰ ਡੁੱਬ ਚੁੱਕਾ ਹੈ ਕਿ ਉਸਨੇ ਆਪਣਾ ਆਪ ਵੀ ਗੁਆ ਲਿਆ ਹੈ ਤੇ ਆਪਣੇ ਸਿਰਜਣਹਾਰਿਆਂ ਦੇ ਜੁੜਿਆਂ ਨੂੰ ਹੱਥ ਪਾਉਂਦਾ ਪਾਉਂਦਾ ਉਹਨਾਂ ਨੂੰ ਸਦਾ ਦੀ ਨੀਂਦ ਸੁਆ ਦੇਣ ਦਾ ਖ਼ਾਬ ਸਿਰਜ ਬੈਠਾ ਹੈ। 'ਖੁਸ਼ਕ ਅੱਖ ਦਾ ਖ਼ਾਬ' ਦਾ ਪਰਮਵੀਰ ਸਿੰਘ ਏਹੀ ਕੁਝ ਕਰਦਾ ਹੈ ਪਰ ਉਹਦੇ ਸਮਾਨਾਂਤਰ ਖੜ੍ਹੀ ਜੋਧਿਕਾ ਨੂੰ ਗੈਰ-ਜ਼ੁੰਮੇਵਾਰ ਹੋਣਾ ਪੁੱਗਦਾ ਹੀ ਨਹੀਂ ਹੈ। ਇਸ ਵਕਤ ਕੁੜੀਆਂ ਮਾਪਿਆਂ ਦੀ ਬਾਂਹ ਬਣਨ ਦਾ ਇਤਿਹਾਸ ਸਿਰਜ ਰਹੀਆਂ ਹਨ। ਜੋਧਿਕਾ ਵੀ ਇਹ ਮਹਾਨ ਕਾਰਜ ਕਰ ਰਹੀ ਹੈ ਜਾਂ ਕਰਨਾ ਚਾਹੁੰਦੀ ਹੈ ਪਰ ਕਦੇ ਵਾਲ ਕਟਵਾਉਣ ਤੇ ਕਦੇ ਵਿਆਹ ਕਰਵਾਉਣ ਦੇ ਮਾਮਲੇ 'ਤੇ ਉਹ ਵੀ ਮਾਪਿਆਂ ਨੂੰ ਪ੍ਰੇਸ਼ਾਨੀ ਵਿਚ ਪਾਉਂਦੀ ਹੈ। ਪਰਮਵੀਰ ਆਪਣੇ ਮਾਪਿਆਂ ਨੂੰ ਕਤਲ ਕਰਨ ਦੀ

ਨੌਬਤ ਤੱਕ ਪਹੁੰਚ ਜਾਂਦਾ ਹੈ। ਜੋਧਿਕਾ ਦਾ ਬਾਪ ਪਰਮਵੀਰ ਦੇ ਕਾਰਨਾਮੇ ਨੂੰ ਦੇਖ ਕੇ ਜੋਧਿਕਾ ਦੀਆਂ ਛੋਟੀਆਂ-ਛੋਟੀਆਂ ਪ੍ਰੇਸ਼ਾਨੀਆਂ ਨੂੰ ਭੁੱਲ ਜਾਂਦਾ ਹੈ ਤੇ ਧੀ ਨੂੰ ਹਿੱਕ ਨਾਲ ਲਾ ਲੈਂਦਾ ਹੈ,

"ਧੀਏ, ਤੂੰ ਸਾਡੇ ਲਈ ਸਾਹ ਬਣੀ ਏਂ।... ਪਰਮਵੀਰ ਨਹੀਂ।" ਮੇਰੇ ਘੇਰੇ ਵਿੱਚ ਪਰਮਵੀਰ ਦੇ ਕਿਰਦਾਰ ਵਾਲੇ ਨੌਜੁਆਨ ਬਹੁਤ ਹਨ ਤੇ ਥੋੜ੍ਹੀ ਗਿਣਤੀ ਵਿਚ ਮੁਟਿਆਰਾਂ ਵੀ ਪਰ ਜੋਧਿਕਾ ਵਾਲੇ ਪਾਤਰ ਟਾਵੇਂ ਹੀ ਹਨ। ਮੈਂ ਕੁੜੀਆਂ-ਔਰਤਾਂ ਦਾ ਸਮਰੱਥਕ ਹਾਂ। ਉਨ੍ਹਾਂ ਤੋਂ ਚੰਗੀਆਂ ਆਸਾਂ ਰੱਖਦਾ ਹਾਂ।

'ਉਣੀਂਦੀ ਨਦੀ' ਦੀ ਸਾਧਵੀ ਉਤਰਾ ਦਾ ਸਮੁੱਚਾ ਜੀਵਨ ਸਾਰੀ ਕਹਾਣੀ ਦੇ ਪਲਾਟ ਉੱਤੇ ਫ਼ੈਲਿਆ ਹੋਇਆ ਹੈ। ਉਸਦੀ ਮਾਂ ਦੀ ਕੁੱਖ ਨੂੰ ਬੀਅ ਨਸੀਬ ਨਹੀਂ ਸੀ ਹੋਇਆ। ਉਸਦੇ ਪਿਤਾ ਨੇ ਭਗਵਾਨ ਸ਼ਿਵ ਦੇ ਮੱਠ ਸੁੱਖ ਸੁੱਖੀ ਸੀ, "ਹੇ ਮੇਰੇ ਪ੍ਰਭੂ, ਤਿੰਨ ਚਾਰ ਬੱਚੇ ਮੇਰੀ ਝੋਲੀ ਪਾ ਦਿਓ। ਪਹਿਲਾ ਬੱਚਾ ਤੇਰੇ ਚੜ੍ਹਾਊਗਾ।" ਉਸ ਪਰਿਵਾਰ ਦੇ ਤਿੰਨ ਬੱਚੇ ਹੋਏ ਪਰ ਜੇਠਾ ਬੱਚਾ ਧੀ ਉਤਰਾ ਹੋਈ ਸੀ। ਮਾਪਿਆਂ ਨੇ ਉਤਰਾ ਨੂੰ ਪੜ੍ਹਾ ਲਿਖਾ ਕੇ ਤੇ ਨੌਕਰੀ ਲਗਾ ਕੇ ਮੱਠ ਚਾੜ੍ਹ ਦਿੱਤਾ ਸੀ। ਪੜ੍ਹਾਈ ਦੌਰਾਨ ਉਤਰਾ ਆਪਣੇ ਦੂਰ ਦੇ ਰਿਸ਼ਤੇਦਾਰ ਤੇ ਜਮਾਤੀ ਨਾਲ ਇਸ਼ਕ ਕਰ ਲੈਂਦੀ ਹੈ। ਉਤਰਾ ਦੇ ਜੀਵਨ ਵਿਚ ਪਹਿਲੀ ਚੁਣੌਤੀ ਡੇਰੇ ਚੜ੍ਹੇ ਜਾਂ ਆਪਣੇ ਇਸ਼ਕ ਨੂੰ ਪ੍ਰਵਾਨ ਚੜ੍ਹਾਵੇ ਵੇਲੇ ਆਉਂਦੀ ਹੈ। ਉਹ ਆਪਣੇ ਮਾਂ-ਬਾਪ ਦੀਆਂ ਮਨੌਤਾਂ ਤੇ ਵਿਸ਼ਵਾਸਾਂ ਅੱਗੇ ਸਿਰ ਝੁਕਾ ਦਿੰਦੀ ਹੈ ਤੇ ਸਾਧਵੀ ਬਣ ਜਾਂਦੀ ਹੈ। ਬਾਕੀ ਉਸਦਾ ਸਾਰਾ ਜੀਵਨ ਚੁਣੌਤੀਆਂ ਵਾਲਾ ਵੀ ਹੈ, ਦੁਖਾਂਤ ਨਾਲ ਭਰਿਆ ਵੀ ਹੈ ਤੇ ਸੰਘਰਸ਼ ਵਾਲਾ ਵੀ। ਉਹ ਮਨ ਦਾ ਸੰਤਾਪ ਵੀ ਹੰਢਾਉਂਦੀ ਹੈ ਤੇ ਤਨ ਦਾ ਸੇਕ ਵੀ ਝੱਲਦੀ ਹੈ। ਉਸਨੂੰ ਸਦਾ ਮੋਹ, ਮੁਹੱਬਤ ਤੇ ਮਮਤਾ ਦੀ ਤਲਾਸ਼ ਰਹਿੰਦੀ ਹੈ ਪਰ ਉਸਦੇ ਭਰਾਵਾਂ, ਬ੍ਰਾਹਮਣਾਂ ਤੇ ਸੁਆਮੀਆਂ ਨੂੰ ਮੱਠ ਦੀ ਜ਼ਮੀਨ / ਜਾਇਦਾਦ ਉਪਰ ਅਧਿਕਾਰ ਹੀ। ਉਸਦੀ ਜ਼ਿੰਦਗੀ ਕਬਰਾਂ ਦੇ ਕੁੱਜੇ ਵਰਗੀ ਹੀ ਰਹਿੰਦੀ ਹੈ। ਜਿਥੇ ਉਹ ਅਧਿਆਤਮਕਵਾਦੀ ਜੀਵਨ ਤੋਂ ਤੰਗ ਆ ਕੇ, ਪਿਆਰ ਦੇ ਹੱਕ ਵਿਚ ਭੁਗਤਦੀ ਨਜ਼ਰ ਆਉਂਦੀ ਹੈ, ਉਥੇ ਪੰਜਾਬ ਦੇ ਡੇਰਿਆਂ ਦੇ ਅੰਦਰਲਾ ਸੱਚ ਵੀ ਸਾਹਮਣੇ ਲੈ ਆਉਂਦੀ ਹੈ।

ਮੇਰੇ ਪਿਤਾ ਜੀ ਖੇਤੀਬਾੜੀ ਦੇ ਪੁਰਾਣੇ ਸੰਦ ਠੀਕ ਕਰਕੇ ਵੇਚਦੇ ਹੁੰਦੇ ਸਨ। ਉਥੇ ਲਾਗੇ ਇਕ ਡੇਰਾ ਸੀ। ਉਸ ਡੇਰੇ ਉੱਤੇ ਇਕ ਮਾਤਾ ਸੀ, ਜਿਹੜੀ ਜਵਾਨੀ ਵੇਲੇ ਉਥੇ ਚੜ੍ਹਾ ਦਿੱਤੀ ਗਈ ਸੀ। ਅਸੀਂ ਉਸ ਡੇਰੇ 'ਤੋਂ ਖੇਤੀ ਦੇ ਪੁਰਾਣੇ ਸੰਦ ਖਰੀਦ ਦੇ ਹੁੰਦੇ ਸਾਂ, ਉਹ ਵੀ ਸਾਡੇ ਕੋਲੋਂ ਖਰੀਦ ਲੈਂਦੇ ਸਨ। ਮੈਂ ਜਦੋਂ ਵੀ ਡੇਰੇ ਜਾਂਦਾ, ਉਹ ਅੱਕੀ ਥੱਕੀ ਮਹਿਸੂਸ ਹੁੰਦੀ। ਕਦੀ ਕਦੀ ਆਪਣੀ ਕਿਸਮਤ ਨੂੰ ਕੋਸਦੀ ਮੇਰੇ ਤੋਂ ਪਿੱਛੇ ਪੜ੍ਹਦੀ ਇਕ ਮੈਡੀਕਲ ਦੀ ਸਟੂਡੈਂਟ ਵੀ ਸਾਧਵੀ ਬਣ ਗਈ ਸੀ। ਉਹਦਾ ਤਾਂ ਜਲਦੀ ਹੀ ਮੋਹ ਭੰਗ ਹੋ ਗਿਆ ਸੀ। ਇਹ ਦੋਨੋਂ ਔਰਤਾਂ ਮਿਲ ਕੇ ਹੀ ਉਤਰਾ ਪਾਤਰ ਨੂੰ ਜਨਮ ਦਿੰਦੀਆਂ ਹਨ।

ਕਹਾਣੀ 'ਹੈਲੋ ਡੌਗ' ਦਾ ਜਸਦੀਪ ਉਰਫ਼ ਡਿਪਟੀ ਭਰਮ ਲੋਕ ਅਤੇ ਸਪਨ ਲੋਕ ਵਿਚ ਵਿਚਰਦਿਆਂ ਧਰਤੀ ਤੋਂ ਉੱਖੜ ਜਾਂਦਾ ਹੈ। ਉਸ 'ਤੇ ਪਹਿਲਾ ਵਾਰ ਅੱਤਵਾਦੀਆਂ ਜਾਂ ਪੁਲਿਸ ਵਲੋਂ ਪੂਰੇ ਪਰਿਵਾਰ ਦੇ ਮਾਰੇ ਜਾਣ ਵੇਲੇ ਹੁੰਦਾ ਹੈ। ਉਸਦੇ ਦੋਸਤ ਦੀ ਮਾਸੀ ਜਗਤਾਰ ਕੌਰ ਦੇ ਪਰਿਵਾਰ ਵਿਚ ਦੋ ਧੀਆਂ ਰਮਿੰਦਰ ਤੇ ਗੋਪੀ ਅਤੇ ਇਕ ਉਸਦੀ ਸੱਸ ਹਨ। ਪਰਿਵਾਰ ਵਿਚ ਕੋਈ ਮਰਦ ਮੈਂਬਰ ਨਹੀਂ ਹੈ। ਉਹ ਉਹਨਾਂ ਲਈ ਸਹਾਰਾ ਬਣਦਾ ਹੈ। ਉਹ ਆਪਣੇ ਜੀਵਨ ਦੇ ਕੀਮਤੀ ਵਰ੍ਹੇ ਉਸ ਪਰਿਵਾਰ ਦੇ ਲੇਖੇ ਲਾ ਦਿੰਦਾ ਹੈ । ਪਰ ਔਰਤਾਂ ਮਤਲਬ ਕੱਢ ਕੇ ਉਸ 'ਤੇ ਵਾਰ ਕਰਨ ਲਗਦੀਆਂ ਹਨ। ਉਹ ਅਜਿਹੀ ਅਵਸਥਾ ਵਿਚ ਪਾਗਲ ਹੀ ਹੋ ਸਕਦਾ ਹੈ। ਉਸਨੂੰ ਲਗਣ ਲੱਗ ਪੈਂਦਾ ਹੈ ਕਿ ਮਨੁੱਖ ਨਾਲੋਂ ਕਾਲੂ, ਭੂਰਾ, ਸ਼ੇਰੂ ਤੇ ਟਾਈਗਰ ਵਰਗੇ ਕੁੱਤੇ ਵੱਧ ਵਫ਼ਾਦਾਰ ਹੁੰਦੇ ਹਨ। ਇਹ ਕਹਾਣੀ ਮੇਰੀ ਆਪਣੀ ਹੀ ਜ਼ਿੰਦਗੀ ਦਾ ਇਕ ਹਿੱਸਾ ਹੈ।

'ਅੰਬਰ ਵੱਲ ਉੱਠੇ ਹੱਥ' ਕਹਾਣੀ ਵਿਚ ਇਕ ਦਰਜਨ ਤੋਂ ਵੱਧ ਔਰਤ ਪਾਤਰ ਹਨ। ਮੇਰੇ ਦੋਸਤ



ਮਾਸਟਰ ਮਹਿੰਦਰ ਸਿੰਘ ਦੀ ਕੁਲੀਗ ਨੀਲਮ ਨਾਰਦ ਚਾਰ ਬੇਟੀਆਂ ਦੀ ਮਾਂ ਸੀ। ਉਹਨਾਂ ਮੁੰਡਾ ਅਡੋਪਟ ਕੀਤਾ ਸੀ ਪਰ ਦਿਖਾਵਾ ਮੁੰਡਾ ਹੋਣ ਦਾ ਕੀਤਾ ਸੀ। ਜਿਵੇਂ ਨਕਲੀ ਪੇਟ ਬਣਾਉਣਾ ਤੇ ਮੈਟਰਨਿਟੀ ਲੀਵ ਵੀ ਲੈਣਾ ਆਦਿ। ਇਹ ਰਹੱਸ ਵੀ ਖੁੱਲ੍ਹ ਗਿਆ ਸੀ ਪਰ ਉਸਦੀਆਂ ਪੁੱਤਰੀਆਂ ਨੇ ਇਹਦਾ ਬੁਰਾ ਨਹੀਂ ਸੀ ਮਨਾਇਆ ਸਗੋਂ ਭਰਾ ਪਾ ਕੇ ਖੁਸ਼ ਹੋ ਗਈਆਂ ਸਨ। ਜਦੋਂ ਮੈਨੂੰ ਇਹ ਘਟਨਾ ਦਾ ਪਤਾ ਲੱਗੀ ਸੀ (ਉਦੋਂ ਮੈਂ ਕਾਲਜ ਦਾ ਵਿਦਿਆਰਥੀ ਸੀ।) ਮੈਂ ਉਹਨਾਂ ਦੀ ਥਾਂ ਲੜਕੀ ਬਣ ਗਿਆ ਸੀ। ਮੈਂ ਰੋਜ਼ ਰੀਤੂ ਬਣ ਕੇ ਸੋਚਦਾ ਰਹਿੰਦਾ ਕਿ ਜੇ ਸਾਡੇ ਘਰ ਇੱਦਾਂ ਹੁੰਦੀ ਤਾਂ ਮੈਂ ਆਤਮ ਹੱਤਿਆ ਕਰ ਲੈਂਦੀ। ਇਸੇ ਕਾਰਨ ਮੇਰੀ ਕਹਾਣੀ ਦੀਆਂ ਚਾਰੇ ਭੈਣਾਂ ਮਰਦ-ਪ੍ਰਧਾਨ ਸੋਚ ਦੇ ਦਮਨ ਨਾਲ ਪੀੜਤ ਔਰਤ ਸੰਵੇਦਨਾ ਦਾ ਦੁੱਖ ਭੋਗਦੀਆਂ ਅੰਤ ਮਰਨ ਤੇ ਰਾਹ ਤੁਰ ਪੈਂਦੀਆਂ ਹਨ।

'ਨਸੂਰ' ਅਤੇ 'ਪਿੱਠ ਭੂਮੀ' ਕਹਾਣੀ ਦੀ 'ਰੂਪ' ਮੰਗਲੀਕ ਹੋਣ ਕਾਰਨ, ਜੋਤਸੀਆਂ ਤੇ ਟੇਵਿਆਂ ਦੇ ਜਾਲ਼ ਵਿਚ ਫਸੀ ਪਹਿਲਾਂ ਵਿਆਹ ਤੋਂ ਪਛੜ ਜਾਂਦੀ ਹੈ ਤੇ ਫਿਰ ਜੋਤਸ਼ੀ ਤੋਂ ਗਰਭਵਤੀ ਹੋ ਜਾਂਦੀ ਹੈ। ਝੱਟ ਵਿਆਹ ਹੁੰਦਾ ਹੈ ਤੇ ਨਜਾਇਜ਼ ਔਲਾਦ ਨੂੰ ਜਨਮ ਦਿੰਦੀ ਹੈ। ਜਲਦੀ ਹੀ ਘਰ ਟੁੱਟ ਜਾਂਦਾ ਹੈ। ਆਪਣੀ ਵਿਵਰਜਤ ਸਾਂਝ ਕਾਰਨ ਬੇਟੇ, ਨੂੰਹ ਅਤੇ ਪੂਰੇ ਸਮਾਜਕ ਸਮੂਹ ਵਲੋਂ ਜ਼ਲੀਲ ਕੀਤੀ ਜਾਂਦੀ ਹੈ। ਅੰਤ ਉਸਦੀ ਮਾਨਸਿਕ ਅਵਸਥਾ ਡਾਵਾਂਡੋਲ ਹੋ ਜਾਂਦੀ ਹੈ। ਮੇਰੇ ਪਿੰਡ ਦੇ ਲਾਗਲੇ ਪਿੰਡ ਵਿਚ ਇਕ ਕੁੜੀ ਦੇ ਜਿਹੜਾ ਬੇਟਾ ਪੈਦਾ ਹੋਇਆ ਸੀ, ਉਹਦੇ ਨੈਣ ਨਕਸ਼ ਮਾਪੇ ਪਿੰਡ ਦੇ ਮੁੰਡੇ ਨਾਲ ਮਿਲਦੇ ਜੁਲਦੇ ਸਨ। ਉਹਦੇ ਪਤੀ ਨੇ ਇਸੇ ਆਧਾਰ 'ਤੇ ਉਹਨੂੰ ਛੱਡ ਦਿੱਤਾ ਸੀ। ਵਿਦਿਆਰਥੀ ਜੀਵਨ ਵਿਚ ਮੈਂ ਤੇ ਮੇਰਾ ਦੋਸਤ ਜਰਮਨਜੀਤ ਦਾਦਾ ਨਗਰ ਜਲੰਧਰ ਵਿਖੇ ਰਹਿੰਦੇ ਸਾਂ। ਉਥੇ ਸਾਡੇ ਨਾਲ ਇਕ ਹੋਰ ਕਿਰਾਏਦਾਰ ਔਰਤ ਤੇ ਬੱਚਾ ਰਹਿੰਦੇ ਸਨ। ਉਹਨਾਂ ਦੀ ਵੀ ਏਹੋ ਕਹਾਣੀ ਸੀ। ਮੈਂ ਦੋਨਾਂ ਪਾਤਰਾਂ ਤੇ ਘਟਨਾਵਾਂ ਨੂੰ ਰਲਗਡ ਕਰਕੇ ਕਹਾਣੀ ਬਣਾ ਲਈ ਸੀ ਅਤੇ 'ਰੂਪ' ਪਾਤਰ ਪੈਦਾ ਕਰ ਲਿਆ ਸੀ।

ਉਂਝ 'ਬਲਦੇ ਚਿਰਾਗ਼' ਸੰਤਾਲੀ ਦੇ ਜ਼ਖ਼ਮਾਂ ਅਤੇ ਮੁਹੱਬਤ ਦੀ ਕਹਾਣੀ ਹੈ। ਰਿਆਜ਼ ਅਹਿਮਦ ਦੀ ਭੈਣ ਆਫ਼ਸ਼ਾਂ ਦੇ ਅਗਵਾ, ਦੋ ਭਰਾਵਾਂ ਤੇ ਅੰਮਾ ਦੇ ਕਤਲ ਦੇ 57 ਸਾਲਾਂ ਪਿੱਛੋਂ ਉਹ ਆਪਣੀ ਜਨਮ ਭੌਂਇ ਬੰਗਾ ਵਿਖੇ ਵੇਖਣ ਆਉਂਦਾ ਹੈ। ਉਹਨੂੰ ਯਾਦ ਆਉਂਦਾ ਹੈ ਇਕ ਪਾਸੇ ਸਿਖ਼ਰਾਂ ਦੀ ਹਿੰਸਾ ਹੈ, ਦੂਜੇ ਪਾਸੇ ਸਿਰੇ ਦੀ ਮੁਹੱਬਤ ਕਰਨ ਵਾਲੀ ਕੁੜੀ ਨਿਰਮਲਾ। ਅਗਵਾ, ਕਤਲ ਅਤੇ ਲੁੱਟ ਖੋਹ ਹੋਣ ਪਿੱਛੋਂ ਰਿਆਜ਼ ਹੁਰੀਂ ਉੱਜੜ ਕੇ ਪਾਕਿਸਤਾਨ ਚਲੇ ਜਾਂਦੇ ਹਨ। ਸਾਰੀ ਉਮਰ ਉਹ ਇਹ ਜ਼ਖ਼ਮ ਨਾਲ ਲਈ ਫਿਰਦਾ ਹੈ। ਜਦੋਂ ਉਹ ਬੰਗਾ ਆਉਂਦਾ ਹੈ ਤਾਂ ਪਤਾ ਚਲਦਾ ਹੈ ਕਿ ਜਿਨ੍ਹਾਂ ਉਸਨੂੰ ਇਹ ਜ਼ਖ਼ਮ ਦਿੱਤੇ ਸਨ, ਉਨ੍ਹਾਂ ਦੀ ਧੀ ਨਿਰਮਲਾ ਸਾਰੀ ਉਮਰ ਉਹਦੇ ਲਈ ਕੁਆਰੀ ਬੈਠੀ ਰਹੀ ਤੇ ਆਖ਼ਿਰ ਦਮ ਤੋੜ ਗਈ। ਉਹ ਆਪਣੀ ਭੈਣ ਆਫ਼ਸ਼ਾਂ ਅਤੇ ਆਪਣੀ ਮੁਹੱਬਤ ਨਿਰਮਲਾ ਦੀ ਯਾਦ ਵਿਚ ਸਾਂਝਾ ਚਿਰਾਗ਼ ਬਾਲਦਾ ਹੈ। ਇਹ ਇਕ ਨਿਰਮਲਾ ਪਾਤਰ ਹੀ ਹੈ ਜਿਹੜਾ ਕਹਾਣੀ ਨੂੰ ਮੋੜ ਦਿੰਦਾ ਹੈ। ਇਹ ਕਹਾਣੀ ਵੀ ਮੇਰੇ 'ਨਵਾਂ ਜ਼ਮਾਨਾ' ਵਾਲੇ ਕਾਲਮ 'ਇਤਿਹਾਸ ਦੀਆਂ ਪੈੜਾਂ' ਦੀ ਹੀ ਉਪਜ ਹੈ।

ਹੁਣ ਮੈਂ ਦੂਜੈਲੀ ਮਹੱਤਤਾ ਵਾਲੇ ਔਰਤ ਪਾਤਰਾਂ ਦੀ ਗੱਲ ਕਰਾਂਗਾ। ਵਧੇਰੇ ਕਮਾਈ, ਉਪਭੋਗਤਾਵਾਦ ਅਤੇ ਅਯਾਸ਼ੀ ਵਿਚ ਉਲਝਾ ਨੇ ਸਾਮਰਾਜ ਮਨੁੱਖ ਨੂੰ ਕਿਵੇਂ ਭੈੜੀ ਮੌਤੇ ਮਾਰ ਰਿਹਾ ਹੈ, 'ਈਵਾਨ ਇਲੀਚ ਦੀ ਦੂਜੀ ਮੌਤ' ਕਹਾਣੀ ਮਨੁੱਖ ਦੇ ਅਜਿਹੇ ਅਸਹਿ ਦਰਦ ਵਿੱਚੋਂ ਹੀ ਲੰਘਦੀ ਹੈ। ਜੇ ਡੈਥ ਬੈੱਡ 'ਤੇ ਪਏ ਹਰਸੇਵ ਸਿੰਘ ਪੂਨੀ ਦੀ ਮਾਂ ਮੈਡਮ ਸਤਿੰਦਰ ਕੌਰ ਉਰਫ਼ ਪਰਾਸਕੋਵੀਆ "ਅਸੀਂ ਤੈਨੂੰ ਵਰਡਲ ਲੈਵਲ ਦਾ ਇੰਜੀਨੀਅਰ ਬਣਾਇਆ ਤੇ ਤੂੰ ਸਾਨੂੰ ਕੀ ਦਿੱਤਾ, ਓਏ... ਬਦਨਾਮੀ। ਸਾਡਾ ਲੋਕਾਂ ਵਿਚ ਜੀਣਾ ਹਰਾਮ ਕੀਤਾ, ਇਹਦੇ ਨਾਲੋਂ ਤਾਂ ਚੰਗਾ ਸੀ ਕੁਲੱਛਣਾ ਜੰਮਦਾ ਹੀ ਮਰ ਜਾਂਦਾ। ਸਬਰ ਕਰ ਲੈਂਦੇ।" ਆਖ

ਕੇ ਪੁੱਤ ਤੋਂ ਮੂੰਹ ਮੋੜ ਲੈਂਦੀ ਹੈ ਤੇ ਉਸਦੇ ਸਾਹ ਨਿਕਲਣ ਲਈ ਸਵੇਰੇ-ਸ਼ਾਮ ਪਾਠ ਕਰਦੀ ਹੈ ਤਾਂ ਰਾਜੇਸ਼ ਉਰਫ਼ ਗਿਰਾਸੀਮ ਅਤੇ ਇੰਦਰਪ੍ਰੀਤ ਹੀ ਦੋ ਅਜਿਹੇ ਪਾਤਰ ਹਨ ਜਿਹੜੇ ਮਨੁੱਖੀ ਰਿਸ਼ਤਿਆਂ ਦਾ ਵਸਤੂਕਰਨ ਨਹੀਂ ਹੋਣ ਦਿੰਦੇ। ਹਰਸੇਵ ਦੀ ਜਮਾਤਣ ਤੇ ਗਰੀਬ ਘਰ ਦੀ ਕੁੜੀ ਇੰਦਰਪ੍ਰੀਤ ਤੇ ਰਾਜੇਸ਼ (ਨੌਕਰ) ਉਸਨੂੰ ਬਚਾਉਂਦੇ ਹੋਏ ਨਾਇਕ ਜਾਂ ਨਾਇਕਾ ਬਣਨ ਦੀ ਪਰਿਭਾਸ਼ਾ ਸਿਰਜਦੇ ਹਨ। ਇੰਦਰਪ੍ਰੀਤ ਦੀਆਂ ਦੋ ਈਮੇਲਾਂ ਪੜ੍ਹਨ ਵਾਲੀਆਂ ਹਨ,

"ਤੂੰ ਮੇਰੀ ਕਲਾਸ ਦਾ ਲਾਇਕ ਮੁੰਡਾ ਸੀ।... ਤੇ ਲਾਇਕ ਬੰਦੇ ਮਰਨੇ ਨਹੀਂ ਚਾਹੀਦੇ। ਦੇਸ਼ ਨੂੰ ਬੜੀ ਲੋੜ ਆ।"

-"ਤੂੰ 'ਕੱਲਾ ਨਹੀਂ ਥੱਕਿਆ। ਗਲੋਬਲੀਕਰਨ ਨੇ ਸਾਰੀ ਦੁਨੀਆਂ ਥੱਕਾਅ ਦਿੱਤੀ ਆ। ਇਹ ਬਿਮਾਰੀਆਂ, ਇਹ ਖੁੱਲ੍ਹ-ਖੇਡ, ਨਸ਼ੇ, ਚਿੰਤਾ, ਖੋਖਲਾਪਣ... ਇਹ ਸਭਿਆਚਾਰ ਸਭ ਉਸੇ ਦੀ ਦੇਣ ਹੈ।" ਇੰਦਰਪ੍ਰੀਤ ਤੇ ਰਾਜੇਸ਼ ਮੇਰੇ ਤੇ ਹਰਸੇਵ ਦੇ ਸੱਚੇ ਸਾਥੀ ਸਨ ਪਰ ਉਹ ਹਰਸੇਵ ਨੂੰ ਬਚਾਅ ਨਹੀਂ ਸਕੇ।

'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਵਿਚ ਵਿਗਿਆਨੀ ਸੋਹਣੀ ਤੇ ਸੁੰਦਰ ਸੀਰਤ ਵਾਲੀ ਮੁਟਿਆਰ 'ਆਰਸੀ' ਨੂੰ ਹਜ਼ਾਰ ਵਰ੍ਹੇ ਤੱਕ ਟਹਿਕਦੀ ਰੱਖਣ ਲਈ ਖੋਜ ਕਰ ਰਿਹਾ ਹੈ। ਆਰਸੀ ਦੀ ਮੌਤ ਹੋਣੀ, ਲਾਸ਼ ਨਾਲ ਬਲਾਤਕਾਰ ਹੋਣਾ ਤੇ ਦੋਸ਼ੀ ਦੀ ਖੋਜ ਕਰਨੀ ਹੀ ਕਹਾਣੀ ਦਾ ਵਿਸ਼ਾ ਹੈ। ਆਰਸੀ ਹੀ ਸਾਰੀ ਕਹਾਣੀ ਨੂੰ ਤੋਰਦੀ ਹੈ ਤੇ ਵਿਗਿਆਨ ਦੀ ਸਹਾਇਕ ਡਾ. ਰਾਧਿਕਾ ਦੋਸ਼ੀ ਦਾ ਖੁਰਾ ਖੋਜ ਲੱਭਣ ਲਈ ਔਰਤ ਪਾਤਰ ਦਾ ਵਧੀਆ ਕਾਰਜ ਨਿਭਾਉਂਦੀ ਹੈ। 'ਡਾਇਨਾਸੌਰ' ਕਹਾਣੀ ਵਿਚ 'ਸ਼ਬਾਨਾ' ਤੋਂ ਇਲਾਵਾ ਸਾਰੇ ਮਰਦ ਪਾਤਰ ਕਾਰਜਸ਼ੀਲ ਹਨ। ਉਹਨਾਂ ਦੀ ਹਾਜ਼ਰੀ ਭਰਵੀਂ ਹੈ। ਸਿਰਫ਼ ਮੈਂ ਸ਼ਬਾਨਾ ਦੀ ਪਿੱਠ ਨੂੰ ਵਰਤਿਆ ਹੈ ਜਿਥੇ ਵਾਰ-ਵਾਰ ਅੱਖਾਂ ਉੱਗ ਆਉਂਦੀਆਂ ਹਨ। ਇਹ ਪਿੱਠ ਹੀ ਹਿੰਦੂਤਵ ਦੇ ਏਜੰਡੇ ਦਾ ਪਰਦਾਫਾਸ਼ ਕਰਦੀ ਹੈ। ਇਸ ਪਿੱਠ ਨੇ ਹੀ ਕਹਾਣੀ ਨੂੰ ਕਲਾਤਮਿਕ ਤੇ ਰੌਸ਼ਨੀ ਪ੍ਰਦਾਨ ਕੀਤੀ ਹੈ। ਸ਼ਬਾਨ ਦੇ ਉਲਟ 'ਖੂਹ ਗਿੜਦਾ ਹੈ' ਦੀਆਂ ਔਰਤ ਪਾਤਰ ਭਾਵਨਾ, ਸੰਦੀਪ ਕੌਰ ਤੇ ਜੀਨੀ ਆਲੇ ਦੁਆਲੇ ਤੋਂ ਅੱਖਾਂ ਮੀਟ ਕੇ ਵਿਸ਼ਵੀਕਰਨ ਦੀ ਮਾਰ ਹੇਠ ਆਈਆਂ, ਸਰੀਰਕ ਸਬੰਧਾਂ ਨੂੰ ਸਹਿਜ ਹੀ ਲੈਂਦੀਆਂ ਹਨ। 'ਜਹਾਜ਼ ਵਾਲੀ ਟੈਂਕੀ' ਵਿੱਚ ਅੱਧੀ ਦਰਜਨ ਤੋਂ ਵੱਧ ਔਰਤ ਪਾਤਰ ਆਉਂਦੀਆਂ ਹਨ। ਇਹ ਕਹਾਣੀ ਵਿਦੇਸ਼ ਜਾਣ ਦੀ ਚਾਹਤ ਅਤੇ ਜੋ ਵਿਦੇਸ਼ਾਂ ਵਿਚ ਜਾਣ ਵਿਚ ਸਫ਼ਲ ਨਹੀਂ ਹੋ ਸਕੇ ਤੇ ਮੌਤ ਦੇ ਗਲੇ ਲੱਗ ਗਏ, ਬਾਰੇ ਹੈ। ਬਖ਼ਸ਼ਿੰਦਰ ਕੌਰ ਇਸ ਕਹਾਣੀ ਦੀ ਅਜਿਹੀ ਪਾਤਰ ਹੈ ਜਿਹੜੀ ਸਭ ਦਾ ਧਿਆਨ ਖਿੱਚਦੀ ਹੈ। ਅਜਿਹੀਆਂ ਔਰਤਾਂ ਕਦੇ ਆਤਮ ਹੱਤਿਆਵਾਂ ਨਹੀਂ ਕਰਦੀਆਂ ਸਗੋਂ ਜੀਊਣ ਲਈ ਰਾਹ ਬਣਾਈ ਰੱਖਦੀਆਂ ਹਨ। 'ਥੇਹ' ਔਰਤ-ਮਰਦ ਦੇ ਜਾਇਜ਼-ਨਜਾਇਜ਼ ਸੰਬੰਧਾਂ ਵਿੱਚੋਂ ਪਨਪਦੇ ਦੁਖਾਂਤ ਦੀ ਕਹਾਣੀ ਹੈ। ਇਸ ਦੁਖਾਂਤ ਨੂੰ ਪੇਸ਼ ਕਰਨ ਵਿਚ ਗਸ਼ਤੀ ਗੋਰਖਣ ਤੇ ਜਸਪਿੰਦਰ ਦਾ ਅਹਿਮ ਰੋਲ ਹੈ। ਇਸੇ ਤਰ੍ਹਾਂ ਬਾਕੀ ਕਹਾਣੀਆਂ ਵਿਚ ਵੀ ਔਰਤ ਪਾਤਰ ਕਹਾਣੀ ਨੂੰ ਮੋੜ ਦਿੰਦੇ ਹਨ ਅਤੇ ਉਹਨਾਂ ਦੇ ਨਿਭਾਅ ਵਿਚ ਅਹਿਮ ਹਿੱਸਾ ਪਾਉਂਦੇ ਹਨ।

ਪੂਰਵਲੀ ਕਹਾਣੀ ਦੇ ਪਾਤਰ ਆਪਣੇ ਸਮੇਂ ਅਤੇ ਸਥਿਤੀਆਂ ਅਨੁਸਾਰ ਸਿੱਧੇ ਅਤੇ ਸਪੱਸ਼ਟ ਮੁਹਾਂਦਰੇ ਵਾਲੇ ਹੁੰਦੇ ਹਨ। ਚੌਥੀ ਪੀੜ੍ਹੀ ਦੇ ਕਥਾਕਾਰਾਂ ਨੇ ਪਾਤਰਾਂ ਦੇ ਮਾਮਲੇ ਵਿਚ ਵੱਡੀਆਂ ਤਬਦੀਲੀਆਂ ਲਿਆਂਦੀਆਂ। ਗੁੰਝਲਦਾਰ ਸਥਿਤੀਆਂ ਨੂੰ ਪੇਸ਼ ਕਰਨ ਵਾਲੇ ਪਾਤਰ ਆਏ ਹਨ। ਸਾਡੀਆਂ ਔਰਤ ਕਹਾਣੀਕਾਰਾਂ ਔਰਤਾਂ ਦੇ ਕਦੇ ਵੀ ਨਾ ਪੂਰੇ ਹੁੰਦੇ ਸੁਪਨੇ ਅਤੇ ਜ਼ੋਰਦਾਰ ਚਾਹਤਾਂ ਦੇ ਤਣਾਅ ਦਾ ਬਿਰਤਾਂਤ ਸਿਰਜ ਰਹੀਆਂ ਹਨ। ਇਨ੍ਹਾਂ ਕਹਾਣੀਆਂ ਦੀਆਂ ਔਰਤ ਪਾਤਰ ਨਾ ਤਾਂ ਆਪਣੀ ਜੀਵਨ ਜਾਚ ਨਾਲ ਇਕ ਸੁਰ ਹਨ ਤੇ ਨਾ ਹੀ ਸੰਤੁਸ਼ਟ ਨਜ਼ਰ ਆਉਂਦੀਆਂ ਹਨ। ਉਹਨਾਂ ਦੇ ਔਰਤ ਪਾਤਰ ਪਿਆਰ, ਫ਼ਰਜ਼,



ਕੁਰਬਾਨੀ ਤੇ ਮਮਤਾ ਆਦਿ ਦੇ ਸੰਕਲਪ ਲੈ ਕੇ ਆਉਂਦੇ ਹਨ। ਉਹਨਾਂ ਆਜ਼ਾਦੀ ਦੀ ਇਕ ਪਰਿਭਾਸ਼ਾ ਸਿਰਜੀ ਹੋਈ ਹੈ, ਉਹ ਨਾ ਪੂਰੀ ਹੋਣ ਤੇ ਪੂਰੀ ਊਰਜਾ ਮਰਦ ਦੇ ਵਿਰੁੱਧ ਸੇਧਤ ਕਰ ਦਿੰਦੀਆਂ ਹਨ। ਜਦੋਂ ਦਾ ਮਨੁੱਖ ਸੁਚੇਤ ਹੋਇਆ ਹੈ, ਤਦ ਤੋਂ ਹੀ ਉਸਦਾ ਪਛਾਣ ਹਾਸਿਲ ਕਰਨ ਦਾ ਸੰਕਟ ਖੜ੍ਹਾ ਹੋ ਗਿਆ ਹੈ ਜਿਸ ਨਾਲ ਅਨੇਕਾਂ ਸਮੱਸਿਆਵਾਂ ਨੇ ਵੀ ਕੰਨ ਖੜ੍ਹੇ ਕਰ ਲਏ ਹਨ। ਮਨੁੱਖੀ ਸਮਾਜ ਵਿਚ ਹੇਠਲੇ ਤੇ ਮੱਧ ਵਰਗ ਦੀਆਂ ਔਰਤਾਂ ਬੇਪਛਾਣਗੀ ਦੇ ਸੰਕਟ ਵਿਚ ਜੀਉਂਦੀਆਂ ਹਨ। ਉਪਰਲੇ ਵਰਗਾਂ ਦੀਆਂ ਔਰਤਾਂ ਨੂੰ ਤਾਂ ਰੁਤਬੇ, ਅਹੁਦੇ ਤੇ ਨੇਤਾਗਿਰੀ ਦੇ ਮਾਣ-ਸਨਮਾਨ ਮਿਲ ਰਹੇ ਹਨ। ਉਹ ਇਨ੍ਹਾਂ ਦਾ ਆਨੰਦ ਵੀ ਮਾਣ ਰਹੀਆਂ ਹਨ ਪਰ ਔਰਤ ਦੀ ਆਜ਼ਾਦੀ ਲਈ ਹੋ ਹੱਲਾ ਜ਼ਿਆਦਾ ਕਰਦੀਆਂ ਹਨ। ਅੱਜ "ਮੈਂ ਕੌਣ ਹਾਂ?' ਦੇ ਅਹਿਸਾਸ ਵਾਲੇ ਸਵਾਲਾਂ ਨੇ ਮੱਧ ਵਰਗ (ਕਿਸੇ ਹੱਦ ਤੱਕ ਹੇਠਲਾ ਵਰਗ ਵੀ) ਦੀ ਔਰਤ ਨੂੰ ਘੇਰਿਆ ਹੋਇਆ ਹੈ। ਇਹ ਅਹਿਸਾਸ ਨਵੀਂ ਪੰਜਾਬੀ ਕਹਾਣੀ ਵਿਚ ਵੱਡੀ ਪੱਧਰ 'ਤੇ ਆ ਗਿਆ ਹੈ। ਜ਼ਿਆਦਾਤਰ ਔਰਤ ਕਹਾਣੀਕਾਰ ਤਾਂ ਇਸ ਸਵਾਲ ਨਾਲ ਦੋ ਚਾਰ ਹੋ ਰਹੀਆਂ ਹਨ। ਮੇਰੀਆਂ ਔਰਤ ਪਾਤਰ ਨਾ ਰਾਣੀਆਂ ਤੇ ਬੇਗਮਾਂ ਹਨ ਤੇ ਨਾ ਹੀ ਉੱਚੇ ਰੁਤਬੇ, ਆਹੁਦੇ ਦੇ ਨੇਤਾਗਿਰੀ ਵਾਲੀਆਂ ਹਨ। ਉਹ ਹੇਠਲੇ ਗਰੀਬ ਤੇ ਮੱਧ ਵਰਗ ਦੀਆਂ ਹਨ। ਉਹ ਆਪਣੇ ਆਪਣੇ ਸੁਆਦਾਂ, ਸੰਸਕਾਰਾਂ ਤੇ ਸਮੱਸਿਆਵਾਂ ਨਾਲ ਪੇਸ਼ ਹੁੰਦੀਆਂ ਹਨ। ਉਹਨਾਂ ਦੇ ਆਪਣੇ ਦੁਖਾਂਤ ਹਨ ਤੇ ਆਪਣੇ ਹੀ ਢੰਗ ਦੇ ਸੰਘਰਸ਼।

ਮੇਰੇ ਔਰਤ ਪਾਤਰ ਪੇਂਡੂ, ਸ਼ਹਿਰੀ ਤੇ ਪ੍ਰਵਾਸੀ ਹਨ। ਪੇਂਡੂ ਪਾਤਰਾਂ ਦੀ ਬਹੁਤਾਤ ਹੈ। ਬਹੁਤ ਘੱਟ ਪਾਤਰ ਸ਼ਹਿਰੀ ਮਹਾਂਨਗਰਾਂ ਵਾਲੇ ਹਨ। ਜ਼ਿਆਦਾਤਰ ਛੋਟੇ ਸ਼ਹਿਰਾਂ ਦੀ ਗਾਥਾ ਬਿਆਨ ਕਰਨ ਵਾਲੇ ਹਨ। ਪੇਂਡੂ ਪਾਤਰਾਂ ਦੀ ਬਹੁਤਾਤ ਮੇਰੀ ਕੋਈ ਸੀਮਾ ਨਹੀਂ ਹੈ। ਇਹ ਤਾਂ ਕਹਾਣੀ ਦੀ ਵਿਸ਼ੇ ਅਤੇ ਥਾਂ ਦੀ ਚੋਣ ਮੁਤਾਬਕ ਲੈ ਲਏ ਜਾਂਦੇ ਹਨ। ਮੈਂ ਪਿੰਡ ਵੀ ਰਹਿੰਦਾ ਹਾਂ ਤੇ ਸ਼ਹਿਰ ਵੀ। ਮੈਂ ਵਿਦੇਸ਼ ਵੀ ਗੇੜਾ ਮਾਰ ਆਉਂਦਾ ਹਾਂ। ਮੈਂ ਪੰਜਾਬੀ ਜਨ-ਮਾਨਸ ਦੀ ਹੀ ਗੱਲ ਕਰਦਾ ਹਾਂ। ਮੈਂ 'ਜੀਵੈ ਪੰਜਾਬ' ਦੀ ਧਾਰਨਾ ਵਾਲਾ ਕਹਾਣੀਕਾਰ ਹਾਂ। ਪੰਜਾਬੀ ਮਨੁੱਖ ਦੀ ਸੱਭਿਆਚਾਰ ਅਤੇ ਮੁੱਲ ਪ੍ਰਬੰਧ ਦੀ ਕਹਾਣੀ ਲਿਖਦਾ ਹਾਂ। ਇਸ ਕਰਕੇ ਮੇਰੇ ਪੰਜਾਬੀ ਪਾਤਰਾਂ ਦੀ ਬਹੁਤਾਤ ਹੈ। ਕਿਤੇ ਕਿਤੇ ਮੇਰੇ ਪਾਤਰ ਸਰਹੱਦਾਂ ਵੀ ਟੱਪ ਜਾਂਦੇ ਹਨ। ਪ੍ਰਵਾਸੀ ਪੰਜਾਬੀ ਪਾਤਰ ਮੇਰੀਆਂ ਕਹਾਣੀਆਂ ਦਾ ਅਹਿਮ ਹਿੱਸਾ ਹਨ ਪਰ ਅਮਰੀਕਾ, ਰੂਸ ਤੇ ਪਾਕਿਸਤਾਨ ਦੇ ਟਾਵੇਂ -ਟਾਵੇਂ ਪਾਤਰ ਵੀ ਮੇਰੀ ਕਹਾਣੀ ਵਿਚ ਆਏ ਹਨ।

ਭਾਰਤ ਵਿਚ ਫ਼ੈਲੇ ਚਾਰੇ ਧਰਮਾਂ (ਸਿੱਖ, ਹਿੰਦੂ, ਮੁਸਲਿਮ ਤੇ ਇਸਾਈ) ਦੇ ਪਾਤਰ ਵੀ ਮੇਰੀਆਂ ਕਹਾਣੀਆਂ ਦਾ ਹਿੱਸਾ ਬਣਦੇ ਹਨ। ਮੇਰੇ ਪਾਤਰ ਚਾਹੇ ਮਰਦ ਹਨ ਤੇ ਚਾਹੇ ਔਰਤ, ਉਨ੍ਹਾਂ ਵਿਚ ਸਿੱਖ ਪਾਤਰ ਵੱਧ ਆ ਜਾਂਦੇ ਹੋਣ। ਪੂਰਵਲੀ ਕਹਾਣੀ ਪੰਜਾਬੀ ਕਹਾਣੀ ਵਿਚ ਜੱਟ ਕਿਰਸਾਨੀ ਤੇ ਮਹਾਜਨੀ ਕਲਚਰ ਵਾਲੇ ਹੀ ਪਾਤਰ ਆਉਂਦੇ ਹੁੰਦੇ ਸਨ। ਚੌਥੀ ਪੀੜ੍ਹੀ ਵਾਲਿਆਂ ਇਹ ਜਮੂਦ ਤੋੜ ਦਿੱਤਾ ਹੈ। ਮੈਂ ਤਾਂ ਇਹ ਕੋਸ਼ਿਸ਼ ਕੀਤੀ ਹੈ ਕਿ ਮੇਰੀਆਂ ਕਹਾਣੀਆਂ ਦੇ ਪਾਤਰ ਪੰਜਾਬ ਦੀਆਂ ਵੱਖ-ਵੱਖ ਜਾਤਾਂ ਵਿੱਚੋਂ ਹੋਣ। ਉਂਝ ਵੀ ਮੈਨੂੰ ਲਗਦਾ ਹੈ ਕਿ ਪੰਜਾਬ / ਭਾਰਤ ਦੇ ਲੋਕਾਂ ਵਿਚ ਧਰਮ ਨਾਂ ਦੀ ਕੋਈ ਚੀਜ਼ ਨਹੀਂ ਹੈ, ਧਰਮਾਂ ਦੀ ਕੱਟੜਤਾ ਹੈ ਜਾਂ ਸਿਰਫ਼ ਦਿਖਾਵਾ ਹੈ। ਇਥੇ ਅਸਲ ਵਿਚ ਜਾਤਾਂ ਹਨ। ਉਹਨਾਂ ਵਿਚ ਵਿਤਕਰੇਬਾਜ਼ੀ ਵੀ ਹੈ ਤੇ ਸ਼ਰੀਕੇ-ਬਾਜ਼ੀ ਵੀ। ਆਪਸੀ ਜਾਤੀ ਵਿਰੋਧ ਬਹੁਤ ਤਿੱਖੇ ਹਨ। ਮੇਰਾ ਆਪਣਾ ਵਿਸ਼ਵਾਸ ਜਾਤਾਂ ਦੀ ਬਿਜਾਏ ਵਰਗ ਵੰਡ ਵਿਚ ਹੈ। ਮੈਂ ਵਰਗ ਵੰਡ ਵਾਲੇ ਪਾਤਰ ਵੀ ਲੈ ਕੇ ਆਉਂਦਾ ਹਾਂ ਪਰ ਪੰਜਾਬੀ / ਭਾਰਤੀ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਣ ਕਰਕੇ ਇਸ ਸੱਚ ਤੋਂ ਅੱਖਾਂ ਵੀ ਨਹੀਂ ਮੀਟੀਆਂ ਜਾ ਸਕਦੀਆਂ।

ਕਹਾਣੀ ਵਿਚ ਇਕ ਅਹਿਮ ਕੰਮ ਪਾਤਰਾਂ ਦੇ ਨਾਵਾਂ ਦਾ ਹੁੰਦਾ ਹੈ। ਪਾਤਰਾਂ ਦੇ ਨਾਂ ਰੱਖਣ ਵੇਲੇ ਮੇਰੇ

ਜ਼ਿਹਨ ਵਿਚ ਪਿੰਡ, ਸ਼ਹਿਰ, ਵਿਦੇਸ਼, ਜਾਤ, ਧਰਮ ਤੇ ਵਰਗ ਹੁੰਦੇ ਹਨ। ਜਿਸ ਖਿੱਤੇ ਜਾਂ ਵਰਗ 'ਚੋਂ ਪਾਤਰ ਆਉਂਦੇ ਹਨ, ਮੈਂ ਉਸੇ ਤਰ੍ਹਾਂ ਦੇ ਨਾਂ ਰੱਖਦਾ ਹਾਂ। ਮੈਂ ਜ਼ਿਆਦਾਤਰ ਪਾਤਰਾਂ ਦੇ ਨਾਂ ਪੰਜਾਬੀ ਭਾਈਚਾਰੇ ਵਿੱਚੋਂ ਹੀ ਲੈਂਦਾ ਹਾਂ। ਕਿਤੇ ਕਿਤੇ ਨਾਵਾਂ ਦੀ ਤੋੜ ਫੋੜ ਕਰਨੀ ਜਾਂ ਨਵੇਂ ਨਾਂ ਲੈ ਕੇ ਆਉਣ ਦੀ ਕੋਸ਼ਿਸ਼ ਵੀ ਕਰਦਾ ਹਾਂ। ਇਤਿਹਾਸ / ਮਿਥਿਹਾਸ ਵਿੱਚੋਂ ਵੀ ਔਰਤ ਪਾਤਰ ਲੈ ਲੈਂਦਾ ਹਾਂ। ਲੋਕਾਂ ਵਿਚ ਪ੍ਰਚੱਲਤ ਮੌਖਿਕ ਮਿਥਿਹਾਸ ਨੂੰ ਵਰਤਦਾ ਹਾਂ ਨਾ ਕਿ ਕਿਤਾਬੀ ਮਿਥਿਹਾਸ ਨੂੰ। ਮੈਂ ਵਿਗਿਆਨ ਦਾ ਵਿਦਿਆਰਥੀ ਹਾਂ। ਇਸ ਕਾਰਨ ਵਿਗਿਆਨ ਅਤੇ ਖੋਜ ਦੇ ਖੇਤਰ ਵਿੱਚੋਂ ਵੀ ਪਾਤਰ ਆਉਂਦੇ ਹਨ। ਤਰਕਵਾਦੀ ਤੇ ਅੰਧ ਵਿਸ਼ਵਾਸੀ ਪਾਤਰ ਪੰਜਾਬ ਦੀ ਤਰਕਸ਼ੀਲ ਲਹਿਰ ਅਤੇ ਪੰਜਾਬ ਦੇ ਜਨ ਜੀਵਨ ਵਿੱਚੋਂ ਆ ਜਾਂਦੇ ਹਨ। ਖਾਲਿਸਤਾਨੀ ਤੇ ਨਕਸਲੀ ਲਹਿਰ ਵਿੱਚੋਂ ਵੀ ਮੇਰੇ ਪਾਤਰ ਹੁੰਦੇ ਹਨ। ਖੱਬੇ ਪੱਖ ਦੇ ਚੰਗੇ ਮਾੜੇ ਪਾਤਰ ਆ ਹੀ ਜਾਂਦੇ ਹਨ। ਮੇਰੇ ਆਪਣੇ ਜੀਵਨ ਅਤੇ ਪਰਿਵਾਰ ਨਾਲ ਸਬੰਧਤ ਪਾਤਰ ਕਿਸੇ ਨਾ ਕਿਸੇ ਰੂਪ ਵਿਚ ਆਉਂਦੇ ਹਨ ਮੈਂ ਲੇਖਕ ਦੇ ਤੌਰ 'ਤੇ ਸਿੱਧਾ ਸੰਬੋਧਨ ਨਹੀਂ ਹੁੰਦਾ। ਕਿਸੇ ਨਾ ਕਿਸੇ ਪਾਤਰ ਦੇ ਰੂਪ ਵਿੱਚ ਆਉਂਦਾ ਹਾਂ। ਸੰਤਾਲੀ, ਚੌਰਾਸੀ, ਪੰਜਾਬ ਦੇ ਕਾਲੇ ਦਿਨ ਅਤੇ ਅਜੋਕੇ ਵਿਸ਼ਵੀਕਰਨ ਦੌਰ ਦੇ ਦਿਨਾਂ ਦੇ ਪਾਤਰ ਮੇਰੀਆਂ ਕਹਾਣੀਆਂ ਵਿਚ ਮਿਲ ਜਾਂਦੇ ਹਨ। ਮੇਰੇ ਅਧਿਆਪਨ ਅਤੇ ਹੋਰ ਕਿੱਤਿਆਂ ਨਾਲ ਸੰਬੰਧਤ ਪਾਤਰ ਆ ਹਾਜ਼ਰ ਹੁੰਦੇ ਹਨ। ਆਂਢ-ਗੁਆਂਢ, ਦੋਸਤ-ਮਿੱਤਰ, ਰਿਸ਼ਤੇਦਾਰ ਤੇ ਲੇਖਕ / ਲੇਖਿਕਾਵਾਂ ਵੀ ਕਹਾਣੀਆਂ ਵਿਚ ਹਾਜ਼ਰੀ ਭਰਦੇ ਹਨ।

ਮੇਰੇ ਔਰਤ ਪਾਤਰ ਔਰਤਾਂ ਨਾਲ ਜੁੜੀਆਂ ਬਹੁਤ ਸਾਰੀਆਂ ਧਾਰਨਾਵਾਂ ਨੂੰ ਬਦਲ ਦਿੰਦੇ ਹਨ। ਮੇਰਾ ਮਕਸਦ ਦੁਨੀਆਂ ਨੂੰ ਜਿੰਨਾ ਵੀ ਸਮਝ ਹੁੰਦਾ, ਸਮਝ ਕੇ ਤੇ ਮਨੁੱਖੀ ਕਦਰਾਂ ਕੀਮਤਾਂ ਕਾਇਮ ਰੱਖਦੇ ਹੋਏ ਔਰਤ ਨੂੰ ਚੇਤਨ ਤੇ ਸੋਝੀ ਵਾਲੀ ਬਣੀ ਦੇਖਣਾ ਹੈ। ਉਸਦੀ ਸੋਝੀ ਤੇ ਚੇਤਨਾ ਹੀ ਪਾਠਕਾਂ ਤੱਕ ਪਹੁੰਚਾਉਂਦਾ ਹਾਂ ਪਰ ਅਜੋਕੇ ਦੌਰ ਵਿਚ ਖੁਦਗਰਜੀ ਬੇਈਮਾਨੀ ਤੇ ਹੈਂਕੜਬਾਜ਼ੀ ਔਰਤਾਂ ਵਿਚ ਵੀ ਵੱਧ ਗਈ ਹੈ। ਪਿਆਰ, ਫ਼ਰਜ਼, ਕੁਰਬਾਨੀ ਤੇ ਮਮਤਾ ਵਾਲੀ ਔਰਤ ਦੇ ਹੋਰ ਕਈ ਨਵੇਂ ਰੂਪ ਸਾਹਮਣੇ ਆ ਗਏ ਹਨ। ਉਸਨੇ ਰਿਸ਼ਤਿਆਂ ਦੀ ਵਿਆਕਰਣ ਵੀ ਬਦਲ ਦਿੱਤੀ ਹੈ। ਮਰਦ ਔਰਤਾਂ ਉੱਤੇ ਸਰੀਰਕ ਤਸ਼ੱਦਦ ਕਰਦੇ ਰਹੇ ਹਨ। ਅੱਜ ਦੀ ਮੱਧ ਵਰਗੀ ਔਰਤ ਭਾਵੇਂ ਮਰਦ 'ਤੇ ਸਰੀਰਕ ਤਸ਼ੱਦਦ ਨਹੀਂ ਕਰਦੀ ਪਰ ਮਾਨਸਿਕ ਤਸ਼ੱਦਦ ਇਸ ਕਦਰ ਕਰ ਰਹੀ ਹੈ ਕਿ ਮਰਦ ਜੀਵਨ ਵਿਚ ਸੰਤੁਲਨ ਨਹੀਂ ਰੱਖ ਪਾਉਂਦੇ। ਉਹ ਅਰਧ ਪਾਗਲ ਅਵਸਥਾ ਵਿਚ ਪਹੁੰਚ ਜਾਂਦੇ ਹਨ। ਮੇਰੇ ਪਾਤਰ ਉਹਨਾਂ ਦੀ ਖੁਦਗਰਜ਼ੀ, ਹਾਊਮੈਂ ਤੇ ਯੂਜ਼ ਐਂਡ ਥਰੋ ਵਾਲੀ ਮਨੋਬਿਰਤੀ ਸਾਹਮਣੇ ਲੈ ਕੇ ਆਏ ਹਨ। ਔਰਤ ਪਾਤਰ ਸਰੀਰਕ ਖੁੱਲ੍ਹਾਂ ਵੀ ਲੈ ਰਹੇ ਹਨ।

ਉਂਝ ਜ਼ਿਆਦਾਤਰ ਮੇਰੇ ਪਾਤਰ ਮਨ ਦੇ ਦਰਵਾਜ਼ੇ ਖੁੱਲ੍ਹੇ ਰੱਖਦੇ ਹਨ। ਚੇਤਨਾ ਦੀਆਂ ਖਿੜਕੀਆਂ 'ਤੇ ਪਰਦਾ ਨਹੀਂ ਪੈਣ ਦਿੰਦੇ। ਅੱਖਾਂ ਖੁੱਲ੍ਹੀਆਂ ਰੱਖਦੇ ਹਨ। ਇਸੇ ਕਰਕੇ 'ਸ਼ਾਇਦ ਰੰਮੀ ਮਨ ਜਾਏ' ਦੀ ਰੰਮੀ ਕਹਿੰਦੀ ਹੈ, "ਜ਼ਿੰਦਗੀ ਤਾਂ ਉਹਨਾਂ ਦੀ ਹੁੰਦੀ ਏ, ਜੋ ਅੱਖਾਂ ਖੋਲ੍ਹ ਕੇ ਜਿਉਂਦੇ ਨੇ।"

ਮੇਰੇ ਔਰਤ ਪਾਤਰ ਇੰਨੇ ਜਾਗਰੂਕ ਹਨ ਕਿ ਉਹਨਾਂ ਦੀਆਂ ਪਿੱਠਾਂ 'ਤੇ ਵੀ ਅੱਖਾਂ ਉੱਗੀਆਂ ਹੋਈਆਂ ਹਨ। ਉਥੋਂ ਵੀ ਉਹ ਆਵਾਮ / ਸੰਸਾਰ ਨੂੰ 'ਨਜ਼ਰ' ਦਿੰਦੇ ਹਨ। ਮੇਰੇ ਜੇ ਪਾਤਰ ਵਿਗਿਆਨਕ (ਡਾ. ਰਾਧਿਕਾ) ਤੇ ਸੰਸਾਰ ਸਾਮਰਾਜ ਦੀ ਸੋਝੀ ਰੱਖਣ ਵਾਲੇ (ਇੰਦਰਪ੍ਰੀਤ) ਹਨ ਤਾਂ ਜਿਆਦਾ ਔਰਤ ਪਾਤਰ ਹਾਸ਼ੀਏ ਉੱਤੇ ਵਿਚਰ ਰਹੇ ਹਨ। ਉਹ ਘਰ, ਪਿੰਡ , ਸਮਾਜ ਤੇ ਦੇਸ਼ ਪੱਧਰ ਉੱਤੇ ਧੱਕੇ ਹੋਏ ਹਨ। ਇਸਦੇ ਬਾਵਜੂਦ ਉਹ ਬਹੁ-ਗਿਣਤੀ ਦੀਆਂ ਧਾਰਨਾਵਾਂ ਨੂੰ ਪਰ੍ਹਾਂ ਸੁੱਟ ਕੇ ਘੱਟ-ਗਿਣਤੀ ਵਾਲਾ ਆਪਾ ਲੈ ਕੇ ਆਉਂਦੇ ਹਨ। ਉਹ ਆਪ ਵੀ ਜਿਉਣਾ ਚਾਹੁੰਦੀਆਂ ਹਨ ਤੇ ਦੂਜਿਆਂ ਨੂੰ ਵੀ ਸਤਿਕਾਰ ਤੇ ਮਾਣ ਨਾਲ ਜਿਉਣ ਦੇਣਾ ਚਾਹੁੰਦੀਆਂ ਹਨ। ਮੋਬਾ. 94630-63990



## ਪੰਜਾਬੀ ਕਹਾਣੀ / ਸੱਪ ਤੇ ਨਿਉਲਾ / - ਕੁਲਜੀਤ ਮਾਨ

"ਬੇਟੀ ਇਹ ਤੇ ਤੇਰੀ ਗੱਲ ਠੀਕ ਹੈ।"

"ਹਾਂ ਆਂਟ ਪਤਾ ਨਹੀਂ ਕੀ ਹੋ ਰਿਹਾ ਹੈ। ਮੌਮ ਵੀ ਪੁਰਾਣੀਆਂ ਗੱਲਾਂ ਸੁਣਾਉਂਦੀ ਹੈ। ਮੈਨੂੰ ਤਾਂ ਇੱਕ ਸੁਪਨਾ ਲੱਗਦਾ, ਸੱਚ ਹੀ ਨਹੀਂ ਆਉਂਦਾ, ਇਨਸਾਨ ਇਤਨਾ ਬਦਲ ਵੀ ਸਕਦਾ ਹੈ?"

"ਕੀ ਗੱਲਾਂ ਦਸਾਂ ਸੋਨੀਆਂ ਤੈਨੂੰ ਹੁਣ ਤੇ ਸਾਰੀ ਦੁਨੀਆਂ ਹੀ ਬਦਲ ਗਈ। ਪਤਾ ਨਹੀਂ ਮਜ਼ਬੂਰੀ ਹੈ ਜਾਂ ਲਾਲਚ, ਹਰ ਕੋਈ ਆਪਣਾ ਹੀ ਸੋਚਦਾ ਹੈ। ਸਾਡੇ ਵੇਲੇ ਮੂੰਹੋਂ ਕੱਢੀ ਗੱਲ ਪੱਥਰ 'ਤੇ ਲੀਕ ਹੁੰਦੀ ਸੀ। ਇੱਕ ਘਰ ਦਾ ਜਵਾਈ ਸਾਰੇ ਪਿੰਡ ਦਾ ਜੁਆਈ ਹੁੰਦਾ ਸੀ। ਮੈਂ ਉਹ ਦਿਨ ਹੰਢਾਏ ਨਹੀਂ ਪਰ ਮਾਂ ਮੇਰੀ ਦਸਦੀ ਹੁੰਦੀ ਸੀ। ਕੁਝ ਝਲਕੀਆਂ ਤੇ ਮੈਂ ਵੀ ਦੇਖੀਆਂ ਹਨ ਪਰ ਸਾਡੇ ਵੇਲੇ ਵੀ ਤਬਦੀਲੀ ਤੇ ਸ਼ੁਰੂ ਹੋ ਗਈ ਸੀ। ਕੁੜੀਆਂ ਵੀ ਸਕੂਲ ਕਾਲਜ ਜਾਣ ਲੱਗ ਪਈਆਂ ਸਨ। ਲੋਕਾਂ ਦਾ ਪਿੰਡਾਂ ਤੋਂ ਮੋਹ ਭੰਗ ਹੋ ਰਿਹਾ ਸੀ। ਆਪਸ ਵਿਚ ਰਿਸ਼ਤੇ ਤਿੜਕ ਰਹੇ ਸਨ ਪਰ ਫਿਰ ਵੀ ਆਸ ਦੀ ਕੰਨੀ ਸੀ ਕਿ ਇਹ ਥੋੜਾ ਚਿਰ ਹੀ ਹੈ। ਪੁਰਾਣੇ ਦਿਨ ਮੁੜ ਆਉਣਗੇ ਪਰ ਜਦੋਂ ਧੀਏ ਕੋਈ ਗੱਲ ਰੇੜੇ ਪੈ ਜਾਵੇ, ਉਹ ਥੱਲੇ ਹੀ ਥੱਲੇ ਜਾਂਦੀ ਹੈ। ਸਾਡੇ ਬਾਪੂ ਦੇ ਚਾਚੇ ਦੇ ਟੱਬਰ ਦੀ ਗੱਲ ਸੁਣ ਲੈ। ਰਿਸ਼ਤੇ ਲਈ ਹਾਂ ਕਰ ਆਇਆ, ਆਪਣੀ ਭੂਆ ਦੀ ਕੁੜੀ ਦਾ, ਮਾਣ ਨਾਲ ਹੀ। ਗੱਲ ਸਿਰੇ ਨਾ ਲਗੀ। ਟੱਬਰ ਵੰਡਿਆ ਗਿਆ। ਫੁੱਫੜ ਦੀ ਦੁਕਾਨ ਸੀ ਸਕੂਟਰਾਂ ਦੇ ਰਿਪੇਅਰ ਦੀ। ਵੇਚ ਖਰੀਦ ਦਾ ਕੰਮ ਵੀ ਕਰਦਾ ਸੀ। ਪਤਾ ਹੀ ਨਹੀਂ ਲੱਗਾ ਤੇ ਕੋਈ ਚੋਰੀ ਦਾ ਸਕੂਟਰ ਵੇਚ ਬੈਠਾ। ਪੁਲੀਸ ਆਈ ਕਿਸੇ ਹੋਰ ਜਿਲ੍ਹੇ ਦੀ ਤੇ ਫੜ ਕੇ ਲੈ ਗਈ। ਬਾਪੂ ਦਾ ਚਾਚਾ ਪੁਲੀਸ ਵਿਚ ਸੀ। ਫੁੱਫੜ ਨਾਲ ਤੇ ਬੋਲ ਚਾਲ ਬੰਦ ਸੀ ਪਰ ਪਤਾ ਲਗਣ ਤੇ ਭੂਆ ਦੀ ਕੁੜੀ ਨੂੰ ਲੈ ਕੇ ਛੁਡਾਉਣ ਚਲੇ ਗਿਆ। ਛੁਡਾ ਕੇ, ਹਰ ਗੱਲ ਕੁੜੀ ਦੇ ਜ਼ਰੀਏ ਹੀ ਪੁੱਛੇ ਫੁੱਫੜ ਵੀ ਕੁੜੀ ਦੇ ਜ਼ਰੀਏ ਹੀ ਜੁਆਬ ਦੇਵੇ। ਸਾਨੂੰ ਪਤਾ ਲੱਗਾ ਤਾਂ ਹੱਸ ਹੱਸ ਕੇ ਦੂਹਰੇ ਹੋਈਏ। ਕੁੜੀ ਵੀ ਮਿਰਚ ਮਸਾਲੇ ਲਾ ਕੇ ਹੀ ਗੱਲ ਸੁਣਾਵੇ। ਇਹੋ ਜਿਹੇ ਤੇ ਵੇਲੇ ਸਨ ਉਦੋਂ।"

"ਅੱਜ-ਕੱਲ ਤਾਂ ਆਂਟੀ ਅੱਗ ਹੀ ਲੱਗੀ ਹੋਈ ਹੈ। ਪੈਸਾ ਹੀ ਪ੍ਰਧਾਨ ਹੈ। ਹਰ ਚੀਜ਼ ਪੈਸੇ ਨਾਲ ਬੱਝੀ ਹੈ। ਨਾਤੇ ਰਿਸ਼ਤੇ ਵੀ ਤਾਂ ਹੀ ਹਨ ਜੇ ਪੈਸੇ ਬੋਝੇ ਵਿਚ ਹੋਣ। ਹੈਰਾਨੀ ਦੀ ਗੱਲ ਹੈ ਕਿ ਪਰਿਵਾਰ ਤੋਂ ਸ਼ੁਰੂ ਹੁੰਦੀ ਗੱਲ ਸਮਾਜ ਵਿਚ ਤੇ ਫਿਰ ਸਮਾਜ ਤੋਂ ਦੇਸ਼, ਵਿਦੇਸ਼ ਤੇ ਸਾਰੀ ਦੁਨੀਆ ਦਾ ਸਿਸਟਮ ਹੀ ਭ੍ਰਿਸ਼ਟ ਹੋ ਗਿਆ ਹੈ। ਕੀ ਸਰਪੰਚ ਤੇ ਕੀ ਦੇਸ਼ ਦਾ ਪ੍ਰਧਾਨ ਤੇ ਕੀ ਸਰਕਾਰ, ਹਰ ਕੋਈ ਆਪਣਾ ਹੀ ਸੋਚਦਾ ਹੈ।"

"ਹਾਂ ਸੋਨੀਆ।"

"ਹੋਰ ਤੇ ਹੋਰ ਆਂਟ ਯੂ ਐਨ ਓ ਵੱਲ ਵੇਖ ਲਵੋ। ਜਦੋਂ ਕਿਸੇ ਮੁਲਕ ਨੂੰ ਲੁੱਟਣਾ ਹੁੰਦਾ ਹੈ, ਕੁਝ ਮੁਲਕ ਸਰਦਾਰੀ ਕਰਦੇ ਕਿਸੇ ਦੀ ਗੱਲ ਨਹੀਂ ਸੁਣਦੇ।"

"ਹਾਂ ਸੋਨੀਆ, ਜੀਹਦੇ ਕੋਲ ਸ਼ੈਤਾਨੀ ਹੈ ਉਹੋ ਹੀ ਪ੍ਰਧਾਨ ਹੈ। ਐਵੇਂ ਅੱਖਾਂ ਪੂੰਝਣ ਨੂੰ ਸਿਸਟਮ ਹਨ ਵਰਨਾ ਸਿਸਟਮ ਨੂੰ ਹੀ ਮੋਮ ਵਾਂਗ ਘੁਮਾਈ ਜਾਂਦੇ ਹਨ ਸਾਰੇ।"

"ਤੇ ਫਿਰ ਆਂਟ ਕੀ ਜੁਆਬ ਦੇਵਾਂ, ਵਕੀਲ ਨੂੰ?"

"ਅਜੇ ਤੇ ਮੈਂ ਕੁਝ ਨਹੀਂ ਕਹਿ ਸਕਦੀ। ਤੇਰੇ ਸਾਹਮਣੇ ਹੀ ਹੈ। ਮੈਂ ਤੇ ਇਹੋ ਚਾਹੁੰਦੀ ਹਾਂ ਕਿ ਜੱਗਾ ਜਾਂ ਤੇ ਨਜ਼ਰਾਂ ਤੋਂ ਦੂਰ ਰਹੇ ਜਾਂ ਮੇਰੇ ਦਿਲ ਦੀ ਪੀੜ ਨੂੰ ਸਮਝੇ।"

"ਚੰਗਾ ਆਂਟ ਹੁਣ ਮੈਂ ਜਾਂਦੀ ਹਾਂ। ਅੱਜ ਇੱਕ ਹੋਰ ਡੁਮੈਸਟਿਕ ਵਾਇਲੈਂਸ ਦਾ ਕੇਸ ਆਇਆ ਹੈ।

ਉਹਦੇ ਵਿਚ ਵੀ ਇਹੋ ਕੁਝ ਹੈ। ਪਤਾ ਨਹੀਂ ਚੰਗੇ ਭਲੇ ਹੋ ਕੇ ਆਪਣੇ ਭਾਈਬੰਦ ਹੱਥ ਕਿਉਂ ਚੁੱਕ ਲੈਂਦੇ ਹਨ। ਪਤਾ ਵੀ ਹੈ ਕਿ ਪੁਲੀਸ ਨੇ ਘੂੰ-ਘੂੰ ਕਰਕੇ ਆ ਜਾਣਾ ਹੈ। ਮੱਤ ਮਾਰੀ ਜਾਂਦੀ ਹੈ ਹੋਰ ਕੀ, ਬਾਅਦ ਵਿਚ ਪਛਤਾਉਂਦੇ ਹਨ।"

"ਚੰਗਾ ਰਾਜੇ, ਹੁਣ ਤੂੰ ਜਾ। ਸੋਚਦੀ ਹਾਂ ਅਜੇ ਕੀ ਕਰਨਾ ਹੈ? ਇੱਕ ਤੇ ਕੱਲ ਦਾ ਨਿਆਣਿਆਂ ਨੇ ਸੱਪ ਵੇਖ ਲਿਆ ਹੈ ਯਾਰਡ ਵਿਚ। ਆਪ ਤੇ ਚਲੇ ਗਏ ਵਿਨੀਪੈਗ ਨੂੰ ਤੇ ਮੇਰੇ ਭਾਅ ਦਾ ਵਖ਼ਤ ਪਾ ਗਏ ਹਨ। ਕਹਿ ਕੇ ਗਏ ਹਨ ਕਿ ਸਾਡੇ ਆਉਣ ਤੋਂ ਪਹਿਲਾਂ ਸੱਪ ਦਾ ਕੋਈ ਬੰਦੋਬਸਤ ਕਰ ਲਵੀਂ ਮੌਮ।"

"ਹਾਂ ਆਂਟ, ਤੁਸੀਂ ਹਿਊਮੇਨ ਸੁਸਾਇਟੀ ਵਾਲਿਆ ਨੂੰ ਫੋਨ ਕਰ ਲਵੋ ਤੇ ਮੈਂ ਹੁਣ ਚਲਦੀ ਹਾਂ।"

ਹਿਊਮੇਨ ਸੁਸਾਇਟੀ ਦਾ ਪ੍ਰਤੀਨਿਧੀ ਲਾਇਨ ਤੇ ਸੀ, "ਇਹ ਤੁਹਾਡਾ ਸ਼ਕ ਹੈ ਕਿ ਤੁਸੀਂ ਯਕੀਨ ਨਾਲ ਕਹਿ ਸਕਦੇ ਹੋ? "

"ਜੀ ਯਕੀਨ ਹੀ ਹੈ, ਮੇਰੇ ਬੱਚਿਆਂ ਨੇ ਆਪ ਵੇਖਿਆ ਹੈ?

"ਕਿਤਨੀ ਉਮਰ ਦੇ ਬੱਚੇ ਹਨ? ਕੀ ਮੈਂ ਉਨ੍ਹਾਂ ਨਾਲ ਗੱਲ ਕਰ ਸਕਦਾ ਹਾਂ? "

"ਜੀ ਇਤਨੇ ਛੋਟੇ ਨਹੀਂ ਹਨ। ਹਰ ਗੱਲ ਸਮਝਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਸੱਪ ਕੀ ਹੁੰਦਾ ਹੈ। ਬਜਾਇ ਇਸਦੇ ਕਿ ਤੁਸੀਂ ਇੰਨਵੈਸਟੀਗੇਸ਼ਨ ਕਰੋ, ਕੀ ਤੁਸੀਂ ਮੇਰੀ ਕੋਈ ਮਦਦ ਕਰ ਸਕਦੇ ਹੋ ਕਿ ਨਹੀਂ?"

"ਜੀ ਅਸੀਂ ਮਦਦ ਕਰਨ ਲਈ ਹੀ ਬੈਠੇ ਹਾਂ, ਪਰ ਸਾਨੂੰ ਇਹ ਤੇ ਪਤਾ ਲੱਗੇ ਕਿ ਮਦਦ ਕਿਸ ਤਰ੍ਹਾਂ ਦੀ ਕਰਨੀ ਹੈ। ਚਲੋ ਛੱਡੋ, ਤੁਸੀਂ ਸੱਪ ਦਾ ਰੰਗ ਦਸ ਸਕਦੇ ਹੋ?"

"ਜੀ ਗੱਲ ਇਸ ਤਰ੍ਹਾਂ ਹੈ ਕਿ ਅਸੀਂ ਸੱਪ ਦੀ ਫੋਟੋ ਖਿੱਚਣਾ ਭੁੱਲ ਗਏ। ਖਿਆਲ ਨਹੀਂ ਨਹੀਂ ਆਇਆ ਕਿ ਉਸਦਾ ਨਾਮ, ਪਤਾ ਐਡਰੈਸ ਪੁੱਛਦੇ। ਫੋਨ ਤੇ ਈ-ਮੇਲ ਵੀ ਪੁੱਛ ਲੈਂਦੇ ਪਰ ਉਹ ਤੇ ਬਹੁਤਾ ਚਿਰ ਰਿਹਾ ਹੀ ਨਹੀਂ। ਕਾਹਲੀ ਸੀ ਉਸਨੂੰ ਕਿਤੇ ਹੋਰ ਜਾਣ ਦੀ।"

"ਲਗਦੈ ਤੁਸੀਂ ਗੁੱਸਾ ਕਰ ਗਏ ਹੋ। ਚਲੋ ਰੰਗ ਵੀ ਛੱਡੋ। ਉਸ ਦਾ ਸਾਇਜ਼ ਕੀ ਸੀ?"

"ਜੀ ਲਗਦੈ, ਤੁਸੀਂ ਮੇਰੀ ਗੱਲ ਸਮਝ ਨਹੀਂ ਰਹੇ। ਮੈਂ ਬਹੁਤ ਡਰੀ ਹੋਈ ਹਾਂ। ਆਪਣੇ ਬੱਚਿਆਂ ਦੀ ਸੇਫਟੀ ਚਾਹੁੰਦੀ ਹਾਂ, ਪਰ ਲਗਦੈ ਤੁਸੀਂ ਮੇਰੀ ਗੱਲ ਨੂੰ ਸਮਝ ਹੀ ਨਹੀਂ ਰਹੇ ਜਾਂ ਤੁਹਾਡੀ ਅੰਗਰੇਜ਼ੀ ਮੇਰੀ ਸਮਝ ਵਿਚ ਨਹੀਂ ਆ ਰਹੀ।"

"ਦੇਖੋ ਮਿਸ...।"

"ਜੀ ਮੇਰਾ ਨਾਮ ਬਲਦੀਪ ਹੈ। ਮੈਂ ਮਿਸ ਹਾਂ, ਨਹੀਂ ਹਾਂ, ਇਸ ਨਾਲ ਸਮੱਸਿਆ ਦਾ ਕੋਈ ਸਬੰਧ ਨਹੀਂ। ਤੁਸੀਂ ਸਾਈਜ਼, ਰੰਗ ਤੇ ਹੋਰ ਗੱਲਾਂ ਇਸ ਤਰ੍ਹਾਂ ਕਰਦੇ ਹੋ, ਜਿਵੇਂ ਸੱਪ ਆਰਡਰ ਕਰਨਾ ਹੁੰਦਾ ਹੈ। ਤੁਸੀਂ ਕਿਸੇ ਹੋਰ ਔਰਤ ਪ੍ਰਤੀਨਿਧ ਨਾਲ ਮੇਰੀ ਗੱਲ ਕਰਵਾਉ, ਜੇ ਪੰਜਾਬੀ ਹੋਵੇ ਤਾਂ ਚੰਗਾ ਹੈ। ਇੱਕ ਔਰਤ ਹੀ ਸਮਝ ਸਕਦੀ ਹੈ ਕਿ ਯਾਰਡ ਵਿਚ ਸੱਪ ਘੁੰਮਦਾ ਹੋਵੇ ਤਾਂ ਇੱਕ ਔਰਤ ਕਿਸ ਤਰ੍ਹਾਂ ਸੌਂ ਸਕਦੀ ਹੈ?"

"ਜੀ ਠੀਕ ਹੈ, ਮੈਂ ਇੰਤਜ਼ਾਮ ਕਰਦਾ ਹਾਂ ਪਰ ਉਦੋਂ ਤੱਕ ਤੁਸੀਂ ਆਪਣੇ ਡਰ ਨੂੰ ਦੂਰ ਕਰਨ ਲਈ ਕੁਝ ਉਪਾਅ ਕਰ ਸਕਦੇ ਹੋ। ਚੌਵੀ ਘੰਟਿਆਂ ਦੇ ਵਿਚ ਵਿਚ ਕੋਈ ਪੰਜਾਬੀ ਔਰਤ ਤੁਹਾਡੇ ਨਾਲ ਇਸ ਮਸਲੇ ਤੇ ਡਿਟੇਲ ਨਾਲ ਗੱਲ ਕਰ ਲਵੇਗੀ, ਜਿਸ ਨਾਲ ਤੁਸੀਂ ਸੌਖ ਮਹਿਸੂਸ ਕਰੋਗੇ। ਉਦੋਂ ਤੱਕ ਕੁਝ ਗੱਲਾਂ ਨੋਟ ਕਰ ਲਵੋ।"

"ਠਹਿਰੋ, ਮੈਂ ਕਾਗਜ਼ ਤੇ ਪੈੱਨ ਲੈ ਲਵਾਂ। ਬਲਦੀਪ ਨੇ ਹੋਲਡ ਕਰਵਾ ਕੇ ਪੈੱਨ ਤੇ ਕਾਪੀ ਚੁੱਕੀ ਤੇ



ਮੇਜ਼ ਧੂ ਕੇ ਅੱਗੇ ਕੀਤਾ ਤੇ ਲਿਖਣ ਵਾਲੀ ਮੁਦਰਾ ਵਿਚ ਹੋ ਕੇ ਫੋਨ ਕੰਨ ਨੂੰ ਲਾ ਕੇ ਬੋਲੀ, ਜੀ ਦੱਸੋ?"

"ਜੀ ਆਪਣਾ ਰੇਡੀਓ ਔਨ ਕਰ ਲਵੋ ਜੋ ਲਗਾਤਾਰ ਵਜਦਾ ਰਹੇ। ਇਨਸਾਨੀ ਅਵਾਜ਼ ਨਾਲ ਸੱਪ ਤੁਹਾਡੇ ਲਾਗੇ ਚਾਗੇ ਵੀ ਨਹੀਂ ਆਏਗਾ। ਰੇਡੀਓ ਇਤਨਾ ਉੱਚੀ ਲਗਾਵੋ, ਜਿਤਨਾ ਸੰਭਵ ਹੋਵੇ, ਪਰ ਇਤਨਾ ਵੀ ਨਾ ਉੱਚੀ ਕਰ ਲੈਣਾ ਕਿ ਗੁਆਂਢੀ ਰਾਤ ਨੂੰ ਸੌਂ ਹੀ ਨਾ ਸਕੇ। ਜੇ ਉਹ ਸੌਂਵੇਂਗਾ ਨਹੀਂ ਤੇ ਸਵੇਰੇ ਕੰਮ ਤੇ ਕਿਸ ਤਰ੍ਹਾਂ ਜਾਵੇਗਾ।"

"ਜੀ ਠੀਕ ਹੈ, ਮੈਂ ਡਰੀ ਹੋਈ ਹਾਂ ਪਰ ਅਜੇ ਪਾਗਲ ਨਹੀਂ ਹੋਈ, ਤੁਸੀਂ ਅੱਗੇ ਬੋਲੋ।"

"ਤੁਸੀਂ ਘਰ ਵਿਚ ਬਿੱਲੀ ਰੱਖੀ ਹੈ?"

"ਜੀ ਨਹੀਂ, ਕਿਉਂ ਕੀ ਗੱਲ ਹੈ?"

"ਜੀ ਬਿੱਲੀ ਦਾ ਗੰਦ ਬਹੁਤ ਵਧੀਆ ਤਰੀਕਾ ਹੈ, ਸੱਪਾਂ ਨੂੰ ਦੂਰ ਰੱਖਣ ਦਾ। ਵੈਸੇ ਜੇ ਤੁਸੀਂ ਬਿੱਲੀ ਅਡਾਪਟ ਕਰਨੀ ਹੋਵੇ ਤਾਂ ਸਾਡੇ ਹਿਊਮੇਨ ਸੁਸਾਇਟੀ ਕੋਲ ਕਈ ਕਿਸਮ ਦੀਆਂ ਬਿੱਲੀਆਂ ਹਨ। ਚਿੱਟੀਆਂ, ਭੂਰੀਆਂ, ਡਬ-ਖੜੱਬੀਆਂ, ਜਿਸ ਤਰ੍ਹਾਂ ਦੀ ਤੁਸੀਂ ਪਸੰਦ ਕਰੋ। ਪਹਿਲੇ ਟੀਕੇ ਵੀ ਅਸੀਂ ਆਪ ਲਵਾ ਕੇ ਦੇਵਾਂਗੇ।"

"ਤੁਹਾਡੀ ਬਹੁਤ ਮੇਹਰਬਾਨੀ, ਸਾਨੂੰ ਬਿੱਲੀ ਪਾਲਣ ਦਾ ਕੋਈ ਸ਼ੌਕ ਨਹੀਂ। ਇਹ ਜਿਹੜਾ ਸੱਪ ਅਡਾਪਟ ਹੋਣ ਨੂੰ ਫਿਰਦਾ ਹੈ ਇਸ ਤੋਂ ਖਹਿੜਾ ਛੁਡਵਾਉ ਜੇ ਛੁਡਾ ਸਕਦੇ ਹੋ ਤਾਂ।"

"ਵੇਖੋ ਜੀ ਇਹ ਮੇਰੀ ਜੌਬ ਹੈ। ਹਰ ਕਿਸਮ ਦਾ ਸੰਭਵ ਤਰੀਕਾ ਦਸਣਾ ਤਾਂ ਕਿ ਸਾਡਾ ਸਮਾਜ ਸੇਹਤਮੰਦ ਬਣ ਸਕੇ। ਬਿੱਲੀ ਰਖੋਗੇ, ਤੁਸੀਂ ਬਿਜ਼ੀ ਵੀ ਰਹੋਗੇ, ਬਿੱਲੀ ਨੂੰ ਵੀ ਘਰ ਮਿਲ ਜਾਵੇਗਾ। ਵੈਸੇ ਇਹ ਪਹਿਲਾਂ ਵੀ ਘਰ ਵਿਚ ਹੀ ਰਹਿੰਦੀ ਸੀ। ਫਿਰ ਇੱਕ ਦਿਨ ਡੁਮੈਸਟਿਕ ਵਾਇਲੈਂਸ ਨੇ ਇਸਦਾ ਘਰ ਬਰਬਾਦ ਕਰ ਦਿੱਤਾ। ਚਿਲਡਰਨ ਸੁਸਾਇਟੀ ਵਾਲੇ ਬੱਚੇ ਲੈ ਗਏ ਤੇ ਸਾਡੇ ਹਿੱਸੇ ਬਿੱਲੀ ਆਈ। ਅਸੀਂ ਇਹ ਲੈ ਆਂਦੀ। ਹੁਣ ਉਨ੍ਹਾਂ ਦੀ ਸੁਲਾਹ ਹੋ ਗਈ ਹੈ। ਸਾਰਾ ਪਰਿਵਾਰ ਫਿਰ ਇਕੱਠਾ ਹੋ ਗਿਆ ਹੈ ਪਰ ਬਿੱਲੀ ਵਿਚਾਰੀ ਮੁਫਤ ਵਿਚ ਹੀ ਮਾਰੀ ਗਈ। ਸਾਨੂੰ ਤੇ ਬਾਦ ਵਿਚ ਪਤਾ ਲੱਗਾ ਕਿ ਲੜਾਈ ਹੀ ਸਾਰੀ ਬਿੱਲੀ ਦੀ ਸੀ। ਘਰਵਾਲੀ ਬਿੱਲੀ ਦਾ ਖਿਆਲ ਜ਼ਿਆਦਾ ਰੱਖਦੀ ਸੀ ਤੇ ਘਰਵਾਲੇ ਦਾ ਘਟ। ਘਰ ਦਾ ਮਾਲਕ ਬਿੱਲੀ ਨਾਲ ਈਰਖਾ ਕਰਨ ਲੱਗ ਪਿਆ। ਉਸ ਤੇ ਬਿੱਲੀ ਦਾ ਕਤਲ ਕਰਨ ਤੇ ਉਤਾਰੂ ਹੋ ਗਿਆ। ਵੇਲੇ ਸਿਰ ਪਤਾ ਲੱਗ ਗਿਆ ਤੇ ਉਸਦਾ 'ਇਰਾਦਾ ਕਤਲ' ਨਸ਼ਰ ਹੋ ਗਿਆ।"

"ਪਲੀਜ਼ ਮੈਨੂੰ ਸੱਪ ਤੋਂ ਬਚਣ ਦੀ ਤਰਕੀਬ ਦਸੋ, ਤੁਹਾਡੀ ਬਿੱਲੀ ਤੋਂ ਮੈਂ ਕੀ ਲੈਣਾ ਹੈ?"

"ਉਹੋ ਤੇ ਮੈਂ ਦਸ ਰਿਹਾ ਹਾਂ ਕਿ ਸੱਪ ਤੇ ਬਾਹਰ ਦਾ ਬੰਦਾ ਹੈ ਪਰ ਬਿੱਲੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ।"

"ਜੀ ਜੇ ਤੁਸੀਂ ਗੁੱਸਾ ਨਾ ਕਰੋ ਤਾਂ ਇੱਕ ਗੱਲ ਪੁੱਛਾਂ?"

"ਜੀ ਜ਼ਰੂਰ ਪੁੱਛੋ, ਅਸੀਂ ਇੱਥੇ ਪਬਲਿਕ ਦੀ ਸੇਵਾ ਲਈ ਹੀ ਬੈਠੇ ਹਾਂ।"

"ਜੀ ਮੈਂ ਫੋਨ ਤੇ ਕੀਤਾ ਸੀ ਹਿਊਮੇਨ ਸੁਸਾਇਟੀ ਵਾਲਿਆਂ ਨੂੰ ਪਰ ਲਗਦੈ ਇਹ ਮੈਂਟਲ ਹੋਸਪੀਟਲ ਮਿਲ ਗਿਆ ਹੈ।"

"ਹਾ ਹਾ ਹਾ, ਗੁਡ ਸੈਂਨਸ ਔਫ ਹਿਊਮਰ।"

"ਮੈਂ ਹਿਊਮਰ ਨਹੀਂ ਕਰ ਰਹੀ, ਸੱਚੀ ਕਹਿ ਰਹੀ ਹਾਂ, ਕੀ ਮੈਂ ਤੁਹਾਡੇ ਸੁਪਰਵਾਇਜ਼ਰ ਨਾਲ ਗੱਲ ਕਰ ਸਕਦੀ ਹਾਂ?"

"ਹਾਂ ਜੀ ਜ਼ਰੂਰ, ਕਿਉਂ ਨਹੀਂ? ਅਸਲ ਵਿਚ ਅੱਜ ਸਾਡਾ ਇੰਮਪਲਾਈ ਡੈਪੂਟੇਸ਼ਨ ਤੇ ਮੈਨੀਟੋਬਾ

ਗਿਆ ਹੋਇਆ ਹੈ। ਉੱਥੇ ਬਿੱਲੀਆਂ ਦੇ ਹੋਣ ਵਾਲੇ ਫੌਸਟਰ ਪੈਰੰਟਸ ਦਾ ਸੈਮੀਨਾਰ ਆਯੋਜਿਤ ਕੀਤਾ ਗਿਆ ਹੈ। ਜਾਣਾ ਤੇ ਮੈਂ ਸੀ ਪਰ ਮੇਰੀ ਕਜ਼ਨ ਅੱਜ ਬਿੱਲੀ ਅਡਾਪਟ ਕਰਨ ਆ ਰਹੀ ਹੈ। ਮੈਂ ਉਸਨੂੰ ਬਹੁਤ ਕਿਹਾ, ਕਿ ਮੈਂ ਆਪਣੇ ਅਸਿਸਟੈਂਟ ਨੂੰ ਕਹਿ ਦੇਵਾਂਗਾ ਪਰ ਉਹ ਬੋਲੀ ਮੈਨੂੰ ਨਹੀਂ ਇਤਬਾਰ ਕਿਸੇ ਤੇ, ਤੂੰ ਆਪ ਹੀ ਹੋਵੀਂ, ਨਹੀਂ ਤੇ ਮੈਂ ਬਿੱਲੀ ਕਿਤੋਂ ਹੋਰ ਅਡੌਪਟ ਕਰ ਲਵਾਂਗੀ। ਵੇਖੋ ਨਾ ਜਦੋਂ ਦਾ ਉਸਦਾ ਡਾਇਵੋਰਸ ਹੋਇਆ ਹੈ, ਬਹੁਤ ਹੀ ਚੂਜ਼ੀ ਹੋ ਗਈ ਹੈ। ਸੇਮ ਡੇਟ ਦੀ ਬਰੈਡ ਵੀ ਹੋਵੇ ਤਾਂ ਸੁੱਟ ਦੇਵੇਗੀ। ਕਹੇਗੀ ਕੀ ਪਤਾ ਕਿੱਥੋਂ ਦੀ ਬਣੀ ਹੈ, ਹੁਣ ਪਤਾ ਨਹੀਂ ਕੀ ਟਾਇਮ ਹੋਵੇਗਾ, ਉੱਥੇ? ਮੈਂ ਨਹੀਂ ਖਾਣੀ। ਆਪਣੇ ਐਕਸ ਹਬੀ ਨੂੰ ਯਾਦ ਕਰਦਿਆਂ ਭੁੱਖੀ ਸੌਂ ਜਾਵੇਗੀ ਪਰ ਬਰੈਡ ਪੀਸ ਨਹੀਂ ਖਾਵੇਗੀ।''

ਬਲਦੀਪ ਨੇ ਮੱਥੇ ਤੇ ਹੱਥ ਮਾਰਿਆ ਤੇ ਫੋਨ ਬੰਦ ਕਰ ਦਿੱਤਾ। ਉਸ ਨੇ ਅਜੇ ਸੋਫੇ ਨੂੰ ਢੋਅ ਹੀ ਲਾਈ ਸੀ ਕਿ ਫੋਨ ਦੀ ਘੰਟੀ ਹੋਈ। ''ਹੈਲੋ।''

''ਜੀ ਮੈਨੂੰ ਲਗਦਾ ਫੋਨ ਦਾ ਕਨੈਕਸ਼ਨ ਲੂਜ਼ ਹੋ ਗਿਆ ਹੋਣਾ।'' ਹਿਉਮੇਨ ਸੁਸਾਇਟੀ ਤੋਂ ਫੋਨ ਸੀ।

''ਨਹੀਂ ਜੀ ਫੋਨ ਦਾ ਕਨੈਕਸ਼ਨ ਠੀਕ ਹੈ ਪਰ ਤੁਹਾਡਾ ਸਕਰਿਊ ਜ਼ਰੂਰ ਢਿੱਲਾ ਹੈ।''

''ਜੀ ਕੋਈ ਗੱਲ ਨਹੀਂ, ਤੁਸੀਂ ਮਜ਼ਾਕ ਕਰ ਲਵੋ। ਮੈਨੂੰ ਵੀ ਮਜ਼ਾਕ ਬਹੁਤ ਪਸੰਦ ਹਨ। ਦੇਖੋ, ਇਹ ਸਾਡੀ ਡਿਊਟੀ ਹੈ।''

''ਹਾਂ ਜੀ ਤੁਹਾਡੀ ਡਿਊਟੀ ਲਗਭਗ ਖਤਮ ਹੀ ਹੈ। ਮੇਰੀ ਹੁਣੇ ਹੁਣੇ ਸੱਪ ਨਾਲ ਗੱਲ ਹੁੰਦੀ ਪਈ ਸੀ। ਮੈਂ ਉਸਨੂੰ ਕਿਹਾ ਕਿ ਦੇਖੋ ਸੱਪ ਜੀ ਮਹਾਰਾਜ, ਮੈਂ ਹਿਉਮੇਨ ਸੁਸਾਇਟੀ ਵਾਲਿਆਂ ਨੂੰ ਫੋਨ ਕਰ ਦਿੱਤਾ ਹੈ। ਹੁਣ ਮੈਂ ਬਿੱਲੀ ਲਿਆਉਣੀ ਹੈ ਤੇ ਉਸਦਾ ਗੰਦ ਤੇਰੀ ਖੈਰ ਲਵੇਗਾ। ਨਾਲੇ ਰੇਡੀਓ ਔਨ ਕਰਾਂਗੀ।''

''ਮਜ਼ਾਕ ਨਹੀਂ ਬਲਦੀਪ ਜੀ ਮੇਰੇ ਲੰਚ ਦਾ ਟਾਇਮ ਹੋ ਚਲਿਆ ਹੈ।''

''ਅਜੇ ਤੇ ਗਿਆਰਾਂ ਹੀ ਵੱਜੇ ਹਨ?''

''ਹਾਂ ਜੀ ਸਿਰਫ ਘੰਟਾ ਹੀ ਰਹਿ ਗਿਆ ਹੈ। ਫੇਰ ਯੂ ਨੋ ਮੇਰੀ ਸ਼ਾਇਦ ਕਜ਼ਨ ਵੀ ਆ ਜਾਏ।''

''ਅੱਛਾ ਤੇ ਤੁਹਾਨੂੰ ਮੇਰੇ ਨਾਲੋਂ ਜ਼ਿਆਦਾ ਚਿੰਤਾ ਆਪਣੀ ਕਜ਼ਨ ਦੀ ਹੈ, ਪਬਲਿਕ ਦੀ ਕੋਈ ਪਰਵਾਹ ਨਹੀਂ?''

''ਨਹੀਂ ਜੀ ਮੇਰੇ ਲਈ ਤੇ ਮੇਰੀ ਕਜ਼ਨ ਵੀ ਤੁਹਾਡੇ ਵਾਂਗ ਪਬਲਿਕ ਹੀ ਹੈ। ਮੈਂ ਤੁਹਾਡੀ ਜਾਂ ਉਸਦੀ ਨਹੀਂ ਸਗੋਂ ਬਿੱਲੀ ਦੀ ਚਿੰਤਾ ਕਰ ਰਿਹਾ ਹਾਂ। ਜੇ ਉਸਨੇ ਅੱਜ ਸਾਡੀ ਟਿੱਮੀ ਨੂੰ ਅਡੌਪਟ ਨਾ ਕੀਤਾ ਤਾਂ ਕੀ ਬਣੇਗਾ?'' ਬਲਦੀਪ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ, ਉਹ ਬੋਲੀ, ''ਜੀ ਮੈਂ ਸ਼ਿਕਾਇਤ ਕਰਨੀ ਹੈ। ਮੈਨੂੰ ਕੋਈ ਆਪਣੇ ਬੌਸ ਦਾ ਫੋਨ ਨੰਬਰ ਦੇਵੋਗੇ?''

''ਫੋਨ ਨੰਬਰ ਤੇ ਲੈ ਲਵੋ ਪਰ ਮੈਂ ਹੀ ਸੁਪਰਵਾਇਜ਼ਰ ਹਾਂ ਤੇ ਮੇਰੀ ਸ਼ਿਕਾਇਤ ਸਿਰਫ ਮਨਿਸਟਰੀ ਔਫ ਵੈਟਰਨਰੀ ਹੀ ਸੁਣ ਸਕਦਾ ਹੈ, ਉਹ ਅੱਜ-ਕੱਲ ਜਰਮਨ ਗਏ ਹੋਏ ਹਨ, ਆਪਣੇ ਕੁੱਤੇ ਦਾ ਇਲਾਜ ਕਰਵਾਉਣ।''

ਬਲਦੀਪ ਦਾ ਗੁੱਸਾ ਲੱਥ ਗਿਆ। ਉਸਨੇ ਵੀ ਸੋਚਿਆ ਚਲੋ ਮਜ਼ਾ ਲੈਂਦੇ ਹਾਂ, ਉਹ ਬੋਲੀ, ''ਜੀ ਉਨ੍ਹਾਂ ਦੇ ਕੁੱਤੇ ਨੂੰ ਕੀ ਹੋ ਗਿਆ? ਕੋਈ ਵੱਡੀ ਮਰਜ਼ ਹੀ ਹੋਣੀ ਹੈ ਜਿਸਦਾ ਇਲਾਜ ਜਰਮਨ ਤੋਂ ਉਰਾਂ ਹੋ ਹੀ ਨਹੀਂ ਸਕਦਾ।''

''ਹੋਣਾ ਕੀ ਸੀ ਬਲਦੀਪ ਡੀਅਰ, ਇੱਕ ਦਿਨ ਸਵੇਰੇ ਸਵੇਰੇ ਮਨਿਸਟਰ, ਆਪਣੇ ਫੀਮੇਲ ਕੁੱਤੇ ਨਾਲ ਫਰਿਜ਼ਬੀ ਖੇਡ ਰਹੇ ਸਨ। ਕਰਿਸਟਲ ਨੇ ਜੰਪ ਕਰਕੇ ਫਰਿਜ਼ਬੀ ਬੋਚ ਲਈ ਤੇ ਮਨਿਸਟਰ ਨੂੰ ਗੁੱਸਾ



ਆ ਗਿਆ। ਉਨ੍ਹਾਂ ਨੇ ਸੋਚਿਆ ਹੀ ਨਹੀਂ ਸੀ ਕਿ ਐਂਗਲ ਵਿਚ ਸੁਟੀ ਫਰਿਜ਼ਬੀ ਨੂੰ ਜੰਪ ਕਰਕੇ ਕਰਿਸੀ ਕੈਚ ਕਰ ਲਵੇਗੀ। ਸਾਡੇ ਮਨਿਸਟਰ ਸਾਹਬ ਵੀ ਜਦੋਂ ਦੇ ਇੱਕ ਸਕੈਂਡਲ ਵਿਚ ਫਸੇ ਹਨ ਬਹੁਤ ਹੀ ਚਿੜਚਿੜੇ ਹੋ ਗਏ ਹਨ। ਪਰਿਮੀਅਮ ਜੀ ਨੇ ਕਿਹਾ ਵੀ ਕਿ ਕੋਈ ਫਿਕਰ ਨਾ ਕਰੋ। ਪਰ ਯੂ ਨੋ, ਸਾਡੇ ਸਰ ਬਹੁਤ ਹੀ ਸੈਂਸਿਟਿਵ ਹਨ। ਬਸ ਕਰਿਸਟਲ ਤੋਂ ਫਰਿਜ਼ਬੀ ਖੋਹਣ ਲਈ ਉਹਦੇ ਮਗਰ ਦੌੜੇ, ਪਰ ਹਾ ਹਾ ਹਾ।''

''ਨਾ ਇਹਦੇ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ?'' ਬਲਦੀਪ ਨੇ ਝੂਠਾ ਗੁੱਸਾ ਕਰਦਿਆਂ ਕਿਹਾ।

''ਜੀ ਜਦੋਂ ਸਾਡੇ ਸਰ ਨੇ ਕਰਿਸਟਲ ਨੂੰ ਫੜ ਲਿਆ ਤਾਂ ਇਨ੍ਹਾਂ ਨੂੰ ਉਹਦੇ ਤੇ ਲਾਡ ਆ ਗਿਆ। ਇਹ ਲਡਿਆਉਣ ਲੱਗ ਪਏ ਪਰ ਭੁੱਲ ਗਏ ਕਿ ਕੁੱਤਿਆਂ ਦੀਆਂ ਆਦਤਾਂ ਕੀ ਹੁੰਦੀਆਂ ਹਨ। ਕੁੱਤੇ ਤੇ ਸੁਨਾਮੀ ਨੂੰ ਪਛਾਣ ਜਾਂਦੇ ਹਨ ਫਿਰ ਇਹ ਗੁੱਸੇ ਤੇ ਨਫਰਤ ਦੀਆਂ ਤਰੰਗਾਂ ਨੂੰ ਕਿਉਂ ਨਾ ਪਛਾਣਨਗੇ? ਉਹ ਕੋਈ ਇਨਸਾਨ ਥੋੜੇ ਹਨ, ਘੜੀ 'ਚ ਤੋਲਾ ਘੜੀ 'ਚ ਮਾਸਾ। ਬਸ ਜੀ ਸਰ ਜੀ ਫਰਿਜ਼ਬੀ ਫੜਨ, ਕਰਿਸਟਲ ਦੇ ਮੂੰਹੋਂ ਤੇ ਕਰਿਸਟਲ ਛੱਡੇ ਨਾ। ਇਸੇ ਝਗੜੇ ਵਿਚ ਸਰ ਜੀ ਦੀ ਉਂਗਲ ਤੇ ਖਰੋਸ਼ ਆ ਗਈ। ਲਹੂ ਨਿਕਲਣ ਲੱਗ ਪਿਆ, ਲਹੂ ਕਰਿਸਟਲ ਦੇ ਦੰਦਾਂ ਨੂੰ ਵੀ ਲੱਗ ਗਿਆ। ਉਸੇ ਵੇਲੇ 911 ਘੁੰਮਾਇਆ ਗਿਆ ਤੇ ਮਨਿਸਟਰ ਜੀ ਨੂੰ ਹਸਪਤਾਲ ਪਹੁੰਚਾਇਆ ਗਿਆ। ਜ਼ਖ਼ਮ ਮਾਮੂਲੀ ਸੀ, ਪਰ ਸੇਫ ਸਾਈਡ ਲਈ ਸਾਰੇ ਟੈਸਟ ਕੀਤੇ ਗਏ। ਸਰ ਜੀ ਤੇ ਘਰ ਆ ਗਏ ਪਰ ਕਰਿਸਟਲ ਅਗਲੇ ਦਿਨ ਬਿਮਾਰ ਪੈ ਗਈ, ਮੂੰਹ ਵਿਚ ਇੰਨਫੈਕਸ਼ਨ ਹੋ ਗਈ ਤੇ ਟੈਮਪਰੇਚਰ ਹੋ ਗਿਆ। ਸਾਰੇ ਟੈਸਟ ਕਰਵਾਏ, ਬਲੱਡ ਪਰੈਸ਼ਰ ਵੀ ਠੀਕ ਸੀ। ਐਸੀ ਬਿਮਾਰੀ ਕਿ ਪਤਾ ਹੀ ਨਾ ਲੱਗੇ ਕਿ ਨੁਕਸ ਕੀ ਹੈ? ਹੁਣ ਜਰਮਨ ਵਾਲਿਆਂ ਨੇ ਜ਼ਿੰਮੇਵਾਰੀ ਲਈ ਹੈ। ਸਰ ਜੀ ਤੇ ਉਨ੍ਹਾਂ ਚਿਰ ਉੱਥੇ ਹੀ ਰਹਿਣਗੇ।''

''ਜੀ ਮਨਿਸਟਰ ਤੋਂ ਉੱਤੇ ਵੀ ਕੋਈ ਤੇ ਹੋਵੇਗਾ?''

''ਜੀ ਹੈ ਨਾ, ਪਰੀਮਿਅਰ ਸਾਹਬ ਨੇ, ਪਰਾਇੰਮ ਮਨਿਸਟਰ ਨੇ, ਹਿਉਮਨ ਰਾਇਟਸ ਕਮਿਸ਼ਨ ਵਾਲੇ ਨੇ, ਚਾਰਟਰ ਔਫ ਰਾਇਟਸ ਵਾਲੇ ਨੇ। ਇਤਨੇ ਡਿਪਾਰਟਮੈਂਟਸ ਹਨ, ਤੁਸੀਂ ਫੋਨ ਕਰਦੇ ਥੱਕ ਜਾਵੋਗੇ ਪਰ ਇਹ ਨਹੀਂ ਮੁੱਕਣੇ, ਪਰ ਤੁਸੀਂ ਆਪਣੀ ਸ਼ਿਕਾਇਤ ਮੈਨੂੰ ਵੀ ਲਿਖਾ ਸਕਦੇ ਹੋ।''

'ਜੀ ਲਿਖਾ ਤਾਂ ਦੇਵਾਂ ਪਰ ਮੈਨੂੰ ਤਾਂ ਆਪਣੀ ਸ਼ਿਕਾਇਤ ਹੀ ਭੁੱਲ ਗਈ ਹੈ। ਤੁਸੀਂ ਆਪ ਹੀ ਕੋਈ ਸੋਹਣੀ ਜਿਹੀ ਲਿਖ ਲਵੋ।''

''ਜੀ ਠੀਕ ਹੈ, ਚਲੋ ਮੈਂ ਆਪੇ ਹੀ ਲਿਖ ਲੈਂਦਾ ਹਾਂ ਪਰ ਬਿੱਲੀ ਦਾ ਕੀ ਸੋਚਿਆ ਜੇ? ਚਲੋ ਮੇਕ ਏ ਡੀਲ, ਤੁਸੀਂ ਬਿੱਲੀ ਅਡੌਪਟ ਕਰ ਲਵੋ ਤੇ ਮੈਂ ਤੁਹਾਡੀ ਸ਼ਿਕਾਇਤ ਲਿਖ ਲੈਂਦਾ ਹਾਂ।''

''ਜੀ ਮੈਂ ਸੁਣਿਆ ਹੈ ਕਿ ਜੇ ਕਪੜੇ ਨੂੰ ਅਮੋਨੀਏ ਨਾਲ ਭਿਉਂ ਕੇ ਰੱਖ ਦੇਈਏ ਫਿਰ ਵੀ ਸੱਪ ਲਾਗੇ ਨਹੀਂ ਲਗਦਾ?''

''ਬਿਲਕੁਲ ਠੀਕ ਹੈ, ਅਮੋਨੀਆ ਵੀ ਠੀਕ ਹੈ ਪਰ ਉਸਨੂੰ ਖਰੀਦੋਗੇ ਫਿਰ ਪੋਲੀਥਿਨ ਬੈਗ ਵਿਚ ਪਾਵੋਗੇ ਤੇ ਬੈਗ ਵਿਚ ਮੋਰੀਆਂ ਕਰਨੀਆਂ ਪੈਣਗੀਆਂ ਤਾਂ ਕਿ ਉਸਦੀ ਸਮੈਲ ਨੂੰ ਰਲੀਜ਼ ਕੀਤਾ ਜਾਵੇ। ਪਰ ਇੱਥੇ ਵੀ ਇੱਕ ਸਮੱਸਿਆ ਹੈ।''

''ਉਹ ਕੀ ਜੀ?'' ਬਲਦੀਪ ਨੇ ਹੈਰਾਨੀ ਨਾਲ ਪੁੱਛਿਆ।

''ਅੱਜ-ਕੱਲ ਦੇ ਸੱਪ ਵੀ ਬਹੁਤ ਹੁਸ਼ਿਆਰ ਹੋ ਗਏ ਹਨ। ਉਹ ਦੂਰੋਂ ਹੀ ਤਾੜ ਲੈਂਦੇ ਹਨ ਕਿ ਪੋਲੀਥਿਨ ਬੈਗ ਵਿਚ ਮੋਰੀਆਂ ਕਿਉਂ ਹਨ? ਜ਼ਰੂਰ ਹੀ ਇਨਸਾਨ ਦੀ ਕੋਈ ਚਾਲ ਹੈ।''

"ਮੈਂ ਤੇ ਸੁਣਿਆ ਹੈ ਕਿ ਸੱਪ ਵੇਖ ਨਹੀਂ ਸਕਦੇ?"

"ਨਹੀਂ ਜੀ ਤੁਹਾਨੂੰ ਕਿਸੇ ਨੇ ਗਲਤ ਸੂਚਨਾ ਦਿੱਤੀ ਹੈ। ਇਹ ਵੇਖ ਸਕਦੇ ਹਨ। ਐਵੇਂ ਸੱਪਾਂ ਬਾਰੇ ਬਹੁਤ ਅਫਵਾਹਾਂ ਫੈਲੀਆਂ ਹੋਈਆਂ ਹਨ। ਅਸਲ ਵਿਚ ਇਹ ਫਰਕ ਆਦਤਾਂ ਤੇ ਮੁਹਾਵਰਿਆਂ ਕਰਕੇ ਵੀ ਵਧ ਹੋ ਰਿਹਾ ਹੈ। ਜਦੋਂ ਦੇ ਸੱਪ ਨਾਲ ਜੋੜਕੇ ਇਨਸਾਨ ਨੇ ਮੁਹਾਵਰੇ ਬਨਾਉਣੇ ਸ਼ੁਰੂ ਕਰ ਦਿੱਤੇ ਹਨ, ਸੱਪ ਦੀ ਦਹਿਸ਼ਤ ਵਧ ਗਈ ਹੈ। ਅਸਲ ਵਿਚ ਸੱਪ ਤੇ ਬਹੁਤ ਹੀ ਡਰੂ ਕਿਸਮ ਦਾ ਜੀਵ ਹੈ। ਕਿਸੇ ਨੂੰ ਕੁਝ ਨਹੀਂ ਕਹਿੰਦਾ। ਸਿਰਫ ਡਰ ਕਰਕੇ ਹੀ ਲੜਦਾ ਹੈ, ਉਹ ਡਰ ਭਾਵੇਂ ਨਿਉਲੇ ਦਾ ਹੋਵੇ ਤੇ ਭਾਵੇਂ ਇਨਸਾਨ ਦਾ। ਜ਼ਹਿਰ ਤੇ ਬਹੁਤਿਆਂ ਕੋਲ ਹੁੰਦੀ ਹੀ ਨਹੀਂ। ਇਹ ਜ਼ਹਿਰ ਸਿਰਫ ਮੁਹਾਵਰਿਆਂ ਵਿਚ ਹੈ।"

"ਇੰਝ ਲਗਦੈ, ਤੁਸੀਂ ਵੀ ਇਸਦੇ ਸ਼ਿਕਾਰ ਰਹੇ ਹੋ, ਤਾਂ ਹੀ ਚਬੜ ਚਬੜ ਕਰੀ ਜਾਂਦੇ ਹੋ?"

"ਹਾ ਹਾ ਹਾ ਹਾ, ਸੋ ਫਨੀ ਜੀ ਉਹ ਕਾਂ ਹੁੰਦਾ ਹੈ ਸੱਪ ਨਹੀਂ, ਹਾ ਹਾ ਹਾ ਹਾ ਹਾ।"

"ਉਹ ਕੌਣ?"

"ਉਹੀ ਜਿਹੜਾ ਚਬੜ ਚਬੜ ਕਰਦਾ ਹੈ। ਸੱਪ ਚਬੜ ਚਬੜ ਨਹੀਂ ਕਰਦੇ।"

"ਪਰ ਤੁਹਾਨੂੰ ਕਾਂ ਤੇ ਸੱਪ ਦਾ ਇਤਨਾ ਗਿਆਨ ਕਿਸ ਤਰ੍ਹਾਂ ਹੈ?"

'ਦੇਖੋ ਬਲਦੀਪ ਜੀ, ਤੁਸੀਂ ਪੰਜਾਬੀ ਹੋ ਤੇ ਮੈਂ ਪੋਲਿਸ਼। ਸਾਡੇ ਪੋਲੈਂਡ ਵਿਚ ਵੀ ਰੀਤੀ ਰਿਵਾਜ ਕੀਮਤਾਂ ਤੁਹਾਡੇ ਵਾਂਗ ਹੀ ਹਨ।"

"ਪਰ ਇਸ ਨਾਲ ਕੀ ਫਰਕ ਪੈਂਦਾ ਹੈ?"

"ਫਰਕ ਪੈਂਦਾ ਹੈ। ਮੇਰਾ ਵੀ ਡਾਇਵੋਰਸ ਹੋ ਚੁੱਕਾ ਹੈ।"

"ਕੀ ਮਤਲਬ ਤੁਹਾਡਾ? ਮੇਰਾ ਵੀ... ਤੁਸੀਂ ਕਹਿਣਾ ਕੀ ਚਾਹੁੰਦੇ ਹੋ?"

"ਇਹੋ ਕਿ ਤੁਹਾਡਾ ਵੀ ਡਾਇਵੋਰਸ ਹੋ ਚੁੱਕਾ ਹੈ। ਇਸਦਾ ਪਤਾ ਤੁਹਾਡੀਆਂ ਗੱਲਾਂ ਤੋਂ ਲਗਦਾ ਹੈ।"

"ਓ ਮਾਈ ਗੌਡ ! ਵੈਰੀ ਇਨਟਰਸਟਿੰਗ ਹਾਉ ਯੂ ਨੋ?"

"ਬਲਦੀਪ ਮੈਂ ਸਰਕਾਰੀ ਡਿਊਟੀ 'ਤੇ ਹਾਂ, ਮੈਂ ਜਾਤੀ ਗੱਲਾਂ ਨਹੀਂ ਕਰ ਸਕਦਾ, ਅੱਧਾ ਘੰਟਾ ਪਿਆ ਹੈ। ਫਿਰ ਤੁਹਾਨੂੰ ਇਹ ਦੱਸ ਸਕਦਾ ਹਾਂ ਕਿ ਮੈਂ ਵੀ ਆਪਣੀ ਡੈਬੀ ਦੀ ਬਹੁਤ ਇੱਜ਼ਤ ਕੀਤੀ, ਪਰ ਉਹ ਕਦੇ ਵੀ ਸਕਿਉਰ ਨਹੀਂ ਹੋਈ। ਹਮੇਸ਼ਾਂ ਸੱਪਾਂ ਤੋਂ ਡਰਦੀ ਸੀ। ਅਸਲ ਵਿਚ ਉਹ ਆਪ ਨਹੀਂ ਡਰਦੀ ਸੀ, ਸਗੋਂ ਮੈਂ ਹੀ ਉਸਨੂੰ ਡਰਾਉਂਦਾ ਸੀ, ਮੁਹਾਵਰੇ ਵਾਲਾ ਸੱਪ ਬਣਕੇ ਤਾਂ ਕਿ ਉਹ ਸਕਿਉਰ ਨਾ ਰਹੇ ਤੇ ਮੇਰੇ ਨਾਲ ਜੁੜੀ ਰਹੇ। ਮੈਂ ਹਮੇਸ਼ਾ ਇਹ ਹੀ ਦਸਣ ਦੀ ਕੋਸ਼ਿਸ਼ ਕਰਦਾ ਕਿ ਮੈਂ ਸੱਪ ਤੋਂ ਤਕੜਾ ਹਾਂ। ਉਹ ਮਜ਼ਾਕ ਵੀ ਕਰ ਲੈਂਦੀ ਸੀ। ਮਜ਼ਾਕ ਕਰਦਿਆਂ ਉਹ ਬਹੁਤ ਕਿਊਟ ਲਗਦੀ। ਇੱਕ ਦਿਨ ਕਹਿਣ ਲੱਗੀ ਇਕ ਰਾਤ ਮੈਨੂੰ ਸੱਪ ਦਾ ਸੁਪਨਾ ਆਇਆ। ਮੈਂ ਡਰਕੇ ਤੇਰੇ ਨਾਲ ਚਿੰਬੜ ਗਈ। ਤੂੰ ਕੁਝ ਹੋਰ ਹੀ ਸਮਝ ਲਿਆ। ਮੈਂ ਤੇ ਸੁੱਤੀ ਹੋਈ ਸੀ। ਤੇਰੇ ਹੱਥ ਰੀਂਗਣ ਲੱਗੇ ਮੈਂ ਸਮਝਿਆ ਸੱਪ ਰੀਂਗਦਾ ਪਿਆ ਹੈ। ਮੈਂ ਘਬਰਾ ਕੇ ਜਦ ਅੱਖ ਖੋਲ੍ਹੀ ਤਾਂ ਸੱਪ ਦੀ ਜਗ੍ਹਾ ਤੂੰ ਸੀ ਤੇ ਤੇਰਾ ਹੱਥ ਮਰੇ ਹੋਏ ਚੂਹੇ ਵਾਂਗ ਮੇਰੀ ਧੁੰਨੀ ਦੁਆਲੇ ਚੱਕਰ ਕੱਟ ਰਿਹਾ ਸੀ। ਤੈਨੂੰ ਯਾਦ ਹੈ ਰਿੱਕ, ਉਸ ਦਿਨ ਮੈਂ ਤੈਨੂੰ ਪਹਿਲੀ ਵਾਰ ਧੱਕਾ ਮਾਰਿਆ ਸੀ। ਮੇਰਾ ਖਿਆਲ ਨਹੀਂ ਯਕੀਨ ਹੈ ਰਿੱਕ ਕਿ ਹਰ ਰਾਤ ਮੇਰੇ ਸੁਪਨੇ ਵਿਚ ਆਉਣ ਵਾਲਾ ਸੱਪ ਉਦੋਂ ਹੀ ਕਿਉਂ ਆਉਂਦਾ ਸੀ ਜਦੋਂ ਮੈਂ ਤੇਰੀ ਜ਼ਬਰਦਸਤੀ ਪਾਲੀ ਹੋਈ ਖਾਹਸ਼ ਪੂਰੀ ਕਰਦੀ ਸੀ। ਪਰ ਇੱਕ ਦਿਨ ਉਸਦਾ ਡਰ ਨਿਕਲ ਗਿਆ। ਇਹ ਕੈਨੇਡੀਅਨ ਸਿਸਟਮ ਵੀ ਬਹੁਤ ਭੈੜਾ ਹੈ। ਵਾਤਾਵਰਣ



ਸੁਧਾਰਨ ਲਈ ਘਰਾਂ ਦੇ ਘਰ ਉਜਾੜ ਦਿੰਦਾ ਹੈ। ਜਿਉਂ ਜਿਉਂ ਹੀ ਉਹ ਸਿਸਟਮ ਨੂੰ ਸਮਝਦੀ ਗਈ ਮੇਰੇ ਤੋਂ ਦੂਰ ਹੁੰਦੀ ਗਈ। ਤੇ ਇੱਕ ਦਿਨ ਕਿਸੇ ਜਮੀਕੇ ਨਾਲ ਭੱਜ ਗਈ।"

"ਅੱਛਾ ਜੀ, ਹੁਣ ਮੈਂ ਕਿਚਨ ਵਿਚ ਜਾ ਰਹੀ ਹਾਂ। ਦੋ ਗੋਲੀਆਂ ਐਡਵਿਲ ਦੀਆਂ ਖਾਂਵਾਂਗੀ ਤੇ ਫਿਰ ਸੋਚਾਂਗੀ ਕਿ ਮੈਂ ਤੁਹਾਨੂੰ ਫੋਨ ਕਿਉਂ ਕੀਤਾ ਸੀ।"

"ਹਾਂ ਜੀ, ਜ਼ਰੂਰ ਮੇਰਾ ਵੀ ਹੁਣ ਲੰਚ ਟਾਇਮ ਹੋ ਗਿਆ ਹੈ। ਸੋ ਪਲੀਜ਼ ਸੋਚਣ ਲੱਗਿਆਂ ਬਿੱਲੀ ਦੀ ਅਡੌਪਸ਼ਨ ਬਾਰੇ ਵੀ ਸੋਚਣਾ।"

ਇਸ ਤੋਂ ਪਹਿਲਾਂ ਕਿ ਬਲਦੀਪ ਕੋਈ ਜੁਆਬ ਦਿੰਦੀ, ਫੋਨ ਬੰਦ ਹੋ ਗਿਆ। ਬਲਦੀਪ ਨੇ ਰਸੋਈ ਵਿਚ ਜਾ ਕੇ ਕਵਰਡ ਖੋਲਿਆ ਤੇ ਐਡਵਿਲ ਦੀਆਂ ਦੋ ਗੋਲੀਆਂ ਕਢੀਆਂ। ਹਥੇਲੀ ਤੇ ਰੱਖ, ਉਹ ਸੋਚਣ ਲੱਗੀ ਕਿ ਕਿਉਂ ਨਾ ਅੱਜ ਤਿੰਨ ਗੋਲੀਆਂ ਖਾ ਲਵਾਂ। ਉਹ ਅਜੇ ਸੋਚ ਹੀ ਰਹੀ ਸੀ ਕਿ ਫੋਨ ਦੀ ਘੰਟੀ ਫੇਰ ਵੱਜ ਪਈ। ਬਲਦੀਪ ਦੀਆਂ ਐਨਕਾਂ ਲਿਵਿੰਗ ਰੂਮ ਵਿਚ ਪਈਆਂ ਸਨ। ਜਦੋਂ ਦਾ ਉਸਦਾ ਜੱਗੇ ਨਾਲ ਝਗੜਾ ਸ਼ੁਰੂ ਹੋਇਆ ਸੀ ਉਸਨੇ ਕਦੇ ਵੀ ਬਿਨ੍ਹਾਂ ਨੰਬਰ ਦੇਖਿਆਂ ਫੋਨ ਨਹੀਂ ਚੁੱਕਿਆ ਸੀ। ਇਹ ਹਦਾਇਤ ਉਸਨੂੰ ਵਕੀਲ ਨੇ ਵੀ ਦੇ ਰੱਖੀ ਸੀ ਤੇ ਜੱਗੇ ਦੇ ਪਰੋਬੇਸ਼ਨ ਆਫੀਸਰ ਨੇ ਵੀ। ਹੁਣ ਕਿਹੜਾ ਐਨਕਾਂ ਚੁੱਕਣ ਜਾਵੇ, ਸਿਰ ਤੇ ਅੱਗੇ ਹੀ ਦੁਖੀ ਜਾਂਦਾ ਸੀ। ਉਸਨੇ ਰਸੋਈ ਵਿਚ ਪਿਆ ਫੋਨ ਚੁੱਕ ਲਿਆ। "ਹੈਲੋ..." ਉਹ ਮਾਈ ਗਾਡ ਇਹ ਤੇ ਫਿਰ ਸਿਰ ਫਿਰਾ ਬਿੱਲੀ ਵਾਲਾ ਹੀ ਸੀ, ਬੋਲਿਆ,

"ਜੀ ਮੈਂ ਤੇ ਐਲੀਵੇਟਰ ਕੋਲੋਂ ਮੁੜਕੇ ਆਇਆ ਹਾਂ। ਬਹੁਤ ਹੀ ਜ਼ਰੂਰੀ ਗੱਲ ਤੇ ਮੈਂ ਭੁੱਲ ਹੀ ਗਿਆ। ਮੇਰਾ ਚੇਤਾ ਵੀ ਅੱਜ-ਕੱਲ ਭੈੜਾ ਹੁੰਦਾ ਜਾਂਦਾ ਹੈ। ਦੇਖੋ ਮੇਰੇ ਲੰਚ ਟਾਇਮ ਦੇ ਦੋ ਮਿੰਟ ਖਰਚ ਵੀ ਹੋ ਗਏ ਤੇ ਮੈਂ ਅਜੇ ਵੀ ਸਰਕਾਰੀ ਕੰਮ ਕਰੀ ਜਾਂਦਾ ਹਾਂ। ਇਹੋ ਤੇ ਸਾਡਾ ਕੈਨੇਡੀਅਨ ਦਾ ਨੈਸ਼ਨਲ ਕਰੈਕਟਰ ਹੈ।"

"ਜੀ ਕੋਔਰਡੀਨੇਟਰ ਸਾਹਬ ਬੋਲੋ, ਹੁਣ ਕੀ ਤਕਲੀਫ ਹੈ?" ਬਲਦੀਪ ਖਿਝ ਕੇ ਬੋਲੀ।

"ਜੀ ਮੈਂ ਤੁਹਾਡੀ ਸ਼ਿਕਾਇਤ ਲਿਖਣੀ ਸ਼ੁਰੂ ਹੀ ਕੀਤੀ ਸੀ ਕਿ ਲੰਚ ਟਾਇਮ ਹੋ ਗਿਆ। ਹੁਣ ਆ ਕੇ ਲਿਖਾਂਗਾ, ਤੁਸੀਂ ਜਿਸ ਸੱਪ ਦਾ ਜ਼ਿਕਰ ਕੀਤਾ ਹੈ ਉਹ ਕਿਸ ਰੰਗ ਦਾ ਸੀ। ਸਾਈਜ਼ ਨੂੰ ਛਡੋ, ਉਹ ਮੈਂ ਆਪੇ ਸਾਰ ਲਵਾਂਗਾ।"

"ਕਿਉਂ ਜੀ, ਰੰਗ ਨਾਲ ਕੀ ਫਰਕ ਪਵੇਗਾ?"

"ਗੱਲ ਇਸ ਤਰ੍ਹਾਂ ਹੈ ਕਿ ਇਸ ਸ਼ਿਕਾਇਤ ਦੀ ਇੱਕ ਕਾਪੀ, ਵਰਲਡ ਹੈਲਥ ਔਰਗਨਾਈਜੇਸ਼ਨ ਨੂੰ ਵੀ ਜਾਣੀ ਹੈ। ਉਨ੍ਹਾਂ ਦਾ ਰੰਗ ਦਾ ਖਾਨਾ ਬਹੁਤ ਜ਼ਰੂਰੀ ਹੈ। ਉਹ ਭਾਵੇਂ ਸੱਪ ਹੋਵੇ ਜਾਂ ਇਨਸਾਨ। ਉਨ੍ਹਾਂ ਨੇ ਕੇਸ ਤਿਆਰ ਕਰਕੇ ਅੱਗੇ ਮੋਨਿਟਰੀ ਫੰਡ ਵਾਲਿਆਂ ਨੂੰ ਭੇਜਣਾ ਹੁੰਦਾ ਹੈ। ਰੰਗ ਤੋਂ ਬਗੈਰ ਫੰਡ ਰਲੀਜ਼ ਨਹੀਂ ਹੋਣਗੇ।"

"ਜੀ ਮੈਂ ਤੁਹਾਡੀ ਗੱਲ ਸਮਝ ਗਈ। ਹੁਣ ਤੁਸੀਂ ਇਹ ਦਸੋ ਕਿ ਮੈਨੂੰ ਇਸ ਸ਼ਿਕਾਇਤ ਕਰਨ ਦੀ ਕਿਤਨੀ ਕਮਿਸ਼ਨ ਮਿਲੇਗੀ?"

"ਮੈਂ ਸਮਝਿਆ ਨਹੀਂ।"

"ਗੱਲ ਸਿੱਧੀ ਹੈ। ਮੋਨਿਟਰੀ ਫੰਡ ਵਿਚੋਂ ਜਿਹੜਾ ਮਾਲ ਮਿਲੇਗਾ। ਕੀ ਉਹ ਸਾਰਾ ਬਿੱਲੀਆਂ ਨੂੰ ਹੀ ਖਵਾ ਦੇਵੋਗੇ? ਇਨਸਾਨ ਨੂੰ ਕੁਝ ਤੇ ਦੇਵੋ।"

"ਮੈਂ ਤੁਹਾਡਾ ਮਤਲਬ ਸਮਝ ਗਿਆ ਹਾਂ। ਪਰ ਇਹ ਸਾਡਾ ਡਿਪਾਰਟਮੈਂਟ ਨਹੀਂ ਹੈ। ਲੌਬੀ ਮਹਿਕਮਾ ਐਕਜ਼ੈਕਟਿਵ ਕੈਟੇਗਰੀ ਵਿਚ ਨਹੀਂ ਆਉਂਦਾ, ਨਾ ਹੀ ਜੁਡੀਸ਼ਰੀ ਇਸ ਵਿਚ ਦਖਲ ਦੇ

ਸਕਦੀ ਹੈ। ਇਹ ਅਸਲ ਵਿਚ ਲੈਜਿਸਲੇਟਿਵ ਵਾਲਿਆਂ ਦਾ ਕੰਮ ਹੈ ਤੇ ਉਹ ਸਿੱਧਾ ਸਰਕਾਰ ਦੇ ਅਧੀਨ ਹਨ, ਜਿਵੇਂ ਸਾਡੇ ਸਰ।"

"ਮੈਨੂੰ ਰੰਗ ਦਾ ਪਤਾ ਨਹੀਂ। ਇਹ ਸੱਪ ਮੈਂ ਨਹੀਂ ਮੇਰੇ ਬੱਚਿਆਂ ਨੇ ਵੇਖਿਆ ਸੀ। ਕੋਈ ਹਰਾ ਤੇ ਕੋਈ ਭੂਰਾ ਕਹੀ ਜਾਂਦਾ ਹੈ।"

"ਤੁਸੀਂ ਰੰਗ ਦਾ ਪਤਾ ਕਰੋ ਜੀ, ਇਹ ਤੁਹਾਡੀ ਦੇਸ਼ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ। ਮੈਂ ਤੁਹਾਨੂੰ ਕੱਲ ਫਿਰ ਫੋਨ ਕਰਾਂਗਾ। ਤੁਸੀਂ ਵਲੰਨਟੈਰਲੀ ਮਦਦ ਕਰੋ, ਵਰਨਾ ਇੱਕ ਖਤਰਨਾਕ ਜੀਵ ਵੇਖਕੇ ਸਰਕਾਰ ਦਾ ਸਾਥ ਨਾ ਦੇਣ ਲਈ ਤੁਹਾਡੇ ਤੇ ਮੁਕਦਮਾ ਚਲ ਸਕਦਾ ਹੈ। ਯੂ ਹੈਵ ਟੂ ਕੰਮਪਲੇਟ ਐਂਡ ਪਰੋਵਾਈਡ ਫੁਲ ਡਿਟੇਲ।"

"ਠੀਕ ਹੈ।" ਕਹਿ ਕੇ ਬਲਦੀਪ ਨੇ ਫੋਨ ਰੱਖ ਦਿੱਤਾ। ਉਸਨੇ ਤਿੰਨ ਗੋਲੀਆਂ ਦਾ ਫੱਕਾ ਮਾਰਿਆ ਤੇ ਸੋਚਣ ਲੱਗੀ ਕਿ ਵਾਕਿਆ ਹੀ ਇਹ ਸਾਰਾ ਕੁਝ ਮਜ਼ਾਕ ਨਹੀਂ ਸੀ। ਜੱਗੇ ਨੇ ਭਾਵੇਂ ਮਜ਼ਾਕ ਕੀਤਾ ਸੀ ਪਰ ਬਾਅਦ ਵਿਚ ਉਸਨੇ ਸੌਰੀ ਵੀ ਕਿਹਾ ਸੀ ਪਰ ਸਰਕਾਰੂ ਬੰਦਾ ਤਾਂ ਸਮਨ ਭੇਜਣ ਨੂੰ ਤਿਆਰ ਬੈਠਾ ਹੈ। ਸੱਪ ਦਾ ਵਹਿਮ ਪਾ ਕੇ ਨਿਆਂਣੇ ਛੁੱਟੀਆਂ ਕੱਟਣ ਚਲੇ ਗਏ। ਹਫਤੇ ਨੂੰ ਮੁੜਨਗੇ, ਕਿਹਾ ਤੇ ਨਹੀਂ ਪਰ ਲਗਦੈ ਜਿਵੇਂ ਜਾਣ ਤੋਂ ਪਹਿਲਾਂ ਕਹਿ ਰਹੇ ਹੋਣ, ਮੌਮ ਸਾਡੇ ਆਉਣ ਤਕ ਸੱਪ ਦਾ ਕੁਝ ਕਰੀਂ। ਮਾਰ ਦੇਵੀ ਜੇ ਮੌਕਾ ਲੱਗਿਆ। ਸਾਡੇ ਦੇਸ਼ ਵਿਚ ਨਹੀਂ ਰਿਵਾਜ ਦੁੱਧ ਪਿਆਉਣ ਦਾ। ਨਾਲੇ ਹਿਉਮੇਨ ਸੁਸਾਇਟੀ ਨੂੰ ਫੋਨ ਜ਼ਰੂਰ ਕਰ ਦੇਵੀ। ਅਸੀਂ ਨਹੀਂ ਚਾਹੁੰਦੇ ਇਹ ਸੱਪ ਐਵੇਂ ਅਵਾਰਾ ਤੁਰਿਆ ਫਿਰੇ।

ਬਲਦੀਪ ਨੇ ਗੋਲੀਆਂ ਖਾ ਕੇ ਦੋਚਿੱਤੀ ਸਹੇੜ ਲਈ। ਚਾਹ ਬਣਾਵੇ ਜਾਂ ਘੜੀ ਪੈ ਜਾਵੇ। ਚਾਹ ਵਿਚ ਖੰਡ ਪਾਵੇ ਜਾਂ ਗੁੜ। ਜੇ ਖੰਡ ਹੀ ਪਾਉਣੀ ਹੈ ਤਾਂ ਹੁਣ ਕਿਤਨੀ ਪਾਇਆ ਕਰੇ ! ਅੱਗੇ ਜਿਤਨੀ ਤੇ ਹੁਣ ਪਚਦੀ ਹੀ ਨਹੀਂ। ਫੋਨ ਵੱਜਿਆ ਤੇ ਉਸਨੇ ਫੋਨ ਵੱਲ ਰੁਖ ਕਰ ਲਿਆ। ਸਕਰੀਨ ਦਿਸ ਨਹੀਂ ਰਹੀ ਸੀ। ਫੋਨ ਦੀ ਰਿੰਗ ਬੈਕ ਗਰਾਉਂਡ ਸੰਗੀਤ ਬਣ ਗਿਆ ਤੇ ਉਹ ਐਨਕਾਂ ਲੱਭਣ ਰੁਝ ਗਈ। ਆਖਰ ਸੋਫੇ ਤੇ ਹੱਥ ਮਾਰਦਿਆਂ ਮਿਲ ਹੀ ਗਈ। ਉਸਨੇ ਕਾਹਲੀ ਨਾਲ ਲਾਈਆਂ ਤੇ ਫੋਨ ਵੱਲ ਵਧੀ। ਅਜੇ ਦੋ ਕਦਮ ਰਹਿੰਦੇ ਹੀ ਸਨ ਕਿ ਫੋਨ ਦਾ ਸੰਗੀਤ ਬੰਦ ਹੋ ਗਿਆ। ਇਹੋ ਜੇਹੀਆਂ ਨਿੱਕੀਆਂ ਹਾਰਾਂ ਨਾਲ ਹੀ ਪ੍ਰੇਸ਼ਾਨ ਹੋ ਜਾਂਦੀ ਸੀ ਬਲਦੀਪ ਅੱਜ ਕੱਲ। ਸਕਰੀਨ ਤੇ ਫੋਨ ਨੰਬਰ ਅਨ-ਨੋਨ ਸੀ, ਹੁਣ ਕੀ ਪਤਾ ਲੱਗੇ ਕਿ ਕਿਸਦਾ ਹੈ? ਉਹ ਹਾਰ ਕੇ ਫੋਨ ਹੱਥ ਵਿਚ ਹੀ ਫੜੀ ਸੋਫੇ ਤੇ ਬੈਠ ਗਈ। ਉਸਨੇ ਮੱਥਾ ਫੜ ਲਿਆ। ਲੱਤਾਂ ਸੋਫੇ ਤੇ ਕਰ ਲਈਆਂ, ਮਤੇ ਸੱਪ ਲਿਵਿੰਗ ਰੂਮ ਵਿਚ ਹੀ ਨਾ ਆ ਗਿਆ ਹੋਵੇ। ਗੱਦੀ ਫੜ ਉਸਨੇ ਸੋਫੇ ਦੀ ਢੋਅ ਨਾਲ ਲਾ ਕੇ ਹੱਥ ਮਾਰਿਆ ਜਿਵੇਂ ਘੱਟਾ ਝਾੜ ਰਹੀ ਹੋਵੇ ਪਰ ਘੱਟਾ ਤੇ ਕਿਤੇ ਹੈ ਹੀ ਨਹੀਂ ਸੀ। ਨਵੀਂ ਤੇ ਵਧੀਆ ਗੱਦੀ ਸੀ। ਸੋਫੇ ਨਾਲ ਮਿਲਦੀ ਜੁਲਦੀ। ਬਲਦੀਪ ਨੇ ਅਜੇ ਦੋ ਮਹੀਨੇ ਪਹਿਲਾਂ ਹੀ ਖਰੀਦੀ ਸੀ। ਉਦੋਂ ਇਸਦੇ ਰੰਗ ਨੂੰ ਜੱਗੇ ਨੇ ਹੀ ਪਸੰਦ ਕੀਤਾ ਸੀ। ਦਿਲ ਰਖਾਈ ਲਈ ਬਲਦੀਪ ਨੇ ਲੈ ਲਈ ਵਰਨਾ ਉਸਨੂੰ ਫਲੈਟ ਰੰਗੀ ਗੱਦੀ ਪਸੰਦ ਨਹੀਂ ਸੀ। ਲੱਤਾਂ ਸਿੱਧੀਆਂ ਕਰਦਿਆਂ ਉਸਨੇ ਮਹਿਸੂਸ ਕੀਤਾ ਕਿ ਗੋਲੀਆਂ ਨੇ ਅਸਰ ਕਰਨਾ ਸ਼ੁਰੂ ਕਰ ਦਿੱਤਾ ਸੀ। ਚਟਾਕੇ ਪੈਣੇ ਹਟ ਗਏ ਸਨ। ਉਸਨੇ ਹਿੰਮਤ ਕੀਤੀ ਤੇ ਲਪਕ ਕੇ ਖੇਸੀ ਚੁੱਕ ਲਈ ਜੋ ਨਾਲ ਦੀ ਲਵ ਸੀਟ ਤੇ ਪਈ ਸੀ। ਤਹਿ ਖੋਲੀ ਤੇ ਚਾਹ ਦਾ ਖਿਆਲ ਵਿਸਾਰਦਿਆਂ ਆਪਣੇ ਉੱਤੇ ਲੈ ਗਈ। ਮੂੰਹ ਢਕੇ ਕਿ ਨਾ। ਇੱਕ ਨਵੀਂ ਸੋਚ ਸ਼ੁਰੂ ਹੋ ਗਈ। ਡੱਬੀਆਂ ਵਾਲੀ ਖੇਸੀ ਬੇਜਾਨ ਸੀ, ਇਸਨੂੰ ਕੋਈ ਫਰਕ ਨਹੀਂ ਪੈਣਾ ਸੀ। ਭਾਵੇਂ ਮੂੰਹ ਢਕ ਲਵੇ ਤੇ ਭਾਵੇਂ ਢਕਿਆ ਮੂੰਹ ਵੀ ਨੰਗਾ ਕਰ ਲਵੋ। ਸੌ ਤੋਂ ਵੀ ਉੱਤੇ ਸਾਲ ਹੋ ਗਏ ਹਨ



ਇਸਨੂੰ ਬਣਿਆ। ਮਾਂ ਨੇ ਸਾਰੀ ਉਮਰ ਵਰਤੀ ਹੀ ਨਹੀਂ। ਪੇਟੀ ਵਿਚ ਹੀ ਪਈ ਰਹੀ। ਕਦੇ ਕਦੇ ਹਵਾ ਲਵਾਉਣ ਲਈ ਮਾਂ ਕਢ ਲੈਂਦੀ ਤੇ ਫਿਰ ਤਹਿ ਲਾ ਦਿੰਦੀ। ਹੁਣ ਇਹ ਪਤਾ ਨਹੀਂ ਕਿ ਨਾਨੀ ਵੀ ਇਸ ਤਰ੍ਹਾਂ ਹੀ ਕਰਿਦੀ ਸੀ ਜਾਂ ਉਹਦਾ ਕੋਈ ਹੋਰ ਤਰੀਕਾ ਸੀ। ਬਲਦੀਪ ਨੇ ਇਸਨੂੰ ਵਰਤਣਾ ਸ਼ੁਰੂ ਕਰ ਦਿੱਤਾ ਸੀ। ਇਹ ਹੁਣ ਨਵੀਂ ਨਹੀਂ ਰਹੀ ਸੀ। ਧੋ ਵੀ ਪੈ ਚੁੱਕੇ ਸਨ। ਬਲਦੀਪ ਦਾ ਨਹੀਂ ਖਿਆਲ ਕਿ ਉਹ ਇਸਨੂੰ ਆਪਣੀ ਕੁੜੀ ਨੂੰ ਦੇ ਸਕਦੀ ਹੈ ਜਾਂ ਨਹੀਂ। ਲਗਦੈ ਖੇਸੀ ਦੀ ਮੁਨਿਆਦ ਬਲਦੀਪ ਨਾਲ ਹੀ ਮੁੱਕ ਜਾਵੇਗੀ।

'ਅੱਜ ਦੋ ਮਹੀਨੇ ਤੋਂ ਉੱਪਰ ਹੋ ਚੁੱਕੇ ਹਨ ਜੱਗੇ ਨੂੰ ਘਰੋਂ ਗਿਆਂ।' ਚੰਗੀ ਭਲੀ ਨਿੱਸਲ ਹੋਈ ਬਲਦੀਪ ਉਬੜਵਾਹੇ ਜਾਗ ਪਈ। ਬੇਸਮੈਂਟ ਵਿਚੋਂ ਡਰਾਇਰ ਦੀ ਅਵਾਜ਼ ਆ ਰਹੀ ਸੀ। ਇਹ ਅਵਾਜ਼ ਉਸਨੂੰ ਸੋਫੇ ਦੇ ਥਲਿਉਂ ਸੁਣਾਈ ਦਿੱਤੀ। ਪਾਸਾ ਪਰਤਦਿਆਂ ਉਸਨੂੰ ਸੱਪ ਦਾ ਭਰਮ ਯਾਦ ਆਇਆ ਪਰ ਉਸਨੇ ਬੇਪਰਵਾਹ ਹੋ ਕੇ ਪਾਸਾ ਲੈ ਲਿਆ। ਗੱਲ ਕਾਫੀ ਵਿਗੜ ਚੁੱਕੀ ਸੀ। ਕੀ ਇਹਦਾ ਕੋਈ ਹਲ ਨਹੀਂ? ਬਲਦੀਪ ਨੇ ਪਈ ਪਈ ਨੇ ਸੋਚਿਆ ਤੇ ਆਪਣਾ ਮੂੰਹ ਨੰਗਾ ਕਰ ਲਿਆ। ਕਿਉਂ ਨਹੀਂ ਮੋਹ ਆਉਂਦਾ ਉਸਨੂੰ ਵੀ ਆਪਣੇ ਨਿਆਣਿਆਂ ਦਾ? ਕੁੜੀ ਹੁਣ ਛੇਵੀਂ ਜਮਾਤ ਵਿਚ ਹੋ ਗਈ ਹੈ ਤੇ ਮੁੰਡਾ ਛੁੱਟੀਆਂ ਤੋਂ ਬਾਅਦ ਹਾਈ ਸਕੂਲ ਚਲੇ ਜਾਵੇਗਾ। ਕਿਉਂ ਉਹ ਇਹ ਸੋਚਦੀ ਹੈ ਕਿ ਇਹ ਕਦੋਂ ਜੁਆਨ ਹੋਣ ਤੇ ਉਹ ਵੇਹਲੀ ਹੋਵੇ। ਵੇਹਲੀ ਹੋਣ ਦੀ ਉਸਨੂੰ ਕਾਹਲ ਕਿਉਂ ਹੈ? ਕੀ ਕਰੇਗੀ ਵੇਹਲੀ ਹੋ ਕੇ? ਕੀ ਵੇਹਲਾ ਹੋਣਾ ਇਤਨਾ ਹੀ ਜ਼ਰੂਰੀ ਹੈ, ਜਿਤਨਾ ਉਹ ਸੋਚਦੀ ਹੈ। ਸਾਰਾ ਕੁਝ ਬੇਹਾ ਜਿਹਾ ਕਿਉਂ ਹੈ?

ਉਸਨੂੰ ਤੇ ਸੁਹਾਗ ਰਾਤ ਨੂੰ ਵੀ ਕਾਹਲੀ ਸੀ ਕਦੋਂ ਬੀਤੇ? ਜੱਗਾ ਵੀ ਖੁਸ਼ ਨਹੀਂ ਸੀ ਲਗਦਾ। ਉਸਨੂੰ ਇਹ ਵਹਿਮ ਸੀ ਕਿ ਸੁਹਾਗ ਰਾਤ ਵਾਲਾ ਕਮਰਾ ਕਿਸੇ ਤਸੀਹਾ ਘਰ ਨਾਲੋਂ ਘੱਟ ਨਹੀਂ ਹੋਵੇਗਾ ਪਰ ਉਸਦਾ ਵਹਿਮ ਗਲਤ ਨਿਕਲਿਆ। ਜੱਗੇ ਨੇ ਐਸੀ ਕੋਈ ਵੀ ਗੱਲ ਨਹੀਂ ਸੀ ਕੀਤੀ ਜੋ ਵਪਾਰੀ ਕਰਦੇ ਹਨ। ਉਸਨੂੰ ਲੋੜ ਵੀ ਕੀ ਸੀ ਵਪਾਰੀਆਂ ਵਾਂਗ ਗੱਲ ਕਰਨ ਦੀ? ਗੱਲ ਤਾਂ ਸਗੋਂ ਬਲਦੀਪ ਨੂੰ ਕਰਨੀ ਚਾਹੀਦੀ ਸੀ। ਮਹਿੰਗੇ ਭਾਅ ਖਰੀਦਿਆ ਪਸ਼ੂ ਚੁਣ ਕੇ ਲਈਦਾ ਹੈ ਪਰ ਬਲਦੀਪ ਦੇ ਕਰਮਾਂ ਵਿਚ ਇਹ ਚੋਣ ਨਹੀਂ ਸੀ। ਬਸ ਉਹੋ 'ਡੀਮਾਂਡ ਐਂਡ ਸਪਲਾਈ' ਵਾਲੀ ਗੱਲ ਸੀ। ਬੋਲੀਆਂ ਪਾਉਣ ਵਾਲੇ ਢੋਲ ਵਜਾ ਵਜਾ ਦਨਦਨਾਉਂਦੇ ਫਿਰਦੇ ਸਨ। ਸੁਹਾਗ ਰਾਤ ਵਾਲੇ ਦਿਨ ਉਹ ਮੋਟਲ ਦੇ ਕਮਰੇ ਵਿਚ ਸੀ, ਸਾਰਾ ਕਮਰਾ ਕਾਗਜ਼ੀ ਫੁੱਲਾਂ ਨਾਲ ਸਜਾਇਆ ਗਿਆ ਸੀ। ਬਹਿਰਾ ਗਰਮ ਹੋਮੋ ਮਿਲਕ ਦਾ ਜੱਗ ਭਰਕੇ ਰੱਖ ਗਿਆ ਸੀ। ਉਹ ਕਾਗਜ਼ੀ ਲੜੀਆਂ ਵਾਲੇ ਬੈੱਡ ਤੇ ਪਈ, ਹੋਣ ਵਾਲੀ ਹੋਣੀ ਬਾਰੇ ਸੋਚ ਰਹੀ ਸੀ। ਕੰਨਾਂ ਵਿਚ ਪਏ ਝੁਮਕੇ, ਮੱਥੇ 'ਤੇ ਟਿੱਕਾ, ਪੈਰੀਂ ਝਾਂਜਰਾਂ ਗਲ ਵਿਚ ਨੈਕਲਸ, ਵੀਣੀ ਚੂੜੇ ਨਾਲ ਭਰੀਆਂ ਹੋਈਆਂ, ਹੱਥਾਂ ਤੇ ਮੈਂਹਦੀ ਤੇ ਪਿੰਡੇ ਵਿਚੋਂ ਵਟਣੇ ਦੀ ਖ਼ੁਸ਼ਬੋ ਅਜੇ ਤੱਕ ਆ ਰਹੀ ਸੀ। ਕਿਸ ਤਰ੍ਹਾਂ ਢੂੰਡੇਗੀ ਉਹ ਆਪਣੇ ਅੰਦਰ ਦੇ ਮਰਦ ਨੂੰ? ਉਹ ਪਤਾ ਨਹੀਂ ਪੁੱਛ ਰਹੀ ਸੀ ਕਿ ਦਸ ਰਹੀ ਸੀ ਆਪਣੇ ਆਪੇ ਨੂੰ। ਕੀ ਮੇਰੀਆਂ ਝਾਂਜਰਾਂ ਖੋਲ੍ਹਣ ਦਾ ਵਕਤ ਹੋਵੇਗਾ ਜੱਗੇ ਕੋਲ? ਕਿਉਂ ਨਹੀਂ ਹੋਵੇਗਾ? ਮੈਂ ਆਪ ਕਹਾਂਗੀ, ਨਹੀਂ ਖੋਲੇਗਾ ਤਾਂ... ਸਾਡੀ ਰਕਮ ਖਰਚ ਹੋਈ ਹੈ।

ਜੱਗਾ ਕਮਰੇ ਵਿਚ ਆ ਗਿਆ ਸੀ। ਆਸ ਤੋਂ ਉਲਟ, ਉਸਨੇ ਬੈੱਡ ਕੋਲ ਪਈ ਕੁਰਸੀ ਖਿਚ ਲਈ ਤੇ ਬੈਠ ਗਿਆ। ਬਲਦੀਪ ਚੁੱਪ ਸੀ। ਉਸਨੂੰ ਚੁੱਪ ਹੀ ਰਹਿਣਾ ਚਾਹੀਦਾ ਸੀ। ਸੰਸਕਾਰ ਇਹੋ ਕਹਿੰਦੇ ਸਨ। ਚੁੱਪ ਲੰਮੀ ਹੋਈ ਜਾ ਰਹੀ ਸੀ। ਅੱਗ ਤੇ ਘਿਉ ਦੋਵੇਂ ਹੀ ਫਰੀਜ਼ ਸਨ। ਆਖਰ ਲੰਮੀ ਚੁੱਪ ਤੋਂ ਬਾਅਦ ਜੱਗਾ ਬੋਲਿਆ, "ਬਲਦੀਪ, ਚੰਗਾ ਹੋਇਆ ਕੰਮ ਮੁਕ ਗਿਆ, ਸਾਰਾ ਕੁਝ ਠੀਕ ਠਾਕ ਹੋ ਗਿਆ।" ਬਲਦੀਪ ਨੂੰ ਹੈਰਾਨੀ ਵੀ ਹੋਈ ਕਿ ਜੱਗਾ ਬਿਲਕੁਲ ਨਾਰਮਲ ਸੀ ਤੇ ਉਸਨੇ ਕੋਈ ਦਾਰੂ ਵਗੈਰਾ ਵੀ

ਨਹੀਂ ਪੀਤੀ ਹੋਈ ਸੀ, ਵਰਨਾ ਜਿਸ ਤਰ੍ਹਾਂ ਦਾ ਮਾਹੌਲ ਸੀ, ਹਰ ਕੋਈ ਰੱਜਿਆ ਹੋਇਆ ਤੁਰਿਆ ਫਿਰਦਾ ਸੀ। ਫਿਰ ਇਹ ਕਿਵੇਂ ਬਚ ਗਿਆ? ਚਲੋ ਚੰਗਾ ਚੰਗਾ ਹੀ ਹੋਇਆ ਜੇ ਨਹੀਂ ਪੀਤੀ, ਬਲਦੀਪ ਨੇ ਸੋਚ ਤੇ ਲਿਆ ਪਰ ਬੋਲੀ ਨਾ। ਜੱਗੇ ਨੂੰ ਵੀ ਇਹੋ ਆਸ ਸੀ ਕਿ ਬਲਦੀਪ ਨੇ ਛੇਤੀ ਕਿਤੇ ਬੋਲਣਾ ਨਹੀਂ। ਉਸਨੇ ਆਪ ਹੀ ਫਿਰ ਗੱਲ ਸ਼ੁਰੂ ਕੀਤੀ, "ਬਲਦੀਪ ਚਲ ਉੱਠਕੇ ਕਪੜੇ ਬਦਲ ਲੈ। ਬਾਹਰ ਚਲਦੇ ਹਾਂ ਕਿਤੇ ਕਾਫੀ ਪੀ ਕੇ ਆਉਂਦੇ ਹਾਂ।" ਬਲਦੀਪ ਨੇ ਸੁੱਖ ਦਾ ਸਾਹ ਲਿਆ, ਹੁਣ ਉਸਨੂੰ ਕੁਝ ਚੰਗਾ ਲੱਗਣ ਲੱਗ ਪਿਆ ਸੀ। ਮਨ 'ਤੇ ਪਏ ਬੋਝ ਨੇ ਵੀ ਕੁਝ ਰਾਹਤ ਮਹਿਸੂਸ ਕੀਤੀ। ਸ਼ਾਇਦ ਕੁਝ ਕਹਿਣਾ ਚਾਹੁੰਦਾ ਹੋਵੇ। ਹਿੰਦੀ ਫਿਲਮਾਂ ਵਾਂਗ ਹੀ ਕੁਝ ਸਸਪੈਂਸ ਨਿਕਲ ਆਵੇ। ਅਸੀਂ ਵੀ ਵਾਇਦਾ ਪੂਰਾ ਕਰ ਦਿੱਤਾ ਹੈ, ਹੁਣ ਤੂੰ ਅਜ਼ਾਦ ਹੈ! ਆਖਰ ਲਗਦੈ ਤਾਂ ਇਨਸਾਫ ਪਸੰਦ ਹੀ ਹੈ, ਵਰਨਾ ਰਕਮ ਤੇ ਸਾਡੀ ਖਰਚ ਹੋਈ ਸੀ ਤੇ ਹੱਥ ਉੱਪਰ ਮੁੰਡੇ ਵਾਲਿਆਂ ਦਾ ਹੀ ਸੀ।

ਬਲਦੀਪ ਨੇ ਕੋਈ ਉਜਰ ਨਹੀਂ ਕੀਤਾ ਤੇ ਵਾਸ਼ਰੂਮ ਜਾ ਕੇ ਵਿਆਹ ਵਾਲੇ ਸਾਰੇ ਭਾਰੇ ਕਪੜੇ ਲਾਹ ਕੇ ਹਲਕਾ ਜਿਹਾ ਚਿੱਟਾ ਕੁੜਤਾ ਤੇ ਜੀਨ ਪਾ ਲਈ। ਗਹਿਣੇ ਲਾਹ ਕੇ ਪਰਸ ਵਿਚ ਪਾ ਲਏ। ਬਾਹਰ ਆ ਕੇ ਜੱਗੇ ਨਾਲ ਸਭ ਤੋਂ ਪਹਿਲੀ ਗੱਲ ਸਾਂਝੀ ਕਰਦਿਆਂ ਬੋਲੀ, "ਜੀ ਗਹਿਣੇ ਪਰਸ ਵਿਚ ਪਾਏ ਹਨ, ਇਹ ਨਾਲ ਲੈ ਚਲੀਏ ਕਿ ਇੱਥੇ ਕਮਰੇ ਵਿਚ ਹੀ ਸੇਫ ਹਨ? "

"ਇੱਥੇ ਹੀ ਰਹਿਣ ਦੇਵੋ, ਕੋਈ ਹਰਜ ਨਹੀਂ।"

'ਤੈਨੂੰ ਕਾਹਦਾ ਹਰਜ ਹੋਣਾ ਹੈ, ਤੇਰੀ ਕਿਹੜੀ ਦਵਾਨੀ ਲੱਗੀ ਹੈ ਇਨ੍ਹਾਂ 'ਤੇ।' ਬਲਦੀਪ ਨੇ ਸੋਚਦਿਆਂ ਪਰਸ ਨੂੰ ਸਿਰਹਾਣੇ ਥੱਲੇ ਰੱਖ ਦਿੱਤਾ ਤੇ ਬੋਲੀ, "ਤੁਰੋ ਮੈਂ ਤਿਆਰ ਹਾਂ।"

"ਤੁਸੀਂ ਬੈਠੋ ਪੰਜ ਮਿੰਟ ਜ਼ਰਾ, ਮੈਂ ਵੇਖ ਕੇ ਆਵਾਂ ਕਿ ਬਿੱਟੂ ਹੁਣੀ ਚਲੇ ਗਏ ਹਨ ਕਿ ਅਜੇ ਕਾਰ ਵਿਚ ਬੈਠੇ ਹਨ।" ਜੱਗਾ ਬਲਦੀਪ ਦਾ ਉੱਤਰ ਸੁਣੇ ਬਗੈਰ ਹੀ ਬਾਹਰ ਨਿਕਲ ਗਿਆ। ਬਲਦੀਪ ਨੇ ਖਿੜਕੀ ਵਿਚੋਂ ਬਾਹਰ ਝਾਕਿਆ। ਸਾਰਾ ਸ਼ਹਿਰ ਜਗਮਗਾ ਰਿਹਾ ਸੀ। ਕਿਤਨੀ ਬਿਜਲੀ ਹੈ ਇਸ ਸ਼ਹਿਰ ਵਿਚ, ਕੋਈ ਘਰ ਵੀ ਹਨੇਰੇ ਵਿਚ ਨਹੀਂ ਦਿਸਦਾ। ਇਸਤੋਂ ਪਹਿਲਾਂ ਕਿ ਬਲਦੀਪ ਕੁਝ ਹੋਰ ਸੋਚਦੀ ਜੱਗਾ ਵਾਪਸ ਆ ਗਿਆ ਤੇ ਬੋਲਿਆ, "ਹੋ ਗਏ ਦਫਾ, ਚਲ ਆ ਚਲੀਏ।"

ਉਹ ਦੋਵੇਂ ਐਲੀਵੇਟਰ ਲੈ ਕੇ ਥੱਲੇ ਆ ਗਏ। ਐਲੀਵੇਟਰ ਵਿਚ ਉਹ ਦੋਵੇਂ ਸਨ। ਨਵਾਂ ਵਿਆਹਿਆ ਜੋੜਾ, ਪਰ ਉਨ੍ਹਾਂ ਦੇ ਗੱਲ ਤਾਂ ਕੀ ਕਰਨੀ ਸੀ ਇੱਕ ਦੂਜੇ ਵੱਲ ਵੇਖਿਆ ਤਕ ਵੀ ਨਹੀਂ। ਜਿਵੇਂ ਬਸ ਥੱਲੇ ਪਹੁੰਚਣ ਦਾ ਇੰਤਜ਼ਾਰ ਕਰਦੇ ਹੋਣ। ਪਾਰਕਿੰਗ ਲਾਟ ਵਿਚ ਜੱਗੇ ਦੀ ਕਾਰ ਖੜੀ ਸੀ। ਬਿੱਟੂ ਹੁਣੀਂ ਇਨ੍ਹਾਂ ਲਈ ਛੱਡ ਗਏ ਸਨ, ਤਾਂ ਕਿ ਅਗਲੇ ਦਿਨ ਉਹ ਘਰ ਆ ਸਕਣ। ਪਹਿਲੀ ਵਾਰ ਜੱਗੇ ਨੇ ਰਸਮ ਨਿਭਾਈ ਤੇ ਕਾਰ ਦਾ ਡੋਰ ਖੋਲਕੇ ਬਲਦੀਪ ਨੂੰ ਥੋੜਾ ਝੁੱਕ ਕੇ ਅੰਦਰ ਬੈਠਣ ਲਈ ਕਿਹਾ।

ਕਾਰ ਵਿਚ ਫਿਰ ਘੁਟਣ ਸੀ। ਕੋਈ ਗੱਲ ਨਹੀਂ, ਜੱਗਾ ਚੁਪ ਚਾਪ ਕਾਰ ਚਲਾ ਰਿਹਾ ਸੀ। ਅੱਧੇ ਘੰਟੇ ਤੋਂ ਵੀ ਉੱਤੇ ਹੋ ਗਿਆ ਸੀ ਡਰਾਈਵ ਕਰਦੇ ਨੂੰ ਪਰ ਜੱਗਾ ਮਸਤ ਸੀ ਜਿਵੇਂ ਉਸਨੇ ਕਿਤੇ ਦੂਰ ਜਾਣਾ ਹੋਵੇ। ਸ਼ਹਿਰ ਕਦੋਂ ਦਾ ਪਿੱਛੇ ਰਹਿ ਗਿਆ ਸੀ। ਹੁਣ ਤੇ ਹਾਇਵੇ ਤੇ ਸਿਰਫ ਕਾਰਾਂ ਦੀਆਂ ਲਾਇਟਾਂ ਹੀ ਸਨ। ਪੰਦਰਾਂ ਕੁ ਮਿੰਟ ਹੋਰ ਚਲਾ ਕੇ ਜੱਗੇ ਨੇ ਐਗਜ਼ਿਟ ਲੈ ਲਿਆ ਤੇ ਰੈਂਪ ਤੋਂ ਖੱਬੇ ਮੋੜ ਲਿਆ। ਸਾਇਨ ਪੜ੍ਹਨ 'ਤੇ ਬਲਦੀਪ ਨੂੰ ਪਤਾ ਲੱਗਾ ਇਹ ਹਾਇਵੇ ਪੰਦਰਾਂ ਤੇ ਹਾਇਵੇ ਨਾਇਨਟੀ ਦਾ ਸਾਂਝਾ ਮਾਰਗ ਸੀ। ਪੰਜ ਕੁ ਮਿੰਟ ਹੋਰ ਕਾਰ ਚਲਾਉਣ ਤੋਂ ਬਾਅਦ ਸੱਜੇ ਹੱਥ ਹੀ ਟਿਮ ਹਾਰਟਨ ਆ ਗਿਆ ਤੇ ਜੱਗੇ ਨੇ ਕਾਰ ਪਾਰਕਿੰਗ ਵਲ ਮੋੜ ਲਈ। ਇੰਜ ਲਗਦਾ ਸੀ ਜਿਵੇਂ ਜੱਗੇ ਨੂੰ ਪਤਾ ਸੀ ਕਿ ਇੱਥੇ ਹੀ ਆਉਣਾ ਹੈ। ਕਾਰ ਤੋਂ ਉਤਰ ਕੇ ਉਹ ਤੁਰ ਪਏ। ਚਾਰੇ ਪਾਸੇ ਉਜਾੜ ਸੀ ਪਰ ਟਿਮ ਹਾਰਟਨ



ਦੇ ਅੰਦਰ ਕੁਝ ਲੋਕ ਬੈਠੇ ਹੋਏ ਸਨ। ਉਹ ਵੀ ਅੰਦਰ ਚਲੇ ਗਏ। ਕੋਨੇ ਵਾਲੇ ਟੇਬਲ ਵਲ ਵਧਦਿਆਂ ਜੱਗੇ ਨੇ ਪੁੱਛਿਆ, "ਤੁਸੀਂ ਕੀ ਪੀਵੋਗੇ? "

"ਜੀ ਜੋ ਤੁਸੀਂ ਆਪ ਪੀਣਾ ਹੈ, ਉਹੋ ਮੇਰੇ ਵਾਸਤੇ ਲੈ ਲੈਣਾ।" ਜੱਗੇ ਨੇ ਹਲਕੀ ਮੁਸਕਰਾਹਟ ਦਿੱਤੀ ਤੇ ਹੱਥ ਦੇ ਇਸ਼ਾਰੇ ਨਾਲ ਕੁਰਸੀ ਵਲ ਇਸ਼ਾਰਾ ਕਰਦਿਆਂ ਬੋਲਿਆ, "ਤੁਸੀਂ ਬੈਠੋ ਇੱਥੇ, ਮੈਂ ਕਾਫੀ ਲੈ ਕੇ ਆਉਂਦਾ ਹਾਂ।" ਬਲਦੀਪ ਬੈਠ ਗਈ ਤੇ ਚਾਰੇ ਪਾਸੇ ਵੇਖਣ ਲੱਗੀ। ਉਸਨੂੰ ਮਹਿਸੂਸ ਹੋਇਆ ਕਿ ਜੱਗਾ ਜ਼ਰੂਰ ਹੀ ਕੋਈ ਖਾਸ ਗੱਲ ਕਰਨਾ ਚਾਹੁੰਦਾ ਹੈ ਤਾਂ ਹੀ ਭੀੜ ਤੋਂ ਬਚਣ ਖਾਤਰ ਇਤਨੀ ਦੂਰ ਲੈ ਕੇ ਆ ਗਿਆ ਹੈ। ਕੀ ਹੋ ਸਕਦਾ ਹੈ ਇਸਦੇ ਦਿਲ ਵਿਚ? ਕਿਤੇ ਇਹ ਤੇ ਨਹੀਂ ਕਹਿਣਾ ਕਿ ਮੇਰੀ ਕੋਈ ਗਰਲ ਫਰੈਂਡ ਹੈ, ਤੂੰ ਮਾਈਂਡ ਨਾ ਕਰੀਂ। ਨਾ ਮੈਂ ਕਾਹਦਾ ਮਾਈਂਡ ਕਰਨਾ ਹੈ, ਜਦੋਂ ਸਾਰਾ ਕੁਝ ਹੀ ਗਲਤ ਹੋ ਰਿਹਾ ਹੈ ਤਾਂ ਹੋਰ ਗਲਤ ਹੋ ਜਾਵੇਗਾ ਤਾਂ ਕੀ ਫਰਕ ਪੈਂਦਾ ਹੈ। ਜੱਗੇ ਨੇ ਉਸਦੀ ਸੋਚਾਂ ਦੀ ਲੜੀ ਤੋੜਦਿਆਂ ਵਧੀਆ ਤਰੀਕੇ ਨਾਲ ਮੁਸਕਰਾ ਕੇ ਕਿਹਾ, "ਕਾਫੀ ਮੈਡਮ।" ਬਲਦੀਪ ਨੇ ਕਾਫੀ ਫੜ ਲਈ ਤੇ ਜੱਗਾ ਸਾਹਮਣੇ ਵਾਲੀ ਕੁਰਸੀ ਤੇ ਬੈਠ ਗਿਆ।

"ਬਲਦੀਪ ਮੈਂ ਤੁਹਾਨੂੰ ਇਤਨੀ ਦੂਰ ਲੈ ਕੇ ਆਇਆ ਹਾਂ, ਕਿਸ ਤਰ੍ਹਾਂ ਲੱਗਾ ਤੁਹਾਨੂੰ?"

"ਜੀ ਬਹੁਤ ਦੂਰ ਆ ਗਈ ਹਾਂ, ਹੁਣ ਹੋਰ ਕਿਤਨੀ ਕੁ ਦੂਰ ਲੈ ਜਾਵੋਗੇ? ਕੋਈ ਗੱਲ ਨਹੀਂ, ਮੈਨੂੰ ਆਦਤ ਹੈ ਦੂਰ ਜਾਣ ਦੀ।" ਜੱਗਾ ਉਸਦੀ ਰਮਜ਼ ਸਮਝ ਗਿਆ ਸੀ ਤੇ ਇਹ ਵੀ ਪਤਾ ਲੱਗ ਗਿਆ ਸੀ ਕਿ ਹਰ ਗੱਲ ਸੋਚ ਸਮਝ ਕੇ ਕਰਨ ਵਾਲੀ ਹੈ, ਕੁੜੀ ਸਿਆਣੀ ਲਗਦੀ ਹੈ।

"ਦੇਖ ਬਲਦੀਪ ਅੱਜ ਆਪਣੀ ਸੁਹਾਗ ਰਾਤ ਸੀ, ਪਰ ਮੈਂ ਕੁਝ ਵੀ ਐਸਾ ਨਹੀਂ ਕਰਨਾ ਚਾਹੁੰਦਾ ਜੋ ਤੁਹਾਨੂੰ ਬੁਰਾ ਲੱਗੇ। ਆਪਣਾ ਵਿਆਹ ਹੋਇਆ ਹੈ ਤੇ ਆਪਾਂ ਸਾਰੀ ਉਮਰ ਇੱਕਠੇ ਗੁਜ਼ਾਰਨੀ ਹੈ, ਇਸ ਲਈ ਜੇ ਇਸਦੀ ਸ਼ੁਰੂਆਤ ਵਧੀਆ ਤਰੀਕੇ ਨਾਲ ਇੱਕ ਦੂਜੇ ਨੂੰ ਸਮਝਦਿਆਂ ਹੋਇਆਂ ਹੀ ਕਰੀਏ ਤਾਂ ਬੇਹਤਰ ਹੈ।"

"ਜੀ।" ਬਲਦੀਪ ਨੇ ਇਸ਼ਾਰਾ ਕੀਤਾ ਕਿ ਕਹਿ ਲੈ ਜੋ ਮਨ ਵਿਚ ਹੈ।

"ਗੱਲ ਇਹ ਹੈ ਕਿ ਤੁਸੀਂ ਜ਼ਰੂਰ ਹੀ ਵੀਹ ਲੱਖ ਰੁਪਏ ਬਾਰੇ ਸੋਚਦੇ ਹੋਵੋਗੇ, ਜੋ ਅਸੀਂ ਤੁਹਾਡੇ ਕੋਲੋਂ ਲਏ ਹਨ। ਮੈਨੂੰ ਪਤਾ ਹੈ ਇਹ ਬਹੁਤ ਵੱਡੀ ਰਕਮ ਹੈ ਤੇ ਤੁਸੀਂ ਇਸਦਾ ਇੰਤਜ਼ਾਮ ਵੀ ਔਖੇ ਹੋ ਕੇ ਹੀ ਕੀਤਾ ਹੋਵੇਗਾ।"

"ਜੀ ਛਡੋ, ਜੋ ਹੋ ਗਿਆ ਉਸਦੀ ਕੀ ਗੱਲ ਕਰਨੀ ਹੋਈ। ਅਸੀਂ ਕੋਈ ਔਖੇ ਨਹੀਂ ਹੋਏ। ਤੁਹਾਨੂੰ ਕੀਹਨੇ ਵਹਿਮ ਪਾ ਦਿੱਤਾ ਕਿ ਅਸੀਂ ਤੰਗੀ ਨਾਲ ਰਕਮ ਇਕੱਠੀ ਕੀਤੀ ਸੀ?" ਬਲਦੀਪ ਨੇ ਇਤਨਾ ਆਖ ਕੇ ਆਪਣੇ ਕੁੜਤੇ ਦਾ ਉਪਰਲਾ ਬਟਨ ਬੰਦ ਕਰਨਾ ਸ਼ੁਰੂ ਕਰ ਦਿੱਤਾ ਜੋ ਉਸਨੇ ਕਾਰ ਵਿਚ ਸੱਜੇ ਹੱਥ ਨਾਲ ਖੋਲਿਆ ਸੀ। ਜੱਗੇ ਨੂੰ ਆਪਣੀ ਗੱਲ ਕਰਨੀ ਔਖੀ ਜਾਪ ਰਹੀ ਸੀ। ਕੋਈ ਚੱਜ ਦਾ ਸਿਰਾ ਉਸਦੇ ਹੱਥ ਨਹੀਂ ਆ ਰਿਹਾ ਸੀ। ਉਸਨੇ ਸਿੱਧਾ ਕਹਿਣ ਦਾ ਮਨ ਬਣਾਇਆ। ਇਹ ਕੁੜੀ ਵਲ ਵਲੇਵਿਆਂ ਵਿਚ ਆਉਣ ਵਾਲੀ ਨਹੀਂ ਲਗਦੀ ਸੀ।

"ਦੇਖੋ ਬਲਦੀਪ ਜੀ, ਸਾਡਾ ਕੋਈ ਐਸਾ ਵਿਚਾਰ ਨਹੀਂ ਸੀ। ਅਸੀਂ ਤੇ ਚੰਗੇ ਭਲੇ ਕਿਰਾਏ ਤੇ ਰਹਿੰਦੇ ਸਾਂ ਤੇ ਖੁਸ਼ ਸਾਂ। ਘਰ ਲੈਣ ਦਾ ਅਸੀਂ ਕਦੇ ਸੋਚਿਆ ਹੀ ਨਹੀਂ ਸੀ। ਕੀਮਤਾਂ ਹੀ ਇਤਨੀਆਂ ਚੜ੍ਹ ਗਈਆਂ ਸਨ। ਬੀਬੀ ਸਾਡੀ ਕਦੀ ਕਦੀ ਝੂਰਦੀ ਪਰ ਸਾਡਾ ਬਾਪੂ ਹੀ ਉਸਨੂੰ ਘੂਰਕੇ ਬੈਠਾ ਦਿੰਦਾ ਸੀ। ਉਹ ਕਹਿੰਦਾ ਜਿੰਨ੍ਹੇ ਆਉਣਾ ਆਵੇ ਜਿਨ੍ਹੇ ਨਹੀਂ ਆਉਣਾ ਉਹ ਨਾ ਆਵੇ। ਪਰ ਮਾਂ ਸਾਡੀ ਹੌਲੀ ਹੌਲੀ ਉਹਦੇ ਗਲ ਹੀ ਪੈਣ ਲੱਗ ਪਈ। ਬਲਦੀਪ ਸੋਚ ਰਹੀ ਸੀ ਫਿਰ ਬੀਬੀ ਨੇ ਕਿਹਾ ਹੋਣਾ, ਇੱਕ ਮੁੰਡਾ

ਵੇਚ ਦੇਵੋ, ਕੀ ਕਰਨੇ ਹਨ ਦੋ। ਮੈਂ ਇੱਕ ਮੁੰਡੇ ਨਾਲ ਹੀ ਸਾਰ ਲਵਾਂਗੀ ਪਰ ਘਰ ਜ਼ਰੂਰ ਚਾਹੀਦਾ ਹੈ। ਬਲਦੀਪ ਨੇ ਕਾਫੀ ਦਾ ਢੱਕਣ ਲਾਹ ਕੇ ਪਰੇ ਮਾਰਿਆ ਤੇ ਕਾਫੀ ਦਾ ਘੁੱਟ ਭਰਿਆ।

ਜੱਗੇ ਨੇ ਤੱਥਾਂ ਤੇ ਅਧਾਰਿਤ ਗੱਲ ਸ਼ੁਰੂ ਕਰਦਿਆਂ ਕਿਹਾ, "ਨਵੰਬਰ ਨੂੰ ਅਸੀਂ ਚਾਰੇ ਇੰਡੀਆ ਤੁਰ ਪਏ। ਮੇਰੇ ਮਾਮੇ ਦੀ ਕੁੜੀ ਦਾ ਵਿਆਹ ਸੀ। ਨਾਨਕਿਆਂ ਵਿਚੋਂ ਇਹ ਆਖਰੀ ਵਿਆਹ ਹੋਣ ਕਰਕੇ ਉਨ੍ਹਾਂ ਨੇ ਬਹੁਤ ਜੋਰ ਲਾਇਆ ਤੇ ਅਸੀਂ ਸਮਾਨ ਸਾਰਾ ਸਟੋਰੇਜ਼ ਵਿਚ ਰੱਖ ਦਿੱਤਾ ਤੇ ਬੇਸਮੈਂਟ ਵੀ ਛੱਡ ਦਿੱਤੀ ਤੇ ਇੰਡੀਆ ਨੂੰ ਚੜ੍ਹ ਗਏ।" ਬਲਦੀਪ ਨੂੰ ਉਸਦੇ ਤੱਥਾਂ ਤੇ ਯਕੀਨ ਆਇਆ ਕਿਉਂਕਿ ਸਬੂਤ ਮੌਜੂਦ ਸੀ। ਜੱਗੇ ਦੇ ਮਾਮੇ ਦੀ ਕੁੜੀ ਪੰਮੀ, ਉਸਦੀ ਸਹੇਲੀ ਸੀ। ਉਹ ਇਕੱਠੀਆਂ ਪੜ੍ਹਦੀਆਂ ਸਨ। ਉਹਦੇ ਵਿਆਹ ਤੇ ਹੀ ਦੋਵੇਂ ਪਰਿਵਾਰਾਂ ਦਾ ਮੇਲ ਹੋਇਆ ਸੀ। ਬਲਦੀਪ ਨੇ ਉਹ ਵਿਆਹ ਤੇ ਨੱਚਣ ਵੇਲੇ ਵੇਹੜੇ ਦੀ ਮਿੱਟੀ ਪੁੱਟ ਦਿੱਤੀ ਸੀ।

"ਬਲਦੀਪ ਜੀ ਇੱਕ ਗੱਲ ਮੈਂ ਸਾਫ ਕਰਦਿਆਂ ਕਿ ਮੈਂ ਇੰਡੀਆ ਵਿਆਹ ਕਰਵਾਉਂਣ ਨਹੀਂ ਗਿਆ ਸੀ, ਸਿਰਫ ਵਿਆਹ ਵਿਚ ਸ਼ਾਮਲ ਹੋਣ ਗਿਆ ਸੀ, ਸਾਡੇ ਸਾਰੇ ਪਰਿਵਾਰ ਦਾ ਵਿਆਹ ਬਾਰੇ ਕੋਈ ਇਰਾਦਾ ਨਹੀਂ ਸੀ। ਸਾਡਾ ਪਰਿਵਾਰ ਤੇ ਫਿਕਰ ਮੰਦ ਸੀ ਕਿ ਕੁੜੀ ਨੂੰ ਵਿਆਹਿਆ ਜਾਵੇ। ਘੜੀ ਦਾ ਵਿਸਾਹ ਕੋਈ ਨਹੀਂ। ਭਰਾ ਮੇਰਾ ਨਸ਼ੇੜੀ ਬਣ ਚੁੱਕਾ ਸੀ। ਤੁਹਾਨੂੰ ਪਤਾ ਹੀ ਹੈ। ਮੇਰੇ ਦੋਵੇਂ ਭਰਾ ਬੇਕਾਰ ਤੇ ਬੇਰੁਜ਼ਗਾਰ ਹਨ। ਇੱਕ ਦੀ ਸਿਵਲ ਇੰਨਜਿਨੀਅਰਿੰਗ ਕੀਤੀ ਹੋਈ ਹੈ ਤੇ ਦੂਜੇ ਦੀ ਬੀ. ਕੌਮ.।"

"ਜੀ ਮੈਂ ਜਾਣਦੀ ਹਾਂ। ਮੈਂ ਵੇਖਿਆ ਹੈ ਤੁਹਾਡੇ ਭਰਾ ਨੂੰ ਨਸ਼ਾ ਕਰਦਿਆਂ। ਲਗਦੈ ਉਹ ਹੁਣ ਨਸ਼ੇ ਬਗੈਰ ਨਹੀਂ ਰਹਿ ਸਕਦਾ।"

"ਜੀ ਐਸੀ ਵੀ ਕੋਈ ਵੱਡੀ ਫਿਕਰ ਵਾਲੀ ਗੱਲ ਨਹੀਂ। ਉਹ ਸਿਆਣਾ ਹੈ ਜਦੋਂ ਕਿਸੇ ਤਣ ਪੱਤਣ ਲੱਗ ਗਿਆ, ਸਭ ਠੀਕ ਹੋ ਜਾਵੇਗਾ। ਬਲਦੀਪ ਜੀ, ਮੇਰੀ ਦੁਆ ਹੈ ਕਿ ਉਹ ਛੇਤੀ ਕਿਤੇ ਆਹਰੇ ਲੱਗੇ।"

"ਸਾਨੂੰ ਤੇ ਸਭ ਤੋਂ ਪਹਿਲਾਂ ਸਾਡੇ ਮਾਮੇ ਨੇ ਦੱਸ ਪਾਈ ਸੀ ਤੇ ਦਸਿਆ ਕਿ ਕੁੜੀ ਸੋਹਣੀ ਹੈ ਤੇ ਸਿਆਣੀ ਹੈ, ਸਾਡੀ ਵੇਖੀ ਭਾਲੀ ਹੈ, ਪੰਮੀ ਨਾਲ ਪੜ੍ਹਦੀ ਹੋਣ ਕਰਕੇ ਘਰ ਵੀ ਆਉਣਾ ਜਾਣਾ ਹੈ। ਵੇਖ ਲਵੋ ਜੇ ਜੱਗੇ ਵਾਸਤੇ ਕੋਈ ਸੰਜੋਗ ਬਣਦਾ ਹੈ ਤਾਂ। ਸਾਡੇ ਬਾਪੂ ਨੇ ਕੋਰੀ ਨਾਂਹ ਕਰ ਦਿੱਤੀ ਸੀ ਤੇ ਕਿਹਾ ਕਿ ਜਗਸੀਰ ਕੁੜੀ ਤੇ ਹੀਰੇ ਵਰਗੀ ਹੈ ਪਰ ਸਾਡਾ ਹੀ ਹੱਥ ਤੰਗ ਹੈ, ਅਜੇ ਮੁੰਡਾ ਵਿਆਹੁਣ ਦੀ ਗੁੰਜਾਇਸ਼ ਹੀ ਨਹੀਂ। ਵਿਆਹ ਤੋਂ ਬਾਅਦ ਇਨ੍ਹਾਂ ਦੀਆਂ ਲੋੜਾਂ ਵਧ ਜਾਣੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਪਹਿਲਾਂ ਘਰ ਲਿਆ ਜਾਵੇ ਤੇ ਫਿਰ ਹੀ ਵਿਆਹ ਬਾਰੇ ਸੋਚਿਆ ਜਾਵੇ।"

ਇਹ ਗੱਲਾਂ ਵੀ ਠੀਕ ਸਨ। ਬਲਦੀਪ ਨੇ ਪਿੱਛਲੇ ਝਾਤ ਮਾਰ ਕੇ ਸੋਚਿਆ। ਪੰਮੀ ਦੇ ਪਾਪਾ ਨੇ ਸਾਨੂੰ ਵੀ ਇਹੋ ਕੁਝ ਹੀ ਦੱਸਿਆ ਸੀ ਤੇ ਫਿਰ ਮੇਰੇ ਪਾਪਾ ਨੇ ਹੀ ਵੀਹ ਲੱਖ ਦੀ ਔਫਰ ਦਿੱਤੀ ਸੀ। ਜਗਸੀਰ ਅੰਕਲ ਨੇ ਤੇ ਉੱਕੀ ਹੀ ਨਾਂਹ ਕਰ ਦਿੱਤੀ ਸੀ ਕਿ ਇਹ ਨਹੀਂ ਹੋ ਸਕਦਾ। ਸਾਡੇ ਘਰਾਂ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਪਾਪਾ ਨੇ ਕਿਹਾ ਸੀ ਜੀ ਅਸੀਂ ਵੀਹ ਲੱਖ ਆਪਣੀ ਲੜਕੀ ਨੂੰ ਦੇ ਰਹੇ ਹਾਂ। ਇੱਥੇ ਵੀ ਵਿਆਹ ਤੇ ਖਰਚ ਹੋਣਾ ਹੀ ਹੈ, ਥੋੜ੍ਹਾ ਵਧ ਸਹੀ। ਜਗਸੀਰ ਨੇ ਕੋਈ ਹਾਮੀ ਨਹੀਂ ਭਰੀ ਸੀ ਤੇ ਉੱਠ ਕੇ ਚਲੇ ਗਏ ਸਨ। ਬਲਦੀਪ ਅੰਦਰ ਬੈਠੀ ਸਭ ਸੁਣ ਰਹੀ ਸੀ, ਦੋ ਅਸੂਲ ਪਸੰਦ ਮਰਦਾਂ ਦੀਆਂ ਗੱਲਾਂ। ਪਰ ਹੋਣੀ ਤੇ ਹੋ ਕੇ ਹੀ ਰਹਿੰਦੀ ਹੈ।

ਪਤਾ ਨਹੀਂ ਕਿਸ ਤਰ੍ਹਾਂ ਜਗਸੀਰ ਨੇ ਇਹ ਗੱਲ ਆਪਣੀ ਭੈਣ ਤੇ ਜੀਜੇ ਨਾਲ ਕਰ ਦਿੱਤੀ। ਪੈਂਦੀ



ਸੱਟੇ ਤਾਂ ਉਨ੍ਹਾਂ ਨੇ ਵੀ ਨਾਂਹ ਕਰ ਦਿੱਤੀ, ਪਰ ਦੂਜੀ ਤੀਜੀ ਮੀਟਿੰਗ ਵਿਚ ਉਹ ਜੱਕੋ ਤੱਕੇ ਵਿਚ ਪੈ ਗਏ ਤੇ ਇਹੋ ਜੱਕੋ ਤੱਕੋ ਬਲਦੀਪ ਦੇ ਡੈਡ ਕੋਲ ਵੀ ਪਹੁੰਚ ਗਈ। ਘੁੰਡ ਚੁੱਕਦਿਆਂ ਦੋ ਹਫਤੇ ਬੀਤ ਗਏ ਤੇ ਫਿਰ ਗੱਲ ਸਿਰੇ ਲਗਦੀ ਦਿਸ ਪਈ। ਬਲਦੀਪ ਦੇ ਡੈਡ ਨੇ ਆਪਣੀ ਜ਼ਮੀਨ ਵੇਚ ਦਿੱਤੀ। ਭਰਾਵਾਂ ਨੂੰ ਕੋਈ ਉੱਜਰ ਨਹੀਂ ਸੀ। ਦੋ ਦਿਨ ਨਸ਼ਾ ਜ਼ਿਆਦਾ ਕਰਕੇ ਉਹ ਨੌਰਮਲ ਹੋ ਗਏ। ਜੇ ਕੋਈ ਸਭ ਤੋਂ ਵਧ ਤਨਾਣਪੂਰਨ ਸੀ ਤੇ ਉਹ ਬਲਦੀਪ ਹੀ ਸੀ।

ਬਲਦੀਪ ਤੇ ਜੱਗੇ ਦੀ ਮੀਟਿੰਗ ਕਰਵਾਈ ਗਈ। ਦੋਵਾਂ ਨੂੰ ਸਾਰਾ ਕੁਝ ਪਤਾ ਸੀ। ਹਸਦਿਆਂ ਸੰਗਦਿਆਂ, ਝੂਰਦਿਆਂ ਉਨ੍ਹਾਂ ਦਾ ਮੇਲ ਹੋ ਗਿਆ ਤੇ ਅੱਜ ਉਹ ਇਸ ਕਾਫੀ ਹਾਉਸ ਵਿਚ ਬੈਠੇ ਸਨ। ਗੁੰਝਲਾਂ ਨੂੰ ਘੂਰਦਿਆਂ, ਉਹ ਆਪੋ ਆਪਣੇ ਦਾਇਰਿਆਂ ਵਿਚ ਵਿਚਰ ਰਹੇ ਸਨ। ਜੱਗੇ ਦਾ ਸੰਤਾਪ ਇਹ ਸੀ ਕਿ ਉਹ ਆਪਣੇ ਆਪ ਨੂੰ ਵਿਕਿਆ ਹੋਇਆ ਸਮਝ ਰਿਹਾ ਸੀ ਤੇ ਬਲਦੀਪ ਸੋਚ ਰਹੀ ਸੀ ਕਿ ਵਿਆਹ ਉਹਦੇ ਨਾਲ ਨਹੀਂ ਹੋਇਆ। ਕੀਹਦੇ ਨਾਲ ਹੋਇਆ, ਉਹ ਜਾਨਣਾ ਚਾਹੁੰਦੀ ਸੀ। ਉਹ ਦੋਵੇਂ ਇਸ ਵਿਆਹ ਨੂੰ ਮਾਨਤਾ ਦੇਣਾ ਚਾਹੁੰਦੇ ਸਨ ਪਰ ਦੇ ਨਹੀਂ ਰਹੇ ਸਨ। ਕਿਤੇ ਨਾ ਕਿਤੇ ਕੋਈ ਉਲਝਣ ਸੀ।

"ਜੀ ਇੱਕ ਗੱਲ ਪੁੱਛਾਂ?" ਬਲਦੀਪ ਨੇ ਕਿਹਾ, "ਜੀ ਜਦੋਂ ਇਹ ਗੱਲਬਾਤ ਚਲ ਰਹੀ ਸੀ ਤੁਹਾਨੂੰ ਕਿਸੇ ਹੋਰ ਤੋਂ ਵੀ ਕੋਈ ਔਫਰ ਮਿਲੀ ਸੀ?" ਜੱਗੇ ਨੂੰ ਆਸ ਸੀ ਕਿ ਇਹੋ ਜਿਹਾ ਜ਼ਹਿਰੀਲਾ ਸੁਆਲ ਉਹਦੇ ਸਾਹਮਣੇ ਖੜ੍ਹਾ ਹੋਵੇਗਾ।

"ਜੀ ਝੂਠ ਨਹੀਂ ਬੋਲਣਾ ਤੁਹਾਡੇ ਨਾਲ, ਜਦੋਂ ਬੇਬੇ ਨੂੰ ਪਤਾ ਲੱਗਾ ਤਾਂ ਉਹਦੇ ਕੋਲੋਂ ਗੱਲ ਕਿਤੇ ਹੋਰ ਹੋ ਗਈ ਤੇ ਅਗਲਿਆਂ ਨੇ ਪੱਚੀ ਲਈ ਹਾਂ ਕੀਤੀ ਸੀ ਤੇ ਬੇਬੇ ਡੋਲ ਵੀ ਗਈ ਸੀ। ਦੋ ਦਿਨ ਭੁੱਖੀ ਵੀ ਰਹੀ ਪਰ ਬਾਪੂ ਜੀ ਨਹੀਂ ਮੰਨੇ। ਉਨ੍ਹਾਂ ਇਕੋ ਰੱਟ ਲਈ ਕਿ ਮੈਂ ਜਗਸੀਰ ਸਾਹਮਣੇ ਅਗਲਿਆਂ ਨੂੰ ਜ਼ਬਾਨ ਦੇ ਚੁੱਕਾ ਹਾਂ, ਹੁਣ ਪਿੱਛੇ ਨਹੀਂ ਹਟ ਸਕਦਾ। ਬੇਬੇ ਵੀ ਮੰਨ ਗਈ, ਚਲੋ ਵੀਹ ਹੀ ਸਹੀ। ਪਰ ਬੇਬੇ ਪਤਾ ਨਹੀਂ ਕਿੱਥੋਂ ਇਤਨੀ ਚਲਾਕ ਹੋ ਗਈ ਹੈ, ਫਿਰ ਰਟਾ ਪਾ ਲਿਆ ਤੇ ਜ਼ਿਦ ਫੜ ਲਈ ਕਿ ਉਨ੍ਹਾਂ ਨੂੰ ਕਹੋ ਕਿ ਪੇਮੈਂਟ ਅਸੀਂ ਡਾਲਰਾਂ ਵਿਚ ਲਵਾਂਗੇ ਕੈਨੇਡੇ ਵਿਚ।" ਜੱਗਾ ਥੋੜਾ ਹੱਸ ਪਿਆ ਪਰ ਜੱਗੇ ਦੇ ਹਾਸੇ ਨਾਲ ਬਲਦੀਪ ਨੇ ਮੱਥੇ ਤੇ ਤਿਉੜੀ ਪਾ ਲਈ। ਜੱਗਾ ਸਮਝ ਗਿਆ ਕਿ ਉਸਦਾ ਹਾਸਾ ਘਟੀਆ ਸੀ, ਉਸਨੇ ਗੱਲ ਟਾਲਣ ਲਈ ਕਿਹਾ, "ਚੱਲ ਬਲਦੀਪ ਜੋ ਹੋ ਗਿਆ ਸੋ ਹੋ ਗਿਆ, ਪਰ ਮੇਰਾ ਤੇਰੇ ਨਾਲ ਵਾਇਦਾ ਰਿਹਾ ਕਿ ਆਪਾਂ ਦੋਵੇਂ ਤਕੜੇ ਹੋ ਕੇ ਕੰਮ ਕਰਾਂਗੇ ਤੇ ਤੇਰੇ ਡੈਡ ਦੇ ਪੈਸੇ ਮੋੜ ਦੇਵਾਂਗੇ, ਸਾਡੇ ਘਰ ਕਿਸੇ ਨੂੰ ਪਤਾ ਨਹੀਂ ਲਗਣਾ ਚਾਹੀਦਾ।"

"ਕਿਉਂ ਨਹੀਂ ਪਤਾ ਲਗਣਾ ਚਾਹੀਦਾ? ਆਪਾਂ ਕੋਈ ਚੋਰੀ ਕਰਨੀ ਹੈ?" ਜੱਗੇ ਨੇ ਆਪਣਾ ਅੱਗਾ ਵਲਿਆ ਮਹਿਸੂਸ ਕੀਤਾ। ਉਹ ਚੁੱਪ ਸੀ ਜਦੋਂ ਬਲਦੀਪ ਹੀ ਬੋਲ ਪਈ, "ਦੇਖੋ ਜੀ, ਜੋ ਹੋ ਗਿਆ, ਉਸਤੇ ਤੁਹਾਡਾ ਕੋਈ ਕੰਟਰੋਲ ਨਹੀਂ ਸੀ ਪਰ ਹੁਣ ਆਪਾਂ ਵਿਆਹੇ ਗਏ ਹਾਂ ਤੇ ਮੈਂ ਚਾਹੁੰਦੀ ਹਾਂ ਕਿ ਅਸੀਂ ਹੁਣ ਕਿਸੇ ਕਿਸਮ ਦੀ ਨਾ ਤੇ ਝੂਠ ਦੀ ਜ਼ਿੰਦਗੀ ਜੀਵੀਏ ਤੇ ਨਾ ਗਲਤ ਕੀਮਤਾਂ ਨਾਲ ਸਮਝੌਤਾ ਕਰੀਏ।"

"ਜਿਵੇਂ ਤੁਸੀਂ ਕਹੋ ਬਲਦੀਪ, ਮੈਂ ਤੇ ਅੱਗੇ ਹੀ ਸ਼ਰਮਿੰਦਾ ਹਾਂ। ਹੁਣ ਆਪਾਂ ਰਲਕੇ ਚਲਾਂਗੇ। ਕੋਈ ਹੋਰ ਦਿਲ ਵਿਚ ਗੱਲ ਹੈ ਤਾਂ ਕਰ ਲਵੋ? "

"ਨਹੀਂ ਜੀ ਆਪਾਂ ਕਿਹੜੇ ਮੋਟਰ ਗੱਡੀ ਵਿਚ ਮੁਸਾਫਰਾਂ ਵਾਂਗ ਸਫ਼ਰ ਕਰ ਰਹੇ ਹਾਂ। ਸਾਰੀ ਉਮਰ ਪਈ ਹੈ, ਗੱਲਾਂ ਤਾਂ ਹੁੰਦੀਆਂ ਰਹਿਣਗੀਆਂ, ਮੇਰੀ ਤੇ ਇਹੋ ਖਾਹਸ਼ ਹੈ ਕਿ ਮੈਂ ਆਪਣੇ ਭਰਾਵਾਂ ਦਾ ਕੁਝ

ਕਰ ਸਕਾਂ।"

"ਹਾਂ ਹਾਂ ਕਿਉਂ ਨਹੀਂ? ਆਪਾਂ ਰਲਕੇ ਕਰਾਂਗੇ। ਚਲ ਉੱਠ ਚਲੀਏ ਹੁਣ ਸਵੇਰ ਦੇ ਤਿੰਨ ਵੱਜਣ ਵਾਲੇ ਹਨ।" ਉਹ ਦੋਵੇਂ ਉੱਠ ਪਏ ਤੇ ਮੋਟਲ ਪਹੁੰਚ ਗਏ। ਝਾਂਜਰ ਪਰਸ ਵਿਚ ਹੀ ਪਈ ਰਹੀ ਤੇ ਸਵੇਰ ਹੋ ਗਈ। ਸਵੇਰ ਉੱਠਦਿਆਂ ਹੀ ਬਲਦੀਪ ਨੇ ਪਾਸਾ ਲਿਆ ਤੇ ਉਹਦਾ ਹੱਥ ਕਾਗਜ਼ ਦੀ ਲੜੀ ਨਾਲ ਉਲਝ ਗਿਆ। ਉਸਨੇ ਲੜੀ ਨੂੰ ਖਿਝ ਕੇ ਤੋੜ ਦਿੱਤਾ ਤੇ ਵਾਸ਼ਰੂਮ ਚਲੇ ਗਈ।

ਤਿੰਨ ਵੱਜ ਚੁੱਕੇ ਸਨ ਜਦੋਂ ਬਲਦੀਪ ਦੀ ਜਾਗ ਖੁੱਲ੍ਹੀ। ਉਸਨੇ ਮਲਕੜੇ ਜਿਹੇ ਪੈਰ ਭੁੰਜੇ ਲਾਏ, ਹੌਲੀ ਹੌਲੀ ਉਠਕੇ ਰਸੋਈ ਵਿਚ ਗਈ। ਰਸੋਈ ਦਾ ਪਰਦਾ ਪਾਸੇ ਕੀਤਾ ਤੇ ਯਾਰਡ ਦੇ ਖੂੰਜੇ ਘੂਰਕੇ ਵੇਖਣ ਲੱਗੀ। ਖੌਰੇ ਕਿੱਥੇ ਲੁਕਿਆ ਬੈਠਾ ਹੈ? ਰਸੋਈ ਵਿਚੋਂ ਚਾਹ ਦਾ ਕੱਪ ਲੈ ਕੇ ਉਹ ਤੁਰੀ ਆ ਰਹੀ ਸੀ ਕਿ ਫੋਨ ਦੀ ਘੰਟੀ ਵੱਜ ਪਈ। ਉਹ ਸੋਚਣ ਲੱਗੀ ਕਿਤੇ ਮਰ ਜਾਣਾ ਹਿਉਮੇਨ ਸੁਸਾਇਟੀ ਵਾਲਾ ਹੀ ਨਾ ਹੋਵੇ। ਪਰ ਉਹਦਾ ਸ਼ਕ ਗਲਤ ਨਿਕਲਿਆ, ਫੋਨ ਵਕੀਲ ਦੀ ਅਸਿਸਟੈਂਟ ਦਾ ਸੀ। ਪੰਜਾਬੀ ਬੋਲਦੀ ਸੀ, ਇਸ ਲਈ ਬਲਦੀਪ ਨੂੰ ਵਕੀਲ ਨਾਲੋਂ ਉਸ ਨਾਲ ਗੱਲ ਕਰਨੀ ਸੌਖੀ ਲਗਦੀ ਸੀ। "ਜੀ ਮਿਸਟਰ ਵਿਕਟਰ ਦਾ ਸੁਨੇਹਾ ਹੈ ਕਿ ਹੁਣ ਕੀ ਕਰਨਾ ਹੈ। ਮਿਸਟਰ ਜਗਦੀਪ ਦਾ 'ਪਾਰਟਨਰ ਅਸਾਲਟ ਪ੍ਰੋਗਰਾਮ' ਖਤਮ ਹੋਣ ਵਿਚ ਦੋ ਹਫਤੇ ਰਹਿ ਗਏ ਹਨ। ਉਸਦੀ ਰਿਪੋਰਟ ਵੀ ਵਧੀਆ ਹੈ। ਐਂਗਰ ਟਰੀਟਮੈਂਟ ਦਾ ਸਕੋਰ ਤਾਂ ਅਬਵ ਐਵਰਜ਼ ਹੈ। ਪਰੋਬੇਸ਼ਨ ਆਫੀਸਰ ਨੂੰ ਵੀ ਕੋਈ ਸ਼ਿਕਾਇਤ ਨਹੀਂ। ਅੱਗੇ ਹੁਣ ਤੁਸੀਂ ਕੀ ਚਾਹੁੰਦੇ ਹੋ? ਲਿਵ ਟੂਗੈਦਰ ਜਾਂ ਸੈਪਰੇਸ਼ਨ। ਡਾਇਵੋਰਸ ਅਜੇ ਨਹੀਂ ਹੋ ਸਕਦਾ। ਜੇ ਡਾਇਵੋਰਸ ਲੈਣਾ ਹੈ ਤਾਂ ਸੈਪਰੇਸ਼ਨ ਸਿੱਧ ਕਰਨੀ ਪਵੇਗੀ ਅਜੇ ਹੋਰ ਅੱਠ ਮਹੀਨੇ ਜਾਂ ਮਿਉਚਲ ਡਾਇਵੋਰਸ ਵੀ ਹੋ ਸਕਦਾ ਹੈ।"

"ਮੈਂ ਕੀ ਦਸਾਂ ਸੋਨੀਆਂ ਤੈਨੂੰ! ਕੁਝ ਸਮਝ ਨਹੀਂ ਆਉਂਦਾ। ਚਲ ਹਫ਼ਤੇ ਤੱਕ ਦਸਾਂਗੀ ਅਜੇ ਮੈਂ ਭੰਬਲ-ਭੂਸੇ ਵਿਚ ਹੀ ਹਾਂ।" ਸੋਨੀਆ ਹੱਸ ਪਈ ਤੇ ਬੋਲੀ, "ਆਂਟ ਇਹ ਭੰਬਲ-ਭੂਸਾ ਕੀ ਹੁੰਦਾ ਹੈ? "

"ਬੇਟੀ ਸੋਨੀਆ, ਅਜੇ ਮੈਂ ਕੰਨਫਿਊਜ਼ ਹਾਂ।"

"ਠੀਕ ਹੈ ਬਲਦੀਪ ਆਂਟੀ, ਮੈਂ ਨੈਕਸਟ ਬੁੱਧਵਾਰ ਨੂੰ ਫੋਨ ਕਰਾਂਗੀ, ਤੁਸੀਂ ਸੋਚ ਲੈਣਾ। ਵਿਕਟਰ ਨੇ ਜਗਦੀਪ ਦੇ ਵਕੀਲ ਨਾਲ ਗੱਲ ਕੀਤੀ ਹੈ। ਜਗਦੀਪ ਸੌਰੀ ਕਹਿਣ ਨੂੰ ਤਿਆਰ ਹੈ। ਹੁਣ ਸਾਰਾ ਤੁਹਾਡੇ ਤੇ ਡਿਪੈਂਡ ਕਰਦਾ ਹੈ ਕਿ ਤੁਸੀਂ ਕੀ ਮੰਗਦੇ ਹੋਂ।"

ਫੋਨ ਰੱਖਣ ਤੋਂ ਬਾਅਦ ਬਲਦੀਪ ਦੇ ਦਿਮਾਗ਼ ਵਿਚੋਂ ਸੱਪ ਨਿਕਲ ਗਿਆ ਤੇ ਉਸਦੀ ਜਗ੍ਹਾ ਜੱਗੇ ਨੇ ਲੈ ਲਈ, ਫਿਰ ਵੀ ਇਤਿਆਦ ਵਜੋਂ ਉਸਨੇ ਆਪਣੀਆਂ ਲੱਤਾਂ ਸੋਫ਼ੇ ਦੇ ਉੱਤੇ ਹੀ ਕਰ ਲਈਆਂ। ਨੇ ਜਾਣੀਏਂ ਸੋਫੇ ਦੇ ਥੱਲੇ ਹੀ ਬੈਠਾ ਹੋਵੇ। ਚਾਹ ਦਾ ਘੁਟ ਭਰਦਿਆਂ ਬਲਦੀਪ ਖਿਆਲਾਂ ਵਿਚ ਗੁਆਚ ਗਈ। ਵਿਆਹ ਤੋਂ ਬਾਅਦ, ਉਸਨੇ ਆਪਣੇ ਆਪ ਨੂੰ ਸਮਝਾ ਲਿਆ ਸੀ। ਜੱਗੇ ਵਲੋਂ ਮਨ ਸਾਫ ਸੀ ਪਰ ਪਤਾ ਨਹੀਂ ਕਿਉਂ ਉਹ ਉਦੋਂ ਹੀ ਠੰਡੀ ਯਖ਼ ਹੁੰਦੀ ਜਦੋਂ ਉਹ ਜੱਗੇ ਨਾਲ ਸੌਂ ਰਹੀ ਹੁੰਦੀ। ਜੱਗਾ ਉਸਨੂੰ ਖੋਰਨ ਦੀ ਨਾਕਾਮ ਕੋਸ਼ਿਸ਼ ਕਰਦਾ ਤੇ ਫਿਰ ਆਪ ਹੀ ਪਾਸਾ ਵੱਟ ਕੇ ਸੌਂ ਜਾਂਦਾ ਤੇ ਉਹ ਸਾਰੀ ਰਾਤ ਪਾਸੇ ਮਾਰਦੀ ਰਹਿੰਦੀ। ਇਹੋ ਹੀ ਉਹ ਵਕਤ ਹੁੰਦਾ ਜਦੋਂ ਉਹ ਆਪਣੇ ਬਾਪੂ ਨੂੰ ਯਾਦ ਕਰਦੀ। ਭਰਾਵਾਂ ਦੇ ਰਖੜੀਆਂ ਬੰਨ੍ਹਦੀ ਤੇ ਮਾਂ ਵਿਚਾਰੀ ਤਾਂ ਸਾਲ ਬਾਅਦ ਹੀ ਪੂਰੀ ਹੋ ਗਈ ਸੀ। ਸੱਸ ਨਾਲ ਉਸਦੀ ਕਦੇ ਨਹੀਂ ਬਣੀ। ਇਹ ਵੀ ਗੱਲ ਨਹੀਂ ਸੀ ਕਿ ਸੱਸ ਚੰਗੀ ਨਹੀਂ ਸੀ ਪਰ ਸੋਚਣ ਦਾ ਤਰੀਕਾ ਹੀ ਗਲਤ ਸੀ ਬਲਦੀਪ ਦਾ। ਉਸਨੂੰ ਸੱਸ ਦੀ ਹਰ ਗੱਲ ਹੀ ਮਾੜੀ ਲਗਦੀ। ਉਹ ਪਿਆਰ ਵੀ ਕਰਦੀ ਤਾਂ ਉਸਨੂੰ ਲਗਦਾ ਕਿ ਖੇਖਣ ਕਰਦੀ ਹੈ। ਉਸਨੂੰ ਖੁਸ਼ ਕਰਨ ਲਈ ਜੇ ਸਰਪਰਾਇਜ਼ ਦੇਣ ਲਈ ਕੋਈ ਗਿਫਟ ਵੀ



ਲੈ ਕੇ ਆਉਂਦੀ ਤਾਂ ਉਸਨੂੰ ਗੁੱਸਾ ਆ ਜਾਂਦਾ, ਜਿਵੇਂ ਉਸਨੇ ਇਹ ਗਿਫਟ ਬਾਪੂ ਦੀ ਚੋਰੀ ਕਰਕੇ ਲਿਆਂਦਾ ਹੋਵੇ। ਕਦੇ ਕਦੇ ਦਿਆਲ ਕੌਰ ਵੀ ਖਿਝ ਜਾਂਦੀ ਤਾਂ ਵੱਡਾ ਮਸਲਾ ਖੜਾ ਹੋ ਜਾਂਦਾ ਤੇ ਜੱਗਾ ਹਮੇਸ਼ਾਂ ਮਾਂ ਦਾ ਹੀ ਪੱਖ ਪੂਰਦਾ ਤੇ ਬਲਦੀਪ ਨੂੰ ਸਮਝਾਉਂਦਾ ਕਿ ਜੋ ਬੀਤ ਗਿਆ ਉਹ ਭੁਲ ਕਿਉਂ ਨਹੀਂ ਜਾਂਦੀ। ਬਲਦੀਪ ਚੁੱਪ ਕਰ ਜਾਂਦੀ ਤੇ ਪਹਿਲੀ ਰਾਤ ਕਾਫੀ ਹਾਉਸ ਵਾਲੀ ਗੱਲ ਉਸਦੇ ਚੇਤਿਆਂ ਵਿਚ ਤੀਰ ਵਾਂਗ ਸੂਲਣ ਲੱਗ ਪੈਂਦੀ। ਜੱਗੇ ਨੇ ਕਦੇ ਵੀ ਬਾਪੂ ਜਾਂ ਉਸਦੇ ਭਰਾਵਾਂ ਦੀ ਮਦਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਕਰਦਾ ਵੀ ਕੀ? ਘਰਾਂ ਦੇ ਖਰਚੇ ਹੀ ਪੂਰਾ ਨਾ ਹੁੰਦੇ, ਉਹ ਤੇ ਬਸ ਗੱਲੀਂ ਬਾਤੀਂ ਹੀ ਬਲਦੀਪ ਦਾ ਖਿਆਲ ਰਖਦਾ। ਪਰ ਬਲਦੀਪ ਨੂੰ ਚੰਗਾ ਕਪੜਾ ਲੀੜਾ ਨਹੀਂ ਚਾਹੀਦਾ ਸੀ, ਚੰਗਾ ਰੈਸਟੋਰੈਂਟੀ ਖਾਣਾ ਨਹੀਂ ਚਾਹੀਦਾ ਸੀ। ਜੋ ਉਸਦੀ ਲੋੜ ਸੀ, ਉਸਦੀ ਉਸਨੂੰ ਆਪ ਵੀ ਸਮਝ ਨਹੀਂ ਸੀ ਆਉਂਦੀ।

ਪਹਿਲੇ ਜਣੇਪੇ ਵੇਲੇ ਮੁੰਡਾ ਢਿੱਡ ਵਿਚ ਘੁੰਮਿਆ ਨਹੀਂ ਸੀ ਤੇ ਡਾਕਟਰ ਨੇ ਸਖਤ ਹਦਾਇਤਾਂ ਦਿੱਤੀਆਂ ਸਨ। ਜੱਗੇ ਨੇ ਕੰਮ ਛਡਕੇ ਬਲਦੀਪ ਦੀ ਸੇਵਾ ਕੀਤੀ ਸੀ। ਬਲਦੀਪ ਨੂੰ ਇਸਦਾ ਮਾਣ ਸੀ, ਉਹ ਚੰਗਾ ਚੰਗਾ ਮਹਿਸੂਸ ਕਰਦੀ ਸੀ। ਪਰ ਹੋਣੀਆਂ ਨੂੰ ਕੌਣ ਟਾਲ ਸਕਦਾ ਹੈ। ਇਧਰੋਂ ਦਿਨ ਨੇੜੇ ਆਏ ਤੇ ਉਧਰੋਂ ਭੈੜੀ ਖਬਰ ਆ ਗਈ। ਸੀਜੇਰੀਅਨ ਕੇਸ ਵਿਚ ਮੁੰਡਾ ਹੋਇਆ। ਨਾਮ ਰੱਖ ਦਿੱਤਾ ਮੋਹਨ ਸਿੰਘ। ਜੱਗੇ ਨੇ ਮਨ੍ਹਾਂ ਵੀ ਕੀਤਾ ਪਰ ਬਲਦੀਪ ਨੇ ਜਿਦ ਕੀਤੀ। ਉਸਨੂੰ ਮੋਹਨ ਆਪਣੇ ਮੁੰਡੇ ਨਾਲੋਂ ਜ਼ਿਆਦਾ ਆਪਣਾ ਭਰਾ ਲਗਦਾ। ਪਗਲੀ ਨੇ ਆਪਣੇ ਮੁੰਡੇ ਨੂੰ ਹੀ ਰਖੜੀ ਬੰਨ੍ਹਣੀ ਸ਼ੁਰੂ ਕਰ ਦਿੱਤੀ। ਹੁਣ ਵਿਕਟਰ ਨੂੰ ਕੀ ਜੁਆਬ ਦੇਵੇ। ਉਹ ਸੋਚਣ ਲੱਗ ਪਈ। ਬਾਹਰ ਘੁਸਮੁਸਾ ਹੋ ਗਿਆ ਤੇ ਉਸਨੇ ਲਾਈਟਾਂ ਜਗਾ ਦਿੱਤੀਆਂ। ਚਾਰੇ ਪਾਸੇ ਖਾਲੀ ਖਾਲੀ ਸੀ। ਸੱਪ ਦਾ ਕਿਤੇ ਨਾਮੋ ਨਿਸ਼ਾਨ ਵੀ ਨਹੀਂ ਸੀ। ਉਸਨੂੰ ਹਦਾਇਤ ਯਾਦ ਆਈ ਤੇ ਉਸਨੇ ਟੀ ਵੀ ਔਨ ਕਰਕੇ ਅਵਾਜ਼ ਉੱਚੀ ਕਰ ਲਈ। ਘਰ ਵਿਚ ਰੌਣਕ ਜਿਹੀ ਹੋ ਗਈ। ਬਲਦੀਪ ਜੱਗੇ ਨੂੰ ਵੀ ਕਹਿੰਦੀ ਹੁੰਦੀ ਸੀ ਕਿ ਮੈਨੂੰ ਘਰ ਵਸਦਾ ਰਸਦਾ ਚੰਗਾ ਲਗਦਾ ਹੈ। ਰੌਲਾ ਰੱਪਾ ਪਿਆ ਰਹੇ ਪਰ ਮੈਨੂੰ ਦਿਸੇ ਕੁਝ ਵੀ ਨਾਂ। ਕਾਸ਼ ਮੈਂ ਅੰਨ੍ਹੀ ਹੋ ਜਾਵਾਂ। ਜਦੋਂ ਮੈਂ ਤੁਹਾਨੂੰ ਸਾਰਿਆਂ ਨੂੰ ਦੇਖਦੀ ਹਾਂ ਤਾਂ ਉਦਾਸ ਹੋ ਜਾਂਦੀ ਹਾਂ। ਕਿਤੇ ਇਹ ਨਾ ਸਮਝੀ ਕਿ ਮੈਂ ਤੈਨੂੰ ਪਿਆਰ ਨਹੀਂ ਕਰਦੀ। ਕਰਦੀ ਹਾਂ ਸਿਰਫ ਇਨਸਾਨੀ ਸ਼ਕਲਾਂ ਹੀ ਚੰਗੀਆਂ ਨਹੀਂ ਲਗਦੀਆਂ।

"ਸੱਚੀਂ ਪਿਆਰ ਕਰਦੀ ਹੈਂ?"

"ਚੰਗਾ ਥੋੜਾ ਸੋਚ ਲੈਣਦੇ।" ਬਲਦੀਪ ਨੇ ਮਚਲ ਕੇ ਆਖਿਆ ਤੇ ਸੋਚਣ ਲੱਗ ਪਈ ਤੇ ਫਿਰ ਬੋਲੀ, "ਤੈਨੂੰ ਸੱਚ ਦਸਾਂ ਕਿ ਝੂਠ?"

"ਸੱਚ ਹੀ ਦਸ, ਝੂਠ ਦਾ ਕੀ ਫਾਇਦਾ!!"

"ਤੁਸੀਂ ਹਮੇਸ਼ਾਂ ਫਾਇਦਾ ਹੀ ਕਿਉਂ ਸੋਚਦੇ ਹੋ? ਕੀ ਨੁਕਸਾਨ ਮਾੜਾ ਹੁੰਦਾ ਹੈ?"

"ਹਾਂ ਨੁਕਸਾਨ ਤੇ ਮਾੜਾ ਹੀ ਹੁੰਦਾ ਹੈ।"

"ਜੱਗੇ ਜੀ ਜ਼ਰਾ ਇਹ ਦਸੋ ਕਿ ਤੁਹਾੜੀ ਨਜ਼ਰ ਵਿਚ ਨੁਕਸਾਨ ਹੁੰਦਾ ਕੀ ਹੈ?"

"ਤੂੰ ਫਿਰ ਉਹੋ ਗੱਲਾਂ ਕਰਨ ਲੱਗ ਪਈ ਹੈਂ ਜੋ ਮੈਨੂੰ ਪਸੰਦ ਨਹੀਂ।"

"ਨਰਾਜ਼ ਕਿਉਂ ਹੁੰਦੇ ਹੋ, ਘਰਾਂ ਦੀਆਂ ਕੀਮਤਾਂ ਮੈਂ ਤੇ ਨਹੀਂ ਘਟਾਈਆਂ।" ਬਲਦੀਪ ਹੱਸਣ ਲੱਗ ਪਈ। ਜੱਗਾ ਵੀ ਹੱਸ ਪਿਆ ਤੇ ਬੋਲਿਆ, "ਚੱਲ ਦਸ ਤੂੰ ਮੈਨੂੰ ਕਿਤਨਾ ਪਿਆਰ ਕਰਦੀ ਹੈਂ?"

"ਸੱਚ ਇਹ ਹੈ ਕਿ ਮੈਂ ਤੁਹਾਨੂੰ ਪਿਆਰ ਨਹੀਂ ਕਰਦੀ। ਤੁਹਾਡੀ ਇੱਜ਼ਤ ਕਰਦੀ ਹਾਂ। ਤੁਸੀਂ ਮੇਰਾ ਕਿਤਨਾ ਖਿਆਲ ਰਖਦੇ ਹੋ। ਜੋ ਤੁਹਾਡੇ ਵਸ ਵਿਚ ਹੈ, ਉਹ ਸਭ ਮੇਰਾ ਹੈ, ਮੈਨੂੰ ਪਤਾ ਹੈ ਪਰ ਅਫਸੋਸ

ਹੈ ਕਿ ਸਭ ਕੁਝ ਤੁਹਾਡੇ ਵੱਸ ਵਿਚ ਕਿਉਂ ਨਹੀਂ ਹੈ?"

"ਤੂੰ ਵੀ ਸਾਰਾ ਕੁਝ ਮੈਨੂੰ ਕਦੋਂ ਸੌਂਪਿਆ ਹੈ?"

"ਕੀ ਚਾਹੁੰਦੇ ਹੋ?"

"ਇੱਕ ਚੁੰਮੀ!"

"ਉਹ ਮੇਰੇ ਵੱਸ ਵਿਚ ਨਹੀਂ ਹੈ। ਮੈਨੂੰ ਕਚਿਆਣ ਆਉਂਦੀ ਹੈ। ਬਾਕੀ ਸਾਰਾ ਸਰੀਰ ਤੁਹਾਡਾ ਹੀ ਹੈ ਜੋ ਮਰਜ਼ੀ ਕਰੋ, ਤੋੜੋ ਮਰੋੜੋ, ਮੈਂ ਕਦੇ ਟੋਕਿਆ ਹੈ ਤੁਹਾਨੂੰ?"

"ਤੇ ਫਿਰ ਝਗੜਾ ਕਾਹਦਾ। ਜੋ ਸਾਡੇ ਵੱਸ ਵਿਚ ਹੀ ਨਹੀਂ ਹੈ, ਉਹ ਅਸੀਂ ਦੂਸਰੇ ਨੂੰ ਦੇ ਕਿਵੇਂ ਸਕਦੇ ਹਾਂ? ਚਲਾਈ ਚਲੋ ਗੱਡੀ ਜਿਵੇਂ ਚਲਦੀ ਹੈ।"

ਬਲਦੀਪ ਨੇ ਆਖਰੀ ਘੁਟ ਭਰਕੇ ਕੱਪ ਮੇਜ਼ 'ਤੇ ਰੱਖ ਦਿੱਤਾ।

ਬਲਦੀਪ ਇੰਡੀਆ ਗਈ। ਬਹੁਤ ਦੇਰ ਹੋ ਚੁੱਕੀ ਸੀ। ਛੋਟਾ ਭਰਾ ਵੀ ਕੈਨੇਡਾ ਆਉਣ ਦੇ ਕਾਬਲ ਨਹੀਂ ਸੀ ਰਿਹਾ। ਸਰੀਰਕ ਤੇ ਮਾਨਸਿਕ ਤੌਰ ਤੇ ਟੁੱਟ ਚੁੱਕਾ ਸੀ। ਬਲਦੀਪ ਨੇ ਇਕੱਲ ਮਹਿਸੂਸ ਕੀਤਾ ਤੇ ਜਗਦੀਪ ਮਹਿੰਗੇ ਭਾਅ ਦੀ ਟਿਕਟ ਲੈ ਕੇ ਦੌੜਿਆ ਗਿਆ। ਬਲਦੀਪ ਨੇ ਆਪਣੇ ਅੰਦਰ ਮੁਸਕਰਾਹਟ ਮਹਿਸੂਸ ਕੀਤੀ। ਦਿਆਲ ਕੌਰ ਨਾਲ ਨਾ ਬਣਦੀ ਵੇਖਕੇ ਜੱਗੇ ਨੇ ਬਦਲੀਪ ਦਾ ਸਾਥ ਦਿੱਤਾ ਤੇ ਵੱਖ ਹੋ ਗਿਆ। ਛੋਟੇ ਭਰਾ ਨੇ ਇੱਕ ਵਾਰ ਬਲਦੀਪ ਨਾਲ ਬਦਸਲੂਕੀ ਕੀਤੀ, ਜੱਗੇ ਨੇ ਉਸਨੂੰ ਬੁਲਾਉਂਣਾ ਹੀ ਛੱਡ ਦਿੱਤਾ। ਜੱਗਾ ਹਰ ਸੰਭਵ ਕੋਸ਼ਿਸ਼ ਕਰਦਾ ਬਲਦੀਪ ਦਾ ਖਿਆਲ ਰੱਖਣ ਦਾ ਪਰ ਬਲਦੀਪ ਕਦੇ ਵੀ ਅੱਗ ਵਾਂਗੂੰ ਨਹੀਂ ਮੱਚੀ। ਜੱਗਾ ਵੀ ਸਬਰ ਗੁਆ ਬੈਠਾ। ਆਖਰ ਕਦ ਤੱਕ ਬਰਦਾਸ਼ਤ ਕਰਦਾ। ਇੱਕ ਦਿਨ ਅਹਿਸਾਸ ਜਿਤਾ ਬੈਠਾ ਤਾਂ ਬਲਦੀਪ ਨੇ ਉਸਦੀ ਕੀਤੀ ਕਤਰੀ ਖੂਹ ਵਿਚ ਪਾ ਦਿੱਤੀ।

ਮੁੰਡਾ ਤਕੜਾ ਹੋਈ ਜਾ ਰਿਹਾ ਸੀ। ਸਭ ਕੁਝ ਵੇਖ ਰਿਹਾ ਸੀ ਪਰ ਉਹਦੇ ਵਾਸਤੇ ਦੋਵੇਂ ਇੱਕੋ ਜਿਹੇ ਸਨ। ਕਦੇ ਬਲਦੀਪ ਤੇ ਕਦੇ ਜੱਗਾ ਉਸਦਾ ਖਿਆਲ ਰੱਖਦਾ। ਫਿਰ ਹੌਲੀ ਹੌਲੀ ਇਹ ਰੇਸ ਹੀ ਲੱਗ ਗਈ ਕਿ ਕੌਣ ਵਧ ਖਿਆਲ ਰਖਦਾ ਹੈ। ਇਹ ਤੇ ਇਸ ਤਰ੍ਹਾਂ ਸੀ ਜਿਵੇਂ ਜਾਣੇ ਅਨਜਾਣੇ ਉਹ ਦੋਵੇਂ ਕੋਈ ਮੁਕਾਬਲਾ ਕਰ ਰਹੇ ਹੋਣ। ਮੁਕਾਬਲੇ ਵਿਚ ਕੁੜੀ ਗਿਣਤੀ ਵਿਚ ਹੀ ਨਹੀਂ ਸੀ। ਸਾਰਾ ਜੋਰ ਮੋਹਨ ਤੇ ਲੱਗ ਰਿਹਾ ਸੀ। ਮੋਹਨ ਵਿਗੜ ਰਿਹਾ ਸੀ ਪਰ ਫੇਰ ਕੀ ਸੀ? ਹੈ ਤੇ ਮੁੰਡਾ ਹੀ ਜਿਸਨੇ ਬੁੱਢੇ ਵਾਰੇ ਡੰਗੋਰੀ ਬਣਨਾ ਸੀ।

ਬਲਦੀਪ ਨੇ ਟੀ ਵੀ ਬੰਦ ਕਰ ਦਿੱਤਾ। ਟੀ ਵੀ ਤੇ ਕੋਈ ਗਾਣਾ ਆ ਰਿਹਾ ਸੀ, ਜਿਸ ਵਿਚ ਬਲਦੀਪ ਨੂੰ ਭੁਲੇਖਾ ਪਿਆ ਜਿਵੇਂ ਕੋਈ ਬੀਨ ਵਜਦੀ ਹੋਵੇ। ਬੀਨ ਸੁਣ ਕੇ ਕਿਤੇ ਸੱਪ ਹੀ ਨਾ ਆ ਜਾਵੇ। ਬਲਦੀਪ ਡਰ ਗਈ। ਸਾਰੀ ਰਾਤ ਕਿਵੇਂ ਲੰਘਣੀ ਹੈ? ਦਿਆਲ ਕੌਰ ਵੀ ਕਦੇ ਕਦੇ ਬਲਦੀਪ ਨੂੰ ਡਰਾਉਂਦੀ ਸੀ। ਜੱਗੇ ਨੇ ਦਿਆਲ ਕੌਰ ਕੋਲੋਂ ਤੇ ਬਚਾ ਲਿਆ ਪਰ ਕਿਹੜਾ ਅਹਿਸਾਨ ਕੀਤਾ? ਇਹ ਤੇ ਫਰਜ਼ ਸੀ ਉਸਦਾ। ਜੱਗਾ ਚੋਰੀ ਚੋਰੀ ਹੀ ਮਾਂ ਨੂੰ ਮਿਲ ਆਉਂਦਾ, ਚੋਰੀ ਫੜੀ ਜਾਂਦੀ ਤਾਂ ਅੱਖਾਂ ਚੁਰਾਉਂਦਾ ਫਿਰਦਾ।

ਬਲਦੀਪ ਨੇ ਦਸ ਵਜ਼ੇ ਟੀ ਵੀ ਬੰਦ ਕਰ ਦਿੱਤਾ। ਨੀਂਦ ਵਾਲੀ ਗੋਲੀ ਖਾਧੀ ਤੇ ਸੋਫੇ ਤੇ ਹੀ ਲੇਟ ਗਈ। ਹੁਣ ਉਸਨੂੰ ਸੋਫ਼ਾ ਸੇਫ਼ ਲਗਦਾ ਸੀ। ਉਪਰ ਬੈੱਡ ਤੇ ਪਤਾ ਨਹੀਂ ਸੱਪ ਹੀ ਬੈਠਾ ਹੋਵੇ। ਕਿਤੇ ਪੌੜੀਆਂ ਵਿਚ ਹੀ ਨਾ ਮਿਲ ਜਾਵੇ। ਕਿਸ ਤਰ੍ਹਾਂ ਲੰਘੇਗਾ ਝੱਟ, ਘੂਕੀ ਆਉਂਣ ਤੋਂ ਪਹਿਲਾਂ ਬਲਦੀਪ ਨੇ ਸੋਚਿਆ। ਉਹ ਭੁੱਝਕੇ ਨਾਲ ਅੱਖਾਂ ਖੋਲ ਕੇ ਬੈਠ ਗਈ। ਉਸਨੂੰ ਲਗਿਆ ਕਿ ਸੱਪ ਉਸਦੇ ਸਰੀਰ ਤੇ ਰੀਂਘ ਰਿਹਾ ਹੈ। ਨੀਂਦ ਨੇ ਫਿਰ ਜੋਰ ਪਾਇਆ ਤੇ ਅੱਖਾਂ ਆਪਣੇ ਆਪ ਮੀਟ ਹੋਣ ਲੱਗੀਆਂ। ਮਦਹੋਸ਼ੀ



ਵਿਚ ਉਸਨੂੰ ਲੱਗਾ ਕਿ ਸੱਪ ਉਸਦੇ ਪੈਰਾਂ ਤੇ ਚੜ ਗਿਆ ਹੈ, ਹੁਣ ਹੌਲੀ-ਹੌਲੀ ਉਸਦੀਆਂ ਲੱਤਾਂ ਤੇ ਰੀਂਗਣ ਲੱਗ ਪਿਆ ਹੈ। ਕਚਿਆਣ ਦਾ ਅਹਿਸਾਸ ਹੋਇਆ। ਪੱਟਾਂ ਤੋਂ ਹੁੰਦਾ ਹੋਇਆ ਸੱਪ ਢਿੱਡ ਤੋਂ ਉਪਰ ਜਾਣ ਲੱਗਾ। ਬਲਦੀਪ ਦਾ ਸੁੱਤੀ ਪਈ ਦਾ ਸਾਹ ਤੇਜ਼ ਹੋਣ ਲੱਗ ਪਿਆ। ਅਚਾਨਕ ਸੱਪ ਦੀ ਛਵੀ ਜੱਗੇ ਵਿਚ ਵਟਣ ਲੱਗੀ। ਕਦੇ ਕਦੇ ਇੰਝ ਲੱਗੇ ਕਿ ਸੱਪ ਹੈ ਤੇ ਕਦੇ ਲੱਗੇ ਜੱਗੇ ਦਾ ਹੱਥ ਹੈ। ਸੱਪ ਗਰਦਨ ਤੱਕ ਪਹੁੰਚ ਗਿਆ ਸੀ। ਕਪੜੇ ਆਪਣੇ ਆਪ ਹੀ ਅਲਹਿਦਾ ਹੋ ਗਏ। ਹੁਣ ਸੱਪ ਦੀ ਪੂਛ ਪੈਰਾਂ ਨਾਲ ਕਲੋਲ ਕਰ ਰਹੀ ਸੀ ਤੇ ਸੱਪ ਦੀ ਜੀਭ ਗਰਦਨ ਦੁਆਲੇ, ਬਲਦੀਪ ਨੂੰ ਲੱਗਾ ਕਿ ਕੋਈ ਚੀਕ ਉਸਦੇ ਸੰਘ ਵਿਚ ਫਸ ਗਈ ਹੈ। ਹੱਥ ਉਸਦੇ ਛਾਤੀ ਤੇ ਸਨ। ਸੱਪ ਹੱਥਾਂ ਨੂੰ ਪਰੇ ਧਕਦਾ। ਉਹ ਕੋਸ਼ਿਸ਼ ਕਰਦੀ ਕਿ ਹੱਥਾਂ ਨਾਲ ਸੱਪ ਨੂੰ ਫੜਕੇ ਪਰਾਂ ਕਰ ਦੇਵੇ ਪਰ ਹੱਥ ਭਾਰੇ ਹੋ ਗਏ, ਮਣਾਂ ਮੂੰਹੀ ਭਾਰੇ। ਕਸ਼ਮਕਸ਼ ਚਲ ਰਹੀ ਸੀ ਪਰ ਜਿਉਂ ਹੀ ਸੱਪ ਉਸਦੇ ਮੂੰਹ ਵਲ ਬਹੁੜਿਆ, ਬਲਦੀਪ ਦਾ ਸਾਹ ਧੌਂਖਣੀ ਵਾਂਗ ਚਲਣ ਲੱਗ ਪਿਆ। ਸੱਪ ਨੇ ਆਪਣਾ ਮੂੰਹ ਖੋਲ ਲਿਆ ਤੇ ਉਸਦੀ ਲੰਮੀ ਜੀਭ ਸਾਰੇ ਮੂੰਹ ਤੇ ਘਸਰਣ ਲੱਗ ਪਈ। ਕਦੇ ਅੱਖਾਂ ਤੇ ਕਦੇ ਵਾਲਾਂ ਤੱਕ ਕਦੇ ਕੰਨ ਵਿਚ ਵੜ ਜਾਂਦੀ। ਜਿਉਂ ਹੀ ਸੱਪ ਦੀ ਜੀਭ ਨੇ ਉਸਦੇ ਬੁਲ੍ਹਾਂ ਨੂੰ ਛੋਹਿਆ ਪਤਾ ਨਹੀਂ ਬਲਦੀਪ ਨੂੰ ਜੱਗੇ ਦੀ ਯਾਦ ਕਿਵੇਂ ਆ ਗਈ। ਉਹ ਬੁੜਬੜਾਉਣ ਲੱਗੀ, "ਵੇ ਜੱਗਿਆ, ਕਿੱਥੇ ਹੈਂ ਤੂੰ? ਬਚਾ ਲੈ ਮੈਨੂੰ ਵੇ। ਮੈਂ ਮਰਨਾ ਨਹੀਂ ਚਾਹੁੰਦੀ ਵੇ… ਵੇ ਮੇਰੇ ਪੁੱਤ ਦਾ ਕੀ ਬਣੇਗਾ… ਮਸੀਂ ਮੇਰਾ ਮੋਹਨ ਮੁੜਿਆ ਵੇ…।"

ਹੌਸਲਾ ਕਰ ਬਲਦੀਪ ਜੱਗਾ ਆ ਗਿਆ ਸੀ। ਆਪਣਾ ਹੱਥ ਫੜਾ ਮੈਨੂੰ ਬਲਦੀਪ… ਜੱਗੇ ਦੀ ਅਵਾਜ਼ ਆਈ… ਤੂੰ ਨੰਗੀ ਕਿਉਂ ਪਈ ਹੈਂ?"

"ਪਤਾ ਨਹੀਂ, ਜੱਗਿਆ, ਮੇਰੇ ਲੀੜੇ ਕਿਸਨੇ ਲਾਹੇ ਹਨ।"

ਪਤਾ ਨਹੀਂ ਬਲਦੀਪ ਦੇ ਹੱਥਾਂ ਵਿਚ ਕਿਥੋਂ ਇਤਨੀ ਅੰਨ੍ਹੀ ਤਾਕਤ ਆ ਗਈ ਉਸਨੇ ਦੋਵੇਂ ਹੱਥ ਨਾਲ ਸੱਪ ਨੂੰ ਫੜ ਕੇ ਪਰਾਂ ਸੁੱਟ ਦਿੱਤਾ ਤੇ ਛਾਤੀ 'ਚ ਦੱਬੀ ਹੋਈ ਚੀਕ ਨਿਕਲ ਗਈ। ਬਲਦੀਪ ਦੀ ਜਾਗ ਖੁੱਲ੍ਹ ਗਈ। ਉਸਨੇ ਆਪਣੇ ਕੱਪੜੇ ਵੇਖੇ। ਉਸਦੇ ਦੁਆਲੇ ਹੀ ਸਨ। ਸੱਪ ਸਮਝ ਕੇ ਜਿਸਨੂੰ ਸੁਟਿਆ ਸੀ ਉਹ ਸੋਫੇ ਦੀ ਗੱਦੀ ਸੀ। ਬਲਦੀਪ ਉੱਠ ਕੇ ਬੈਠ ਗਈ। ਅੱਖਾਂ ਵਿਚ ਅੰਤਾਂ ਦੀ ਲਾਲੀ, ਸਿਰ ਅੰਤਾਂ ਦਾ ਭਾਰਾ, ਨੀਂਦ ਵਾਲੀ ਗੋਲੀ ਦਾ ਪੂਰਾ ਅਸਰ ਸੀ ਪਰ ਅੱਖਾਂ ਖੁੱਲ੍ਹੀਆਂ ਹੋਈਆਂ ਸਨ। ਉਹ ਸੁਪਨਾ ਸਮਝ ਕੇ ਫਿਰ ਲੰਮੀ ਪੈ ਗਈ ਪਰ ਦਿਲ ਵਿਚ ਡਰ ਕਾਇਮ ਸੀ। ਇਸ ਡਰ ਨੇ ਉਸਨੂੰ ਸੌਣ ਨਹੀਂ ਦੇਣਾ ਸੀ। ਉਹ ਹੌਲੀ ਹੌਲੀ ਉੱਠੀ, ਰਸੋਈ ਵਿਚ ਗਈ ਤੇ ਕਵਰਡ ਵਿਚੋਂ ਨੀਂਦ ਵਾਲੀ ਇੱਕ ਗੋਲੀ ਹੋਰ ਲੈ ਲਈ। ਗੋਲੀ ਖਾ ਕੇ ਉਹ ਨਿਸਚਿੰਤ ਸੀ ਕਿ ਹੁਣ ਉਸਨੂੰ ਨੀਂਦ ਆ ਜਾਵੇਗੀ ਤੇ ਸਵੇਰ ਦਸ ਵਜੇ ਤੱਕ ਉਹ ਸੁੱਤੀ ਰਹੇਗੀ। ਇਹ ਗੋਲੀ ਹੀ ਹੁਣ ਉਸਦੀ ਰਾਖੀ ਕਰੇਗੀ।

ਸਵੇਰੇ ਜਦੋਂ ਬਲਦੀਪ ਦੀ ਅੱਖ ਖੁੱਲ੍ਹੀ ਦੁਪਹਿਰ ਦਾ ਇੱਕ ਵੱਜ ਚੁੱਕਾ ਸੀ ਤੇ ਟੈਲੀਫੋਨ ਦੀ ਆਖਰੀ ਘੰਟੀ ਵੱਜ ਕੇ ਬੰਦ ਹੋ ਗਈ ਸੀ। ਬਲਦੀਪ ਉੱਠੀ ਤੇ ਹੌਲੀ ਹੌਲੀ ਰਸੋਈ ਵਿਚ ਗਈ। ਚਾਹ ਧਰੀ ਤੇ ਭਾਰੇ ਸਿਰ ਨਾਲ ਕਰਵਡ ਖੋਲਿਆ ਤੇ ਐਡਵਿਲ ਦੀਆਂ ਦੋ ਗੋਲੀਆਂ ਕਢ ਲਈਆਂ। ਅੱਜ ਜੱਗਾ ਘਰ ਨਹੀਂ ਸੀ, ਨਹੀਂ ਤੇ ਉਸਨੇ ਕਹਿਣਾ ਸੀ ਕਿ ਗੋਲੀਆਂ ਨਾ ਖਾ। ਨਿਰਣੇ ਕਾਲਜੇ ਨਹੀਂ ਖਾਈਦੀਆਂ। ਲਿਆ ਤੇਰਾ ਸਿਰ ਘੁਟ ਦਿਆਂ। ਬਲਦੀਪ ਨੇ ਜੱਗੇ ਦੀ ਇਸ ਆਦਤ ਨੂੰ ਯਾਦ ਕੀਤਾ ਤੇ ਉਸਨੂੰ ਕੁਝ ਚੰਗਾ ਲੱਗਾ। ਟੈਲੀਫੋਨ ਦੀ ਕਾਲਰ ਲਿਸਟ ਚੈੱਕ ਕੀਤੀ ਤੇ ਆਪਣੇ ਆਪ ਹੀ ਬੋਲੀ, 'ਹਾਏ ਰੱਬਾ! ਇਹ ਕਿੱਥੋਂ ਮੇਰੇ ਪੇਸ਼ ਪੈ ਗਿਆ ਹੈ।' ਫੋਨ ਹਿਉਮੇਨ ਸੁਸਾਇਟੀ ਦਾ ਸੀ। ਹੁਣ ਮੈਂ ਕਿੱਥੋਂ ਇਹਦੇ ਵਾਸਤੇ ਸੱਪ ਲੱਭਦੀ ਫਿਰਾਂ। ਉਸਨੇ ਸੋਚਿਆ ਕਿ ਚੱਲ ਐਵੇਂ ਹੀ ਕਹਿ ਦੇਵਾਂਗੀ ਕਿ ਭੂਰੇ ਰੰਗ ਦਾ ਸੀ। ਅਜੇ ਸੋਚ ਹੀ

ਰਹੀ ਸੀ ਕਿ ਫੋਨ ਦੁਬਾਰਾ ਆ ਗਿਆ। ਬਲਦੀਪ ਨੇ ਵੇਖਿਆ ਉਸੇ ਮਰ ਜਾਣੇ ਦਾ ਸੀ। "ਹੈਲੋ।" ਬਲਦੀਪ ਨੇ ਕਿਹਾ।

"ਹਾਂ ਜੀ ਮੈਂ ਬੋਲ ਰਿਹਾ ਹਾਂ ਰਿੱਕ ਹਿਊਮੇਨ ਸੁਸਾਇਟੀ ਤੋਂ। ਅਜੇ ਹੁਣੇ ਹੀ ਲੰਚ ਖਤਮ ਹੋਇਆ ਹੈ। ਅੱਜ ਤੁਹਾਡਾ ਹੀ ਕੇਸ ਡੀਲ ਕਰਨਾ ਹੈ। ਹੋਰ ਕੋਈ ਕੰਮ ਨਹੀਂ।"

"ਮੀ ਨੋ ਇੰਗਲਿਸ਼।" ਬਲਦੀਪ ਨੇ ਕਿਹਾ।

"ਡੌਂਟ ਲਾਈ, ਕੱਲ੍ਹ ਤੇ ਤੁਸੀਂ ਅੰਗਰੇਜ਼ੀ ਬੋਲਦੇ ਸੀ।"

"ਜੀ ਰਾਤ ਸੁਤੀ ਪਈ ਨੂੰ ਭੁਲ ਗਈ। ਆਈ ਨੀਡ ਇੰਟਰਪਰੈਟਰ।"

"ਓ. ਕੇ. ਸਾਡੇ ਕੋਲ ਉਸਦਾ ਵੀ ਇੰਤਜ਼ਾਮ ਹੈ। ਜਲਦੀ ਹੀ ਕਰ ਦੇਵਾਂਗੇ ਪਰ ਉਹ ਰੰਗ ਦਸ ਦਿੰਦੇ ਤਾਂ ਵਧੀਆ ਸੀ ਮੈਂ ਰਿਪੋਰਟ ਤਿਆਰ ਕਰਨੀ ਸੀ।"

"ਜੀ ਭੂਰਾ।"

"ਜੀ ਭੂਰਾ ਸੱਪ ਤਾਂ ਕੈਨੇਡਾ ਵਿਚ ਹੁੰਦਾ ਹੀ ਨਹੀਂ?"

"ਇਹ ਤੇ ਮੈਨੂੰ ਨਹੀਂ ਪਤਾ ਕਿ ਕੈਨੇਡਾ ਵਿਚ ਭੂਰਾ ਸੱਪ ਨਹੀਂ ਹੁੰਦਾ ਪਰ ਮੇਰੇ ਘਰ ਦੇ ਆਲੇ ਦੁਆਲੇ ਜੋ ਘੁੰਮ ਰਿਹਾ, ਉਹ ਭੂਰਾ ਹੀ ਹੈ। ਆ ਕੇ ਦੇਖ ਲਵੋ।"

"ਕੀ ਤੁਸੀਂ ਵਿਖਾ ਸਕਦੇ ਹੋ?"

"ਜੀ ਮੈਂ ਕਿਹੜਾ ਪਰਸ ਵਿਚ ਪਾ ਕੇ ਰੱਖਿਆ ਹੈ ਜਿਹੜਾ ਕੱਢ ਕੇ ਦਿਖਾ ਦੇਵਾਂਗੀ। ਆਪੇ ਲਭ ਕੇ ਵੇਖ ਲਵੋ।"

"ਆਈ ਥਿੰਕ ਯੂ ਆਰ ਜੋਕਿੰਗ।"

"ਲੈ ਕਰ ਲਵੋ ਘਿਉ ਨੂੰ ਭਾਂਡਾ, ਮੇਰਾ ਤੇਰਾ ਕਾਹਦਾ ਜੋਕ ਹੈ?"

"ਜੀ ਇਹ ਘਿਉ ਦਾ ਭਾਂਡਾ ਕੀ ਹੁੰਦਾ ਹੈ।"

"ਜੀ ਸਵੇਰੇ ਸਵੇਰੇ ਮੇਰੇ ਕੋਲੋਂ ਅੰਗਰੇਜ਼ੀ ਨਹੀਂ ਬੋਲੀ ਜਾਂਦੀ। ਬਸ ਸਮਝ ਲਵੋ ਬਟਰ ਇੰਨ ਡੱਬਾ।"

"ਠੀਕ ਹੈ ਮੈਂ ਤੁਹਾਨੂੰ ਹੋਰ ਬੌਦਰ ਨਹੀਂ ਕਰਾਂਗਾ। ਤੁਹਾਡੀ ਇੰਟਰਪਰੇਟਰ ਜਲਦੀ ਹੀ ਤੁਹਾਨੂੰ ਕਾਲ ਕਰੇਗੀ।" ਬਲਦੀਪ ਨੇ ਫੋਨ ਰੱਖ ਦਿੱਤਾ। ਕੁਝ ਗੋਲੀਆ ਦਾ ਅਸਰ ਤੇ ਕੁਝ ਆਪਣੇ ਕੀਤੇ ਮਜ਼ਾਕ ਨਾਲ ਉਸਦੀਆਂ ਨਸਾਂ ਕੁਝ ਢਿੱਲੀਆਂ ਪੈ ਗਈਆਂ ਤੇ ਉਹ ਚਾਹ ਪੀਣ ਜੋਗੀ ਹੋ ਗਈ।

ਚਾਹ ਪੀਣ ਤੋਂ ਬਾਅਦ ਉਸਨੇ ਵਿਨੀਪੈਗ ਫੋਨ ਕਰ ਲਿਆ। ਉਹ ਅਸਲ ਵਿਚ ਮੋਹਨ ਨਾਲ ਗੱਲ ਕਰਨਾ ਚਾਹੁੰਦੀ ਸੀ। ਜੱਗੇ ਨਾਲ ਕੋਈ ਸਮਝੌਤਾ ਕਰਨ ਤੋਂ ਪਹਿਲਾਂ ਉਸਨੇ ਮੋਹਨ ਨਾਲ ਸਲਾਹ ਕਰਨੀ ਬੇਹਤਰ ਸਮਝਿਆ।

"ਯੈਸ ਮੌਮ!"

"ਹਾਂ ਬੇਟੇ ਹੁਣ ਤੂੰ ਹੀ ਦੱਸ, ਡੈਡ ਬਾਰੇ ਕੀ ਕਰਾਂ ਮੈਂ, ਤੇਰੀ ਕੀ ਸਲਾਹ ਹੈ? "

"ਮੌਮ ਰੀਅਲੀ ਆਈ ਡੌਨਟ ਕੇਅਰ। ਇਹ ਤੇਰੀ ਸਮੱਸਿਆ ਹੈ, ਮੇਰੀ ਨਹੀਂ। ਜੇ ਤੂੰ ਉਹਨੂੰ ਲਾਈਕ ਕਰਦੀ ਹੈ ਤਾਂ ਕੰਮਪਰੋਮਾਈਜ਼ ਕਰ ਲੈ ਜੇ ਨਹੀਂ ਤਾਂ ਡਾਇਵੋਰਸ ਦੇਦੇ। ਇਹ ਤਾਂ ਤੂੰ ਸੋਚਣਾ ਹੈ। ਮੈਂ ਕੀ ਕਹਿ ਸਕਦਾ ਹਾਂ।"

ਬਲਦੀਪ ਸਮਝ ਗਈ ਕਿ ਮੋਹਨ ਦੀ ਸੋਚ ਉਹਦੇ ਤੋਂ ਅਲੱਗ ਹੈ। ਉਸਨੇ ਇਧਰ ਉਧਰ ਦੀਆਂ ਮਾਰਕੇ ਫੋਨ ਰੱਖ ਦਿੱਤਾ। ਜੱਗੇ ਦਾ ਇੱਕ ਵਾਰ ਸੁਨੇਹਾ ਜ਼ਰੂਰ ਆਇਆ ਸੀ ਪਰ ਕੰਡੀਸ਼ਨ ਲਗੀਆਂ ਹੋਣ ਕਰਕੇ ਉਸਨੇ ਆਪ ਕਦੇ ਫੋਨ ਨਹੀਂ ਕੀਤਾ ਸੀ ਤੇ ਘਰ ਉਹ ਆ ਹੀ ਨਹੀਂ ਸਕਦਾ ਸੀ। ਅਸਲ ਵਿਚ



ਇਹ ਜੱਗੇ ਦਾ ਦੂਸਰਾ ਅਫੈਂਨਸ ਸੀ। ਪਹਿਲਾਂ ਵੀ ਉਹ ਫੈਕਟਰੀ ਵਿਚ ਕਿਸੇ ਨਾਲ ਕੁਟ ਮਾਰ ਕਰਕੇ ਪਰੋਬੇਸ਼ਨ ਤੇ ਰਹਿ ਚੁੱਕਾ ਸੀ ਤੇ ਉਸਦਾ ਗੁਡ ਬਿਹੇਵੀਅਰ ਹੀ ਉਸਦੀ ਜ਼ਮਾਨਤ ਸੀ। ਉਂਝ ਵੀ ਇਕੱਲਾ ਬੈਠਾ ਪਤਾ ਨਹੀਂ ਕੀ ਸੋਚਦਾ ਹੋਵੇਗਾ। ਐਂਗਰ ਟਰੀਟਮੈਂਟ ਦਾ ਪਰੋਗਰਾਮ ਸੋਲਾਂ ਹਫਤੇ ਦਾ ਸੀ ਤੇ ਹੁਣ ਸਿਰਫ ਦੋ ਹਫਤੇ ਰਹਿ ਗਏ ਸਨ। ਪਰੋਬੇਸ਼ਨ ਔਫੀਸਰ ਦੀ ਚੰਗੀ ਰਿਪੋਰਟ ਹੀ ਉਨ੍ਹਾਂ ਨੂੰ ਫੇਰ ਇੱਕਠਿਆਂ ਰਹਿਣ ਦੀ ਜ਼ਾਮਨ ਸੀ।

ਉਸ ਦਿਨ ਹੋਇਆ ਵੀ ਕੁਝ ਨਹੀਂ ਸੀ। ਮਾੜੀ ਮੋਟੀ ਗੱਲ ਤਾਂ ਹੁੰਦੀ ਰਹਿੰਦੀ ਹੈ ਪਰ ਉਸ ਦਿਨ ਗੁਆਂਢੀ ਨੇ ਫੋਨ ਕਰ ਦਿੱਤਾ ਤੇ ਪੁਲੀਸ ਆ ਕੇ ਜੱਗੇ ਨੂੰ ਲੈ ਗਈ। ਬਲਦੀਪ ਦੀ ਇਹ ਗਲਤੀ ਜ਼ਰੂਰ ਹੋਈ ਕਿ ਉਸਨੇ ਕੁਝ ਕਿਹਾ ਨਹੀਂ। ਕੁਝ ਨਾ ਕਹਿਣਾ ਪੁਲੀਸ ਨੂੰ ਇਹ ਪ੍ਰਭਾਵ ਦੇ ਗਿਆ ਕਿ ਜ਼ਰੂਰ ਹੀ ਕੁਝ ਹੋਇਆ ਹੈ। ਸੋਫੇ ਨੂੰ ਆਪਣੀ ਥਾਂ ਤੋਂ ਹਿਲਿਆ ਵੇਖ ਕੇ ਪੁਲੀਸ ਵਾਲੇ ਨੇ ਅੰਦਾਜ਼ਾ ਲਗਾ ਲਿਆ ਕਿ ਇਹ ਡਮੈਸਟਿਕ ਵਾਇਲੈਂਸ ਦਾ ਕੇਸ ਹੈ। ਜੱਗੇ ਦੇ ਜਾਣ ਦੀ ਨਾ ਤਾਂ ਬਲਦੀਪ ਨੂੰ ਖੁਸ਼ੀ ਸੀ ਨਾ ਗ਼ਮ। ਉਹ ਤੇ ਸਗੋਂ ਆਪ ਵੇਖਣਾ ਚਾਹੁੰਦੀ ਸੀ ਕਿ ਉਹ ਇਕੱਲੀ ਕਿਸ ਤਰ੍ਹਾਂ ਰਹਿ ਸਕਦੀ ਹੈ। ਬਲਦੀਪ ਨੂੰ ਫੇਰ ਝਾਉਲਾ ਪਿਆ ਜਿਵੇਂ ਸੋਫੇ ਥੱਲੇ ਕੁਝ ਸਰਕਿਆ ਹੈ। ਉਸਨੇ ਪੈਰ ਉਪਰ ਕਰ ਲਏ। ਇੱਕ ਦਮ ਇੱਕ ਖਿਆਲ ਉਸਦੇ ਜ਼ਿਹਨ ਵਿਚੋਂ ਗੁਜ਼ਰ ਗਿਆ। ਜੇ ਜੱਗਾ ਹੁੰਦਾ ਤਾਂ ਸਾਰੀ ਜ਼ਿੰਮੇਵਾਰੀ ਉਸਦੀ ਹੋਣੀ ਸੀ। ਉਸਨੇ ਨਿਸਚਿੰਤ ਰਹਿਣਾ ਸੀ ਸਗੋਂ ਸੱਪ ਨੂੰ ਮਖੌਲ ਕਰਨੇ ਸਨ। ਜਿਤਨਾ ਚਿਰ ਉਸਦਾ ਵਹਿਮ ਨਾ ਨਿਕਲਦਾ, ਜੱਗੇ ਨੇ ਕੰਮ ਤੇ ਨਹੀਂ ਜਾਣਾ ਸੀ। ਸੱਪ ਨੂੰ ਤੇ ਉਹਨੇ ਨਿਉਲੇ ਵਾਂਗ ਟਕਰਨਾ ਸੀ। ਆਪੇ ਜੱਗਾ ਨਿਉਲਾ ਬਣ ਕੇ ਆਪਣੇ ਅੰਦਰਲੇ ਸੱਪ ਨਾਲ ਲੜੀ ਜਾਵੇਗਾ। ਉਂਝ ਵੀ ਔਰਤ ਨੂੰ ਸਮਾਜ ਵਿਚ ਰਹਿੰਦਿਆਂ ਨਿਉਲਾ ਪਾਲ ਹੀ ਲੈਣਾ ਚਾਹੀਦਾ ਹੈ। ਉਹ ਉੱਠੀ ਤੇ ਫੋਨ ਘੁੰਮਾ ਲਿਆ ਅਗੋਂ ਸੋਨੀਆਂ ਨੇ ਚੁੱਕਿਆ, "ਯੈਸ ਬਲਦੀਪ ਆਂਟ।"

"ਹਾਂ ਬੇਟੀ ਮੈਂ ਫੈਸਲਾ ਕਰ ਲਿਆ ਹੈ। ਮੈਂ ਜੱਗੇ ਨਾਲ ਰਹਿਣ ਨੂੰ ਤਿਆਰ ਹਾਂ।"

"ਦੈਟ'ਸ ਗਰੇਟ ਆਂਟ! ਮੈਂ ਵਿਕਟਰ ਨੂੰ ਦੱਸ ਦਿੰਦੀ ਹਾਂ।"

ਫੋਨ ਰਖ ਕੇ ਬਲਦੀਪ ਨੇ ਸੁੱਖ ਦਾ ਸਾਹ ਲਿਆ ਤੇ ਸੋਚਿਆ ਘਰ ਵਿਚ ਕੋਈ ਤੇ ਹੋਵੇ ਜੋ ਸੱਪ ਨਾਲੋਂ ਵਧ ਹੋਵੇ।

-Kuljeet Maan,159, Cinrick Bar Dr.,Toronto, ONT, M9W 6WB, Canada, e-mail: kuljeetmaan100@yahoo.ca, 416-213-8715

**ਲੋਕਧਾਰਾ ਤੇ ਨਿਵੇਕਲਾ ਤੇ ਨਿੱਗਰ ਕਾਰਜ ਕਰਨ ਵਾਲੇ ਨੌਜਵਾਨ ਦੀ ਪਲੇਠੀ ਕਿਤਾਬ**

**ਪੰਜਾਬੀ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ**

ਜਿਸ ਵਿਚ ਦੁਆਬੇ ਦੀਆਂ ਲੋਕ ਕਥਾਵਾਂ ਦੀ ਸਮਾਜਿਕ, ਇਤਿਹਾਸਕ, ਸਭਿਆਚਾਰਕ ਅਤੇ ਭੂਗੋਲਿਕ ਅਧਾਰ ਤੇ ਪਰਖ ਕੀਤੀ ਗਈ ਹੈ

**ਡਾ. ਜਸਵੰਤ ਰਾਏ**

**ਪ੍ਰਕਾਸ਼ਕ: ਮਨਪ੍ਰੀਤ ਪ੍ਰਕਾਸ਼ਨ, ਦਿੱਲੀ**

ਮੁੱਲ: 540 ਰੁਪਏ, ਪੰਨੇ: 311



## ਕਹਾਣੀ/ **ਸ਼ਰਧਾਂਜਲੀ**/ -ਬਲਦੇਵ ਸਿੰਘ ਢੀਂਡਸਾ

ਪੰਤਾਲ਼ੀ ਸਾਲਾਂ ਬਾਅਦ ਜਦ ਬਲਵੰਤ ਸਿੰਘ ਆਪਣੇ ਪਿੰਡ 'ਚ ਦਾਖਲ ਹੋਇਆ ਤਾਂ ਉਸਨੂੰ ਲੱਗਾ ਕਿ ਇਹ ਉਸਦਾ ਪਿੰਡ ਨਹੀਂ ਹੈ। ਡਰਾਇਵਰ ਸੀਟ ਨਾਲ਼ ਬੈਠੇ ਆਪਣੇ ਚਾਚੇ ਦੇ ਮੁੰਡੇ ਊਧਮ ਸਿੰਘ ਨੂੰ ਉਸ ਪੁੱਛਿਆ, "ਊਦਿਆ ਆਪਾਂ ਕਿਸੇ ਹੋਰ ਪਿੰਡ ਤਾਂ ਨੀਂ ਆਣ ਵੜੇ?"

"ਨਹੀਂ ਬੰਤ, ਪਿੰਡ ਤਾਂ ਆਪਣਾ ਹੀ ਹੈ। ਪੰਤਾਲ਼ੀ ਸਾਲ ਸਮਝੋ ਅੱਧੀ ਸਦੀ ਹੋ ਗਈ ਤੈਨੂੰ ਪਿੰਡ ਛੱਡਿਆ। ਸਭ ਕੁਝ ਬਦਲ ਗਿਆ।" ਊਦੇ ਨੇ ਪਿਛਲੀ ਸੀਟ ਤੇ ਬੈਠੇ ਬਲਵੰਤ ਸਿੰਘ ਵੱਲ ਮੂੰਹ ਘੁੰਮਾਉਂਦਿਆਂ ਕਿਹਾ।

ਅਸਲ ਵਿੱਚ ਬੰਤ ਨੂੰ ਪਿੰਡ ਛੱਡਿਆ ਪੰਤਾਲ਼ੀ ਨਹੀਂ ਬਲਕਿ ਸੰਤਾਲ਼ੀ ਸਾਲ ਹੋ ਗਏ ਸਨ। ਉਦੋਂ ਉਹ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਜਦੋਂ ਤਿੰਨ ਵੱਡੀਆਂ ਭੈਣਾਂ ਅਤੇ ਮਾਂ ਦੇ ਨਾਲ਼ ਇੰਗਲੈਂਡ ਚਲਾ ਗਿਆ ਸੀ। ਉਸਦਾ ਪਿਤਾ ਦਲੇਲ ਸਿੰਘ ਕੁਝ ਸਾਲਾਂ ਤੋਂ ਇੰਗਲੈਂਡ ਰਹਿ ਰਿਹਾ ਸੀ।

ਬੰਤ ਇੰਗਲੈਂਡ ਪਹੁੰਚਣ ਤੋਂ ਦੋ ਸਾਲ ਮਗਰੋਂ ਸਿਰਫ਼ ਇੱਕ ਵਾਰ ਪੰਜਾਬ ਆਇਆ ਸੀ। ਸਭ ਤੋਂ ਛੋਟੇ ਮਾਮੇ ਦੇ ਵਿਆਹ 'ਤੇ। ਆਪਣੀ ਮਾਂ ਰਤਨ ਕੌਰ ਨਾਲ਼। ਗਰਮੀਆਂ ਦੇ ਦਿਨ ਸਨ। ਵਿਆਹ ਤੋਂ ਮਗਰੋਂ ਬੰਤ ਬਿਮਾਰ ਹੋ ਗਿਆ। ਉਸਨੂੰ ਕਈ ਦਿਨ ਬੁਖ਼ਾਰ ਚੜ੍ਹਦਾ ਰਿਹਾ। ਨਾਲ਼ ਦੇ ਕਸਬੇ 'ਚ ਦੁਕਾਨ ਕਰਦਾ ਆਰ.ਐਮ.ਪੀ. ਡਾਕਟਰ ਕਦੇ ਕਹੇ ਮਲੇਰੀਆ ਹੈ ਕਦੇ ਕਹੇ ਮਿਆਦੀ ਬੁਖ਼ਾਰ ਹੈ। ਵਿੱਚੇ ਹੀ ਉਸਨੂੰ ਟੱਟੀਆਂ ਉਲਟੀਆਂ ਲੱਗ ਗਈਆਂ। ਬੰਤ ਕਾਫ਼ੀ ਕਮਜ਼ੋਰ ਹੋ ਗਿਆ। ਉਸ ਦੀ ਮਾਂ ਘਬਰਾ ਗਈ। ਫਿਰ ਇੱਕ ਦਿਨ ਰਤਨ ਕੌਰ ਨੇ ਹਿੰਮਤ ਕੀਤੀ। ਉਹ ਬੰਤ ਨੂੰ ਲੁਧਿਆਣੇ ਸੀ.ਐਮ.ਸੀ. ਲੈ ਗਈ। ਹਫ਼ਤੇ ਬਾਅਦ ਠੀਕ ਹੋਇਆ। ਠੀਕ ਹੁੰਦੇ ਸਾਰ ਹੀ ਉਹ ਉਸਨੂੰ ਲੈ ਕੇ ਵਾਪਿਸ ਇੰਗਲੈਂਡ ਪਹੁੰਚ ਗਈ। ਬੰਤ ਦੇ ਮਨ 'ਚ ਅਜਿਹਾ ਡਰ ਬੈਠਾ ਕਿ ਉਸ ਮੁੜ ਇੰਡੀਆ ਆਉਣ ਦਾ ਨਾਂ ਨਾ ਲਿਆ। ਨਾ ਹੀ ਕਦੇ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਜ਼ੋਰ ਪਾਇਆ। ਉੱਧਰ ਹੀ ਉਹ ਵਿਆਹਿਆ ਵਰਿਆ ਗਿਆ। ਬੱਚੇ ਹੋ ਗਏ ਪਰ ਉਹ ਕਦੇ ਵੀ ਵਾਪਿਸ ਨਾ ਪਰਤਿਆ। ਆ ਹੁਣ ਵੀ ਉਸਨੂੰ ਮਾਂ ਦੀ ਜਿੱਦ ਅੱਗੇ ਝੁਕਦਿਆਂ ਪੰਜਾਬ ਆਉਣਾ ਪਿਆ।

ਬੰਤ ਦੇ ਪਿਤਾ ਦਲੇਲ ਸਿੰਘ ਦਾ ਦੋ ਕੁ ਮਹੀਨੇ ਪਹਿਲਾਂ ਇੰਗਲੈਂਡ ਵਿੱਚ ਦਿਹਾਂਤ ਹੋ ਗਿਆ ਸੀ। ਬੰਤ ਦੀ ਮਾਂ ਨੇ ਉਸਦੇ 'ਅਸਤ' ਸਾਂਭ ਰੱਖੇ ਸਨ। ਰਤਨ ਕੌਰ ਦੀ ਜ਼ਿੱਦ ਸੀ ਕਿ ਬੰਤ ਖ਼ੁਦ ਜਾ ਕੇ ਪਿਤਾ ਦੇ ਅਸਤ ਕੀਰਤਪੁਰ ਸਾਹਿਬ ਪਾ ਕੇ ਆਵੇ। ਉਹ ਰਾਤ ਦਿਨ ਕਹਿੰਦੀ ਰਹਿੰਦੀ 'ਵੇ ਬਲਵੰਤ, ਇੱਕ ਧਰਮ ਕਮਾਈ ਸਾਡੇ ਨਾਲ਼, ਸਾਡੇ ਅਸਤ ਕੀਰਤਪੁਰ ਸਾਹਿਬ ਪਾਈ। ਸਾਡੀ ਗਤੀ ਤਾਂ ਹੀ ਹੋਣੀ ਹੈ। ਨਹੀਂ ਤਾਂ ਅਸੀਂ ਭਟਕਦੇ ਹੀ ਰਹਾਂਗੇ। ਤੇਰੇ ਬਾਪ ਦੀ ਵੀ ਇਹੋ ਇੱਛਾ ਸੀ।"

ਜਦੋਂ ਬੰਤ ਅੱਗਿਓਂ ਆਖਦਾ, "ਮਾਤਾ ਬਾਪੂ ਨੇ ਮੇਰੇ ਅੱਗੇ ਤਾਂ ਕਦੇ ਇਹ ਇੱਛਾ ਜ਼ਾਹਿਰ ਨਹੀਂ ਸੀ ਕੀਤੀ।" ਤਾਂ ਉਹ ਅੱਗਿਓਂ ਜਰ੍ਹਾਂ ਹਰਖ ਕੇ ਆਖਦੀ, "ਨਾ ਸਭ ਕੁਝ ਤੈਨੂੰ ਦੱਸਣਾ ਜ਼ਰੂਰੀ ਸੀ। ਤੈਨੂੰ ਮੇਰੇ ਤੇ ਯਕੀਨ ਨਹੀਂ? ਹਾਂ ਪਿੰਡ ਤੇਰਾ ਬਾਪੂ ਜਿਸ ਕਮਰੇ 'ਚ ਜਾ ਕੇ ਠਹਿਰਦਾ ਹੁੰਦਾ ਸੀ, ਉਸ ਵਿੱਚ ਇੱਕ ਅਲਮਾਰੀ ਹੈ। ਉਸਦੀ ਚਾਬੀ ਇੱਥੇ ਹੈ। ਉਸ ਵਿੱਚ ਕੁਝ ਕਾਗਜ਼ ਪੱਤਰ ਨੇ, ਜ਼ਮੀਨ ਸੰਬੰਧੀ, ਬੈਂਕਾਂ ਸੰਬੰਧੀ। ਜਾ ਕੇ ਉਹ ਕੰਮ ਵੀ ਕਰ ਆ।"



ਮਾਂ ਦੀ ਆਗਿਆ ਦਾ ਪਾਲਣ ਕਰਦੇ ਹੋਏ ਬਲਵੰਤ ਸਿੰਘ ਨੇ ਫਰਵਰੀ ਦੇ ਅਖੀਰ ਦੇ ਮੌਸਮ ਦੀ ਚੋਣ ਕਰਕੇ ਪੰਜਾਬ ਜਾਣ ਦਾ ਮਨ ਬਣਾ ਲਿਆ। ਵੀਹ ਫ਼ਰਵਰੀ ਨੂੰ ਉਹ ਦਿੱਲੀ ਦੇ ਏਅਰਪੋਰਟ ਤੇ ਆਣ ਪਹੁੰਚਾ। ਅੱਗੋਂ ਉਸਦਾ ਚਚੇਰਾ ਭਰਾ ਊਧਮ ਸਿੰਘ ਉਸਨੂੰ ਲੈਣ ਪਹੁੰਚਿਆ ਹੋਇਆ ਸੀ। ਦਿੱਲੀ ਤੋਂ ਸਿੱਧੇ ਉਹ ਕੀਰਤਪੁਰ ਸਾਹਿਬ ਪਹੁੰਚੇ। ਉਥੋਂ ਵਿਹਲੇ ਹੋ ਜਦੋਂ ਉਹ ਘਰ ਪਹੁੰਚੇ ਤਾਂ ਸ਼ਾਮ ਹੋ ਚੁੱਕੀ ਸੀ। ਊਧਮ ਸਿੰਘ ਨੇ ਬਲਵੰਤ ਸਿੰਘ ਦਾ ਸਮਾਨ ਇੱਕ ਕਮਰੇ 'ਚ ਟਿਕਾਉਂਦਿਆਂ ਆਖਿਆ, "ਲੈ ਬਈ ਬੰਤ, ਜਦੋਂ ਵੀ ਤਾਇਆ ਜੀ ਆਉਂਦੇ ਹੁੰਦੇ ਸੀ ਤਾਂ ਇਸ ਕਮਰੇ ਵਿੱਚ ਹੀ ਰਹਿੰਦੇ ਹੁੰਦੇ ਸੀ। ਆ ਅਲਮਾਰੀ ਦੀ ਚਾਬੀ ਉਹ ਕੋਲ਼ ਲੈ ਜਾਂਦੇ ਹੁੰਦੇ ਸੀ ਪਰ ਕਮਰੇ ਦੀ ਸਾਡੇ ਕੋਲ਼ ਹੀ ਹੁੰਦੀ ਸੀ। ਅੱਜ ਉਹ ਹੈ ਨਹੀਂ ਸਾਡੇ ਕੋਲ਼ ਪਰ ਕਮਰਾ ਹੈ। ਬੜੇ ਭਾਈ ਤੂੰ ਸਾਡੇ ਲਈ ਪਿਤਾ ਸਮਾਨ ਹੀ ਹੈ। ਆਪਣੇ ਪਿਤਾ ਜੀ ਵਾਂਗ ਜੇ ਤੂੰ ਵੀ ਸਾਲ ਦੋ ਸਾਲੀ ਗੇੜਾ ਮਾਰਦਾ ਰਹੇ ਤਾਂ ਸਾਨੂੰ ਬਹੁਤ ਹੌਂਸਲਾ ਰਹੇਗਾ। ਤਾਏ ਜੀ ਦਾ ਮੈਨੂੰ ਬਹੁਤ ਆਸਰਾ ਸੀ।"

ਬਲਵੰਤ ਨੇ ਗੁਹ ਨਾਲ਼ ਘਰ ਦਾ ਨਰੀਖਿਣ ਕੀਤਾ। ਘਰ ਸਾਫ਼ ਸੁਥਰਾ ਤੇ ਖੁੱਲ੍ਹਾ ਸੀ। ਘਰ ਦੀ ਹਰ ਚੀਜ਼ ਸਲੀਕੇ ਨਾਲ਼ ਟਿਕੀ ਹੋਈ ਇਹ ਸ਼ਾਹਦੀ ਭਰਦੀ ਸੀ ਕਿ ਘਰ ਦੀਆਂ ਔਰਤਾਂ ਸੁਘੜ ਸਿਆਣੀਆਂ ਹਨ। ਵਿਹੜੇ ਦਾ ਫ਼ਰਸ਼ ਭਾਵੇ ਸਾਦਾ ਸੀ ਤੇ ਕਿਧਰੇ ਕਿਧਰੇ ਤਰੇੜਿਆ ਵੀ ਸੀ ਪਰ ਉਹ ਸਾਫ਼ ਇੰਨਾ ਸੀ ਕਿ ਦੇਖਣ ਵਾਲ਼ੇ ਦੀ ਰੂਹ ਖ਼ੁਸ਼ ਹੁੰਦੀ ਸੀ। ਊਦੇ ਦੇ ਪਰਿਵਾਰ ਦੇ ਸਾਰੇ ਮੈਂਬਰ ਬੰਤ ਨੂੰ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ਼ ਮਿਲ਼ੇ। ਸਮੁੱਚਾ ਪਹਿਲਾ ਪ੍ਰਭਾਵ ਬੰਤ ਤੇ ਚੰਗਾ ਪਿਆ। ਉਸਨੇ ਇਸ਼ਨਾਨ ਪਾਣੀ ਕੀਤਾ ਕੱਪੜੇ ਬਦਲੇ ਆਪਣੇ ਆਪ 'ਚ ਚੰਗਾ ਚੰਗਾ ਅਨੁਭਵ ਕੀਤਾ। ਨਾਲ਼ ਲਗਦੀ ਹਵੇਲੀ 'ਚ ਗਏ ਤਾਂ ਉੱਥੇ ਵੀ ਬੰਤ ਦੀ ਰੂਹ ਖ਼ੁਸ਼ ਹੋ ਗਈ। ਇੱਕ ਮੱਝ ਅਤੇ ਇੱਕ ਗਾਂ ਬਹੁਤ ਸੋਹਣੀ ਹਾਲਤ ਵਿੱਚ ਸਨ। ਹਵੇਲੀ ਦੀ ਵੀ ਹਰ ਚੀਜ਼ ਬੜੀ ਤਰਤੀਬ 'ਚ ਟਿਕੀ ਹੋਈ ਸੀ। ਇੱਕ ਖੁੱਲੇ ਬਰਾਂਡੇ ਵਿੱਚ ਛੋਟਾ ਟਰੈਕਟਰ ਤੇ ਹੋਰ ਸੰਦ ਖੜੇ ਸਨ। ਕੰਧ ਨਾਲ਼ ਬਣੇ ਇੱਕ ਖੁੱਡੇ ਵਿੱਚ ਪੰਜ-ਸੱਤ ਮੁਰਗੀਆਂ ਸਨ। ਇੱਕ ਪਿੰਜਰੇ 'ਚ ਸ਼ੇਰ ਜਿੱਡਾ ਅਲਸ਼ੇਸ਼ਨ ਕੁੱਤਾ ਸੀ। ਪਿੰਜਰੇ ਕੋਲ਼ ਗਏ ਤਾਂ ਕੁੱਤੇ ਨੇ ਬੰਤ ਵੱਲ ਘੂਰ ਕੇ ਦੇਖਿਆ ਤਾਂ ਊਦੇ ਨੇ ਕਿਹਾ, "ਜੌਨੀ ਇਹ ਵੀ ਘਰ ਦੇ ਮਾਲਕ ਹਨ।" ਜੌਨੀ ਜਿਵੇਂ ਊਦੇ ਦੀ ਗੱਲ ਸਮਝਦਾ ਹੋਵੇ। ਉਸ ਪਿੰਜਰੇ ਦੀ ਜਾਲ਼ੀ 'ਚ ਪੰਜਾ ਮਾਰਕੇ ਅਤੇ ਪੂਛ ਹਿਲਾ ਕੇ ਨਵੇਂ ਮਾਲਕ ਦਾ ਸਵਾਗਤ ਕੀਤਾ।

ਭਾਵੇਂ ਵਿਆਹ ਸ਼ਾਦੀਆਂ ਤੇ ਹੋਰ ਦਿਨ ਦਿਹਾਰਾਂ ਦੀਆਂ ਬਣੀਆਂ ਮੂਵੀਆਂ 'ਚ ਬੰਤ ਇਸ ਘਰ ਨੂੰ ਪਹਿਲਾਂ ਵੀ ਦੇਖ ਚੁੱਕਾ ਸੀ ਪਰ ਅਜੇ ਵੀ ਪਿੰਡ ਦੇ ਐਨ ਵਿਚਕਾਰ ਭੀੜੀ ਜਿਹੀ ਗਲ਼ੀ 'ਚ ਬਣੇ ਨਿੱਕੇ ਜਿਹੇ ਘਰ ਦਾ ਨਕਸ਼ਾ ਉਸਦੇ ਮਨ 'ਚ ਉੱਕਰਿਆ ਹੋਇਆ ਸੀ।

ਰਾਤ ਨੂੰ ਊਦੇ ਤੇ ਬੰਤ ਨੇ ਗਲਾਸੀ ਵੀ ਲਾਈ। ਰੋਟੀ ਖਾਣ ਤੋਂ ਬਾਅਦ ਉਹ ਕੁਝ ਚਿਰ ਸਾਰੇ ਪਰਿਵਾਰ 'ਚ ਬੈਠਕੇ ਗੱਲਾਂ ਕਰਦੇ ਰਹੇ। ਬੰਤ ਦੀ ਬਿਰਧ ਚਾਚੀ ਜਦੋਂ ਕੋਈ ਬੰਤ ਹੁਰਾਂ ਦੀ ਨਿੱਕਿਆ ਹੁੰਦਿਆਂ ਦੀ ਗੱਲ ਸੁਣਾਉਂਦੀ ਤਾਂ ਸਾਰਾ ਟੱਬਰ ਖਿੜ ਖਿੜਾਕੇ ਉੱਚੀ ਉੱਚੀ ਹੱਸ ਪੈਂਦਾ। ਊਦਾ ਵੀ ਕੋਈ ਨਾ ਕੋਈ ਛੁਰਲੀ ਛੱਡ ਦਿੰਦਾ। ਕਈ ਵਾਰ ਤਾਂ ਉਨ੍ਹਾਂ ਦੇ ਹਾਸੇ ਰੁਕਦੇ ਹੀ ਨਾ। ਇੰਨੇ ਜੀਆ ਦਾ 'ਕੱਠੇ ਬੈਠਕੇ ਇੰਨਾ ਉੱਚੀ ਉੱਚੀ ਹੱਸਣਾ ਬੰਤ ਲਈ ਕੋਈ ਗੁਆਚੀ ਚੀਜ਼ ਲੱਭਣ ਬਰਾਬਰ ਸੀ। ਉਸਦਾ ਸਾਰਾ ਥਕੇਂਵਾਂ ਤੇ ਉਦਰੇਵਾਂ ਦੂਰ ਹੋ ਗਏ।

ਜਦੋਂ ਬੰਤ ਆਪਣੇ ਕਮਰੇ 'ਚ ਸੌਣ ਆਇਆ ਤਾਂ ਉਸ ਊਦੇ ਨੂੰ ਕੁਝ ਚਿਰ ਹੋਰ ਕੋਲ਼ ਬੈਠਣ ਲਈ ਆਖਿਆ। ਉਸ ਪਿੰਡ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ। ਉਸ ਅੱਗੇ ਪਿੱਛੇ ਪੜ੍ਹਦੇ ਤੇ ਪਿੰਡ 'ਚ ਨਾਲ਼ ਖੇਡਦੇ ਮੁੰਡੇ ਕੁੜੀਆਂ ਬਾਰੇ ਪੁੱਛਿਆ। ਪੰਜਵੀਂ 'ਚ ਨਾਲ਼ ਪੜ੍ਹਦੇ ਮੁਸਲਮਾਨ ਗੁੱਜਰਾਂ ਦੇ ਮੁੰਡੇ ਸ਼ਮੀ ਬਾਰੇ ਗੱਲ ਕੀਤੀ ਤਾਂ ਊਦੇ ਨੇ ਦੱਸਿਆ ਕਿ ਉਹ ਬਿਲਗੇ ਸਹੁਰੀ ਰਹਿਣ ਲੱਗ ਪਿਆ ਹੈ। ਉੱਥੇ ਅੱਡੇ 'ਚ

'ਕਿਸਾਨ ਸੀਡ ਅਤੇ ਖਾਦ ਸਟੋਰ' ਤੇ ਕੰਮ ਕਰਦਾ ਹੈ।

ਬੰਤ ਨੇ ਸ਼ਮੀ ਨੂੰ ਮਿਲਣ ਦਾ ਮਨ ਬਣਾਇਆ। ਉਹ ਤੇ ਸ਼ਮੀ ਕਲਾਸ ਵਿੱਚ 'ਕੱਠਿਆ ਬੈਠਿਆਂ ਕਰਦੇ ਸਨ।

ਦੂਜੇ ਦਿਨ ਊਦੇ ਨੇ ਬੰਤ ਨੂੰ ਇੱਕ ਮੋਬਾਇਲ ਫ਼ੂਨ ਨਵੀਂ ਸਿਮ ਪਾ ਕੇ ਦੇ ਦਿੱਤਾ। ਬੰਤ ਨੇ ਇੰਗਲੈਂਡ ਫ਼ੂਨ ਕਰਕੇ ਸਾਰਿਆਂ ਦੀ ਰਾਜੀ ਖ਼ੁਸ਼ੀ ਦਾ ਪਤਾ ਕੀਤਾ ਤੇ ਆਪਣਾ ਸੰਪਰਕ ਨੰਬਰ ਵੀ ਦੇ ਦਿੱਤਾ।

'ਡਾਂਗ ਮਾਰਾ' ਦੇ ਦਲੇਲ ਸਿੰਘ ਦੇ ਮੁੰਡੇ ਬੰਤ ਆਏ ਦਾ ਜਦੋਂ ਪਿੰਡ 'ਚ ਪਤਾ ਲੱਗਾ ਤਾਂ ਕਈ ਬਜ਼ੁਰਗ ਉਸਨੂੰ ਮਿਲਣ ਆਏ। ਉਹਨੀਂ ਦਲੇਲ ਸਿੰਘ ਦਾ ਅਫ਼ਸੋਸ ਵੀ ਕੀਤਾ ਅਤੇ ਗੱਲੀਂ ਗੱਲੀਂ ਬੰਤ ਦੇ ਮੁੜ ਪਿੰਡ ਨਾ ਆਉਣ ਦੇ ਉਲ਼ਾਭੇ ਵੀ ਦਿੱਤੇ।

ਲੌਢੇ ਕੁ ਵੇਲੇ ਬੰਤ ਨੇ ਮਿਲਣ ਵਾਲ਼ਿਆਂ ਤੋਂ ਵਿਹਲੇ ਹੋ ਕੇ ਬਾਪੂ ਵਾਲ਼ੀ ਅਲਮਾਰੀ ਖੋਲ੍ਹੀ। ਉਸ ਵਿੱਚ ਕੁਝ ਕਾਗਜ਼ ਪੱਤਰ ਸਨ। ਫੋਲਾ ਫਾਲੀ ਵਿੱਚ ਇੱਕ ਵਸੀਅਤ ਹੱਥ ਲੱਗੀ। ਇਹ ਰਜਿਸਟਰ ਵਸੀਅਤ ਸੀ। ਇਸ ਵਿੱਚ ਉਸਨੇ ਆਪਣੀ ਮੌਤ ਤੋਂ ਬਾਅਦ ਸਾਰੀ ਚੱਲ ਅਤੇ ਅਚੱਲ ਸੰਪਤੀ ਦਾ ਵਾਰਿਸ ਆਪਣੇ ਪੁੱਤਰ ਬਲਵੰਤ ਨੂੰ ਬਣਾਇਆ ਸੀ। ਵਸੀਅਤ ਦੇ ਨਾਲ਼ ਇੱਕ ਹੋਰ ਕਾਗਜ਼ ਜੋੜਿਆ ਹੋਇਆ ਸੀ। ਬੰਤ ਨੇ ਉਸ ਨੂੰ ਅਲੱਗ ਕਰਕੇ ਪੜ੍ਹਨਾ ਸ਼ੁਰੂ ਕੀਤਾ:

-ਪਿਆਰੇ ਪੁੱਤਰ ਬਲਵੰਤ ਜੀ। ਮੈਨੂੰ ਲੱਗ ਰਿਹਾ ਹੈ ਕਿ ਮੈਂ ਹੁਣ ਬਹੁਤ ਚਿਰ ਜੀਵਤ ਨਹੀਂ ਰਹਿ ਸਕਾਂਗਾ। ਮੈਨੂੰ ਇਹ ਵੀ ਪਤਾ ਕਿ ਤੇਰੀ ਮਾਂ ਤੈਨੂੰ ਮੇਰੇ ਅਸਤ ਪਾਉਣ ਪੰਜਾਬ ਭੇਜੇਗੀ। ਇਸ ਬਾਰੇ ਮੈਨੂੰ ਵੀ ਉਹ ਕਈ ਵਾਰ ਆਖ ਚੁੱਕੀ ਸੀ ਕਿ ਮੈਂ ਤੈਨੂੰ ਕਹਾ। ਪਰ ਮੈਂ ਤੈਨੂੰ ਨਹੀਂ ਸੀ ਆਖ ਸਕਦਾ। ਕਿਉਂਕਿ ਮੇਰਾ ਅਜਿਹੀਆਂ ਰਸਮਾਂ ਵਿੱਚ ਵਿਸ਼ਵਾਸ਼ ਨਹੀਂ ਹੈ। ਦੋ ਸੁਆਹ ਦੀਆਂ ਮੁੱਠਾਂ ਜਿਹਨਾਂ ਨੂੰ ਸਾਡੇ ਲੋਕ ਅਸਤ ਆਖਦੇ ਹਨ ਅਗਰ ਇੰਗਲੈਂਡ ਦੀ ਧਰਤੀ ਤੇ ਵੀ ਰਹਿ ਜਾਂਦੀਆਂ ਤਾਂ ਕੋਈ ਹਰਜ਼ ਨਹੀਂ ਸੀ। ਅਕਸਰ ਪੰਤਾਲੀ ਪੰਜਾਹ ਸਾਲ ਦੀ ਇਸ ਧਰਤ ਦੇ ਪੌਣ ਪਾਣੀ ਨਾਲ਼ ਹੀ ਜ਼ਿੰਦਗੀ ਜੀਵੀ ਹੈ। ਰਹੀ ਗੱਲ ਗਤੀ ਜਾਣੀ ਮਰਨ ਮਗਰੋਂ ਭਟਕਣਾ ਮੁਕਾਉਣ ਦੀ। ਇਹ ਗੱਲ ਵੀ ਮੇਰੇ ਲਈ ਫਜ਼ੂਲ ਹੈ। ਜੋ ਬੰਦੇ ਸਾਰਾ ਜੀਵਨ ਲਾਲਚੀ ਬਿਰਤੀ ਕਾਰਨ ਦਿਨ ਰਾਤ ਭਟਕਦੇ ਰਹਿੰਦੇ ਹਨ ਉਹ ਮਰਨ ਮਗਰੋਂ ਕਿਵੇਂ ਭਟਕਣਾ ਰਹਿਤ ਹੋ ਸਕਦੇ ਹਨ। ਮੈਨੂੰ ਲਗਦਾ ਹੈ ਕਿ ਤੂੰ ਇਸੇ ਬਹਾਨੇ ਪੰਜਾਬ ਆਏਗਾ। ਜੇ ਨਹੀਂ ਆਇਆ ਤਾਂ ਤੇਰੀ ਮਾਂ ਤਾਂ ਜ਼ਰੂਰ ਆਏਗੀ। ਪੁੱਤਰ ਗੁਰਦਵਾਰੇ ਜਾਂ ਹੋਰ ਅਖੌਤੀ ਧਾਰਮਿਕ ਸਥਾਨਾਂ ਜਾਂ ਅਖੌਤੀ ਧਰਮ ਗੁਰੂਆਂ ਵਿੱਚ ਮੇਰਾ ਵਿਸ਼ਵਾਸ਼ ਨਹੀਂ। ਮੇਰਾ ਵਿਸ਼ਵਾਸ਼ ਬਾਬੇ ਨਾਨਕ ਦੇ ਫਲਸਫ਼ੇ ਵਿੱਚ ਹੈ। ਉਸ ਅਨੁਸਾਰ ਮੈਂ ਹਮੇਸ਼ਾ 'ਏਕੋ' (ਇਕ ਪ੍ਰਮਾਤਮਾ) ਨੂੰ ਚਿਤਵਿਆ ਹੈ। ਉਹ ਵੀ ਕੁਝ ਮੰਗਣ ਲਈ ਨਹੀਂ। ਸਿਰਫ਼ ਦਿੱਤੇ ਹੋਏ ਇਸ ਜੀਵਨ ਅਤੇ ਦਿੱਤੀਆਂ ਹੋਈਆਂ ਦਾਤਾਂ ਲਈ ਸ਼ੁਕਰਗੁਜ਼ਾਰ ਹੋਣ ਲਈ। ਬਾਬੇ ਦੇ ਦੱਸੇ ਹੋਏ ਰਸਤੇ ਤੇ ਚਲਦਿਆਂ ਕਿਰਤ ਕੀਤੀ ਹੈ। ਕਿਰਤ ਕਮਾਈ 'ਚੋਂ ਬਣਦਾ ਸਰਦਾ ਦੂਜਿਆਂ ਦੀ ਭਲਾਈ ਲਈ ਦਿੱਤਾ ਹੈ। ਦੇਖ ਤੇਰਾ ਚਾਚਾ ਮੇਰੇ ਨਾਲ਼ ਲੜਦਾ ਘੁਲਦਾ ਹੀ ਰਿਹਾ ਪਰ ਮੈਂ ਫਿਰ ਵੀ ਉਸਦੀ ਮੱਦਦ ਕਰਦਾ ਰਿਹਾ। ਇਸ ਦੇ ਦੋ ਕਾਰਨ ਸਨ। ਇੱਕ ਤਾਂ ਉਹ ਤੇਰੇ ਬਾਬੇ ਦਾਦੀ ਦੀ ਸੇਵਾ ਸੰਭਾਲ਼ ਕਰਦਾ ਸੀ। ਦੂਜੇ ਜੇ ਉਹ ਮੇਰੇ ਨਾਲ਼ ਕਲੇਸ਼ ਨਾ ਰੱਖਦਾ ਤਾਂ ਸ਼ਾਇਦ ਮੈਂ ਬਾਹਰ ਨਿਕਲਣ ਦੀ ਸੋਚਦਾ ਵੀ ਨਾ। ਜਦੋਂ ਤੇਰਾ ਚਾਚਾ ਮੁੱਕਿਆ ਉਦੋਂ ਮੈਂ ਆਇਆ ਸੀ ਤਾਂ ਇਹ ਮਕਾਨ ਬਣਾਉਣ ਲਈ ਊਦੇ ਨੂੰ ਮੈਂ ਹੀ ਆਖ ਗਿਆ ਸੀ। ਇੱਕ ਤਾਂ ਪਿੰਡ ਵਿਚਲਾ ਘਰ ਛੋਟਾ ਸੀ ਦੂਜਾ ਆਂਢ ਗੁਆਂਢ ਦੇ ਜ਼ਿਮੀਂਦਾਰਾਂ ਦੇ ਘਰ ਬਾਹਰ ਆਪੋ ਆਪਣੇ ਫਾਰਮਾਂ ਤੇ ਵਸ ਚੁੱਕੇ ਸਨ। ਪੁੱਤ ਇਸ ਘਰ 'ਤੇ ਸਾਰਾ ਖਰਚ ਮੈਂ ਕੀਤਾ ਸੀ ਪਰ ਇਹ ਤੇਰੇ ਤੇ ਊਦੇ ਦਾ ਅੱਧੋ ਅੱਧ ਹੈ। ਊਦਾ ਬਹੁਤ ਨੇਕ ਮੁੰਡਾ ਹੈ। ਇਸ ਦਾ ਟੱਬਰ ਵੀ ਬਹੁਤ ਚੰਗਾ ਹੈ। ਮੈਂ ਇਸ ਨੂੰ ਬਾਹਰ ਕੱਢ



ਲੈਣਾ ਸੀ ਪਰ ਤੇਰੇ ਚਾਚੇ ਦੀ ਅੜਬਾਈ ਨੇ ਮੇਰੀ ਪੇਸ਼ ਨਾ ਜਾਣ ਦਿੱਤੀ। ਮੇਰੀ ਤਾਂ ਇੱਕ ਹੀ ਸੋਚ ਰਹੀ ਹੈ ਕਿ ਜੇ ਤੁਹਾਡਾ ਭੈਣ ਭਾਈ ਕਰਜ਼ਾਈ ਹੋਵੇ, ਭੁੱਖਾ ਮਰਦਾ ਹੋਵੇ ਪਰ ਵੈਲੀ ਐਬੀ ਨਾ ਹੋਵੇ ਤਾਂ ਗੁਰਦਵਾਰੀ ਮੰਦਰੀਂ ਕੀਤਾ ਦਾਨ ਨੇਫਲ ਤੇ ਮਹਿਜ਼ ਦਿਖਾਵਾ ਹੁੰਦਾ ਹੈ। ਆਪਣੇ ਹਿੱਸੇ ਦੇ ਦੋ ਖੇਤ ਨੇ। ਇਹਨਾਂ ਦਾ ਕਦੇ ਮੈਂ ਇਹਨਾਂ ਤੋਂ ਹਾਲ਼ਾ ਪੱਤਾ ਨੀ ਲਿਆ। ਤੂੰ ਵੀ ਨਾ ਲਈ। ਵਸੀਅਤ ਦੇ ਅਧਾਰ ਤੇ ਆਪਣੇ ਨਾਂ ਜ਼ਰੂਰ ਕਰਾ ਲਈ। ਜਦੋਂ ਇਹਨਾਂ ਕੋਲ਼ ਆ ਕੇ ਦਸ ਦਿਨ ਠਹਿਰੀਦਾ ਹੈ ਤਾਂ ਜੋ ਪਿਆਰ ਸਤਿਕਾਰ ਊਦੇ ਦਾ ਸਾਰਾ ਟੱਬਰ ਦਿੰਦਾ ਹੈ ਉਸ ਮੁਤਾਬਿਕ ਤੇ ਜੇ ਦਸ ਖੇਤ ਵੀ ਹੁੰਦੇ ਤਾਂ ਉਨ੍ਹਾਂ ਦਾ ਹਾਲ਼ਾ ਛੱਡਿਆ ਵੀ ਥੋੜ੍ਹਾ ਹੁੰਦਾ। ਖ਼ੈਰ ਊਦੇ ਦੇ ਦੋਨੋਂ ਮੁੰਡੇ ਵਧੀਆ ਕਾਮੇ ਨਿਕਲ਼ੇ ਤੇ ਬਹਿਰੀਨ ਵਿੱਚ ਚੰਗਾ ਕੰਮ ਕਰਦੇ ਹਨ। ਹੁਣ ਇਨ੍ਹਾਂ ਨੂੰ ਆਪਣੀ ਹੋਰ ਮਦਦ ਦੀ ਬਹੁਤੀ ਲੋੜ ਨਹੀਂ ਰਹੀ। ਹਾਂ ਬੰਗੇ ਬੜੌਦਾ ਬੈਂਕ 'ਚ ਮੇਰਾ ਦਸ ਲੱਖ ਰੁਪਿਆ ਪਿਆ ਹੈ। ਤੂੰ ਉਸਦਾ ਵਾਰਸ ਏਂ। ਤੂੰ ਸਿਰਫ਼ ਉਸਦਾ ਵਿਆਜ ਚੁੱਕ ਸਕਦਾ ਏ। ਮੂਲ ਨਹੀਂ। ਉਹ ਮੈਂ ਇਸ ਤਰ੍ਹਾਂ ਫਿਕਸ ਕਰਵਾਏ ਹੋਏ ਹਨ। ਉਹ ਵਿਆਜ ਲੋੜਵੰਦ ਪੜ੍ਹਨ ਵਾਲ਼ੇ ਬੱਚਿਆਂ ਤੇ ਖਰਚ ਕਰਿਆ ਕਰੀ। ਐਸ ਵੇਲੇ ਮੈਂ ਰੱਖੀ ਝੀਰੀ ਦੀ ਪੋਤੀ ਤੇ ਬਿਸ਼ਨੇ ਚਮਾਰ ਦੇ ਮੁੰਡੇ ਦੀ ਪੜ੍ਹਾਈ ਦਾ ਖਰਚਾ ਦੇ ਰਿਹਾ ਹਾਂ। ਦੋਨੋਂ ਬੱਚੇ ਬੇਹੱਦ ਮਿਹਨਤੀ ਹਨ। ਮੈਂ ਕਾਲਜ ਜਾ ਕੇ ਉਨ੍ਹਾਂ ਦੇ ਰੈਕਡ ਬਾਰੇ ਪਤਾ ਕਰਦਾ ਰਹਿੰਦਾ ਹਾਂ। ਪ੍ਰਿੰਸੀਪਲ ਦੀ ਸਲਾਹ ਨਾਲ਼ ਮੈਂ ਦੋ-ਤਿੰਨ ਬੱਚੇ ਅਡੋਪਟ ਕਰਦਾ ਆਇਆ ਹਾਂ। ਆਪਣੇ ਪਿੰਡ ਫੇਰੂਕਿਆਂ ਦਾ ਟੱਬਰ ਹੈ। ਇਹਨਾਂ ਦੀ ਜ਼ਮੀਨ ਹੁਣ ਕਨਾਲ਼ਾ ਵਿੱਚ ਹੈ। ਕਈ ਤਾਂ ਵੇਚ ਵੀ ਚੁੱਕੇ ਹਨ। ਬਹੁਤੇ ਮੁੰਡੇ ਇਹਨਾਂ ਦੇ ਵੈਲੀ ਅਮਲੀ ਨਿਕਲ਼ੇ ਹਨ। ਇਹਨਾਂ 'ਚੋਂ ਹੰਸੇ ਦਾ ਮੁੰਡਾ ਗਿੰਦਰ ਹੈ। ਉਹ ਦਸਵੀਂ 'ਚ ਪੜ੍ਹਦਾ ਹੈ। ਹੁਸ਼ਿਆਰ ਹੈ। ਊਦੇ ਨੂੰ ਨਾਲ਼ ਲੈ ਕੇ ਹੰਸੇ ਨੂੰ ਟੱਕਰਿਓ। ਬੇਨਤੀ ਕਰਿਓ ਕਿ ਅਸੀਂ ਗਿੰਦਰ ਦੀ ਕਾਲਜ ਦੀ ਪੜ੍ਹਾਈ ਦਾ ਖਰਚਾ ਕਰਨਾ ਚਾਹੁੰਦੇ ਹਾਂ। ਉਮੀਦ ਹੈ ਮੰਨ ਜਾਵੇਗਾ। ਜਿਸਦੀ ਵੀ ਮੱਦਦ ਕਰਨੀ, ਸ਼ੋਅ ਨਹੀਂ ਕਰਨੀ। ਕੋਈ ਅਖ਼ਬਾਰੀ ਖ਼ਬਰਾਂ ਨੀ ਲਗਵਾਉਣੀਆਂ। ਤੇਰੇ ਨਾਲ਼ ਊਦੇ ਨੂੰ ਇਸ ਕਰਕੇ ਜੋੜਿਆ ਕਿਉਂਕਿ ਤੈਨੂੰ ਇੱਥੋਂ ਦਾ ਪਤਾ ਨਹੀਂ। ਇਹ ਤੇਰਾ ਰਾਜ਼ਦਾਰ ਰਹੂਗਾ। ਇਹਨਾਂ ਕਾਰਜਾਂ ਨਾਲ਼ ਤੈਨੂੰ ਅਕਹਿ ਅਤੇ ਸਦੀਵੀ ਅਨੰਦ ਮਿਲੂਗਾ। ਮੈਨੂੰ ਆਸ ਹੈ ਤੂੰ ਇਹਨਾਂ ਨੂੰ ਜਾਰੀ ਹੀ ਨਹੀਂ ਰੱਖੇਗਾ ਬਲਕਿ ਇਹਨਾਂ ਵਿੱਚ ਵਾਧਾ ਵੀ ਕਰੇਗਾ। ਚੰਗੀ ਉਮੀਦ ਨਾਲ਼ ਤੇਰਾ ਆਪਣਾ ਪਿਤਾ ਦਲੇਲ ਸਿੰਘ।

ਪਿਤਾ ਦੀਆਂ ਗੱਲਾਂ ਪੜ੍ਹਕੇ ਬੰਤ ਦੀਆਂ ਅੱਖਾਂ ਨਮ ਹੋ ਗਈਆਂ। ਪਿਤਾ ਦੀ ਚਿੱਠੀ ਉਸਦੀ ਹਿੱਕ ਤੇ ਪਈ ਸੀ। ਉਸਨੂੰ ਲੱਗਾ ਕਿ ਇਹ ਵੀ ਵਸੀਅਤ ਹੀ ਹੈ। ਇਸ 'ਤੇ ਵੀ ਅਮਲ ਕਰਨਾ ਹੀ ਪਊ। ਅਚਾਨਕ ਉਸਦੇ ਮੋਬਾਇਲ ਦੀ ਘੰਟੀ ਵੱਜ ਪਈ। ਰਸੀਵ ਕਰਦਿਆਂ ਉਸ ਆਖਿਆ।

"ਹੈਲੋ, ਮੈਂ ਬਲਵੰਤ ਬੋਲ ਰਿਹਾ ਹਾਂ। ਆਪ ਕੌਣ?"

"ਉਹ ਬਲਵੰਤ ਮੈਂ ਇੰਦਰਬੀਰ ਬੋਲ ਰਿਹਾ ਹਾਂ ਬਿਲਗੇ ਤੋਂ। ਤੇਰਾ ਸਲੋਹ ਵਾਲ਼ਾ ਯਾਰ। ਮੈਂ ਹੁਣੇ ਇੰਗਲੈਂਡ ਫ਼ੂਨ ਕੀਤਾ ਸੀ। ਝਲਮਣ ਤੋਂ ਪਤਾ ਲੱਗਾ ਕਿ ਤੂੰ ਵੀ ਇੰਡੀਆ ਆਇਆ ਹੋਇਆ ਏ। ਉਸ ਤੋਂ ਹੀ ਤੇਰਾ ਨੰਬਰ ਲਿਆ ਹੈ। ਹਾਂ ਇੱਦਾਂ ਕਰੀਂ ਪਰਸੋਂ ਨੂੰ ਬਿਲਗੇ ਆ ਜਾਵੀਂ। ਡੈਡ ਦਾ ਭੋਗ ਹੈ। ਰਾਤ ਰਹਿਣ ਦਾ ਪ੍ਰੋਗਰਾਮ ਬਣਾ ਕੇ ਆਈ। ਗੱਪ ਸ਼ੱਪ ਮਾਰਾਗੇ। ਓ.ਕੇ.।"

"ਓ.ਕੇ. ਓ.ਕੇ. ਮੈਂ ਪਰਸੋਂ ਦਸ ਕੁ ਵਜੇ ਤੇਰੇ ਕੋਲ਼ ਪਹੁੰਚ ਜਾਵਾਂਗਾ।"

ਬਲਵੰਤ ਨੂੰ ਪਤਾ ਸੀ ਕਿ ਉਸਦਾ ਦੋਸਤ ਇੰਦਰਬੀਰ ਇੰਡੀਆ ਆਇਆ ਹੋਇਆ ਸੀ। ਉਹ ਆਪਣੇ ਪਿਤਾ ਬਚਨ ਸਿੰਘ ਦੇ ਸੰਸਕਾਰ ਤੇ ਆਇਆ ਸੀ। ਪਰ ਬਲਵੰਤ ਉਸਦਾ ਇੰਡੀਆ ਵਿਚਲਾ ਸੰਪਰਕ ਨੰਬਰ ਨਹੀਂ ਸੀ ਲਿਆ ਸਕਿਆ। ਉਹ ਆਪਣੇ ਬਚਪਨ ਦੇ ਦੋਸਤ ਸ਼ਮੀਂ ਨੂੰ ਸਰਪਰਾਈਜ਼ ਦੇਣ ਲਈ ਤਾਂ ਬਿਲਗੇ ਜਾਣਾ ਚਾਹੁੰਦਾ ਹੀ ਸੀ। ਹੁਣ ਇੱਕ ਪੰਥ ਦੋ ਕਾਜ ਵਾਲ਼ੀ ਗੱਲ ਹੋ ਗਈ ਸੀ। ਉਸ ਨੂੰ

ਇੰਦਰਬੀਰ ਦੇ ਡੈਡ ਦਾ ਚੇਤਾ ਆ ਗਿਆ। ਅੱਠ ਕੁ ਸਾਲ ਪਹਿਲਾਂ ਉਹ ਇੰਦਰਬੀਰ ਕੋਲ਼ ਇੰਗਲੈਂਡ ਗਿਆ ਸੀ। ਇੱਕ ਦਿਨ ਬਲਵੰਤ ਨੇ ਵੀ ਉਨ੍ਹਾਂ ਨੂੰ ਘਰ ਰਾਤ ਦੇ ਖਾਣੇ ਤੇ ਬੁਲਾਇਆ ਸੀ। ਬੜੀਆਂ ਦਾਨੀਆਂ ਗੱਲਾਂ ਕਰਦਾ ਸੀ। ਬਾਪੂ ਬਚਨ ਸਿੰਘ ਸ਼ਕਲੋਂ ਸੂਰਤੋਂ ਬੜਾ ਦਾਨਾ ਲਗਦਾ ਸੀ। ਛੇ ਫੁੱਟ ਉੱਚਾ ਕੱਦ, ਸਫ਼ੇਦ ਦਾੜ੍ਹਾ ਅਤੇ ਗੋਰਾ ਸੂਹਾ ਰੰਗ। ਜੋ ਦੋ ਕੁ ਪੈਗ ਲਾ ਕੇ ਹੋਰ ਸੂਹਾ ਹੋ ਗਿਆ ਸੀ। ਬਲਵੰਤ ਉਸਦੀਆਂ ਗੱਲਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ।

ਤੀਜੇ ਦਿਨ ਸਵੇਰੇ ਦਸ ਕੁ ਵਜੇ ਹੀ ਬਲਵੰਤ ਬਿਲਗੇ ਇੰਦਰਬੀਰ ਦੇ ਘਰ ਪਹੁੰਚ ਗਿਆ। ਕਨਾਲ਼ ਕੁ ਥਾਂ ਵਿੱਚ ਬਹੁਤ ਖ਼ੂਬਸੂਰਤ ਪੰਡਾਲ ਲਾਇਆ ਹੋਇਆ ਸੀ। ਪਹਿਲੇ ਉਸ ਕਮਰੇ, ਜਿਸ ਵਿੱਚ ਸ. ਬਚਨ ਸਿੰਘ ਜੀ ਨੇ ਆਖ਼ਰੀ ਸਾਹ ਲਿਆ ਸੀ, ਵਿੱਚ ਸਧਾਰਨ ਪਾਠ ਦੇ ਭੋਗ ਪੁਆਏ ਗਏ। ਇੱਥੇ ਸਿਰਫ਼ ਘਰ ਦੇ ਜੀਅ ਹਾਜ਼ਰ ਸਨ ਜਾਂ ਫਿਰ ਜੋ ਰਿਸ਼ਤੇਦਾਰ ਪਹਿਲਾਂ ਪਹੁੰਚ ਚੁੱਕੇ ਸਨ। ਫਿਰ ਮਹਾਰਾਜ ਜੀ ਦਾ ਸਰੂਪ ਖੁੱਲ੍ਹੇ ਪੰਡਾਲ ਵਿੱਚ ਸ਼ੁਸ਼ੋਭਿਤ ਕਰ ਦਿੱਤਾ। ਇੱਕ ਸਿੰਘ ਤਾਬਿਆਂ ਬੈਠ ਗਿਆ। ਇੱਕ ਕੀਰਤਨੀ ਜਥਾ ਕੀਰਤਨ ਕਰਨ ਲੱਗ ਪਿਆ। ਜੋ ਵੀ ਆਉਂਦਾ ਪਹਿਲਾ ਚਾਹ ਪਾਣੀ ਛਕਦਾ। ਫਿਰ ਗੁਰੂ ਸਰੂਪ ਅੱਗੇ ਜੋਦੜੀ ਕਰਦਾ ਨਤਮਸਤਕ ਹੁੰਦਾ ਤੇ ਪੰਡਾਲ ਵਿੱਚ ਬੈਠ ਜਾਂਦਾ। ਚਾਹ ਵਿੱਚ ਤਿੰਨ ਤਰ੍ਹਾਂ ਦੀ ਮਠਿਆਈ ਅਤੇ ਤਿੰਨ ਤਰ੍ਹਾਂ ਦੇ ਪਕੌੜੇ ਸਨ। ਕੌਫ਼ੀ ਦਾ ਵੀ ਪ੍ਰਬੰਧ ਸੀ। ਹੌਲ਼ੀ ਹੌਲ਼ੀ ਪੰਡਾਲ ਭਰ ਗਿਆ। ਬੰਦਿਆਂ ਨਾਲ਼ੋਂ ਬੀਬੀਆਂ ਦੀ ਗਿਣਤੀ ਜ਼ਿਆਦਾ ਸੀ। ਕੀਰਤਨ ਮਗਰੋਂ ਅਰਦਾਸ ਹੋਈ। ਅਰਦਾਸ ਮਗਰੋਂ ਵੀ ਲੋਕ ਆ ਰਹੇ ਸਨ। ਫਿਰ ਸ਼ਰਧਾਂਜਲੀਆਂ ਭੇਂਟ ਹੋਣ ਲੱਗੀਆਂ। ਹਰ ਬੁਲਾਰਾ ਸ. ਬਚਨ ਸਿੰਘ ਦੀ ਵਡਿਆਈ ਕਰਦਾ। ਉਸ ਨਾਲ਼ ਜੁੜੀਆਂ ਯਾਦਾਂ ਤਾਜ਼ੀਆਂ ਕਰਦਾ। ਬਚਨ ਸਿੰਘ ਨੂੰ 'ਸਮਾਜ ਸੇਵੀ' ਦੱਸਦਾ। ਪ੍ਰਭੂ ਚਰਨਾ ਵਿੱਚ ਵਿਛੜੀ ਆਤਮਾ ਲਈ ਨਿਵਾਸ ਮੰਗਦਾ। ਪਿਛਲਿਆਂ ਲਈ ਭਾਣਾ ਮੰਨਣ ਦਾ ਬਲ ਮੰਗਦਾ ਹੋਇਆ ਫਤਿਹ ਬੁਲਾ ਬੈਠ ਜਾਂਦਾ।

ਜਥੇਦਾਰ ਰਣਧੀਰ ਸਿੰਘ ਨੇ ਹਲਕਾ ਐਮ.ਐਲ.ਏ. ਜੋ ਵਿਦੇਸ਼ ਗਏ ਹੋਏ ਸਨ ਦਾ ਸੰਦੇਸ਼ ਪੜ੍ਹਿਆ। ਐਮ.ਐਲ.ਏ. ਦੇ ਸੰਦੇਸ਼ ਵਿੱਚ ਵੀ ਸ. ਬਚਨ ਸਿੰਘ ਨੂੰ ਬਹੁਤ ਵਡਿਆਇਆ ਗਿਆ ਸੀ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸ. ਸੂਬਾ ਸਿੰਘ ਨੇ ਵੀ ਸ. ਬਚਨ ਸਿੰਘ ਦੇ ਪਰਿਵਾਰ ਦੀਆਂ ਸਿਫ਼ਤਾਂ ਕੀਤੀਆਂ। ਉਸਦਾ ਭਾਸ਼ਣ ਕਾਫ਼ੀ ਲੰਮਾ ਸੀ। ਇਤਿਹਾਸਕ, ਮਿਥਿਹਾਸਕ ਤੇ ਗੁਰਬਾਣੀ ਦੇ ਹਵਾਲੇ ਦੇ ਦੇ ਉਸਨੇ ਸਿੱਧ ਕੀਤਾ ਕਿ ਜੋ ਵੀ ਇੱਥੇ ਆਇਆ ਉਸਨੇ ਇਕ ਦਿਨ ਜਾਣਾ ਹੀ ਹੈ। ਸ. ਬਚਨ ਸਿੰਘ ਨੂੰ ਸਮਾਜ ਸੇਵੀ ਸਿੱਧ ਕਰਦਿਆਂ ਉਸ ਆਖਿਆ, 'ਸਾਧ ਸੰਗਤ ਜੀ ਸਮਾਜ ਦੀ ਮੁੱਢਲੀ ਇਕਾਈ ਪਰਿਵਾਰ ਹੈ। ਜੇ ਹਰ ਵਿਅਕਤੀ ਆਪਣੇ ਆਪਣੇ ਪਰਿਵਾਰ ਦਾ ਸੁਧਾਰ ਕਰ ਲਵੇ ਤਾਂ ਸਮਝੋ ਸਾਰੇ ਸਮਾਜ ਦਾ ਸੁਧਾਰ ਹੋ ਗਿਆ। ਸ. ਬਚਨ ਸਿੰਘ ਜ਼ਿੰਦਗੀ 'ਚ ਦੋ ਵਾਰ ਉਜੜਿਆ। ਪਹਿਲਾਂ ਸੰਤਾਲ਼ੀ ਦੀ ਵੰਡ ਵੇਲੇ ਪਾਕਿਸਤਾਨ ਤੋਂ ਉੱਜੜ ਕੇ ਆਏ। ਬੜੀ ਸਖ਼ਤ ਮਿਹਨਤ ਕੀਤੀ। ਕੱਟ ਕਟਾ ਕੇ ਜੋ ਜ਼ਮੀਨ ਮਿਲ਼ੀ ਉਸ ਤੇ ਮਿਹਨਤ ਕੀਤੀ। ਜਦੋਂ ਪੰਜਾਬ 'ਚ ਹਰੀ ਕ੍ਰਾਂਤੀ ਆਈ ਤਾਂ ਅਨਾਜ ਦੀ ਬਹੁਤਾਤ ਕਾਰਨ ਮੰਡੀਆਂ ਦੀ ਲੋੜ ਵੀ ਬਹੁਤ ਵੱਧ ਗਈ ਤਾਂ ਬਚਨ ਸਿੰਘ ਦੀ ਸਾਰੀ ਦੀ ਸਾਰੀ ਜ਼ਮੀਨ ਮੰਡੀ ਵਿੱਚ ਆ ਗਈ। ਅਕਵਾਇਰ ਹੋਈ ਜ਼ਮੀਨ ਦੇ ਜੋ ਪੈਸੇ ਮਿਲ਼ੇ ਉਸ ਨਾਲ਼ ਨਵੇਂ ਸਿਰੇ ਤੋਂ ਜ਼ਮੀਨ ਖਰੀਦੀ। ਬੜੇ ਪੁੱਤਰ ਇੰਦਰਬੀਰ ਨੂੰ ਇੰਗਲੈਂਡ ਭੇਜਿਆ। ਇੰਦਰਬੀਰ ਨੇ ਇੰਗਲੈਂਡ ਵਿੱਚ ਮਿਹਨਤ ਕੀਤੀ। ਬਚਨ ਸਿੰਘ ਨੇ ਆਪ ਛੋਟੇ ਪੁੱਤਰ ਮੋਹਣਬੀਰ ਨਾਲ਼ ਮਿਲਕੇ ਇੱਧਰ ਜੂੜ ਮਾਰਿਆ। ਮੁੜ ਵੀਹ ਕਿੱਲਿਆ ਦਾ ਮਾਲਕ ਬਣ ਗਿਆ। ਮੋਹਣਬੀਰ ਦਾ ਲੜਕਾ ਵੀ ਇੰਗਲੈਂਡ ਭੇਜਿਆ। ਇਹ ਮਹਿਲ ਖੜੇ ਕੀਤੇ। ਸ. ਬਚਨ ਸਿੰਘ ਦੀ ਸਖ਼ਤ ਮਿਹਨਤ ਅਤੇ ਸੁਚੱਜੀ ਅਗਵਾਈ ਨੇ ਇੱਕ ਖ਼ੁਸ਼ਹਾਲ ਪਰਿਵਾਰ ਦਾ ਨਿਰਮਾਣ ਕੀਤਾ। ਖ਼ੁਸ਼ਹਾਲ ਪਰਿਵਾਰ ਹੀ ਖ਼ੁਸ਼ਹਾਲ



ਸਮਾਜ ਦਾ ਨਿਰਮਾਣ ਕਰ ਸਕਦਾ ਹੈ। ਜੋ ਬੰਦਾ ਆਪਣੇ ਪਰਿਵਾਰ ਦਾ ਉਥਾਨ ਨਹੀਂ ਕਰ ਸਕਦਾ, ਉਹ ਸਮਾਜ ਦਾ ਕੀ ਸੰਵਾਰੂ? ਸ. ਬਚਨ ਸਿੰਘ ਦੀ ਹਿੰਮਤ ਅਤੇ ਜੀਵਨ ਜਾਂਚ ਅਪਨਾਉਣੀ ਹੀ ਵਿਛੜੀ ਆਤਮਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।"

ਬੁਲਾਰਿਆਂ ਦੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਕੇ ਅਤੇ ਕਾਫ਼ੀ ਵੱਡਾ 'ਕੱਠ ਦੇਖਕੇ ਬਲਵੰਤ ਅੰਦਰੋਂ ਅੰਦਰੀਂ ਝੁੰਝਲ਼ਾ ਜਿਹਾ ਗਿਆ। ਉਸਦਾ ਮਨ ਫੈਸਲਾ ਨਹੀਂ ਸੀ ਕਰ ਪਾ ਰਿਹਾ ਕਿ ਉਸਦੇ ਆਪਣੇ ਪਿਤਾ ਵਾਲ਼ੀ 'ਜੀਵਨ ਜਾਂਚ' ਠੀਕ ਹੈ ਜਾਂ ਸ. ਬਚਨ ਸਿੰਘ ਵਾਲ਼ੀ। ਹਾਂ ਇੱਕ ਨੁਕਤੇ ਤੇ ਉਸਦਾ ਮਨ ਜ਼ਰੂਰ ਅਟਕ ਗਿਆ ਕਿ ਜੇ ਉਸਦਾ ਪਿਤਾ ਇਹ ਆਖ ਜਾਂਦਾ ਕਿ "ਬਲਵੰਤ ਮੇਰੇ ਮਰਨੇ ਮਗਰੋਂ ਪਿੰਡ ਜਾ ਕੇ ਗੱਜ ਵਜ ਕੇ ਭੋਗ ਪੁਆ ਕੇ ਆਈ" ਤਾਂ ਬਲਵੰਤ ਜ਼ਰੂਰ ਝੰਡੀ ਖੜੀ ਕਰ ਜਾਂਦਾ। ਪਈ ਚਾਰੇ ਪਾਸੇ ਦਲੇਲ ਸਿੰਘ ਦਲੇਲ ਸਿੰਘ ਹੁੰਦੀ। ਜਿਵੇਂ ਹੁਣ ਬਚਨ ਸੂੰਹ ਬਚਨ ਸੂੰਹ ਹੁੰਦੀ ਪਈ ਹੈ।

ਬਚਨ ਸਿੰਘ ਦਾ ਸ਼ਰਧਾਂਜਲੀ ਸਮਾਰੋਹ ਸੰਪਨ ਹੋਇਆ। ਦੇਗ ਵਰਤਾਈ ਗਈ। ਫਿਰ ਲੋਕ ਲੰਗਰ ਛਕਣ ਲੱਗ ਪਏ। ਖਾਸ ਖਾਸ ਬੰਦਿਆਂ ਨੂੰ ਇਸ਼ਾਰਿਆਂ ਨਾਲ਼ ਜਾਂ ਕਾਨਾਫੂਸੀ ਕਰਕੇ ਪਾਸੇ ਵਾਲ਼ੀ ਬੈਠਕ 'ਚ ਜਾਣ ਲਈ ਕਿਹਾ ਗਿਆ। ਪ੍ਰਾਹੁਣੇ ਪਹਿਲਾਂ ਹੀ ਉੱਥੇ ਪਹੁੰਚ ਚੁੱਕੇ ਸਨ। ਉਸ ਬੈਠਕ ਵਿੱਚ ਦਾਰੂ ਪੀ ਕੇ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਸੀ। ਬਲਵੰਤ ਬੈਠਕ 'ਚ ਵੜਦੇ ਸਾਰ ਹੀ ਮੁੜ ਆਇਆ। ਉਸ ਇੰਦਰਬੀਰ ਨੂੰ ਦੱਸਿਆ ਕਿ ਉਹ ਲੰਗਰ ਛਕ ਕੇ ਇੱਥੇ ਪਿੰਡ ਵਿੱਚ ਹੀ ਕਿਸੇ ਨੂੰ ਮਿਲਣ ਜਾਵੇਗਾ ਅਤੇ ਦੋ ਕੁ ਘੰਟੇ ਬਾਅਦ ਮੁੜ ਆਵੇਗਾ। ਗਲਾਸੀ ਰਾਤ ਨੂੰ ਹੀ ਲਾਵਾਂਗੇ।

ਬਲਵੰਤ ਸ਼ਮੀਂ ਵੱਲ ਨੂੰ ਤੁਰ ਪਿਆ। ਰਸਤੇ ਵਿੱਚ ਹੀ ਬਲਵੰਤ ਨੇ ਮਨ ਵਿੱਚ ਧਾਰ ਲਿਆ ਕਿ ਉਹ ਸ਼ਮੀਂ ਨੂੰ ਦੱਸੇਗਾ ਨਹੀਂ ਕਿ ਉਹ ਭੋਗ ਤੇ ਆਇਆ ਸੀ ਸਗੋਂ ਇਹ ਆਖੇਗਾ ਕਿ ਉਹ ਤਾਂ ਸਪੈਸ਼ਲ ਤੈਨੂੰ ਮਿਲਣ ਲਈ ਆਇਆ ਹੈ।

ਸ਼ਮੀਂ ਤੇ ਬਲਵੰਤ ਨੂੰ ਥੋੜ੍ਹਾ ਸਮਾਂ ਲੱਗਾ ਇੱਕ ਦੂਜੇ ਨੂੰ ਪਛਾਨਣ 'ਚ ਫਿਰ ਤਾਂ ਉਨ੍ਹਾਂ ਇੱਕ ਦੂਜੇ ਨੂੰ ਘੁੱਟ-ਘੁੱਟ ਜੱਫ਼ੀਆਂ ਪਾਈਆਂ। ਉਹ ਬੈਠ ਕੇ ਇੱਧਰ ਉੱਧਰ ਦੀਆਂ ਗੱਲਾਂ ਕਰਨ ਲੱਗੇ। ਸ਼ਮੀਂ ਦੇ ਚਾਹ ਪਾਣੀ ਦੇ ਉਚੇਚ ਨੂੰ ਬਲਵੰਤ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਉਹ ਅੱਧੇ ਘੰਟੇ ਬਾਅਦ ਥੋੜ੍ਹੀ ਚਾਹ ਲਵੇਗਾ। ਉਨ੍ਹਾਂ ਨੂੰ ਪੁਰਾਣੀਆਂ ਯਾਦਾਂ ਤਾਜੀਆਂ ਕਰਦਿਆਂ ਦਸ ਕੁ ਮਿੰਟ ਹੀ ਹੋਏ ਸਨ ਕਿ ਸ਼ਮੀ ਦਾ ਕਰਿੰਦਾ ਗਿਆਨ ਆਣ ਬੋਲਿਆ, "ਜਨਾਬ ਮੈਂ ਮਾਧੋਪੁਰੀਆਂ ਦੀ ਟਰਾਲੀ 'ਚ ਪੈਂਤੀ ਥੈਲੇ ਡਾਏ ਦੇ ਲੱਦ ਆਇਆ ਹਾਂ। ਸਟੋਰ 'ਚ ਇੱਕ ਸੌ ਸੱਠ ਬਚਦੇ ਨੇ। ਤੁਹਾਡੇ ਹਿਸਾਬ ਨਾਲ਼ ਇੱਕ ਸੌ 'ਕਾਟ ਬਚਣੇ ਚਾਹੀਦੇ ਹਨ। ਜਾ ਕੇ ਟਰਾਲੀ ਵੀ ਚੈੱਕ ਕਰ ਲਵੋ ਅਤੇ ਸਟੋਰ ਵੀ। ਰੌਣਕੀ ਨੂੰ ਮੈਂ ਉੱਥੇ ਛੱਡ ਆਇਆ ਹਾਂ।"

"ਉਹ ਤੁਹਾਡੀ ਬੇੜੀ...। ਇੱਕ ਥੈਲਾ ਘਟਣ ਨਾਲ਼ ਮੇਰੀ ਤਾਂ ਚੌਥਾ ਹਿੱਸਾ ਤਨਖਾਹ ਉੜ ਜਾਊ। ਪੂਰੇ ਬਾਰਾਂ ਸੌ। ਬੰਤ ਤੂੰ ਬੈਠ ਜਰ੍ਹਾਂ ਮੈਂ ਆਇਆ ਟਰਾਲੀ ਗਿਣਕੇ। ਗਿਆਨ ਤੂੰ ਵੀ ਰੁਕੀ ਇੱਥੇ ਦੁਕਾਨ ਤੇ। ਕੋਈ ਗਾਹਕ ਆਇਆ ਤਾਂ ਸੌਦਾ ਦੇ ਦੇਵੀਂ। ਜਾ ਬਿਠਾ ਲਈ।" ਆਖਦਾ ਸ਼ਮੀਂ ਕਾਹਲ਼ੀ ਨਾਲ਼ ਸਾਈਕਲ ਚੁੱਕ ਚਲੇ ਗਿਆ। ਗਿਆਨ ਬੈਠ ਗਿਆ। ਦੋ ਕੁ ਮਿੰਟ ਬਾਅਦ ਕਾਮਰੇਡ ਮੀਤ ਆਣ ਪਹੁੰਚਾ।

"ਉਹ ਆ ਬਈ ਮੀਤ ਸਿੰਹਾ। ਸੁਣਾ ਕੀ ਹਾਲ ਆ? ਲਗਦਾ ਬਚਨੂੰ ਦਾ ਭੋਗ ਖਾ ਕੇ ਆਇਆ।" ਗਿਆਨ ਕਾਹਲੀ ਨਾਲ਼ ਪੁੱਛ ਗਿਆ।

"ਸ. ਬਚਨ ਸਿੰਘ ਦੀ ਥਾਂ 'ਬਚਨੂੰ' ਸੁਣਕੇ ਬਲਵੰਤ ਤਾਂ ਹੱਕਾ ਬੱਕਾ ਰਹਿ ਗਿਆ।

"ਨਾ-ਨਾ ਮੈਂ ਨੀਂ ਗਿਆ। ਬਾਪੂ ਨੂੰ ਭੇਜਿਆ ਸੀ। ਕੀ ਪਤਾ ਉਸ ਮੱਖੀ ਚੂਸ ਦਾ, ਰਾਤ ਨੂੰ ਸੁਪਨੇ ਵਿੱਚ ਆ ਕੇ ਨਾ ਆਖਣ ਲੱਗ ਜਾਏ, 'ਓ ਮੀਤ, ਤੂੰ ਸਾਲ਼ਿਆਂ ਅੱਜ ਪੰਜਾਹ ਰੁਪਏ ਦੀ ਰੋਟੀ ਖਾ ਕੇ

ਆਇਆ ਸਾਡੇ ਘਰ। ਕੱਢ ਇੱਧਰ ਪੰਜਾਹ ਰੁਪਏ।' ਕਮੀਨਾ ਲੱਸੀ ਵੀ ਮੁੱਲ ਵੇਚਦਾ ਰਿਹਾ। ਉਦਾਂ ਮੈਂ ਘਰ ਬੈਠਾ ਸਾਰੀਆਂ ਸ਼ਰਧਾਂਜਲੀਆਂ ਸੁਣ ਆਇਆ ਹਾਂ। ਸਪੀਕਰ ਦੀ ਅਵਾਜ਼ ਸੁਣਦੀ ਸੀ ਪੂਰੀ।''

'ਲੱਸੀ ਵੇਚਣ' ਤੇ 'ਮੱਖੀ ਚੂਸ' ਦੇ ਵਿਸ਼ੇਸ਼ਣ ਸੁਣ ਕੇ ਬਲਵੰਤ ਤਾਂ ਝੂਣਿਆ ਹੀ ਗਿਆ। ਉਸਨੂੰ ਆਪਣਾ ਬਚਪਨ ਯਾਦ ਆ ਗਿਆ। ਉਹਨੀਂ ਦਿਨੀਂ ਲਵੇਰਿਆਂ ਵਾਲ਼ੇ ਘਰੋਂ ਕਈ ਕਈ ਲੋਕ ਲੱਸੀ ਲੈ ਜਾਇਆ ਕਰਦੇ ਸਨ। ਉਹ ਆਪ ਵੀ ਜਦੋਂ ਕਦੇ ਘਰ ਦੀਆਂ ਮੱਝਾਂ ਦੁੱਧ ਦੇਣੋ ਹਟ ਜਾਇਆ ਕਰਦੀਆਂ ਸਨ ਤਾਂ ਖੂਹ ਤੇ ਰਹਿੰਦੇ 'ਬੂਲੇਕਿਆਂ' ਦਿਓਂ ਲੱਸੀ ਤੇ ਦੁੱਧ ਲੈ ਕੇ ਆਇਆ ਕਰਦਾ ਸੀ। ਖੇਤ ਮਜ਼ਦੂਰਾਂ ਤੇ ਹੋਰ ਲਾਗੀ ਲੋਕਾਂ ਦਾ ਆਪਣਾ-ਆਪਣਾ ਨੇੜ ਰੱਖਦੇ ਜ਼ਿਮੀਦਾਰਾਂ ਦਿਆਂ ਘਰਾਂ ਵਿੱਚੋਂ ਲੱਸੀ ਲਿਜਾਣਾ ਆਮ ਗੱਲ ਸੀ। ਪਿੰਡਾਂ ਵਿੱਚ ਉਦੋਂ ਦੁੱਧ ਵੇਚਣਾ ਵੀ ਬੁਰਾ ਸਮਝਿਆ ਜਾਂਦਾ ਸੀ ਲੱਸੀ ਵੇਚਣੀ ਤਾਂ ਦੂਰ ਦੀ ਗੱਲ ਸੀ।

ਬਲਵੰਤ ਤੋਂ ਕੁਰਸੀ ਮੀਤ ਹੁਰਾਂ ਵੱਲ ਨੂੰ ਖਿਚੀ ਗਈ। ਉਸਦੇ ਮਨ 'ਚ ਸ. ਬਚਨ ਸਿੰਘ ਦਾ ਬਣਿਆ 'ਵਧੀਆ ਮਨੁੱਖ' ਵਾਲ਼ਾ ਅਕਸ ਧੁੰਦਲਾਉਣ ਲੱਗਾ।

ਮੀਤ ਬਲਵੰਤ ਨੂੰ ਸੰਬੋਧਿਤ ਹੋ ਤੁਰਿਆ।

''ਦੇਖੋ ਸਰਦਾਰ ਜੀ। ਜਿਸ ਬੰਦੇ ਦੀਆਂ ਗੱਲਾਂ ਹੋ ਰਹੀਆਂ ਹਨ, ਇਹ ਕਰੋੜ ਪਤੀ ਸੀ। ਪਰ ਨੀਤ ਪੱਖੋਂ ਫੁੱਟੀ ਕੌਡੀ ਦਾ ਵੀ ਨੀ ਸੀ। ਸਾਰੀ ਉਮਰ ਜਿਸਨੇ ਕਿਸੇ ਦੀ ਵੱਢੀ ਉਂਗਲ਼ 'ਤੇ ਮੂਤਿਆ ਨਹੀਂ ਅੱਜ ਸ਼ਰਧਾਂਜਲੀਆਂ ਭੇਟ ਕਰਨ ਵਾਲ਼ੇ ਉਸ ਨੂੰ ਸਮਾਜ ਸੇਵਕ ਦੱਸਣ ਤੇ ਜ਼ੋਰ ਲਾਈ ਜਾਣ। ਆ ਜਥੇਦਾਰਾਂ ਦਾ ਤਾਂ ਬੇੜਾ ਹੀ ਬੈਠ ਗਿਆ। ਜ਼ਿਲ੍ਹਾ ਪ੍ਰਧਾਨ ਰੁੜਕੀਏ ਸੂਬੇ ਨੇ ਤਾਂ ਸਮਾਜ ਸੇਵਕ ਦੀ ਪਰਿਭਾਸ਼ਾ ਹੀ ਨਵੀਂ ਬਣਾ ਦਿੱਤੀ। ਅਖੇ ਜਿਸ ਬੰਦੇ ਨੇ ਆਪਣੇ ਘਰ ਦਾ ਸੁਧਾਰ ਨੀ ਕੀਤਾ ਉਹ ਸਮਾਜ ਦਾ ਕੀ ਸੁਧਾਰ ਕਰ ਲਊ'। ਦੂਜਿਆਂ ਨਾਲ਼ ਠੱਗੀਆਂ ਮਾਰ ਕੇ ਆਪਣੇ ਘਰ 'ਭਰਨ' ਨੂੰ ਵੀ ਇਹ 'ਘਰ ਸੁਧਾਰ' ਹੀ ਆਖਦੇ ਹਨ। ਪਹਿਲੀ ਠੱਗੀ ਇਸਨੇ ਆਪਣੇ ਸਕੇ ਭਰਾ ਨਾਲ਼ ਉਦੋਂ ਮਾਰੀ ਜਦੋਂ ਇਹਨਾਂ ਦੀ ਨਕੋਦਰ ਵਾਲ਼ੀ ਜ਼ਮੀਨ ਦਾਣਾ ਮੰਡੀ ਲਈ ਅਕਵਾਇਰ ਹੋਈ। ਇਸਨੇ ਕੇਸ ਲੜਨ ਲਈ ਭਰਾ ਤੋਂ ਮੁਖਤਿਆਰ ਨਾਮਾ ਆਮ ਲੈ ਲਿਆ। ਮਗਰੋਂ ਕੇਸਾਂ ਦੇ ਖਰਚੇ ਦੇ ਨਾਂ ਤੇ ਉਸਦੇ ਹਿਸਾ ਦੇ ਪੈਸਿਆਂ ਦਾ ਵੱਡਾ ਹਿਸਾ ਆਪ ਹਜ਼ਮ ਕਰ ਗਿਆ। ਆਪ ਇੱਥੇ ਬਿਲਗੇ ਸਹੁਰੀ ਆਣ ਬੈਠਾ। ਸੁਹਰੇ ਮਰੇ ਤੇ। ਅਖੇ ਸੱਸ 'ਕੱਲੀ ਹੈ। ਇਹਦਾ ਸਾਲ਼ਾ ਕੋਈ ਹੈਨੀ ਸੀ। ਇੱਕੋ ਇੱਕ ਇਹਦੀ ਸਾਲ਼ੀ ਇੰਗਲੈਂਡ ਰਹਿੰਦੀ ਸੀ। ਸਾਂਢੂ ਇਹਦਾ ਜਰ੍ਹਾ ਵੱਡੀ ਉਮਰ ਦਾ ਸੀ ਤੇ ਅਕਲ ਪੱਖੋਂ ਵੀ ਸਾਮਾ ਸਿੱਕਾ ਹੀ ਸੀ। ਵਲੈਤੋਂ ਆਈ ਸਾਲ਼ੀ ਵੀ ਇਹਨੇ ਹੱਥੀਂ ਚਾੜ੍ਹ ਲਈ। ਜ਼ਮੀਨ ਦਾ ਗੁਆਂਢੀਆਂ ਨਾਲ਼ ਕੇਸ ਚਲਾ ਲਿਆ। ਜਾਣ ਬੁਝ ਕੇ। ਤਕਸੀਮ ਦਾ। ਸਾਲ਼ੀ ਤੋਂ ਵੀ ਕੇਸ ਲੜਨ ਲਈ ਮੁਖਤਿਆਰ ਨਾਮਾ ਲੈ ਲਿਆ। ਉਹ ਵੀ ਖਾਸ ਨਹੀਂ ਆਮ। ਉਹ ਬਾਂਦਰੀ ਜਨਾਨੀ ਨਾਲ਼ੇ ਹਰ ਸਾਲ ਆ ਕੇ ਇਹਤੋਂ ਢੂਹਾ ਰਗੜਾਉਂਦੀ ਰਹੀ ਨਾਲ਼ੇ ਪੌਂਡ ਖਲ਼ਾਉਂਦੀ ਰਹੀ। ਜਦੋਂ ਉਹ ਕਈ ਸਾਲਾਂ ਬਾਅਦ ਜ਼ਮੀਨ ਸੰਬੰਧੀ ਪੁੱਛ ਗਿੱਛ ਕਰਨ ਲੱਗੀ ਤਾਂ ਇਸਨੇ ਉਹਦੇ ਵਾਲ਼ਾ ਹਿਸਾ ਆਪਣੇ ਘਰਵਾਲ਼ੀ ਦੇ ਨਾਂ ਬੈਅ ਕਰ ਦਿੱਤਾ। ਬਥੇਰੀਆਂ ਮਗਰੋਂ ਸੱਥਾਂ ਪੰਚਾਇਤਾਂ ਕਰਦੀ ਰਹੀ। ਫਿਰ ਤੂੰ ਕੌਣ ਤੇ ਮੈਂ ਕੌਣ। ਇੰਦਾਂ ਦੇ ਠੱਗ ਨੂੰ ਵੀ ਅੱਜ ਸਮਾਜ ਸੇਵਕ ਕਹੀ ਜਾਣ। ਬੇਸ਼ਰਮੀ ਦੀ ਵੀ ਕੋਈ ਹੱਦ ਹੁੰਦੀ ਆ।''

ਕਾਮਰੇਡ ਮੀਤ ਚੁੱਪ ਕੀਤਾ ਹੀ ਸੀ ਕਿ ਮੋਰਚਾ ਗਿਆਨ ਨੇ ਸੰਭਾਲ਼ ਲਿਆ। ਜਿਵੇਂ ਉਹ ਵਾਰੀ ਦੀ ਉਡੀਕ ਕਰ ਰਿਹਾ ਹੋਵੇ।

''ਦੇਖੋ ਜੀ ਇਹ ਬੰਦਾ ਰੱਜ ਕੇ ਕਮੀਨਾ ਸੀ। ਮੇਰੇ ਗੁਆਂਢ 'ਚ ਰਹਿੰਦਾ ਸੀ ਬਜ਼ੁਰਗ ਹਰੀਆ। ਉਸ ਨੇ ਕਿਸੇ ਲੋੜ ਵੇਲੇ ਇਸ ਤੋਂ ਇੱਕ ਹਜ਼ਾਰ ਰੁਪਏ ਪਰਨੋਟ ਤੇ ਕਰਜ਼ਾ ਲੈ ਲਿਆ। ਪੰਜ ਰੁਪਏ ਪ੍ਰਤੀ ਸੈਕੜਾ।



ਹਰ ਮਹੀਨੇ ਉਹ ਪੰਜਾਹ ਰੁਪਏ ਵਿਆਜ ਇਹਨੂੰ ਦਿੰਦਾ ਰਿਹਾ। ਇੱਕ ਦੋ ਵਾਰ ਉਸ ਵਿਆਜ ਮੇਰੇ ਕੋਲ਼ ਵੀ ਭੇਜਿਆ। ਸਾਲ ਕੁ ਬਾਅਦ ਹਰੀਆ ਗਿਆ ਮਰ। ਇਸਨੇ ਉਸਦੇ ਟੱਬਰ ਤੋਂ ਮੂਲ ਦੇ ਨਾਲ਼ ਨਾਲ਼ ਦੁਬਾਰਾ ਵਿਆਜ ਵੀ ਵਸੂਲ ਲਿਆ। ਪੰਚਾਇਤ ਵਿੱਚ ਝੂਠੀ ਸੌਂਹ ਖਾ ਕੇ।''

ਗਿਆਨ ਦੀ ਗੱਲ ਮੁੱਕਦੀ ਨੂੰ ਸ਼ਮੀ ਤੇ ਰੌਣਕੀ ਵੀ ਆ ਗਏ। ਸ਼ਮੀ ਦਾ ਗੰਭੀਰ ਚਿਹਰਾ ਦੱਸਦਾ ਸੀ ਕਿ ਉਸਦਾ ਡਾਏ ਦਾ ਬੋਰਾ ਨਹੀਂ ਮਿਲਿਆ। ਗਿਆਨ ਦੇ ਪੁੱਛਣ ਤੇ ਸ਼ਮੀ ਨੇ ਨਾਂਹ ਵਿੱਚ ਸਿਰ ਮਾਰ ਦਿੱਤਾ।

''ਉਹ ਸ਼ਮੀ ਮਾਰ ਗੋਲ਼ੀ ਬੋਰੇ ਨੂੰ। ਅਸੀਂ ਵੀ ਹਿੱਸਾ ਪਾ ਦੇਵਾਂਗੇ। ਰਲ਼ ਮਿਲ਼ਕੇ ਬਾਰਾਂ ਸੌ ਪੂਰਾ ਕਰ ਲਵਾਂਗੇ। ਨਹੀਂ ਤਾਂ ਹੋਰ ਕੰਮ ਕਰ। ਹਰ ਰੋਜ਼ ਬਚਨੂੰ ਦੇ ਨਾਂ ਦਾ ਇੱਕ ਚਾਹ ਦਾ ਕੱਪ ਪਾ ਦਿਆ ਕਰ ਮਾਲਕਾਂ ਦੇ ਖਾਤੇ। ਮਾਲਕਾਂ ਨੂੰ ਆਖ ਦੇਈ ਕਿ ਉਹ ਰੋਜ਼ ਰਾਤ ਨੂੰ ਸੁਪਨੇ ਵਿੱਚ ਆ ਕੇ ਚਾਹ ਮੰਗਦਾ। ਪੰਜ ਰੁਪਏ ਰੋਜ਼ ਦੇ। ਅੱਠ ਮਹੀਨਿਆਂ 'ਚ ਤੇਰਾ ਬਾਰਾਂ ਸੌ ਪੂਰਾ। ਜੀਂਦੇ ਜੀ ਵੀ ਉਹ ਪੀਂਦਾ ਰਿਹਾ।'' ਕਾਮਰੇਡ ਮੀਤ ਦੀ ਗੱਲ ਤੇ ਸਾਰੇ ਹੱਸ ਪਏ।

''ਚਾਹ ਦਾ ਇੱਕ ਕੱਪ ਤਾਂ ਕੀ ਕਈ ਵਾਰੀ ਦੋ-ਦੋ ਤਿੰਨ ਤਿੰਨ ਕੱਪ ਵੀ ਪੀ ਜਾਂਦਾ ਸੀ। ਦਸ ਵਜੇ ਸਾਡੇ ਅਤੇ ਚਾਰ ਵਜੇ ਬੜੇ ਪਿੰਡੀਆਂ ਦੀ ਦੁਕਾਨ ਤਾਂ ਪੱਕੀ ਸੀ। ਅਸੀਂ ਕਿਸੇ ਆਏ ਗਏ ਤੇ ਚਾਹ ਮੰਗਵਾਉਣੀ, ਜੇ ਉਹ ਬੈਠਾ ਹੁੰਦਾ ਤਾਂ ਉਹ ਸਭ ਤੋਂ ਪਹਿਲਾਂ ਕੱਪ ਚੱਕਦਾ। ਕਈ ਵਾਰੀ ਮੇਰਾ ਦਿਲ ਕਰਨਾ ਕਿ ਉਹਨੂੰ ਟੋਕ ਦੇਵਾਂ। ਪਰ ਮਾਲਕਾਂ ਨੇ ਮਨਾ ਕਰ ਦੇਣਾ। ਕਹਿਣਾ ਕੁਛ ਨੀ ਫ਼ਰਕ ਪੈਂਦਾ।'' ਸ਼ਮੀਂ ਵੀ ਪਿੱਛੇ ਨਾ ਰਿਹਾ।

''ਸ਼ਰਾਬ ਵਾਹ ਲਗਦੀ ਮੁਫ਼ਤ ਦੀ ਟੋਲ਼ਦਾ। ਜੇ ਕਿਸੇ ਨੇ ਸੁਲ੍ਹਾ ਮਾਰ ਲਈ ਪਈ ਬਚਨ ਸਿੰਹਾਂ ਆਜਾ ਪੈਗ ਲਾਈਏ ਤਾਂ ਆਖਣਾ, ਤੂੰ ਬੋਤਲ ਲੈ ਕੇ ਹਵੇਲੀ ਆ ਜਾਈ। ਉੱਥੇ ਬੈਠਾਂਗੇ ਬੱਲਾ-ਦੱਤੇ। ਮੂਲੀਆਂ ਵੀ ਹੈਗੀਆਂ। ਪਾਣੀ ਵੀ ਹੈਗਾ। ਭੁਜੀਏ ਦਾ ਪੈਕਟ ਫੜੀ ਆਈ।'' ਰੌਣਕੀ ਨੇ ਵੀ ਨਾ ਬੋਲਣਾ ਆਪਣੀ ਹੇਠੀ ਸਮਝੀ।

ਬਲਵੰਤ ਨੂੰ 'ਪਾਣੀ ਹੈਗਾ' ਸੁਣਦਿਆਂ ਹੀ ਇੱਕ ਗੱਲ ਯਾਦ ਆ ਗਈ। ਉਸ ਦਾ ਇੰਗਲੈਂਡ ਵਿੱਚ ਇੱਕ ਦੋਸਤ ਹੈ ਰਮੇਸ਼ ਤਲਵਾੜ। ਉਹ ਲੇਖਕ ਹੈ। ਕਹਾਣੀ, ਕਵਿਤਾ ਲਿਖਦਾ। ਪੰਜਾਬੋਂ ਗਏ ਉਸਦੇ ਜਾਣੂ ਲੇਖਕ ਉਸ ਕੋਲ਼ ਇੱਕ ਦੋ ਦਿਨ ਜ਼ਰੂਰ ਮੌਜ ਮਸਤੀ ਕਰਨ ਲਈ ਠਹਿਰ ਜਾਂਦੇ ਹਨ। ਉਹ ਵੀ ਮਹਿਮਾਨ ਲੇਖਕਾਂ ਦੀ ਸੇਵਾ ਕਰਨੀ ਜਨਮ ਸਫ਼ਲਾ ਕਰਨਾ ਹੀ ਸਮਝਦਾ। ਪਰ ਮਗਰੋਂ ਉਹਨਾਂ ਦੀ ਨਿੰਦਾ-ਵਡਿਆਈ ਵੀ ਨਾਲ਼ੋਂ ਨਾਲ਼ ਕਰੀ ਜਾਂਦਾ। ਇੱਕ ਵਾਰ ਬਲਵੰਤ ਨੇ ਰਮੇਸ਼ ਦੇ ਘਰ ਗਏ ਨੇ ਪੁੱਛਿਆ- ''ਅੱਜ ਕੱਲ ਨੀ ਕੋਈ ਸਾਹਿਤਕਾਰ ਦੋਸਤ ਡਿੱਗਿਆ, ਪੰਜਾਬੋਂ।''

''ਲੈ ਪਰਸੋਂ ਹੀ ਗਏ ਨੇ। ਇੱਕ ਹਰਿੰਦਰ ਸੀ ਤੇ ਦੂਜਾ ਪਾਣੀ ਹੈਗਾ?''

''ਨਾ ਆ ਕੀ ਨਾਂ ਏ ਪਾਣੀ ਹੈਗਾ।'' ਬਲਵੰਤ ਨੇ ਪੁੱਛਿਆ।

''ਲੈ ਤੂੰ ਪਹਿਲਾ ਨੀ ਸੁਣਿਆ? ਉਹ ਜਨਾਬ ਬਹੁਤ ਵੱਡੇ ਸਾਹਿਤਕਾਰ ਨੇ ਪੰਜਾਬੀ ਦੇ। ਬੜੇ ਇਨਾਮ ਛਨਾਮ ਮਿਲ਼ੇ ਨੇ। ਜੇ ਕੋਈ ਮਿੱਤਰ ਜਾਂ ਪ੍ਰਸੰਸਕ ਮਿਲਣ ਜਾਵੇ ਸਾਬ੍ਹ ਨੂੰ ਤਾਂ ਸਾਬ੍ਹ ਦੀ ਪਾਰਖੂ ਅੱਖ ਪਹਿਲਾਂ ਗਏ ਵਿਅਕਤੀ ਦੇ ਬੈਗ ਦੀ ਤਲਾਸ਼ੀ ਲੈਂਦੀ ਹੈ। ਤਸੱਲੀ ਹੋਣ ਤੇ ਆਖਣਗੇ, 'ਦੇਖੋ ਤੁਹਾਡਾ ਆਪਣਾ ਘਰ ਹੈ। ਸੰਗਣ ਦੀ ਜ਼ਰੂਰਤ ਨਹੀਂ। ਚਾਹ ਪਸੰਦ ਕਰੋਗੇ ਤਾਂ ਚਾਹ ਬਣ ਜਾਏਗੀ। ਜੇ ਸਮਾਨ ਕੋਲ਼ ਹੈ, ਜੋ ਮੈਨੂੰ ਲਗਦਾ ਤਾਂ ਹੈ ਤਾਂ ਮੈਂ ਗਲਾਸ ਵਗੈਰਾ ਲੈ ਆਉਂਦਾ ਹਾਂ। ਭੁਜੀਆ ਵੀ ਹੈ ਤੇ ਪਾਣੀ ਵੀ ਹੈਗਾ। ਇਸ ਤਰ੍ਹਾਂ ਜਨਾਬ ਹੁਰਾਂ ਦਾ ਨਾਂ 'ਪਾਣੀ ਹੈਗਾ' ਪੈ ਗਿਆ।''

ਸ਼ਮੀ ਨੇ ਬਲਵੰਤ ਦੀ ਆਗਿਆ ਲੈ ਕੇ ਸਾਰਿਆਂ ਲਈ ਚਾਹ ਦਾ ਆਰਡਰ ਕਰ ਦਿੱਤਾ।

ਚਾਹ ਆ ਗਈ।

ਸ਼ਮੀ ਨੇ ਨਾਲ਼ ਦੀ ਦੁਕਾਨ ਵਾਲ਼ੇ ਸੁਦਾਗਰ ਨੂੰ ਵੀ ਸੱਦ ਲਿਆ। ਸਾਰੇ ਚਾਹ ਪੀਣ ਲੱਗ ਪਏ। ਸਾਰੇ ਚੁੱਪ ਸਨ। ਕਾਮਰੇਡ ਮੀਤ ਨੂੰ ਸ਼ਾਇਦ ਚੁੱਪ ਚੰਗੀ ਨਹੀਂ ਸੀ ਲਗਦੀ। ਉਹ ਸੁਦਾਗਰ ਨੂੰ ਕਹਿਣ ਲੱਗਾ।

"ਲੈ ਬਈ ਸੁਦਾਗਰ ਸਿੰਹਾ ਇੱਥੇ ਚਲਦੀਆਂ ਬਚਨੂੰ ਦੀਆਂ ਗੱਲਾਂ, ਤੂੰ ਵੀ ਸੁਣਾ ਉਹ ਦਸਤਾਨਿਆਂ ਵਾਲ਼ੀ ਗੱਲ। ਇਹ ਸ਼ਮੀਂ ਦੇ ਪਿੰਡੋਂ ਸ਼ਮੀ ਦੇ ਬਚਪਨ ਦੇ ਦੋਸਤ ਨੇ। ਇਹ ਪੰਤਾਲ਼ੀ ਸਾਲਾਂ ਬਾਅਦ ਇੰਗਲੈਂਡ ਤੋਂ ਆਏ ਨੇ।"

ਸੁਦਾਗਰ ਨੇ ਕਹਿਣਾ ਸ਼ੁਰੂ ਕੀਤਾ, "ਇਹ ਬਚਨੂੰ ਵੀ ਉਦੋਂ ਇੰਗਲੈਂਡ ਤੋਂ ਹੀ ਆਇਆ ਸੀ। ਦੋ ਕੁ ਮਹੀਨੇ ਰਹਿ ਕੇ। ਸਿਆਲ਼ ਮਹੀਨਾ ਸੀ। ਬਚਨੂੰ ਆਇਆ ਤਾਂ ਸ਼ਮੀਂ ਕੀ ਦੁਕਾਨ 'ਤੇ ਸੀ। ਪਰ ਸ਼ਮੀ ਹੁਰਾਂ ਦੀ ਦੁਕਾਨ ਉਸ ਦਿਨ ਬੰਦ ਸੀ। ਮਾਲਿਕਾਂ ਦੀ ਬੁੜੀ ਮਰਨ ਕਰਕੇ। ਬਚਨੂੰ ਮੇਰੇ ਵੱਲ ਆ ਗਿਆ। ਮੈਂ ਅਦਬ ਨਾਲ਼ ਕੁਰਸੀ ਤੇ ਬਿਠਾਇਆ। ਚਾਹ ਮੰਗਵਾਈ। ਚਾਹ ਪੀਂਦੇ ਮੈਂ ਇੰਗਲੈਂਡ ਦੀਆਂ ਗੱਲਾਂ ਪੁੱਛੀ ਗਿਆ ਤੇ ਉਹ ਦੱਸੀ ਗਿਆ।

ਗੱਲਾਂ ਗੱਲਾਂ 'ਚ ਮੈਂ ਬਚਨੂੰ ਦੇ ਪਾਏ ਦਸਤਾਨਿਆਂ ਦੀ ਸਿਫ਼ਤ ਕਰ ਬੈਠਾ। ਅਸਲ 'ਚ ਦਸਤਾਨੇ ਬਹੁਤ ਵਧੀਆਂ ਨਹੀਂ ਸਨ। ਮੈਂ ਤਾਂ ਟਿੱਚਰ ਹੀ ਕੀਤੀ ਸੀ। ਬਚਨੂੰ ਨੇ ਝੱਟ ਦੇਣੀ ਦਸਤਾਨੇ ਲਾਹ ਕੇ ਮੇਰੇ ਅੱਗੇ ਰੱਖ ਦਿੱਤੇ। ਮੈਂ ਬਥੇਰੀ ਨਾਂਹ ਕੀਤੀ ਕਿ ਮੇਰੇ ਕੋਲ਼ ਹੈਗੇ। ਪਰ ਉਸ ਮੇਰੀ ਇੱਕ ਨਾ ਸੁਣੀ। ਦਸਤਾਨੇ ਮੱਲੋ-ਮੱਲੀ ਦੇ ਗਿਆ। ਮੈਂ ਸੋਚਾਂ ਬਈ ਅੱਜ ਤਾਂ ਬਚਨੂੰ ਨੇ ਬੜਾ ਜਿਗਰਾ ਕੀਤਾ। ਉਸ ਜਾਣ ਮਗਰੋਂ ਮੇਰੀ ਮਾਸੀ ਦਾ ਮੁੰਡਾ ਆ ਗਿਆ। ਕਾਊਂਟਰ ਤੇ ਪਏ ਦਸਤਾਨਿਆਂ ਬਾਰੇ ਉਸ ਮੈਨੂੰ ਪੁੱਛਿਆ। ਮੈਂ ਸਾਰੀ ਕਹਾਣੀ ਦੱਸ ਦਿੱਤੀ। ਉਹ ਕਹਿੰਦਾ ਮੈਂ ਲੈ ਜਾਂਦਾ ਹਾਂ। ਮੈਂ ਕਿਹਾ ਤੂੰ ਲੈ ਜਾ। ਉਹ ਲੈ ਗਿਆ। ਅੱਠ ਕੁ ਦਿਨਾਂ ਮਗਰੋਂ ਬਚਨੂੰ ਦੁਕਾਨ ਤੇ ਆਇਆ। ਆ ਕੇ ਦਸਤਾਨਿਆਂ ਦਾ ਤਿੰਨ ਸੌ ਰੁਪੈਆ ਮੰਗਣ ਲੱਗ ਪਿਆ। ਮੈਂ ਉਸ ਦੇ ਮੂੰਹ ਵੱਲ ਦੇਖਾ। ਉਹ ਕਹੇ ਹੈ ਤਾਂ ਉਹ ਪੰਜ ਸੌ ਦੇ ਸਨ ਤੂੰ ਤਿੰਨ ਸੌ ਹੀ ਦੇ ਦੇ। ਮੈਂ ਸੋਚਾ ਬੁਰੇ ਫਸੇ। ਦਸਤਾਨੇ ਹੁੰਦੇ ਤਾਂ ਮੈਂ ਚੱਕ ਕੇ ਮੱਥੇ ਮਾਰਦਾ। ਅਖੀਰ ਜੀ ਕੌੜਾ ਘੁੱਟ ਭਰਿਆ ਦੇ ਢਾਈ ਸੌ ਦੇ ਕੇ ਮੈਂ ਖਹਿੜਾ ਛੁਡਾਇਆ। ਮੁੜ ਮੈਂ ਨੀ ਕਦੇ ਮੂੰਹ ਲਾਇਆ ਵੱਡੇ ਸਰਦਾਰ ਨੂੰ। ਉੱਦਾਂ ਇਹੋ ਜਿਹੇ ਬੰਦੇ ਹਰ ਪਿੰਡ 'ਚ ਹੁੰਦੇ ਹੀ ਹਨ। ਸਾਡੇ ਪਿੰਡ ਵੀ ਹੈ ਇੱਕ। ਬਾਬੂ ਬਾਬੂ ਕਰਕੇ ਸੱਦਦੇ ਨੇ ਉਹਨੂੰ। ਉਹ ਵੀ ਇੰਗਲੈਂਡ ਰਹਿੰਦਾ ਹੈ। ਉਸਦੇ ਕੋਲ਼ ਪੈਸਾ ਬੇਅੰਤ ਹੈ। ਤਿੰਨ ਮੁੰਡੇ ਉਸਦੇ। ਤਿੰਨੋਂ ਡਾਕਟਰ ਉਹ ਵੀ ਇੰਗਲੈਂਡ 'ਚ। ਨੂੰਹਾਂ ਚੰਗੀਆਂ ਜੌਬਾਂ 'ਤੇ ਹਨ। ਇੱਧਰ ਪਿੰਡ ਵੀ ਕਾਫ਼ੀ ਜਾਇਦਾਦ ਹੈ। ਬਾਬੂ ਸਾਲ 'ਚ ਦੋ ਤਿੰਨ ਮਹੀਨੇ ਪਿੰਡ ਰਹਿਕੇ ਜਾਂਦਾ ਹੈ। ਕਾਫ਼ੀ ਵੱਡੀ ਕੋਠੀ ਪਾਈ ਹੋਈ ਹੈ। ਪਿਛਲੇ ਸਾਲ ਆਇਆ ਕੋਠੀ ਨੂੰ ਰੰਗ ਕਰਵਾਉਣ ਲੱਗਾ ਪਿਆ। ਚੌਂਕ ਵਾਲ਼ੀ ਦੁਕਾਨ 'ਕਲਸੀ ਪੇਂਟ ਸਟੋਰ' ਤੋਂ ਰੰਗ ਜਾਂਦਾ ਰਿਹਾ। ਕਲਸੀ ਦਾ ਹਜ਼ਾਰ ਕੁ ਰੁਪਿਆ ਰਹਿੰਦਾ ਸੀ ਬਕਾਇਆ। ਬਾਬੂ ਇੰਗਲੈਂਡ ਨੂੰ ਚਲੇ ਗਿਆ। ਦਸੀ ਕੁ ਮਹੀਨੀ ਫਿਰ ਆਇਆ ਤਾਂ ਕਲਸੀ ਨੇ ਮੰਗ ਲਿਆ ਹਜ਼ਾਰ ਰੁਪਿਆ। ਬਾਬੂ ਕਹੇ ਮੈਂ ਦੇ ਕੇ ਗਿਆ ਸੀ। ਕਲਸੀ ਕਹੇ ਕਿ ਨਹੀਂ ਦਿੱਤੇ। ਬਾਬੂ ਕਹਿੰਦਾ ਮੈਂ ਕੱਲ ਨੂੰ ਪੇਂਟਰ ਨੂੰ ਨਾਲ਼ ਲੈ ਕੇ ਆਵਾਂਗਾ। ਉਹ ਮੇਰੇ ਨਾਲ਼ ਸੀ। ਪੈਸੇ ਦੇਣ ਵੇਲੇ। ਕਲਸੀ ਕਹਿੰਦਾ ਠੀਕ ਹੈ। ਬਾਬੂ ਜਾ ਕੇ ਪੇਂਟਰ ਨੂੰ ਲਾਲਚ ਦੇਣ ਲੱਗਾ ਕਿ ਮੈਂ ਤੈਨੂੰ ਸੌ ਰੁਪਿਆ ਦੇਵਾਂਗਾ ਤੂੰ ਜਾ ਕੇ ਆਖ ਦੇਈ ਕਿ ਸਾਰੇ ਪੈਸੇ ਦਿੱਤੇ ਸਨ। ਜੇ ਲੋੜ ਪਈ ਤਾਂ ਸੌਂਹ ਵੀ ਖਾ ਲਈ। ਮੈਂ ਤੈਨੂੰ ਪਾਈਆ ਪਿਲ਼ਾ ਵੀ ਦੇਵਾਂਗਾ। ਪੇਂਟਰ ਕਹਿੰਦਾ ਮੈਂ ਇਹ ਨਹੀਂ ਕਰ ਸਕਦਾ। ਨਾਲੇ ਉਸ ਦਿਨ ਹਜ਼ਾਰ ਤਾਂ ਰਹਿ ਗਿਆ ਸੀ। ਉਸ ਨੇ ਬਾਅਦ ਵਿੱਚ ਵੀ ਮੈਨੂੰ ਯਾਦ ਕਰਾਇਆ ਸੀ।



"ਉਲਟਾ ਪੇਂਟਰ ਨੇ ਕਲਸੀ ਨੂੰ ਦੱਸ ਦਿੱਤਾ। ਹੌਲ਼ੀ ਹੌਲ਼ੀ ਰੌਲ਼ਾ ਪੈ ਗਿਆ ਸਾਰੇ। ਕਲਸੀ ਕਹੇ ਮੈਂ ਪੰਚਾਇਤ ਕਰਨੀ ਹੈ। ਫਿਰ ਡਰਦੇ ਮਾਰੇ ਨੇ ਹਜ਼ਾਰ ਰੁਪਿਆ ਭੇਜਿਆ। ਅਸਲ ਵਿੱਚ ਬਾਬੂ ਜਾਂ ਬਚਨੂੰ ਵਰਗੇ 'ਕਾਰੂ' ਦੀ ਵੰਸ਼ ਵਿੱਚੋਂ ਹੁੰਦੇ ਨੇ। ਇਹ ਤਾਂ ਮੁਰਦਿਆਂ ਦੇ ਕੱਪੜੇ ਲਾਹ ਕੇ ਵੇਚ ਦੇਣ।"

ਸੁਦਾਗਰ ਨੇ ਬਚਨੂੰ ਦੇ ਨਾਲ਼ ਬਾਬੂ ਦੀਆਂ ਸਿਫ਼ਤਾਂ ਵੀ ਕਰ ਦਿੱਤੀਆਂ।

"ਉਸ ਤਰ੍ਹਾਂ ਬਚਨੂੰ ਦਸ ਕੁ ਕਰੋੜ ਦੀ ਸਾਮੀ ਸੀ ਇਸ ਵਕਤ।" ਸੁਦਾਗਰ ਨੇ ਜਰ੍ਹਾਂ ਗੰਭੀਰਤਾ ਨਾਲ਼ ਕਿਹਾ।

"ਪੂਰੇ ਦਸ ਕਰੋੜ ਦਾ ਨਹੀਂ ਦਸ ਰੁਪਏ ਘੱਟ ਰੱਖੋ।" ਸ਼ਮੀ ਬੋਲ ਪਿਆ।


"ਉਹ ਕਿਸ ਤਰ੍ਹਾਂ?" ਕਾਮਰੇਡ ਨੇ ਪੁੱਛਿਆ।

"ਗੱਲ ਬਚਨੂੰ ਨੂੰ ਅਟੈਕ ਹੋਣ ਤੋਂ ਤਿੰਨ ਦਿਨ ਪਹਿਲਾਂ ਦੀ ਹੈ। ਮੈਂ ਕਾਊਂਟਰ ਤੇ ਬੈਠਾ ਡੇ ਬੁੱਕ ਲਿਖ ਰਿਹਾ ਸੀ। ਕੋਈ ਗਾਹਕ ਮੇਰੇ ਕੋਲੋਂ ਦਸ ਰੁਪਏ ਦੇ ਭਿੰਡੀਆਂ ਦੇ ਬੀਜ ਲੈ ਕੇ ਗਿਆ। ਮੈਂ ਪੈਸੇ ਕਾਊਂਟਰ ਉੱਤੇ ਹੀ ਰੱਖ ਲਏ। ਉਹ ਡਿੱਗ ਪਏ ਥੱਲੇ। ਮੈਂ ਸੋਚਿਆ ਚਲੋ ਡੇ ਬੁੱਕ ਪੂਰੀ ਕਰਕੇ ਹੀ ਉੱਠਦਾ। ਜਦੇ ਨੂੰ ਆ ਗਏ ਸਰਦਾਰ ਬਚਨ ਸਿੰਘ ਜੀ। ਮੈਂ ਬੈਠਣ ਲਈ ਕਿਹਾ। ਸਰਦਾਰ ਹੁਰੀਂ ਕੁਰਸੀ ਤੇ ਬੈਠਦਿਆਂ ਹੀ ਪੈਰ ਰੱਖ ਲਿਆ ਦਸ ਦੇ ਨੋਟ 'ਤੇ। ਮੈਂ ਚੋਰ ਅੱਖ ਨਾਲ਼ ਦੇਖਦਾ ਰਿਹਾ। ਸਰਦਾਰ ਹੁਰੀਂ ਅਖ਼ਬਾਰ ਚੁੱਕ ਕੇ ਫਰੋਲਣੀ ਸ਼ੁਰੂ ਕਰ ਦਿੱਤੀ ਫੋਲਦਿਆਂ ਫੋਲਦਿਆਂ ਇੱਕ ਪੇਜ ਥੱਲੇ ਸੁੱਟ ਦਿੱਤਾ। ਪੇਜ ਚੁੱਕਣ ਦੇ ਬਹਾਨੇ ਦਸ ਦਾ ਨੋਟ ਵੀ ਚੁੱਕ ਲਿਆ। ਮੈਂ ਸਾਰੀ ਕਾਰਵਾਈ ਜਾਂਚਦਾ ਰਿਹਾ। ਮਨ 'ਚ ਕਿਹਾ ਕਿ ਕਾਹਨੂੰ ਸਿਆਣੇ ਬਿਆਣੇ ਦੀ ਬੇਇਜ਼ਤੀ ਕਰਨੀ ਹੈ। ਦਸ ਰੁਪਏ ਹੀ ਹਨ।" ਸ਼ਮੀ ਨੇ ਆਪ ਬੀਤੀ ਸੁਣਾ ਦਿੱਤੀ।

ਬਲਵੰਤ ਨੂੰ ਸਮਝ ਨਾ ਪਵੇ ਬਈ ਉਹ ਸੱਚੀ ਸ਼ਰਧਾਂਜਲੀ ਉਸਨੂੰ ਕਹੇ ਜਿਹੜੀ ਮਹਾਰਾਜ ਦੀ ਹਜ਼ੂਰੀ 'ਚ ਘਰ ਹੋਈ ਸੀ ਜਾਂ ਜੋ ਇੱਥੇ ਸ਼ਮੀ ਦੀ ਦੁਕਾਨ ਤੇ ਹੋ ਰਹੀ ਸੀ। **98151-57815**



**ਦਲਿਤ ਕਾਵਿ ਦਾ ਨਵਾਂ ਮੁਹਾਵਰਾ ਪੇਸ਼ ਕਰਨ ਵਾਲੀਆਂ ਦੋ ਅਹਿਮ ਕਵਿਤਾ ਦੀਆਂ ਪੁਸਤਕਾਂ**

**ਯਾਤਰੀ ਹਾਲੇ ਪਰਤੇ ਨਹੀਂ ਅਤੇ ਖਾਰਾ ਪਾਣੀ**




ਜੈ ਪਾਲ
ਅਤੇ ਮਦਨ ਵੀਰਾ
ਜਿਨ੍ਹਾਂ ਦੀ ਕਵਿਤਾ
ਰਵਾਇਤੀ ਘਸੇ ਹੋਏ ਕਾਵਿ
ਮੁਹਾਵਰੇ ਦਾ ਬਦਲ ਪੇਸ਼
ਕਰਦੀ ਹੈ। ਜਿਨ੍ਹਾਂ ਦੀ
ਕਵਿਤਾ ਦੇ ਬਿੰਬ ਤੇ ਚਿਹਨ
ਨਿਵੇਕਲੇ ਹਨ।

ਪ੍ਰਕਾਸ਼ਕ :
**ਲੋਕਗੀਤ ਪ੍ਰਕਾਸ਼ਨ**
ਮੁੱਲ: 150 ਰੁਪਏ
ਤੇ
160 ਰੁਪਏ



## ਕਹਾਣੀ / ਭਾਰਮੁਕਤ / ਗੋਵਰਧਨ ਗੱਬੀ

"ਬਹੁਤ ਹਲਕਾ ਹਲਕਾ ਮਹਿਸੂਸ ਕਰ ਰਿਹਾਂ... ਫੁੱਲ ਵਾਂਗ... ਇਕ ਦਮ ਭਾਰਮੁਕਤ ...ਪਿਛਲੇ ਕਈ ਸਾਲਾਂ ਤੋਂ ਬਹੁਤ ਵੱਡਾ ਸਾਰਾ ਪੱਥਰ ਆਪਣੇ ਸੀਨੇ ਉਪਰ ਚੁੱਕ ਕੇ ਚੱਲ ਰਿਹਾ ਸਾਂ...ਭਾਰ ਥੱਲੇ ਮੇਰਾ ਸਾਹ ਘੁਟਦਾ ਰਹਿੰਦਾ ਸੀ... ਮਨ ਹਰ ਦਮ ਪਰੇਸ਼ਾਨ...ਜਿਵੇਂ ਕਿਸੇ ਨੇ ਗਲੇ ਵਿਚ ਫੰਦਾ ਪਾਇਆ ਹੋਵੇ...ਹੌਲੀ ਹੌਲੀ ਰੋਜ਼ ਹੀ ਕਸ ਰਿਹਾ ਹੋਵੇ...ਇਹ ਮੈਂ ਕੀ ਕਰ ਰਿਹਾਂ...? ਕਿਹੜੀ ਦਲਦਲ ਵਿਚ ਫਸਦਾ ਜਾ ਰਿਹਾਂ...? ਜਦੋਂ ਵੀ ਕਿਸੇ ਚਿੱਕੜ ਵਾਲੀ ਗਲੀ ਵਿਚੋ ਗੁਜ਼ਰ ਕੇ ਆਉਂਦਾ ਤਾਂ ਸ਼ੀਸ਼ੇ ਵਿਚ ਆਪਣਾ ਪ੍ਰਤੀਬਿੰਬ ਦੇਖਦਾ...ਅੱਗੋਂ ਉਹ ਮੈਨੂੰ ਲਾਹਣਤਾਂ ਪਾਉਂਦਾ-ਕਰ ਆਇਆਂ ਅੱਜ ਵੀ ਮੂੰਹ ਕਾਲਾ...ਤੂੰ ਨਹੀਂ ਸੁਧਰ ਸਕਦਾ...ਕਦੇ ਕੁੱਤੇ ਦੀ ਦੂੰਮ ਵੀ ਸਿੱਧੀ ਹੋਈ ਹੈ...ਭਾਵੇਂ ਬਾਰ੍ਹਾਂ ਸਾਲ ਪਾਈਪ ਵਿਚ ਪਾਈ ਰੱਖੋ...ਫਿਰ ਤੇਰੇ ਸਾਹਮਣੇ ਜਾਣ ਤੋਂ ਮੈਨੂੰ ਡਰ ਲਗਦਾ...ਤੇਰੀਆਂ ਨਜ਼ਰਾਂ ਤੋਂ ਬਚਦਾ...ਜਿਵੇਂ ਕੋਈ ਚੋਰ ਪੁਲਸ ਕੋਲੋਂ...ਸੋਚਦਾ, ਅਖੀਰ ਕਦੋਂ ਤਕ...ਪਰ ਹੁਣ ਤਾਂ ਪਾਣੀ ਸਿਰੋਂ ਲੰਘ ਚੁੱਕਾ ਸੀ...ਜੇ ਅੱਜ ਇਹ ਸਾਰਾ ਕੁਝ ਤੇਰੇ ਨਾਲ ਸਾਂਝਾ ਨਾ ਕਰਦਾ ਤਾਂ ਬਹੁਤ ਛੇਤੀ ਹੀ ਮੈਂ ਕਿਸੇ ਦਿਨ ਸੁੱਤੇ ਸੁੱਤੇ ਤੁਰ ਜਾਣਾ ਸੀ...ਇਹ ਮਣਾਂਵੱਧੀ ਭਾਰ ਨੇ ਮੇਰਾ ਪਿੱਛਾ ਯਮਰਾਜ ਦੇ ਘਰ ਤਕ ਨਹੀਂ ਛਡਣਾ ਸੀ...ਪਰ ਹੁਣ ਮੈਂ ਆਜ਼ਾਦ ਹੋ ਗਿਆ ਹਾਂ...ਦੇਖ ਗੁਰਜੀਤ...ਤੇਰੇ ਸਾਹਮਣੇ ਆਪਣਾ ਸਾਰਾ ਕੱਚਾ ਚਿੱਠਾ ਖੋਲ ਦਿੱਤੈ...ਹੁਣ ਅੱਗੇ ਤੇਰੀ ਮਰਜ਼ੀ...ਤੂੰ ਜੋ ਕਰਨਾ ਹੈ ਕਰ...ਮੈਨੂੰ ਤਲਾਕ ਦੇਣਾ ਹੈ ਤਲਾਕ ਦੇ...ਮੇਰੇ ਨਾਲ ਰਹਿਣਾ ਹੈ, ਨਾਲ ਰਹਿ...ਨਹੀਂ ਰਹਿਣਾ ਹੈ ਤਾਂ ਉਹ ਵੀ ਤੇਰੀ ਮਰਜ਼ੀ...ਸਭ ਕੁਝ ਤੇਰੇ ਉਪਰ ਹੈ...ਤੇਰਾ ਹਰ ਫੈਸਲਾ ਮੈਨੂੰ ਮਨਜ਼ੂਰ ਹੈ...ਤੈਨੂੰ ਧੋਖਾ ਦਿੱਤਾ ਹੈ...ਤੇਰੇ ਸਾਹਮਣੇ ਚੰਗਾ ਬਣਨ ਦੀ ਕੋਸ਼ਿਸ਼ ਕਰਦਾ ਰਿਹਾ ਪਰ ਸੀ ਮੈਂ ਬਹੁਤ ਹੀ ਗੰਦਾ ਬੰਦਾ... ਗੁਰਜੀਤ, ਹੋ ਸਕੇ ਤਾਂ ਮੈਨੂੰ ਮੁਆਫ ਕਰ ਦੇਣਾ...ਮੈਂ ਸਚਮੁਚ ਤੇਰਾ ਗੁਨਾਹਗਾਰ ਹਾਂ...।" ਬੋਲਦੇ ਹੋਏ ਇੰਦਰ ਦੀ ਭੁੱਬ ਨਿਕਲ ਗਈ।

ਇਸਨੇ ਆਪਣਾ ਸਿਰ ਮੇਰੀ ਹਿੱਕ ਉਪਰ ਟਿਕਾ ਦਿੱਤਾ।

ਅੱਗੋਂ, ਮੈਂ ਕੋਈ ਪ੍ਰਤੀਕਿਰਿਆ ਨਾ ਵਿਖਾ ਸਕੀ।

ਇਹ ਬਹੁਤ ਦੇਰ ਤਕ ਬੱਚੇ ਵਾਂਗ ਰੌਂਦਾ ਰਿਹਾ। ਹੌਕੇ ਲੈ ਕੇ।

ਫਿਰ ਅਚਾਨਕ ਇਹ ਘੁਰਾੜੇ ਮਾਰਨ ਲੱਗ ਪਿਆ।

ਇਸ ਨੂੰ ਸੁੱਤਿਆਂ ਛੱਡ ਕੇ ਆਪ ਮੈਂ ਬਾਹਰ ਬਾਲਕੋਨੀ ਵਿਚ ਆ ਕੇ ਬੈਠ ਗਈ।

ਮੈਂ ਤਾਂ ਪਹਿਲਾਂ ਹੀ ਇਸਦਾ ਮਹਾਂ-ਕਬੂਲਨਾਮਾ ਸੁਣ ਕੇ ਸੁੰਨ ਹੋ ਚੁੱਕੀ ਸਾਂ। ਮੈਨੂੰ ਕੁਝ ਸਮਝ ਨਾ ਆਵੇ ਕਿ ਇਸ ਦੇ ਕਬੂਲਨਾਮੇ ਦਾ ਸੁਅਗਤ ਕਰਾਂ ਕਿ ਜਾਂ ਵਿਰੋਧ। ਇਸਨੂੰ ਕਮੀਨਾ ਇਨਸਾਨ ਸਮਝਾਂ ਕਿ ਜਾਂ ਬਹੁਤ ਮਹਾਨ।

ਅਖੇ- ਮੇਰੇ ਨੇੜੇ ਤੇੜੇ ਦੇ ਸਾਰੇ ਦੋਸਤ ਮਿੱਤਰ ਮੈਨੂੰ 'ਪਲੇਅ ਬੁਆਏ' ਦੇ ਨਾਮ ਤੋਂ ਜਾਣਦੇ ਨੇ...ਅੱਜ ਤਕ ਘਰਾਂ ਤੇ ਦਫ਼ਤਰਾਂ ਵਿਚ ਸਾਫ਼ ਸਫ਼ਾਈ ਦੇ ਕੰਮ ਕਰਨ ਵਾਲੀਆਂ ਤੋਂ ਲੈ ਕੇ ਸ਼ਹਿਰ ਦੀ ਕੋਈ ਗਸ਼ਤੀ ਨਹੀਂ ਬਚੀ ਸੀ ਜਿਸ ਨਾਲ ਮੈਂ ਮੂੰਹ ਕਾਲਾ ਨਾ ਕੀਤਾ ਹੋਵੇ...ਆਪਣੇ ਕਈ ਦੋਸਤਾਂ ਮਿੱਤਰਾਂ ਦੀਆਂ ਪਤਨੀਆਂ, ਭਰਜਾਈਆਂ, ਭੈਣਾਂ ਤੱਕ ਮਤਲਬ ਕਿ ਕੋਈ ਐਸਾ ਰਿਸ਼ਤਾ ਨਹੀਂ ਛਡਿਆ, ਜਿਸਨੂੰ ਮੈਂ ਤਾਰ-ਤਾਰ ਨਹੀਂ ਕੀਤਾ ...ਦਾਗ਼ਦਾਰ ਨਹੀਂ ਕੀਤਾ...ਤੇਰੇ ਮਾਮੇ ਤੇ ਮਾਸੀਆਂ ਦੀਆਂ ਕਈ ਕੁੜੀਆਂ ਨੂੰ ਵੀ ਆਪਣੇ ਜਾਲ ਵਿਚ ਫਸਾ ਲਿਆ ਸੀ...ਬਸ ਹੋਰ ਵੀ ਬਹੁਤ ਕੁਛ...।



ਇਸਨੇ ਜੋ ਆਪਣੀਆਂ ਹੋਰ ਕਰਤੂਤਾਂ ਦੱਸੀਆਂ ਉਹ ਮੇਰੇ ਲੂੰਅ ਕੰਡੇ ਖੜੇ ਕਰਨ ਵਾਲੀਆਂ ਸਨ।

ਮੈਨੂੰ ਤਾਂ ਲਗਦਾ ਹੈ ਕਿ ਇਹ ਦਿਮਾਗੀ ਤੌਰ 'ਤੇ ਬਿਮਾਰ ਸੀ।

ਅੰਦਰ ਖਾਤੇ ਮੈਨੂੰ ਕਿਤੇ ਨਾ ਕਿਤੇ ਖੁਸ਼ੀ ਮਹਿਸੂਸ ਹੋ ਰਹੀ ਸੀ। ਮੈਨੂੰ ਆਪਣੀ ਜਿੱਤ ਹੋਈ ਲਗਦੀ ਸੀ। ਜਿਹੜਾ ਡਰ ਮੈਂ ਆਪਣੇ ਮਨ ਅੰਦਰ ਲੈ ਕੇ ਇਸ ਨਾਲ ਆਈ ਸੀ, ਮੈਂ ਉਸ ਤੋਂ ਹੁਣ ਮੁਕਤ ਹੋ ਚੁੱਕੀ ਸਾਂ।

ਪਹਿਲਾਂ ਤਾਂ ਇਸਨੇ ਖੂਬ ਦਾਰੂ ਪੀਤੀ। ਆਪਣੇ ਵੱਲੋਂ ਤਾਂ ਇਹ ਮੈਨੂੰ ਵੀ ਬਰਾਬਰ ਹੀ ਦਾਰੂ ਪਿਲਾਉਂਦਾ ਰਿਹਾ ਪਰ ਮੈਂ ਦੋ ਕੁ ਪੈਗ ਪੀਣ ਤੋਂ ਬਾਅਦ ਚੋਰੀ ਨਾਲ ਦਾਰੂ ਨੇੜੇ ਪਏ ਡਸਟਬੀਨ ਵਿਚ ਸੁਟਦੀ ਰਹੀ। ਪਰ ਪੂਰੀ ਤਰ੍ਹਾਂ ਨਸ਼ੇ ਵਿਚ ਹੋਣ ਦਾ ਨਾਟਕ ਬਾਖੂਬੀ ਕਰਦੀ ਰਹੀ।

ਅੱਜ ਇਸਦਾ ਕਿਰਦਾਰ ਕੀ ਹੋਵੇਗਾ? ਸ਼ਿਕਾਰੀ ਜਾਂ ਸ਼ਿਕਾਰ ਦਾ, ਇਸ ਦੇ ਹਾਵਭਾਵ ਤੋਂ ਕੁਝ ਵੀ ਪਤਾ ਨਹੀਂ ਲੱਗ ਰਿਹਾ ਸੀ। ਅਜੀਬ ਕਿਸਮ ਦਾ ਮੁਖੌਟਾ ਪਹਿਨ ਲਿਆ ਹੋਇਆ ਸੀ ਇਸਨੇ।

"ਮੈਂ ਤੇਰੇ ਨਾਲ ਕੋਈ ਗੱਲ ਕਰਨੀ ਹੈ...ਪਰ ਹਿੰਮਤ ਨਹੀ ਪੈ ਰਹੀ...ਕਿਵੇਂ ਸ਼ੁਰੂ ਕਰਾਂ...ਬਹੁਤ ਹੋ ਗਿਆ ਹੁਣ...ਹੋਰ ਸਹਿਣ ਨਹੀਂ ਹੁੰਦਾ...?" ਨਸ਼ੇ ਵਿਚ ਗੜੁਚ ਇਹ ਵਾਰ ਵਾਰ ਇਹੀ ਕਹਿ ਰਿਹਾ ਸੀ।

ਇਸਦੇ ਬੋਲ ਸੁਣਦੇ ਹੀ ਮੈਂ ਧੁਰ ਤੱਕ ਕੰਬ ਜਾਂਦੀ ਸਾਂ। ਮੈਨੂੰ ਇਹੋ ਡਰ ਖਾਈ ਜਾ ਰਿਹਾ ਸੀ ਕਿ ਅੱਜ ਇਹ ਮੈਨੂੰ ਜਾਨੋਂ ਮਾਰ ਦੇਵੇਗਾ। ਸ਼ਾਇਦ ਇਸਨੂੰ ਮੇਰੇ ਤੇ ਪ੍ਰੀਤਮ ਦੇ ਰਿਸ਼ਤੇ ਬਾਰੇ ਪਤਾ ਚਲ ਗਿਆ ਹੈ।

"ਸ਼ੱਕ ਤਾਂ ਮੈਨੂੰ ਤੇਰੇ ਉਪਰ ਪਹਿਲਾਂ ਹੀ ਸੀ ਪਰ ਇਸ ਵਾਰ ਤੂੰ ਆਪਣੇ ਜਾਲ ਵਿਚ ਆਪ ਫਸ ਗਈ ਐਂ...ਹੁਣ ਆਪ ਦੱਸ ਕਿ ਤੇਰਾ ਪ੍ਰੀਤਮ ਨਾਲ ਚੱਕਰ ਕਦੋਂ ਤੋਂ ਚੱਲ ਰਿਹਾ ਹੈ...? ਇੱਕਲਾ ਪ੍ਰੀਤਮ ਹੀ ਹੈ ਤੇਰੀ ਜ਼ਿੰਦਗੀ ਵਿਚ ਜਾਂ ਕੋਈ ਹੋਰ ਵੀ ਹੈ...ਉਸ ਤੋਂ ਪਹਿਲਾਂ ਵੀ ਸੀ ਕੋਈ...ਇਹ ਨਹੀਂ ਹੋ ਸਕਦਾ ਕਿ ਤੂੰ ਕਦੇ ਇੱਕਲੀ ਰਹੀਂ ਹੋਵੇਂ...ਵਿਆਹ ਤੋਂ ਪਹਿਲਾਂ ਵਾਲੇ ਕਿੱਸੇ ਵੀ ਦੱਸ...ਅੱਜ ਸੱਚ ਸੱਚ ਦੱਸ...ਨਹੀਂ ਤਾਂ ਮੈਂ ਤੇਰੇ ਅੰਦਰ ਇਸ ਪਿਸਤੋਲ ਦੀਆਂ ਸਾਰੀਆਂ ਗੋਲੀਆਂ ਉਤਾਰ ਦੇਣੀਆਂ ਨੇ...?" ਮੇਰੀ ਕਨਪੜੀ ਉਪਰ ਆਪਣਾ ਪਿਸਤੋਲ ਰੱਖ ਕੇ ਮੇਰੇ ਕੋਲੋਂ ਅੱਜ ਇਹ ਇਹੀ ਕੁਝ ਪੁੱਛੇਗਾ। ਮੈਂ ਕੁਝ ਇਸੇ ਤਰ੍ਹਾਂ ਦਾ ਸੋਚ ਰਹੀ ਸਾਂ।

ਮੇਰੀ ਨਿਗ੍ਹਾ ਬੈੱਡ ਉਪਰ ਪਈ ਇਸਦੀ ਸਰਕਾਰੀ ਪਿਸਤੋਲ ਉਪਰ ਵਾਰ ਵਾਰ ਜਾ ਰਹੀ ਸੀ।

"ਹਾਂ ਹਾਂ ਬੋਲ ...ਕੀ ਪਰੌਬਲਮ ਹੈ...ਪਿਛਲੇ ਕਈ ਦਿਨਾਂ ਤੋਂ ਮੈਂ ਦੇਖ ਰਹੀ ਹਾਂ ਤੂੰ ਕੁਝ ਪਰੇਸ਼ਾਨ ਹੈ...ਮੈਨੂੰ ਦੱਸ, ਤੇਰੇ ਦਿਲ ਵਿਚ ਕੀ ਹੈ...ਕੋਈ ਪਰੇਸ਼ਾਨੀ ਹੈ... ਭਾਰ ਹੈ ਤੇਰੇ ਦਿਲ ਉਪਰ...?" ਉਪਰਲੇ ਮਨੋਂ ਮੈਂ ਇਸਨੂੰ ਵਾਰ ਵਾਰ ਪੁੱਛ ਰਹੀ ਸਾਂ।

ਇਹ ਵਾਰ ਵਾਰ ਕੁਝ ਬੋਲਣ ਦੀ ਕੋਸ਼ਿਸ਼ ਕਰਦਾ ਪਰ ਹਰ ਵਾਰ ਜ਼ੁਬਾਨ ਬਾਹਰ ਆਉਣ ਦੀ ਥਾਂ ਅੰਦਰ ਧੱਸ ਜਾਂਦੀ।

"ਅਸਲ ਵਿਚ ਸਵੇਰੇ ਜਦੋਂ ਤੇਰਾ ਫੋਨ ਆਇਆ ਸੀ ਨਾ ਮੈਂ ਉਸੇ ਵੇਲੇ ਸੋਚ ਲਿਆ ਸੀ ਕਿ ਅੱਜ ਤਾਂ ਕੌੜਾ ਘੁੱਟ ਭਰਨਾ ਹੀ ਭਰਨਾ ਹੈ...ਮੈਂ ਬਹੁਤ ਥੱਕ ਗਿਆਂ...ਹੁਣ ਹੋਰ ਨਹੀਂ ਸਹਿ ਹੁੰਦਾ...ਪਰ ਸਮਝ ਨਹੀਂ ਆ ਰਹੀ ਕਿ ਗੱਲ ਕਿਥੋਂ ਸ਼ੁਰੂ ਕਰਾਂ..?" ਬੋਲਦੇ ਹੋਏ ਇਸ ਦੀ ਜ਼ੁਬਾਨ ਲੜਖੜਾ ਰਹੀ ਸੀ।

ਇਹ ਮੇਰੇ ਵੱਲ ਬਹੁਤ ਹੀ ਅਜ਼ੀਬ ਕਿਸਮ ਦੀ ਤੱਕਣੀ ਨਾਲ ਦੇਖ ਰਿਹਾ ਸੀ। ਮੈਂ ਇਸਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ ਪਰ ਕੁਝ ਵੀ ਸਮਝ ਨਹੀਂ ਆ ਰਿਹਾ ਸੀ।

" ਹਾਂ...ਮੈਂ ....ਉਹ...ਤੂੰ...।" ਇੰਨਾ ਹੀ ਬੋਲਣ ਤੋਂ ਬਾਅਦ ਇਹ ਚੁੱਪ ਕਰ ਜਾਂਦਾ।

"ਹਾਂ...ਹਾਂ...ਸੀਗੇ ਮੇਰੇ ਕਈ ਯਾਰ...ਵਿਆਹ ਤੋਂ ਪਹਿਲਾਂ ਤਾਂ ਇਕ ਹੀ ਸੀ...ਕਾਲਜ ਦੀ ਮਿਉਜ਼ਿਕ

ਵਾਲੀ ਲੈਕਚਰਾਰ ਦੇ ਪੁੱਤਰ ਨਾਲ ਮੇਰਾ ਪਹਿਲਾ ਇਸ਼ਕ ਹੋਇਆ ਸੀ...ਉਹੀ ਲੈ ਜਾਂਦੀ ਸੀ ਮੈਨੂੰ ਹੋਸਟਲ ਤੋਂ ਆਪਣੇ ਘਰੇ...ਅਖੇ-ਮੈਂ ਤੇਨੂੰ ਆਪਣੀ ਨੂੰਹ ਬਣਾਉਣਾ ਹੈ...ਤਿੰਨ ਸਾਲ ਮੈਂ ਉਸ ਦੇ ਘਰ ਰਹੀ ਪਰ ਉਸਦੇ ਮੁੰਡੇ ਨੂੰ ਛੂਹਣ ਤਕ ਨਹੀਂ ਦਿੱਤਾ... ਸੱਚ ਪੁੱਛੇ ਤਾਂ ਮੇਰੇ ਬਹੁਤੇ ਯਾਰ ਤੇਰੇ ਨਾਲ ਵਿਆਹ ਤੋਂ ਬਾਅਦ ਹੀ ਬਣੇ ਨੇ...ਵਿਆਹ ਹੋਇਆ ਤਾਂ ਤੂੰ ਪਿਆ ਪੱਲੇ...ਮੇਰੇ ਕੋਲੋਂ ਵੀ ਚਾਰ ਕਦਮ ਅੱਗੇ...ਤੂੰ ਕੀ ਸਮਝਦਾ ਸੈਂ ਕਿ ਮੈਨੂੰ ਕੁਝ ਵੀ ਪਤਾ ਨਹੀਂ ਸੀ... ਮੈਨੂੰ ਤਾਂ ਪਹਿਲੀ ਰਾਤ ਨੂੰ ਹੀ ਪਤਾ ਚੱਲ ਗਿਆ ਸੀ ਕਿ ਤੂੰ ਕਿਥੋਂ ਬੋਲਦੈਂ... ਥੋੜੇ ਦਿਨਾਂ ਬਾਅਦ ਹੀ ਪਤਾ ਚਲ ਗਿਆ ਸੀ ਕਿ ਤੂੰ ਕੀ ਕੀ ਕਰਦੈਂ... ਕਿਥੇ ਕਿਥੇ ਤੇ ਕਿਸ ਕਿਸ ਨਾਲ ਮੂੰਹ ਕਾਲਾ ਕਰਦੈਂ...ਪਹਿਲਾਂ ਤਾਂ ਮੈਂ ਸੋਚਿਆ ਸੀ ਕਿ ਜੋ ਹੋ ਗਿਆ ਸੋ ਹੋ ਗਿਆ... ਜੋ ਬੀਤ ਗਿਆ ਸੋ ਬੀਤ ਗਿਆ ਪਰ ਜਦੋਂ ਤੂੰ ਨਾ ਹਟਿਆ ਆਪਣੀਆਂ ਹਰਕਤਾਂ ਤੋਂ ਤਾਂ ਮੈਂ ਵੀ ਪਿੱਛੇ ਨਹੀਂ ਰਹੀ...ਕਲੋਨੀ ਦੇ ਜਿਸ ਸਕੂਲ ਵਿਚ ਤੂੰ ਮੈਨੂੰ ਸਿਫਾਰਿਸ਼ ਨਾਲ ਨੌਕਰੀ ਦਿਲਵਾਈ ਸੀ, ਉਹੀ ਚੇਅਰਮੈਨ, ਜਿਹੜਾ ਤੇਰਾ ਦੋਸਤ ਵੀ ਸੀ, ਸਭ ਤੋਂ ਪਹਿਲਾਂ ਉਹੀ ਮੇਰੀ ਜ਼ਿੰਦਗੀ ਵਿਚ ਆਇਆ...ਫਿਰ ਅੰਗਰੇਜ਼ੀ ਵਾਲਾ ਮਾਸਟਰ,ਜਿਹੜਾ ਘਰ ਆਉਂਦਾ ਸੀ ਬਬਲੀ ਨੂੰ ਪੜ੍ਹਾਉਣ ਵਾਸਤੇ...ਫਿਰ ਜਦੋਂ ਮੈਂ ਬੀ.ਐਡ ਦੀਆ ਕੰਟਰੈਕਟ ਕਲਾਸਾਂ ਲਗਾਉਣ ਗਈ ਤਾਂ ਉਥੇ ਯੂਨੀਵਰਸਿਟੀ ਵਾਲਾ ਪ੍ਰੋਫੈਸਰ ਧੀਮਾਨ, ਪ੍ਰੋਫੈਸਰ ਭਾਟੀਆ...ਮੇਰੇ ਕੋਲੋ ਬੀ.ਏ. ਦੂਜੇ ਸਾਲ ਦੀ ਟਿਊਸ਼ਨ ਪੜ੍ਹਨ ਵਾਲਾ ਸਰਦਾਰਾਂ ਦਾ ਮੁੰਡਾ...ਕਲੋਨੀ ਵਿਚ ਸਾਡੇ ਘਰ ਦੇ ਸਾਹਮਣੇ ਵਾਲੇ ਪੰਡਤਾਂ ਦਾ ਜਵਾਈ...ਹੋਰ ਵੀ ਬਹੁਤ ਸਾਰੇ ਯਾਰ ਬਣਾਏ ਸਨ ਮੈਂ...ਖੂਬ ਐਸ਼ ਕੀਤੀ ਸੀ ਮੈਂ ਵੀ ਤੇਰੇ ਵਾਂਗ...ਪਰ ਅਖੀਰ ਮੈਨੂੰ ਸੱਚਾ ਪਿਆਰ ਕਰਨ ਵਾਲਾ ਪ੍ਰੀਤਮ ਮਿਲ ਗਿਆ...ਉਸਨੇ ਮੈਨੂੰ ਜ਼ਿੰਦਗੀ ਜਿਉਣ ਦਾ ਢੰਗ ਸਿਖਾ ਦਿੱਤਾ...ਤੇ ਬਸ ਮੈਂ ਕਸਮ ਖਾ ਲਈ ਕਿ ਹੁਣ ਥਾਂ ਥਾਂ 'ਤੇ ਮੂੰਹ ਨਹੀਂ ਮਾਰਨਾ....ਮੈਂ ਪ੍ਰੀਤਮ ਦੀ ਹੋ ਗਈ ਤੇ ਉਹ ਮੇਰਾ...ਬਸ ਇਹੀ ਮੇਰੀ ਕਹਾਣੀ ਹੈ...ਹੁਣ ਤੂੰ ਦੱਸ ਆਪਣੇ ਬਾਰੇ...ਕਿਹੜੇ ਕਿਹੜੇ ਗੁੱਲ ਖਿਲਾਏ ਨੇ ਮਹਾਰਾਜ ਨੇ...?" ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜੇਕਰ ਅੱਜ ਇਸਨੇ ਬਹੁਤੀ ਅੜੂੰ ਚੜੂੰ ਕੀਤੀ ਤਾਂ ਮੈਂ ਵੀ ਇਹ ਸਾਰਾ ਕੁਝ ਦੱਸ ਕੇ ਆਪ ਵੀ ਭਾਰਮੁਕਤ ਹੋ ਜਾਣਾ ਹੈ।

ਫਿਰ ਇਸਦੇ ਹਾਵਭਾਵ ਤੋਂ ਮੈਨੂੰ ਅਭਾਸ ਹੋਣਾ ਸ਼ੁਰੂ ਹੋ ਗਿਆ ਕਿ ਕਹਾਣੀ ਕੁਝ ਹੋਰ ਹੈ। ਇਸ ਵਿਚ ਸ਼ਿਕਾਰੀ ਦੇ ਗੁਣ ਘੱਟ ਪਰ ਸ਼ਿਕਾਰ ਦੇ ਗੁਣ ਵਿਖਾਈ ਦੇਣਾ ਸ਼ੁਰੂ ਹੋ ਗਏ ਸਨ...ਮੇਰੇ ਵਾਰ ਵਾਰ ਇਹ ਕਹਿਣ ਉਪਰ ਕਿ ਮੇਰੇ ਉਪਰ ਭਰੋਸਾ ਰੱਖ।ਮੈਂ ਸਾਰੇ ਕੜਵੇ ਸੱਚ ਸੁਣਨ ਵਾਸਤੇ ਤਿਆਰ ਹਾਂ।ਅਖੀਰ, ਇਹ ਫੁਟ ਪਿਆ ਤੇ ਆਪਣਾ ਸਾਰਾ ਕੱਚਾ ਚਿੱਠਾ ਖੋਲ ਦਿੱਤਾ।

ਅਸੀਂ ਸ਼ਾਮ ਦੇ ਦੋਨੋ ਜਣੇ ਨਜ਼ਦੀਕ ਪੈਂਦੇ ਪਹਾੜੀ ਕਸਬੇ ਉਪਰ ਆਏ ਹੋਏ ਸਾਂ।ਇਸਨੇ ਆਪਣੇ ਸਰਕਾਰੀ ਗੈਸਟ ਹਾਊਸ ਵਿਚ ਕਮਰਾ ਲਿਆ ਹੋਇਆ ਸੀ। ਬੱਚਿਆਂ ਨੂੰ ਘਰੇ ਛੱਡ ਆਏ ਸਾਂ। ਮਹੀਨੇ ਵਿਚ ਇਕ ਅੱਧੀ ਵਾਰ ਅਸੀਂ ਇਥੇ ਆ ਜਾਨਿਆਂ।ਕਦੇ ਬੱਚਿਆਂ ਨਾਲ ਤੇ ਕਦੇ ਦੋਨੋਂ ਜਣੇ ਹੀ।ਪਰ ਇਸ ਵਾਰ ਇਸਨੂੰ ਮੈਂ ਜ਼ੋਰ ਦਿੱਤਾ ਸੀ ਕਿ ਚੱਲ ਪਹਾੜਾਂ ਵਾਲੇ ਗੈਸਟ ਹਾਉਸ ਵਿਚ ਚਲਦੇ ਹਾਂ।ਸਵੇਰ ਤੋਂ ਹੀ ਮੇਰੇ ਦਿਲ ਅੰਦਰ ਕੁਝ ਕੁਝ ਹੋ ਰਿਹਾ ਸੀ ਕਿ ਪਤਾ ਨਹੀਂ ਇਸਦੇ ਦਿਲ ਅੰਦਰ ਕੀ ਪੱਕ ਰਿਹਾ ਹੈ।ਸਵੇਰੇ ਤਾਂ ਇਹ ਆਮ ਵਾਂਗ ਹੀ ਬੋਲਿਆ ਸੀ ਪਰ ਮੈਂ ਪੂਰੀ ਤਰ੍ਹਾਂ ਯਕੀਨੀ ਹੋ ਜਾਣਾ ਚਾਹੁੰਦੀ ਸੀ ਕਿ ਕਿਤੇ ਇਸਨੇ ਸਾਰਾ ਕੁਝ ਸੁਣ ਤਾਂ ਨਹੀਂ ਲਿਆ ਸੀ।

ਅਸਲ ਵਿਚ ਕੱਲ੍ਹ ਜਦੋਂ ਪਹਿਲਾਂ ਦੀ ਤਰ੍ਹਾਂ ਮੈਂ ਪ੍ਰੀਤਮ ਨਾਲ, ਉਸਦੇ ਦੋਸਤ ਦੇ ਫਲੈਟ ਵਿਚ ਦੋ ਘੰਟੇ ਗੁਜਾਰ ਕੇ ਉਸੇ ਦੀ ਗੱਡੀ ਵਿਚ ਬੈਠ ਕੇ ਜਾ ਰਹੀ ਸਾਂ ਤਾਂ ਕੁਝ ਸਕਿੰਟਾਂ ਬਾਦ ਮੈਂ ਅਚਾਨਕ ਦੇਖਿਆ ਕਿ ਪਤਾ ਨਹੀਂ ਕਿਵੇਂ ਗਲਤੀ ਨਾਲ ਮੇਰਾ ਫੋਨ ਇੰਦਰ ਨੂੰ ਮਿਲ ਗਿਆ ਹੋਇਆ ਸੀ।ਮੈਂ ਛੇਤੀ ਨਾਲ ਫੋਨ ਨੂੰ



ਬੰਦ ਕਰ ਦਿੱਤਾ।

ਮੈਨੂੰ ਪੂਰਾ ਯਕੀਨ ਹੋ ਗਿਆ ਕਿ ਮੈਂ ਤੇ ਪ੍ਰੀਤਮ, ਜੋ ਅੱਜ ਗੁਜਾਰੇ ਪਲਾਂ ਦੀਆਂ ਗੱਲਾਂ ਕਰ ਰਹੇ ਸਾਂ, ਉਹ ਉਸਨੇ ਜ਼ਰੂਰ ਸੁਣ ਲਈਆਂ ਹਨ।ਮੈਂ ਕੰਬ ਗਈ।ਸੋਚਾਂ,ਅੱਜ ਨਹੀਂ ਬਚਦੀ।

"ਕਿਥੇ ਹੈਂ ਤੂੰ...ਮੈਂ ਹੁਣੇ ਹੀ ਆ ਰਿਹਾਂ...ਅੱਜ ਤੇਰਾ ਖੇਲ ਖਤਮ...ਮੈਨੂੰ ਸ਼ੱਕ ਤਾਂ ਤੇਰੇ ਉਪਰ ਪਹਿਲਾਂ ਹੀ ਸੀ ਪਰ ਮੇਰੇ ਕੋਲ ਕੋਈ ਸਬੂਤ ਨਹੀਂ ਸੀ ਪਰ ਅੱਜ ਤਾਂ ਮੈਂ ਤੁਹਾਨੂੰ ਦੋਨਾਂ ਨੂੰ ਥਾਂਏ ਮਾਰ ਦੇਣਾ ਹੈ...ਛੇਤੀ ਕਰ ਦਸ ਕਿਥੇ ਹੈਂ ਤੂੰ...?" ਮੈਂ ਸੋਚਾਂ ਇਸਦਾ ਹੁਣੇ ਹੀ ਫੋਨ ਆਏਗਾ। ਇਹੀ ਕੁਝ ਬੋਲੇਗਾ।

ਪਰ ਇਸਦਾ ਫੋਨ ਨਹੀਂ ਆਇਆ।

ਮੈਂ ਦਸ ਮਿੰਟ ਤਕ ਸੁੰਨ ਹੀ ਰਹੀ।

ਪ੍ਰੀਤਮ ਵੀ ਗੁੰਮਸੁਮ ਹੋ ਗਿਆ ਸੀ। ਉਸਦਾ ਪਸੀਨਾ ਸੁਕਣ ਦਾ ਨਾਮ ਨਹੀਂ ਲੈ ਰਿਹਾ ਸੀ।

"ਯਾਰ, ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਮੁਬਾਇਲ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਿਆ ਕਰ ਪਰ ਤੂੰ ਕਿਥੇ ਸੁਣਦੀ ਹੈਂ ਮੇਰੀ...ਤੂੰ ਪੱਕਾ ਮਰਵਾਏਂਗੀ ਅੱਜ...ਸੋਲ੍ਹਾਂ ਦੀਆਂ ਸੋਲ੍ਹਾਂ ਗੋਲੀਆਂ ਉਸਨੇ ਮੇਰੇ ਸ਼ਰੀਰ ਦੇ ਅੰਦਰ ਬਾਹਰ ਕਰ ਦੇਣੀਆਂ ਨੇ..।" ਡਰਿਆ ਹੋਇਆ ਪ੍ਰੀਤਮ ਵਾਰ ਵਾਰ ਕਹਿ ਰਿਹਾ ਸੀ।

ਸੱਚ ਪੁੱਛੋ ਤਾਂ ਡਰ ਮੈਂ ਵੀ ਗਈ ਪਰ ਫਿਰ ਵੀ ਉਸਨੂੰ ਦਿਲਾਸਾ ਦੇ ਰਹੀ ਸੀ ਕਿ ਕੁਝ ਨਹੀਂ ਹੋਵੇਗਾ। ਸਭ ਠੀਕ ਹੋ ਜਾਵੇਗਾ।ਰੱਬ ਇਸ ਵਾਰ ਵੀ ਸਾਨੂੰ ਬਚਾ ਲਏਗਾ।

ਇਹ ਪਰਖਣ ਵਾਸਤੇ ਕਿ ਇੰਦਰ ਨੇ ਸੱਚ ਮੁੱਚ ਸਾਰਾ ਕੁਝ ਸੁਣ ਲਿਆ ਹੈ ਕਿ ਨਹੀਂ ਮੈਂ ਹਿੰਮਤ ਕਰਕੇ ਇਸਨੂੰ ਫੋਨ ਮਿਲਾਇਆ।ਪਹਿਲਾਂ ਤਾਂ ਇਸਨੇ ਫੋਨ ਚੁੱਕਿਆ ਨਾ।ਮੈਂ ਹੋਰ ਡਰ ਗਈ।ਸੋਚਾਂ ਗੁਰਜੀਤ ਕੁਰੇ ਅੱਜ ਤਾਂ ਕੰਮ ਤਮਾਮ ਸਮਝੋ। ਇਹ ਗੁੱਸੇ ਨਾਲ ਭਰਿਆ ਹੋਇਆ ਹੈ ਇਸੇ ਕਰਕੇ ਇਹ ਫੋਨ ਨਹੀਂ ਉਠਾ ਰਿਹਾ ਪਰ ਅਖੀਰ ਫੋਨ ਉਠਾ ਲਿਆ।

"ਹਾਂ ਗੁਰਜੀਤ...ਕੀ ਹੋਇਆ ਤੂੰ ਪਹਿਲਾਂ ਵੀ ਫੋਨ ਮਿਲਾਇਆ ਸੀ ਫਿਰ ਗੱਲ ਹੀ ਨਹੀਂ ਕੀਤੀ...ਮੈਂ ਤਿੰਨ ਚਾਰ ਵਾਰ ਹੈਲੋ ਹੈਲੋ ਕੀਤੀ ਪਰ ਤੂੰ ਬੋਲੀ ਨਹੀਂ...ਮੈਂ ਗੱਡੀ ਚਲਾ ਰਿਹਾ ਸਾਂ...ਮੈਂ ਸੋਚਿਆ ਬਾਅਦ ਵਿਚ ਗੱਲ ਕਰਦਾਂ...ਫਿਰ ਵੱਡੇ ਸਾਹਬ ਦਾ ਫੋਨ ਆ ਗਿਆ...ਮੈਂ ਤੈਨੂੰ ਫੋਨ ਕਰ ਹੀ ਨਾ ਸਕਿਆ...ਸੋਰੀ ਯਾਰ...ਕੋਈ ਖਾਸ ਗੱਲ ਤਾਂ ਨਹੀਂ ਹੈ ਨਾ...ਥੋੜਾ ਬੀਜ਼ੀ ਹਾਂ...ਮੈਂ ਕੁਝ ਦੇਰ ਬਾਅਦ ਗੱਲ ਕਰਦਾਂ...।" ਬੋਲਦਿਆਂ ਇਸਨੇ ਫੋਨ ਬੰਦ ਕਰ ਦਿੱਤਾ।

"ਓ...ਥੈਂਕਯੂ ਮਾਈ ਗਾਡ...ਹਮੇਸ਼ਾ ਦੀ ਤਰ੍ਹਾਂ ਤੂੰ ਸਾਨੂੰ ਅੱਜ ਵੀ ਬਚਾ ਲਿਆ...।" ਮੈਂ ਇਕ ਦਮ ਖੁਸ਼ ਹੋ ਗਈ।ਘੁੱਟ ਕੇ ਪ੍ਰੀਤਮ ਨੂੰ ਜੱਫੀ ਪਾਈ।

ਪ੍ਰੀਤਮ ਨੇ ਵੀ ਸੁਖ ਦਾ ਸਾਹ ਲਿਆ।

ਇਸਦੇ ਗੱਲ ਕਰਨ ਦੇ ਅੰਦਾਜ ਤੋਂ ਮੈਨੂੰ ਪਤਾ ਲੱਗ ਗਿਆ ਸੀ ਕਿ ਕੋਈ ਖਾਸ ਗੜਬੜ ਨਹੀਂ ਹੈ ਪਰ ਮੈਨੂੰ ਇਹ ਵੀ ਪਤਾ ਸੀ ਕਿ ਇਹ ਬਹੁਤ ਵੱਡਾ ਬਹਿਰੂਪੀਆ ਹੈ। ਕਈ ਵਾਰ ਇਹ ਆਪਣੇ ਮਨ ਅੰਦਰ ਜ਼ਹਿਰ ਇੱਕਠਾ ਕਰਦਾ ਰਹਿੰਦਾ ਹੈ ਤੇ ਫਿਰ ਅਚਾਨਕ ਮੌਕਾ ਦੇਖ ਇਹ ਸਾਰਾ ਮੇਰੇ ਉਪਰ ਉਗਲ ਦਿੰਦਾ ਹੈ। ਇਸਨੇ ਪਹਿਲਾਂ ਵੀ ਕਈ ਵਾਰ ਮੇਰੇ ਨਾਲ ਇੰਝ ਕੀਤਾ ਸੀ।

ਕੁਝ ਦਿਨਾਂ ਤੋਂ ਮੈਂ ਦੇਖ ਰਹੀ ਸੀ ਕਿ ਕੁਝ ਗੜਬੜ ਚਲ ਰਹੀ ਹੈ। ਇੰਦਰ ਬਹੁਤ ਪਰੇਸ਼ਾਨ ਹੈ। ਕੁਝ ਬੁੱਝਿਆ ਬੁੱਝਿਆ ਰਹਿੰਦਾ ਹੈ। ਗੁਆਚਿਆ ਜਿਹਾ। ਕਦੇ ਕਦੇ ਮੈਨੂੰ ਲਗਣਾ ਸ਼ਾਇਦ ਇਸਨੂੰ ਮੇਰੇ ਤੇ ਪ੍ਰੀਤਮ ਦੇ ਰਿਸ਼ਤੇ ਬਾਰੇ ਕੋਈ ਸੂਹ ਮਿਲ ਚੁੱਕੀ ਹੈ ਜਾਂ ਇਸ ਕੰਜਰ ਨੂੰ ਕੋਈ ਗੰਭੀਰ ਬਿਮਾਰੀ ਲੱਗ ਗਈ ਹੈ।

ਇਹ ਕੁਝ ਕਹਿਣਾ ਚਾਹੁੰਦਾ ਪਰ ਹਮੇਸ਼ਾ ਇਸਦੀ ਜ਼ੁਬਾਨ ਇਸਦਾ ਸਾਥ ਨਾ ਦਿੰਦੀ। ਕਈ ਵਾਰੀ ਦਾਰੂ ਪੀ ਕੇ ਇਸਨੇ ਕੁਝ ਬੋਲਣਾ ਚਾਹਿਆ ਪਰ ਹਮੇਸ਼ਾਂ ਹਾਰ ਜਾਂਦਾ ਸੀ।

ਅਸਲ ਵਿਚ ਦੋ ਸਾਲ ਪਹਿਲਾਂ ਜੋ ਘਟਨਾ ਘੱਟੀ ਸੀ ਉਸ ਤੋਂ ਬਾਅਦ ਇਸ ਦੇ ਵਿਵਹਾਰ ਵਿਚ ਬਹੁਤ ਫਰਕ ਆ ਗਿਆ ਸੀ। ਪਹਿਲਾਂ ਇਹ ਮੇਰੇ ਉਪਰ ਬਹੁਤ ਜ਼ਿਆਦਾ ਸ਼ੱਕ ਕਰਦਾ ਹੁੰਦਾ ਸੀ। ਹਮੇਸ਼ਾਂ ਮੈਨੂੰ ਟੌਂਟ ਕਸਦਾ ਰਹਿੰਦਾ ਸੀ। ਮੇਰਾ ਨਾਮ ਕਿਸੇ ਕਿਸੇ ਨਾਲ ਜੋੜ ਦਿੰਦਾ ਸੀ। ਇਸਨੇ ਮੇਰਾ ਜੀਣਾ ਹਰਾਮ ਕੀਤਾ ਹੋਇਆ ਸੀ। ਪਰ ਹਮੇਸ਼ਾ ਰੱਬ ਮੈਨੂੰ ਬਚਾ ਲੈਂਦਾ। ਮੈਂ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਡੀਆਂ ਹੋਈਆਂ ਸਨ। ਮੈਂ ਜਦੋਂ ਵੀ ਪ੍ਰੀਤਮ ਨੂੰ ਮਿਲਣ ਜਾਂਦੀ ਤਾਂ ਸਾਰਾ ਕੁਝ ਦੇਖ ਪਰਖ ਕੇ ਹੀ ਜਾਂਦੀ।

ਮੈਨੂੰ ਰੰਗੇ ਹੱਥੀ ਫੜ੍ਹਨ ਵਾਸਤੇ ਕਈ ਯਤਨ ਕਰਨ ਦੇ ਬਾਵਜੂਦ ਇਸਦੇ ਪੱਲੇ ਕੁਝ ਨਹੀਂ ਪੈਂਦਾ ਸੀ ਪਰ ਉਸ ਦਿਨ ਤੋਂ ਬਾਅਦ ਕਹਾਣੀ ਇਕ ਦਮ ਉਲਟ ਹੋ ਗਈ। ਮੇਰਾ ਪਲੜਾ ਭਾਰੀ ਹੋ ਗਿਆ। ਸ਼ਿਕਾਰੀ ਆਪ ਸ਼ਿਕਾਰ ਹੋ ਗਿਆ ਸੀ। ਹੁਣ ਇਹ ਮੇਰੇ ਨਾਲ ਬਹੁਤ ਹੀ ਆਦਰ ਸਨਮਾਨ ਨਾਲ ਪੇਸ਼ ਆਉਂਦਾ ਸੀ ਮੇਰੇ ਉਪਰ ਬਹੁਤਾ ਸ਼ੱਕ ਵੀ ਨਹੀਂ ਕਰਦਾ ਸੀ। ਕਈ ਵਾਰ ਇਸਦਾ ਮਰਦਾਨਾ ਹੰਕਾਰ ਜਾਗ ਪੈਂਦਾ ਸੀ ਪਰ ਜਲਦੀ ਹੀ ਸੰਭਲ ਜਾਂਦਾ।

ਹੋਇਆ ਇੰਝ ਕਿ ਦੋ ਕੁ ਸਾਲ ਪਹਿਲਾਂ, ਗਰਮੀਆਂ ਦੇ ਦਿਨਾਂ ਵਿਚ, ਆਪਣੇ ਹੀ ਘਰ, ਰਾਤ ਦੇ ਢਾਈ ਕੁ ਵਜੇ, ਮੇਰੇ ਨਾਲੋਂ ਮਸੀਂ ਚਾਰ ਸਾਲ ਵੱਡੀ ਮਾਮੀ ਨਾਲ ਜਦੋਂ ਮੈਂ ਇਸ ਹਰਾਮਜ਼ਾਦੇ ਨੂੰ ਰੰਗੇ ਹੱਥੀਂ ਫੜਿਆ ਸੀ ਤਾਂ ਕੁਝ ਦਿਨਾਂ ਤਕ ਤਾਂ ਇਸ ਦੀ ਜਿਵੇਂ ਮਾਂ ਹੀ ਮਰ ਗਈ ਸੀ। ਇਕ ਦਮ ਖੁਰਕ ਪਏ ਕੁੱਤੇ ਵਾਂਗ ਦੁੰਮ ਦਬਾਈ ਮੇਰੇ ਤਲਵੇ ਚਟਦਾ ਰਹਿੰਦਾ ਸੀ। ਕਈ ਦਿਨ ਮੇਰੇ ਤਰਲੇ ਪਾਉਂਦਾ ਰਿਹਾ। ਗਿੜ-ਗਿੜਾਉਂਦਾ ਰਿਹਾ । ਹੱਥ ਪੈਰ ਜੋੜਦਾ । ਉਹਨਾਂ ਦਿਨਾਂ ਵਿਚ ਇਸਦੀ ਸ਼ਕਲ ਵੇਖਣ ਵਾਲੀ ਹੁੰਦੀ ਸੀ ਜਿਵੇਂ ਗਿੱਲੇ ਤੌਲੀਏ ਨੂੰ ਨਿਚੋੜ ਕੇ ਧੁੱਪੇ ਸੁਕਣੇ ਪਾਇਆ ਹੋਵੇ।

ਉਸ ਦਿਨ ਮੇਰੀ ਮਾਮੀ ਆਪਣੇ ਪੰਜ ਛੇ ਸਾਲਾਂ ਦੀ ਉਮਰ ਦੇ ਬੇਟੇ ਨਾਲ ਸਾਡੇ ਘਰ ਆਈ ਹੋਈ ਸੀ। ਉਸਦੀ ਅਗਲੇ ਦਿਨ ਜੇ.ਬੀ.ਟੀ. ਦੇ ਅਧਿਆਪਕ ਦੀ ਸਰਕਾਰੀ ਨੌਕਰੀ ਵਾਸਤੇ ਕੋਈ ਪ੍ਰੀਖਿਆ ਸੀ।

ਸ਼ਾਮ ਨੂੰ ਇਹ ਹਰਾਮਜ਼ਾਦਾ ਇਹ ਕਹਿ ਕੇ ਚਲਾ ਗਿਆ ਕਿ ਮੈਂ ਰਾਤੀਂ ਦੇਰ ਨਾਲ ਆਵਾਂਗਾ। ਕਿਤੇ ਕੋਈ ਪਾਰਟੀ ਹੈ। ਦੇਰ ਹੋ ਜਾਵੇਗੀ।

ਸ਼ਨੀਵਾਰ ਦਾ ਦਿਨ ਸੀ। ਗਰਮੀ ਬਹੁਤ ਸੀ ਪਰ ਬਰਸਾਤ ਹੋਣ ਨਾਲ ਮੌਸਮ ਕੁਝ ਠੰਡਾ ਪਰ ਹਵਾ ਵਿਚ ਹੁੰਮਸ ਬਹੁਤ ਸੀ। ਸਾਹ ਲੈਣ ਵਿਚ ਮੁਸ਼ਕਿਲ ਆ ਰਹੀ ਸੀ। ਸਾਰਾ ਕੁਝ ਚਿਪਚਿਪਾ ਜਿਹਾ ਲੱਗ ਰਿਹਾ ਸੀ।

ਅਸੀਂ ਜਲਦੀ ਹੀ ਖਾਣਾ ਬਣਾ ਕੇ ਖਾ ਲਿਆ।

ਮਾਮੀ ਬੱਚਿਆਂ ਵਾਲੇ ਕਮਰੇ ਵਿਚ ਜਾ ਕੇ ਆਪਣੀ ਪ੍ਰੀਖਿਆ ਦੀ ਤਿਆਰੀ ਕਰਨ ਲੱਗ ਪਈ।

ਬੱਚਿਆਂ ਵਾਲੇ ਕਮਰੇ ਵਿਚ ਅਸੀਂ ਏਅਰ ਕੂਲਰ ਲਗਾ ਰੱਖਿਆ ਸੀ ਤੇ ਆਪਣੇ ਕਮਰੇ ਵਿਚ ਉਸੇ ਸਾਲ ਨਵਾਂ ਏ.ਸੀ. ਲਗਾਇਆ ਸੀ।

ਉਹਨਾਂ ਦਿਨਾਂ ਦੋਨੋ ਬੱਚੇ ਆਪਣੇ ਨਾਨਕੇ ਗਏ ਹੋਏ ਸਨ।

ਮੈਂ ਦੂਸਰੀ ਮੰਜ਼ਿਲ ਉਪਰ ਇਕ ਕਮਰੇ ਨੁਮਾਂ ਜਗ੍ਹਾ ਵਿਚ ਲੱਗੇ ਕੰਪਿਊਟਰ ਉਪਰ ਆਪਣੀ ਐਮ.ਫਿਲ ਦੇ ਥੀਸਿਜ਼ ਨੂੰ ਪੂਰਾ ਕਰਨ ਵਿਚ ਲੱਗੀ ਰਹੀ ਤੇ ਇਸਨੂੰ ਵੀ ਉਡੀਕਦੀ ਰਹੀ। ਪਰ ਇਹ ਨਾ ਆਇਆ। ਇਕ ਦੋ ਵਾਰ ਫੋਨ ਮਿਲਾਇਆ ਪਰ ਇਸਨੇ ਉਠਾਇਆ ਨਾ। ਮੈਂ ਸੋਚਿਆ ਲੱਗਾ ਹੋਣੈ ਆਪਣੇ ਲਫੰਡਰ ਦੋਸਤਾਂ ਮਿੱਤਰਾਂ ਨਾਲ ਦਾਰੂ ਡਫਣ। ਫੋਨ ਪਿਆ ਹੋਣਾ ਹੈ ਕਾਰ ਵਿਚ ਜਾਂ ਕਿਤੇ ਹੋਰ ਮੂੰਹ ਕਾਲਾ ਕਰਦਾ



ਹੋਣੈ। ਮੁਬਾਇਲ ਨੂੰ ਸਾਈਲੈਂਟ ਮੋਡ ਉਪਰ ਰੱਖਿਆ ਹੋਣੈ।

ਹਾਰ ਕੇ ਮੈਂ ਰਾਤ ਨੂੰ ਢਾਈ ਕੁ ਵਜੇ ਆਪਣਾ ਕੰਮ ਮੁਕਾ ਕੇ ਜਿਵੇਂ ਹੀ ਮੈਂ ਪਹਿਲੀ ਮੰਜ਼ਿਲ ਉਪਰ ਆਪਣੇ ਕਮਰੇ ਵਿਚ ਆ ਕੇ ਲਾਈਟ ਜਗਾਈ ਤਾਂ ਮੇਰੇ ਤਾਂ ਪੈਰਾ ਹੇਠੋਂ ਜ਼ਮੀਨ ਨਿਕਲ ਗਈ। ਘਿਣੌਣਾ ਦ੍ਰਿਸ਼ ਦੇਖ ਕੇ ਅੱਖਾਂ ਪਥਰਾ ਗਈਆਂ। ਇਕ ਦਮ ਹਨੇਰਾ ਛਾ ਗਿਆ। ਉਹ ਦ੍ਰਿਸ਼ ਮੇਰੇ ਕਾਲਜੇ ਵਿਚ ਤਿੱਖੇ ਛੁਰੇ ਵਾਂਗ ਲੱਗਿਆ। ਇਹ ਹਰਾਮਜ਼ਾਦਾ ਤੇ ਮਾਮੀ ਨੰਗ ਮਨੁੰਗ ਹੋਏ ਘੁਰਾੜੇ ਮਾਰ ਰਹੇ ਸਨ। ਇਸਦੇ ਮੂੰਹ ਵਿਚੋਂ ਆ ਰਹੀ ਸ਼ਰਾਬ ਦੀ ਹਵਾੜ ਨੇ ਸਾਰਾ ਕਮਰਾ ਗੰਦਲਾ ਦਿੱਤਾ ਹੋਇਆ ਸੀ। ਸਾਹ ਲੈਣਾ ਔਖਾ ਹੋ ਰਿਹਾ ਸੀ। ਬਦਬੂ ਨੱਕ ਨੂੰ ਚੀਰਦੀ ਮੇਰੇ ਅੰਦਰ ਜ਼ਬਰੀਂ ਵੜ ਰਹੀ ਸੀ।

ਲਾਈਟ ਜਗਦੇ ਹੀ ਮਾਮੀ ਤਾਂ ਹੜਬੜਾ ਕੇ ਉੱਠੀ ਤੇ ਆਪਣੇ ਕਪੜੇ ਸੰਭਾਲਦੀ ਕਮਰੇ ਤੋਂ ਬਾਹਰ ਨੂੰ ਦੌੜਣ ਲੱਗੀ ਪਰ ਮੈਂ ਗੁੱਤੋਂ ਫੜ ਲਈ।

"ਰੁੱਕ ਜਾ ਹੁਣ ਸੌਂਕਣੇ ਥੋੜੀ ਦੇਰ...ਕਿਥੇ ਜਾ ਰਹੀਂ ਹੈ...?" ਬੋਲਦੇ ਹੋਏ ਮੈਂ ਮਾਮੀ ਨੂੰ ਉਥੇ ਹੀ ਲੰਮੇ ਪਾ ਲਿਆ।

ਇਸ ਹਰਾਮਜ਼ਾਦੇ ਨੂੰ ਕੋਈ ਸੁਰਤ ਨਹੀਂ ਸੀ। ਮੈਂ ਬੈਡ ਨੇੜੇ ਪਏ ਚਮੜੇ ਦਾ ਭਾਰੀ ਜਿਹਾ ਜੁੱਤਾ ਉਠਾ ਕੇ ਇਸਦੇ ਮੂੰਹ 'ਤੇ ਮਾਰਿਆ। ਸੱਟ ਵੱਜਦੇ ਹੀ ਦਰਦ ਨਾਲ ਹੀ ਇਹ ਚੀਖ ਉੱਠਿਆ।

"ਕੀ ਹੋਇਆ...ਕੀ ਹੋਇਆ...?" ਇਹ ਹੜਬੜਾ ਕੇ ਬੋਲਿਆ।

ਇਸਨੂੰ ਸਮਝ ਨਹੀਂ ਆਈ ਕਿ ਹੋਇਆ ਕੀ ਹੈ।

ਜਦੋਂ ਇਸਦੀ ਨਿਗ੍ਹਾ ਮਾਮੀ ਉਪਰ ਪਈ ਤਾਂ ਇਸਨੂੰ ਸਮਝ ਆ ਗਿਆ ਕਿ ਪੰਛੀ ਜਾਲ ਵਿਚ ਬਹੁਤ ਬੁਰੀ ਤਰ੍ਹਾਂ ਫੱਸ ਚੁੱਕਾ ਹੈ।

"ਦੁਰ ਫਿਟੇ ਮੂੰਹ ਤੇਰਾ ਹਰਾਮਜ਼ਾਦਿਆ...ਆਪਣੇ ਹੀ ਘਰ ਮੇਰੀ ਹੀ ਮਾਮੀ ਨਾਲ ਸੌਂ ਗਿਆ ਤੂੰ..ਤੈਨੂੰ ਜ਼ਰਾ ਡਰ ਨਾ ਲੱਗਿਆ...ਬਾਹਰ ਤੂੰ ਜਿਥੇ ਗੂੰਹ ਖਾਂਦਾ ਪਰ ਮੇਰੇ ਘਰ ਨੂੰ ਕਿਸੇ ਰੰਡੀ ਦਾ ਕੋਠਾ ਸਮਝ ਲਿਆ...ਤੈਨੂੰ ਜ਼ਰਾ ਸ਼ਰਮ ਨਹੀਂ ਆਈ ਹਰਾਮਜ਼ਾਦਿਆ..?" ਬੋਲਦੇ ਹੀ ਮੈਂ ਦੋਬਾਰਾ ਜੁੱਤਾ ਇਸ ਦੇ ਮੂੰਹ ਉਪਰ ਮਾਰਿਆ।

ਇਹ ਤਾਂ ਡੁੰਨ-ਵੱਟਾ ਹੋ ਗਿਆ ਸੀ। ਇਸਦਾ ਨਸ਼ਾ ਪਤਾ ਨਹੀਂ ਕਿਥੇ ਫੁਰ ਹੋ ਗਿਆ। ਊਲ ਜਲੂਲ ਬੋਲੀ ਜਾਏ।

"ਉਹ ਯਾਰ ਮੈਂ ਨਸ਼ੇ ਵਿਚ ਸੀ...ਮੈਂ ਸੋਚਿਆ ਤੂੰ ਸੁੱਤੀ ਹੋਈ ਐਂ...ਮੈਨੂੰ ਟਪਲਾ ਲੱਗ ਗਿਆ...ਮਾਮੀ ਨੇ ਵੀ ਕੋਈ ਵਿਰੋਧ ਨਹੀਂ ਕੀਤਾ...ਹੁਣ ਮੈਨੂੰ ਕੀ ਪਤਾ ਸੀ ਕਿ ਤੂੰ ਦੂਸਰੇ ਕਮਰੇ ਵਿਚ ਬੈਠੀ ਕੰਪਿਊਟਰ ਉਪਰ ਕੰਮ ਕਰਦੀ ਪਈ ਐਂ...ਅਜੇ ਥੋੜੀ ਦੇਰ ਪਹਿਲਾਂ ਹੀ ਤਾਂ ਮੈ ਆਇਆ ਸਾਂ...।" ਇਹ ਕੰਜਰ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਆਪਣੇ ਆਪ ਨੂੰ ਬੇਕਸੂਰ ਦੱਸਣ ਦੀ ਕੋਸ਼ਿਸ਼ ਕਰਨ ਲੱਗਾ।

"ਅੱਛਾ, ਤੈਨੂੰ ਮੇਰੇ ਤੇ ਮਾਮੀ ਵਿਚ ਅੰਤਰ ਹੀ ਪਤਾ ਨਹੀਂ ਚਲਿਆ...? ਹਰਾਮਜਾਦਿਆਂ ਕਿਉਂ ਝੂਠ ਬੋਲਦਾ ਪਿਐਂ...ਤੇਰਾ ਭਲਮਾਨਸੀ ਦਾ ਖੇਲ ਖਤਮ ਹੋ ਗਿਆ ਹੈ...ਮੈਂ ਲੱਗੀ ਹਾਂ ਬੁਲਾਉਣ ਤੇਰੇ ਮਾਂ ਪਿਉ ਨੂੰ...ਦਸਦੀਆਂ ਤੇਰੀ ਕਰਤੂਤ...।" ਮੈਂ ਇਕ ਹੋਰ ਥੱਪੜ ਜ਼ੋਰ ਨਾਲ ਇਸਦੇ ਮੂੰਹ ਉਪਰ ਮਾਰਿਆ।

ਨਾਲ ਦੀ ਨਾਲ ਹੀ ਮੈਂ ਮਾਮੀ ਨੂੰ ਵੀ ਹਲੂਣੀ ਜਾ ਰਹੀ ਸੀ।

ਉਸ ਵੇਲੇ ਇੰਨੀ ਤਾਕਤ ਪਤਾ ਨਹੀਂ ਕਿਥੋਂ ਆ ਗਈ ਹੋਈ ਸੀ ਮੇਰੇ ਅੰਦਰ।

"ਸਾਰੀ ਉਮਰ ਪੈਰ ਧੋਅ ਕੇ ਪੀਆਂਗਾ...ਅੱਖੀਂ ਪਿਆ ਨਹੀਂ ਰੜਕਾਂਗਾ...ਜੋ ਕਹੇਂਗੀ ਉਹੀ ਕਰਾਂਗਾ...ਬਸ, ਮੈਨੂੰ ਮੁਆਫ ਕਰ ਦੇ...ਬਬਲੀ ਤੇ ਪਿੰਕੇ ਦੀ ਕਸਮ...ਮੰਮੀ ਡੈਡੀ ਨੂੰ ਨਾ ਬੁਲਾਈਂ...।"ਘਰ

ਵਾਲਿਆਂ ਨਾਲ ਕੋਈ ਭੇਤ ਨਾ ਖੋਲਣ ਦਾ ਵਾਸਤਾ ਦੇਣ ਲੱਗਾ।

ਬੱਚਿਆਂ ਸਾਹਮਣੇ ਕੁਝ ਨਾ ਬੋਲਣ ਵਾਸਤੇ ਕਸਮਾਂ ਦੇਵੇ।

ਇਹ ਤਾਂ ਚੰਗਾ ਹੋਇਆ ਕਿ ਉਨ੍ਹੀਂ ਦਿਨੀਂ ਬਬਲੀ ਤੇ ਪਿੰਕਾ ਛੁੱਟੀਆਂ ਵਿਚ ਆਪਣੀ ਨਾਨੀ ਕੋਲ ਗਏ ਸਨ। ਬਬਲੀ ਦਸਾਂ ਸਾਲਾਂ ਦੀ ਸੀ। ਪਿੰਕਾ ਅੱਠਾਂ ਦਾ। ਪਿੰਕਾ ਤਾਂ ਨਹੀਂ ਪਰ ਬਬਲੀ ਪੂਰੀ ਸਮਝ ਰਖਦੀ ਸੀ ਦੁਨੀਆਦਾਰੀ ਦੀ। ਜੇ ਉਸ ਦਿਨ ਉਹ ਵੀ ਘਰ ਹੁੰਦੇ ਤਾਂ ਉਹਨਾਂ ਨੂੰ ਵੀ ਪਤਾ ਲੱਗ ਜਾਣਾ ਸੀ ਕਿ ਉਹਨਾ ਦਾ ਬਾਪ ਕਿਹੜੇ ਗੰਦੇ ਤੇ ਘਿਨੌਣੇ ਕੰਮ ਕਰਦਾ ਹੈ।

ਉਸ ਦਿਨ ਮੈਂ ਮਾਮੀ ਨੂੰ ਗੁੱਤੋਂ ਫੜ ਕੇ ਚੰਗੀ ਤਰ੍ਹਾਂ ਕੁਟਾਪਾ ਚਾੜ੍ਹਿਆ ਸੀ। ਸਾਰੀ ਰਾਤ ਗੋਡਿਆਂ 'ਚ ਮੂੰਹ ਛੁਪਾ ਕੇ ਡੁਸਕਦੀ ਰਹੀ। ਇਕ ਦਮ ਮਰੀ ਹੋਈ ਭੂਤਨੀ ਵਾਂਗ। ਵਿਖਰੇ ਤੇ ਉਲਝੇ ਹੋਏ ਵਾਲ। ਭੈੜਾ ਜਿਹਾ ਬੂਥਾ। ਪੂਰੀ ਚੁੜੇਲ ਲਗ ਰਹੀ ਸੀ।

"ਆ ਲੈਣ ਦੇ ਮਾਮੇ ਨੂੰ ਛੁੱਟੀ ਇਸ ਵਾਰ...ਖੋਲਦੀਆਂ ਤੇਰੇ ਕੱਚੇ ਚਿੱਠੇ...ਜਿਹੜੇ ਤੂੰ ਉਡਾਉਂਦੀ ਏਂ ਨਾ ਗੁਲਸ਼ਰੇ ਉਸਦੀ ਗ਼ੈਰ ਹਾਜ਼ਰੀ ਵਿਚ...ਤੈਨੂੰ ਬਿਲਕੁਲ ਸ਼ਰਮ ਨਹੀਂ ਆਈ...ਤੂੰ ਜਿਥੇ ਮਰਜ਼ੀ ਖੇਹ ਖਾਂਦੀ ਪਰ ਮੇਰਾ ਘਰ ਤਾਂ ਬਖਸ਼ ਦਿੰਦੀ...ਇਕ ਘਰ ਤਾਂ ਚੁੜੇਲ ਵੀ ਛੱਡ ਦਿੰਦੀ ਹੈ...ਤੈਨੂੰ ਤਾਂ ਮਾਮੀ ਕਹਿੰਦੇ ਵੀ ਸ਼ਰਮ ਆਉਂਦੀ ਐ...।" ਬੋਲਦੇ ਹੋਏ ਮੈਂ ਮਾਮੀ ਦੀ ਵੱਖੀ ਵਿਚ ਜੋਰ ਦੀ ਠੁੱਡ ਮਾਰਿਆ। ਚੀਖ ਉਠੀ ਸੀ ਉਹ । ਪਰ ਅੱਗੋਂ ਕੁਝ ਨਹੀਂ ਬੋਲੀ। ਬੋਲਦੀ ਵੀ ਕਿਦਾਂ। ਉਸਦੀ ਜ਼ੁਬਾਨ ਤਾਂ ਅੰਦਰ ਧੱਸ ਗਈ ਸੀ।

"ਹਰਾਮ ਦੀਏ ਮਾਮੀਏ , ਤੈਨੂੰ ਮਾਂ ਦੀ ਸੌਂਕਣ ਤਾਂ ਬਣਾ ਸਕਦੀ ਆਂ ਪਰ ਆਪਣੀ ਨਹੀਂ...ਚਲ ਚੁੱਕ ਆਪਣਾ ਲੀੜਾ ਲੱਤਾ ਤੇ ਦਫਾ ਹੋ...ਦੋਬਾਰਾ ਕਦੇ ਆਪਣਾ ਭੈੜਾ ਜਿਹਾ ਬੂਥਾ ਨਾ ਵਿਖਾਈਂ ਮੈਨੂੰ...।" ਕਹਿ ਕੇ ਮੈਂ ਅਗਲੇ ਹੀ ਦਿਨ ਸਵੇਰੇ ਉਸਨੂੰ ਆਪਣੇ ਘਰ ਤੋਂ ਬਾਹਰ ਦਾ ਰਾਹ ਵਿਖਾ ਦਿੱਤਾ ਸੀ।

ਉਸ ਤੋਂ ਬਾਅਦ ਕਈ ਦਿਨ ਤਕ ਇਹ ਮੇਰੇ ਤਰਲੇ ਮਿੰਨਤਾਂ ਕਰਦਾ ਰਿਹਾ ਪਰ ਮੈਂ ਚੁੱਪ ਵੱਟ ਲਈ। ਇਕ ਦਮ ਖ਼ਤਰਨਾਕ ਚੁੱਪ। ਐਸੀ ਚੁੱਪ ਜੋ ਇਸਨੂੰ ਦਿਨੋਂ ਦਿਨ ਲੀਰੋਲੀਰ ਕਰ ਰਹੀ ਸੀ। ਇਹ ਇਕ ਦਮ ਲਾਚਾਰ ਹੋ ਗਿਆ ਸੀ। ਇਹ ਮੈਨੂੰ ਆਪ ਇਸ ਸਥਿਤੀ ਵਿਚ ਵੇਖਣਾ ਚਾਹੁੰਦਾ ਸੀ ਪਰ ਅੱਜ ਤਾਂ ਚੋਰਾਂ ਨੂੰ ਮੋਰ ਪੈ ਗਏ ਸਨ। ਚਿੜੀ ਨੇ ਬਾਜ਼ ਨੂੰ ਢਾਹ ਲਿਆ ਸੀ। ਆਪਣੇ ਆਪ ਨੂੰ ਸ਼ੇਰ ਸਮਝਣ ਵਾਲਾ ਅੱਜ ਪਾਲਤੂ ਕੁੱਤਾ ਬਣ ਗਿਆ ਸੀ। ਉਹ ਵੀ ਖੁਰਕ ਦਾ ਖਾਧਾ ਹੋਇਆ।

ਇਹ ਜੋ ਮਰਜ਼ੀ ਬੋਲੇ। ਤਰਲੇ ਪਾਏ। ਹੌਕੇ ਭਰੇ। ਮੈਂ ਅੱਗੋਂ ਬੋਲਣਾ ਹੀ ਨਹੀਂ। ਕੋਈ ਪ੍ਰਤੀਕਿਰਿਆ ਨਹੀਂ ਦੇਣੀ। ਮੇਰੇ ਇਸ ਵਿਵਹਾਰ ਨੇ ਇਸਨੂੰ ਬੁਰੀ ਤਰ੍ਹਾਂ ਵਲੂੰਧਰ ਸੁਟਿਆ ਸੀ। ਉਹਨੀਂ ਦਿਨੀਂ ਮੇਰੀਆਂ ਅੱਖਾਂ ਵਿਚੋਂ ਚੌਵੀ ਘੰਟੇ ਜ਼ਹਿਰੀਲੇ ਤੀਰ ਨਿਕਲ ਕੇ ਇਸਨੂੰ ਵਿੰਨਦੇ ਰਹਿੰਦੇ । ਮੈਂ ਇਸਨੂੰ ਕਈ ਦਿਨਾਂ ਤੱਕ ਸੂਲੀ 'ਤੇ ਟੰਗੀ ਰੱਖਿਆ।

ਉਧਰ ਮਾਮੀ ਵੀ ਕਿਹੜੀ ਘੱਟ ਸੀ। ਮੇਰੀ ਨਾਨੀ ਨੇ ਉਸਦੇ ਸਾਰੇ ਚਾਲ ਚਲਿਤਰਾਂ ਬਾਰੇ ਮੈਨੂੰ ਕਈ ਵਾਰ ਦੱਸਿਆ ਸੀ। ਵਿਆਹ ਦੇ ਦੂਸਰੇ ਸਾਲ ਹੀ ਮਾਮੀ ਆਪਣੇ ਖਸਮ ਨੂੰ ਲੈ ਕੇ ਵੱਖ ਹੋ ਕੇ ਨੇੜੇ ਦੇ ਪਿੰਡ ਵਿਚ ਕਮਰਾ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਈ ਸੀ। ਉਸਨੇ ਆਪਣੇ ਸਹੁਰਿਆਂ ਪਿੰਡ ਦੀ ਸਾਰੀ ਮੁੰਡੀਰ ਨੂੰ ਹਾਲੀ ਕੱਢ ਮਾਰਿਆ ਸੀ। ਮਾਮਾ ਵਿਚਾਰਾ ਫੌਜ ਵਿਚ ਸਿਪਾਹੀ ਸੀ। ਸਾਲ ਬਾਅਦ ਛੁੱਟੀ ਆਉਂਦਾ। ਛੁੱਟੀ ਦੌਰਾਨ ਇਹ ਸਤੀ ਸਵਿਤਰੀ ਬਣ ਜਾਂਦੀ। ਛੁੱਟੀ ਖਤਮ ਹੁੰਦਿਆਂ ਹੀ ਮਾਮੇ ਦੀ ਗੱਡੀ ਅਜੇ ਸਟੇਸ਼ਨ



ਨਹੀਂ ਛਡਦੀ ਤੇ ਮਾਮੀ ਆਪਣੇ ਅਸਲੀ ਰੂਪ ਵਿਚ ਆ ਜਾਂਦੀ।

ਮੇਰੇ ਖਸਮ ਨੇ ਉਸਨੂੰ ਕਦੋਂ ਫਸਾ ਲਿਆ,ਮੈਨੂੰ ਤਾਂ ਪਤਾ ਹੀ ਨਹੀ ਲੱਗਾ। ਮਾਮੀ ਦਾ ਪਿੰਡ ਸਾਡੇ ਸ਼ਹਿਰ ਤੋਂ ਨੇੜੇ ਹੀ ਸੀ। ਕਈ ਵਾਰੀ ਮੈਂ ਇਸਨੂੰ ਪੁਛਣਾ ਕਿ ਕਿਥੇ ਹੈਂ ਤਾਂ ਇਸਨੇ ਕਹਿਣਾ ਨਾਨੀ ਨੂੰ ਮਿਲਣ ਆਇਆ ਹੋਇਆਂ। ਮੈਂ ਸੋਚਣਾ ਚਲੋ ਉਧਰ ਕਿਤੇ ਇਸਦੀ ਡਿਊਟੀ ਲੱਗੀ ਹੋਣੀ ਹੈ, ਸੋ ਚਲਾ ਗਿਆ ਹੋਣਾ ਹੈ ਨਾਨੀ ਨੂੰ ਮਿਲਣ। ਮੇਰੇ ਕਦੇ ਚਿਤ ਚੇਤਾ ਨਹੀਂ ਆਉਣਾ ਕਿ ਇਹ ਕੰਜਰ ਨਾਨੀ ਨੂੰ ਮਿਲਣ ਤੋਂ ਬਾਅਦ ਮਾਮੀ ਦੇ ਘਰ ਜਾ ਕੇ ਮੂੰਹ ਕਾਲਾ ਕਰਦਾ ਸੀ। ਵੱਡੀ ਗੱਲ ਇਹ ਕਿ ਇਹ ਪਿੱਛਲੇ ਦਸਾਂ ਸਾਲਾਂ ਤੋਂ ਉਸ ਨਾਲ ਖੇਹ ਖਾ ਰਿਹਾ ਸੀ। ਇਹ ਸਾਰਾ ਕੁਝ ਇਸਨੇ ਮੈਨੂੰ ਅੱਜ ਹੀ ਦੱਸਿਆ ਹੈ।

ਅਸਲ ਵਿਚ ਮੈਨੂੰ ਇਸਦੇ ਉਪਰ ਸ਼ੱਕ ਤਾਂ ਪਹਿਲਾਂ ਹੀ ਸੀ। ਇਸਦੀਆਂ ਹਰਕਤਾਂ ਦਸਦੀਆਂ ਸਨ ਕਿ ਇਹ ਮੇਰੇ ਨਾਲ ਵਫਾਦਾਰ ਨਹੀਂ ਹੈ। ਪਰ ਮੈਨੂੰ ਇਹ ਪਤਾ ਨਹੀਂ ਸੀ ਕਿ ਇਹ ਇਸ ਹੱਦ ਤਕ ਗਿਰ ਸਕਦਾ ਹੈ। ਰਿਸ਼ਤੇ ਵਿਚ ਮਾਂ ਦੇ ਬਰਾਬਰ ਦੀ ਮਾਮੀ ਨਾਲ ਹੀ ਮੂੰਹ ਕਾਲਾ ਕਰਨ ਲੱਗ ਪਏਗਾ।

ਵੈਸੇ ਵੀ ਜਿਸ ਮਹਿਕਮੇਂ ਵਿਚ ਇਹ ਨੌਕਰੀ ਕਰਦਾ ਹੈ ਉਥੇ ਤਾਂ ਲਗਭਗ ਸੌ ਫੀਸਦੀ ਲੋਕ ਇਸੇ ਵਰਗੇ ਹੀ ਹਨ। ਇਕਦਮ ਚਰਿਤਰਹੀਣ। ਕੁੱਤੇ। ਕਮੀਨੇ। ਜਾਨਵਰ। ਡੰਗਰ।

ਵਿਆਹ ਤੋਂ ਬਾਅਦ ਰਹਿਣ ਵਾਸਤੇ ਇਹ ਮਹਿਕਮੇ ਦੀ ਜਿਸ ਕਾਲੋਨੀ ਵਿਚ ਮੈਨੂੰ ਕੇ ਲੈ ਗਿਆ ਉਥੋਂ ਦਾ ਮਾਹੌਲ ਮੈਨੂੰ ਕੁਝ ਦਿਨਾਂ ਵਿਚ ਹੀ ਸਮਝ ਆ ਗਿਆ ਸੀ। ਹਰ ਪਾਸੇ ਗੰਦ ਹੀ ਗੰਦ। ਗੋਹੇ ਕੂੜੇ ਦੇ ਢੇਰ। ਗੰਦੀਆਂ ਨਾਲੀਆਂ। ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਨੱਕ ਪਾੜੂ ਬਦਬੂ। ਬਦਨਾਮ ਬਸਤੀ।

ਇਸਨੇ ਆਪ ਹੀ ਦੱਸਿਆ ਸੀ ਆਪਣੀ ਕਲੋਨੀ ਬਾਰੇ ਕਿ ਇਥੇ ਕੋਈ ਕਿਸੇ ਦੀ ਪਤਨੀ ਨਾਲ ਫਸਿਆ ਹੈ। ਕੋਈ ਕਿਸੇ ਦੀ ਭਰਜਾਈ ਨਾਲ ਖੇਹ ਖਾਂਦਾ ਹੈ। ਕੋਈ ਚਚੇਰਾ ਭਰਾ ਬਣ ਕੇ ਭੈਣ ਨੂੰ ਪ੍ਰੈਗਨੈਂਟ ਕਰ ਦਿੰਦਾ ਹੈ। ਕਦੇ ਕਿਸੇ ਸਹੁਰੇ ਨੇ ਆਪਣੀ ਨੂੰਹ ਨੂੰ ਹੱਥ ਪਾ ਲਿਆ। ਜਿਵੇਂ ਹੀ ਸਾਹਬ ਡਿਊਟੀ ਉਪਰ ਜਾਂਦਾ ਹੈ ਤਾਂ ਕਿਵੇਂ ਮੇਮ ਸਾਹਬ ਝੱਟ ਹੀ ਦੇਵਰ ਦੇ ਕਮਰੇ ਅੰਦਰ ਚਲੀ ਜਾਂਦੀ ਹੈ। ਕਿਸੇ ਨੇ ਦੂਸਰੇ ਦੀ ਭੈਣ ਦਾ ਐਮ.ਐਮ.ਐਸ. ਬਣਾ ਕੇ ਇੰਟਰਨੈਟ ਉਪਰ ਪਾ ਦਿੱਤਾ ਹੈ। ਕੋਈ ਅਫਸਰ ਘਰ ਵਿਚ ਕੰਮ ਕਰਦੀ ਬਾਈ ਨਾਲ ਰੰਗੇ ਹੱਥੀ ਫੜਿਆ ਜਾਂਦਾ ਹੈ। ਕਿਤੇ ਕੋਈ ਡਰਾਈਵਰ ਆਪਣੀ ਮੇਮ ਸਾਹਬ ਦੀ ਮਾਲਸ਼ ਕਰਦਾ ਰਹਿੰਦਾ ਹੈ। ਕਿਹੜਾ ਅਫਸਰ ਸ਼ਹਿਰ ਦੇ ਵਪਾਰੀਆਂ ਨੂੰ ਕੁੜੀਆਂ ਸਪਲਾਈ ਕਰਦਾ ਹੈ। ਕਿਹੜਾ ਅਫਸਰ ਮੁੰਡੇਬਾਜ਼ੀ ਕਰਦਾ ਹੈ ਤੇ ਕਿਹੜਾ ਰੰਡੀਬਾਜ਼ੀ। ਕਿਹੜਾ ਨਸ਼ਿਆਂ ਦਾ ਕਾਰੋਬਾਰ ਕਰਦਾ ਹੈ। ਕਿਹੜਾ ਹਫਤਾ ਉਗਰਾਉਂਦਾ ਹੈ। ਕਿਹੜਾ ਚੋਰਾਂ ਦਾ ਖ਼ਬਰੀ ਹੈ। ਮਤਲਬ ਕਿ ਆਏ ਦਿਨ ਕਲੋਨੀ ਵਿਚ ਕਿਤੇ ਨਾ ਕਿਤੇ ਕੁਝ ਨਾ ਕੁਝ ਵਾਪਰਦਾ ਰਹਿੰਦਾ ਹੈ।

ਇਸਨੇ ਕਲੋਨੀ ਦਾ ਰੇਖਾ ਚਿਤਰ ਮੇਰੇ ਸਾਹਮਣੇ ਪੇਸ਼ ਕਰ ਦਿੱਤਾ। ਉਸ ਤੋਂ ਬਾਅਦ ਤਾਂ ਮੈਨੂੰ ਕਲੋਨੀ ਦੇ ਹਰ ਵਸ਼ਿੰਦੇ ਦੀ ਨਿਗ੍ਹਾ ਇਕ ਦੂਸਰੇ ਨੂੰ ਤਾੜਦੀ ਤੇ ਲਤਾੜਦੀ ਹੋਈ ਜਾਪਦੀ । ਹਰ ਕੋਈ ਕਿਸੇ ਨਾ ਕਿਸੇ ਸ਼ਹਿ 'ਤੇ ਬੈਠਾ ਹੋਇਆ। ਇਸ ਉਮੀਦ ਵਿਚ ਕਿ ਕੀ ਪਤਾ ਕਦੋਂ ਦਾਅ ਲੱਗ ਜਾਏ। ਕਦੋਂ ਕੋਈ ਸ਼ਿਕਾਰ ਕਰ ਲਵੇ ਤੇ ਕਦੋਂ ਕੋਈ ਖੁਦ ਸ਼ਿਕਾਰ ਹੋ ਜਾਵੇ। ਅਜ਼ੀਬ ਕਿਸਮ ਦਾ ਮਾਹੌਲ ਸੀ ਉਸ ਕਾਲੋਨੀ ਦਾ। ਇਕ ਦਮ ਕੂੜ ਕਬਾੜ ਨਗਰੀ।

ਕੁਝ ਦਿਨਾਂ ਬਾਦ ਹੀ ਮੈਨੂੰ ਇਸਦੀਆਂ ਹਰਕਤਾਂ ਤੋਂ ਪਤਾ ਲਗਣਾ ਸ਼ੁਰੂ ਹੋ ਗਿਆ ਸੀ ਕਿ ਇਹ ਵੀ ਦੁੱਧ ਧੋਤਾ ਹੋਇਆ ਨਹੀਂ ਹੈ। ਇਸਨੇ ਵੀ ਭਾਂਤ ਭਾਂਤ ਦੇ ਛੱਪੜਾਂ ਤੇ ਖੂੰਹਾਂ ਦੇ ਪਾਣੀ ਦਾ ਸੁਆਦ ਚੱਖਿਆ ਹੋਇਆ ਹੈ। ਪਰ ਇਹ ਕਦੇ ਆਪਣੇ ਪੈਰਾਂ ਉਪਰ ਪਾਣੀ ਨਹੀਂ ਪੈਣ ਦਿੰਦਾ ਸੀ।

ਅਖੇ-ਕਮਲ ਦੇ ਫੁੱਲ ਤਾਂ ਛੱਪੜ ਵਿਚ ਹੀ ਉਗਦੇ ਨੇ...ਜੇ ਮੈਂ ਤੈਨੂੰ ਹੋਰਨਾਂ ਬਾਰੇ ਸਾਰਾ ਕੁਝ ਦਸਿਆ

ਹੈ ਤਾਂ ਇਸਦਾ ਮਤਲਬ ਇਹ ਥੋੜ੍ਹਾ ਹੈ ਕਿ ਮੈਂ ਵੀ ਉਹਨਾਂ ਵਾਂਗ ਹੀ ਹਾਂ...ਸਾਡੀ ਮਜ਼ਬੂਰੀ ਹੈ ਕਿ ਸਾਨੂੰ ਇਸ ਕਲੋਨੀ ਵਿਚ ਰਹਿਣਾ ਪੈਣਾ ਹੈ...ਸੋ ਮੇਰੀ ਗੁਰਜੀਤ ਕੁਰੇ...ਮੇਰੇ ਬਾਰੇ ਬਹੁਤਾ ਫਿਕਰ ਨਾ ਕਰ ਬਸ ਤੂੰ ਆਪਣਾ ਖਿਆਲ ਰੱਖੀਂ...ਕਿਤੇ ਇਸ ਕਲੋਨੀ ਦਾ ਅਸਰ ਤੇਰੇ ਉਪਰ ਨਾ ਹੋ ਜਾਵੇ...ਇਸ ਦੇ ਰੰਗ ਵਿਚ ਨਾ ਰੰਗ ਜਾਵੀਂ...ਬਹੁਤ ਹੀ ਜ਼ਹਿਰੀਲੇ ਰੰਗ ਨੇ ਇਸ ਬਸਤੀ ਦੇ।

ਮੈਂ ਆਪਣੇ ਮਨ ਨੂੰ ਸਮਝਾ ਲਿਆ ਸੀ ਕਿ ਗੁਰਜੀਤ ਕੁਰੇ ਤੂੰ ਗਲਤ ਬੰਦੇ ਦੇ ਪੱਲੇ ਪੈ ਗਈ ਏਂ। ਪਰ ਹੁਣ ਕਰ ਵੀ ਕੀ ਸਕਦੀ ਏਂ।

ਕਈ ਵਾਰ ਇਸ ਦੀਆਂ ਹਰਕਤਾਂ ਉਪਰ ਨਜ਼ਰ ਰੱਖੀ। ਇਸਦਾ ਪਿੱਛਾ ਕੀਤਾ। ਪਰ ਹਮੇਸ਼ਾਂ ਹੀ ਇਹ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਪਾਕ ਤੇ ਸਾਫ ਸੁਥਰਾ ਸਾਬਤ ਕਰ ਦਿੰਦਾ।

ਮੇਰਾ ਦਿਲ ਕਹਿੰਦਾ ਕਿ ਇਹ ਮੇਰੇ ਨਾਲ ਝੂਠ ਬੋਲਦਾ ਹੈ। ਮੇਰੇ ਨਾਲ ਧੋਖਾ ਕਰ ਰਿਹਾ ਹੈ।

ਕਈ ਵਾਰ ਦਿਮਾਗ ਵਿਚ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਹੋਏ ਕਿ ਆਪਣੇ ਘਰ ਵਾਲਿਆਂ ਨਾਲ ਗੱਲ ਸਾਂਝੀ ਕਰਾਂ। ਉਹਨਾਂ ਕਿਹੜੇ ਨਰਕ ਵਿਚ ਸੁੱਟ ਦਿੱਤਾ ਹੈ, ਮੈਨੂੰ। ਫਿਰ ਸੋਚਦੀ, ਅੱਗੇ ਹੀ ਬੜੀ ਮੁਸ਼ਕਿਲ ਨਾਲ ਉਹਨਾਂ ਮੇਰਾ ਵਿਆਹ ਕੀਤਾ ਹੈ। ਜਿਹੜੀਆਂ ਪਿੱਛੇ ਹੋਰ ਦੋ ਛੋਟੀਆਂ ਭੈਣਾਂ ਕੋਠੇ ਜੇਡੀਆਂ ਹੋਈਆਂ ਪਈਆਂ ਨੇ, ਉਹਨਾਂ ਦਾ ਕੀ ਬਣੇਗਾ? ਇਹੀ ਸੋਚ ਕੇ ਮੈਂ ਦਿਲ ਉਪਰ ਪੱਥਰ ਰੱਖ ਲੈਂਦੀ।

ਵਿਚੋਲੇ ਨੇ ਐਸਾ ਮੇਰੇ ਮਾਪਿਆਂ ਨੂੰ ਆਪਣੀਆਂ ਗੱਲਾਂ ਵਿਚ ਲਪੇਟਿਆ ਕੇ ਉਹ ਵਿਚਾਰੇ ਚਾਹ ਕੇ ਵੀ ਨਾਹ ਨਾ ਕਹਿ ਸਕੇ।

ਅਖੇ-ਮੁੰਡਾ ਸਰਕਾਰੀ ਨੌਕਰੀ ਕਰਦੈ...ਉਹ ਵੀ ਸ਼ਾਹੀ ਠਾਠ ਵਾਲੀ...ਹਰ ਪਾਸੇ ਟੌਹਰ ਹੈ...ਰਸੂਖ ਹੈ...ਇਸ ਮਹਿਕਮੇ ਦਾ ਤਾਂ ਚਪੜਾਸੀ ਮਾਣ ਨਹੀਂ ਹੁੰਦਾਂ ਮੁੰਡਾ ਤਾਂ ਫਿਰ ਵੀ ਹਵਾਲਦਾਰ ਹੈ...ਉਪਰਲੀ ਕਮਾਈ ਵੱਖ... ਸ਼ਹਿਰ ਵਿਚ ਘਰ ਹੈ...ਤੁਹਾਡੀ ਕੁੜੀ ਬਹੁਤ ਕਿਸਮਤ ਵਾਲੀ ਹੈ ਜੀ... ਐਸ਼ ਕਰੇਗੀ ਐਸ਼...ਸਵਰਗਾਂ ਵਿਚ ਰਹੇਗੀ...ਤੁਹਾਡੀ ਲਾਡੋ ਰਾਣੀ...।

ਕਰ ਲਈ ਐਸ਼। ਇਕ ਦਮ ਨਰਕ ਭੋਗਿਆ ਹੈ ਮੈਂ ਪਿਛਲੇ ਬਾਰ੍ਹਾਂ ਸਾਲਾਂ ਵਿਚ ਤੇ ਅੱਜ ਜੋ ਸੁਣਿਆ ਹੈ ਇਸਦੇ ਮੂੰਹੋਂ। ਹੁਣ ਤਾਂ ਲਗਦਾ ਹੈ ਕਿ ਮੈਂ ਪਿਛਲੇ ਬਾਰ੍ਹਾਂ ਸਾਲੌਂ ਤੋਂ ਸਵਰਗ ਤਾਂ ਨਹੀਂ ਪਰ ਨਰਕਵਾਸੀ ਜ਼ਰੂਰ ਸੀ।

ਵਿਆਹ ਨੂੰ ਹੋਇਆਂ ਅਜੇ ਦੋ ਮਹੀਨੇ ਹੀ ਹੋਏ ਸਨ। ਇਸੇ ਜੱਕੋਤੱਕੀ ਵਿਚ ਸੀ ਕਿ ਕੀ ਕਰਾਂ ਤੇ ਕੀ ਨਾ ਕਰਾਂ। ਅਚਾਨਕ ਇਕ ਦਿਨ ਪਤਾ ਲੱਗਾ ਕਿ ਇਸ ਕੰਜਰ ਦਾ ਬੀਜ ਮੇਰੇ ਢਿੱਡ ਅੰਦਰ ਪੁੰਗਰ ਪਿਆ ਹੈ। ਮੈਂ ਇਸ ਨਾਲ ਸਾਂਝਾ ਕੀਤਾ। ਇਹ ਬਹੁਤ ਖੁਸ਼ ਹੋ ਗਿਆ। ਬਾਪ ਜੋ ਬਣਨ ਲੱਗਾ ਸੀ। ਕਹਿੰਦਾ ਚਲ ਡਾਕਟਰ ਕੋਲ, ਚੈਕ ਕਰਵਾਉਨਿਆਂ। ਯਾਰ ਜੇ ਮੁੰਡਾ ਹੋਇਆ ਤਾਂ ਠੀਕ ਹੈ ਨਹੀਂ ਤਾਂ ਅਜੇ ਇੰਨੀ ਛੇਤੀ ਚਾਂਸ ਨਹੀਂ ਲੈਣਾ। ਅਜੇ ਕੁਝ ਚਿਰ ਹੋਰ ਐਸ਼ ਕਰਦੇ ਆਂ। ਜ਼ਰੂਰੀ ਹੁਣੇ ਹੀ ਬੱਚਾ ਜੰਮ ਕੇ ਬੈਠ ਜਾਣਾ ਹੈ।ਪਰ ਮੈਂ ਅੱਗੋਂ ਆਕੜ ਗਈ ਕਿ ਪਹਿਲਾ ਬੱਚਾ ਹੈ ਕੋਈ ਚੈਕ ਬੈਕ ਨਹੀਂ ਕਰਵਾਉਣਾ। ਜੋ ਕੁਝ ਵੀ ਹੋਵੇਗਾ ਠੀਕ ਹੈ। ਪਹਿਲਾਂ ਤਾਂ ਮੰਨੇ ਨਾ ਪਰ ਫਿਰ ਸਹਿਮਤ ਹੋ ਗਿਆ। ਇਸੇ ਉਮੀਦ ਨਾਲ ਕਿ ਮੁੰਡਾ ਹੀ ਹੋਵੇਗਾ।

ਅਖੇ-ਪ੍ਰੈਗਨੈਂਸੀ ਦੌਰਾਨ ਜੇ ਔਰਤ ਦੇ ਚਿਹਰੇ ਉਪਰ ਛਾਈਆਂ ਪੈ ਜਾਣ ਤਾਂ ਮੁੰਡਾ ਹੀ ਹੁੰਦਾ ਹੈ...ਤੇਰੇ ਮੂੰਹ ਉਪਰ ਵੀ ਕਿੰਨੀਆਂ ਸਾਰੀਆਂ ਛਾਈਆਂ ਪੈ ਗਈਆਂ ਨੇ...ਰਮੇਸ਼ ਦੀ ਘਰਵਾਲੀ ਦਾ ਵੀ ਤੇਰੇ ਵਰਗਾ ਹਾਲ ਸੀ...ਉਹਦੇ ਘਰ ਵੀ ਮੁੰਡਾ ਹੋਇਆ ਹੈ...ਮੈਨੂੰ ਪੂਰਾ ਯਕੀਨ ਹੈ ਕਿ ਮੁੰਡਾ ਹੀ ਹੋਵੇਗਾ..।

ਮੈਂ ਇਸਦੀਆਂ ਸਾਰੀਆਂ ਸੁਣਦੀ ਰਹੀ। ਪਰ ਬੋਲੀ ਕੁਝ ਨਹੀਂ।



ਬਸ ਫਿਰ ਕੀ ਸੀ ਇਸ ਦਾ ਸੁਪਨਾ ਟੁੱਟ ਗਿਆ। ਮੁੰਡਾ ਤਾਂ ਹੋਇਆ ਨਹੀਂ ਪਰ ਇਸ ਕੰਜਰ ਦਾ ਬੀਜ ਬਬਲੀ ਦਾ ਰੂਪ ਧਾਰ ਕੇ ਪੈਦਾ ਹੋ ਗਿਆ।

ਇਸਨੂੰ ਤਾਂ ਅੱਗ ਲੱਗ ਗਈ। ਕਈ ਦਿਨ ਤਕ ਬਬਲੀ ਦਾ ਮੂੰਹ ਨਹੀਂ ਤੱਕਿਆ। ਮੇਰੇ ਨਾਲ ਔਖਾ ਰਿਹਾ ਕਰੇ।

ਅਖੇ-ਹੋਰਾਂ ਦੀਆਂ ਜ਼ਨਾਨੀਆਂ ਪਹਿਲੀ ਵਾਰ ਮੁੰਡਾ ਜੰਮਦੀਆਂ ਨੇ ਤੇ ਤੂੰ ਕੁੜੀ ਜੰਮ ਦਿੱਤੀ...।

"ਬਈ ਮਿਸਟਰ ਇੰਦਰ...ਇਸ ਵਿਚ ਮੇਰਾ ਕੀ ਕਸੂਰ...ਜੋ ਤੂੰ ਬੀਜਿਆ ਸੀ ਉਹੀ ਉਗੇਗਾ...ਮੈਂ ਇਸ ਵਿਚ ਕੀ ਕਰ ਸਕਦੀ ਸਾਂ...ਮੈਂ ਕਿਥੋਂ ਲੈ ਕੇ ਆਉਂਦੀ ਮੁੰਡਾ...।" ਇਕ ਦਿਨ ਮੈਂ ਇਸਨੂੰ ਆੜੇ ਹੱਥੀਂ ਲੈ ਲਿਆ।

ਬਬਲੀ ਦੇ ਆਉਣ ਤੋਂ ਬਾਅਦ ਤਾਂ ਇਸ ਦੇ ਵਿਵਹਾਰ ਵਿਚ ਬਹੁਤ ਫਰਕ ਆ ਗਿਆ। ਇਹ ਬਹੁਤਾ ਸਮਾਂ ਡਿਉਟੀ ਦੇ ਬਹਾਨੇ ਬਾਹਰ ਹੀ ਰਹਿੰਦਾ। ਮੇਰੇ ਨਾਲ ਬਹੁਤੀ ਗੱਲ ਬਾਤ ਨਾ ਕਰਦਾ। ਮੇਰੇ ਨੇੜੇ ਵੀ ਕਦੇ ਕਦੇ ਹੀ ਆਉਂਦਾ। ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਜ਼ਰੂਰ ਬਾਹਰ ਕੁਝ ਨਾ ਕੁਝ ਕਰਦਾ ਹੈ। ਜਿਹੜਾ ਮੇਰੀ ਪ੍ਰਵਾਹ ਨਹੀਂ ਕਰਦਾ ਹੈ। ਜੇ ਮੈਂ ਕਹਿਣਾ ਕਿ ਮੈਂ ਪੇਕੇ ਜਾ ਆਉਨੀਆਂ ਤਾਂ ਇਸ ਦੀਆਂ ਵਾਛਾਂ ਖਿਲ ਜਾਣੀਆਂ। ਮੈਂ ਵੀ ਚੁਪ ਰਹਿੰਦੀ। ਸੋਚਦੀ, ਵੇਖਦਿਆਂ ਊਠ ਕਿਸ ਕਰਵਟ 'ਤੇ ਬੈਠਦਾ ਹੈ

ਮੈਂ ਆਪਣੇ ਆਪ ਨੂੰ ਬਬਲੀ ਦੀ ਦੇਖ ਭਾਲ ਵਿਚ ਰੁਝਾ ਲਿਆ। ਇਸਦੇ ਬਾਰੇ ਬਹੁਤਾ ਸੋਚਣਾ ਹੀ ਛੱਡ ਦਿੱਤਾ।

ਇਸੇ ਦੋਰਾਣ ਇਸਨੇ ਮੈਨੂੰ ਕਲੋਨੀ ਵਿਚ ਪੈਂਦੇ ਇਕ ਨਿੱਜੀ ਸਕੂਲ ਵਿਚ ਅਧਿਆਪਕ ਦੀ ਨੌਕਰੀ ਦਿਲਵਾ ਦਿੱਤੀ । ਸਕੂਲ ਦਾ ਮਾਲਕ ਇਸਦਾ ਵਾਕਫਕਾਰ ਸੀ। ਮੈਂ ਬਬਲੀ ਨੂੰ ਨਾਲ ਲਿਜਾ ਕੇ ਕਰੈਚ ਵਿਚ ਛੱਡ ਦੇਣਾ। ਬੱਚਿਆਂ ਨੂੰ ਪੜ੍ਹਾਉਣ ਵਿਚ ਮੇਰਾ ਚੰਗਾ ਵਕਤ ਬੀਤ ਜਾਣਾ।

ਇਸ ਨਾਲ ਮੇਰਾ ਦਿਲ ਵੀ ਲੱਗਿਆ ਰਹਿੰਦਾ । ਦੂਸਰਾ ਸਮਾਂ ਵੀ ਚੰਗਾ ਬਤੀਤ ਹੋ ਜਾਂਦਾ।ਸਕੂਲ ਦਾ ਸਟਾਫ ਵੀ ਚੰਗਾ ਸੀ। ਸਕੂਲ ਦਾ ਮਾਲਕ ਕੁਝ ਰੰਗੀਨ ਮਜ਼ਾਜ ਦਾ ਸੀ। ਉਹ ਮੇਰੇ ਨਾਲ ਟੁੱਚੀਆਂ ਲੁੱਚੀਆਂ ਗੱਲਾਂ ਮਾਰਦਾ ਰਹਿੰਦਾ। ਬਾਕੀ ਦੇ ਮਾਸਟਰ ਵੀ ਆਪਣੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ।

ਕੁਝ ਸਮਾਂ ਤਾਂ ਮੈਂ ਆਪਣੇ ਆਪ ਨੂੰ ਰੋਕੀ ਰੱਖਿਆ ਪਰ ਜਦੋਂ ਇਸਨੇ ਮੈਨੂੰ ਬਹੁਤਾ ਹੀ ਨਜ਼ਰ ਅੰਦਾਜ ਕਰਨਾ ਸ਼ੁਰੂ ਕਰ ਦਿੱਤਾ ਤਾਂ ਫਿਰ ਮੈਂ ਵੀ ਚੱਲ ਪਈ ਇੱਸੇ ਦੇ ਪਾਏ ਪੂਰਨਿਆਂ ਉਪਰ। ਹੁਣ ਮੈਨੂੰ ਵੀ ਇਸਦੀ ਗ਼ੈਰ ਹਾਜ਼ਰੀ ਚੰਗੀ ਲਗਣ ਲੱਗ ਪਈ ਸੀ। ਇਸਦੇ ਸਾਹਮਣੇ ਮੈਂ ਚੁਪ ਤੇ ਸ਼ਾਂਤ ਹੀ ਰਹਿੰਦੀ ਪਰ ਘਰ ਤੋਂ ਬਾਹਰ ਨਿਕਲਦੇ ਹੀ ਮੈਂ ਆਜ਼ਾਦ ਹੋ ਜਾਂਦੀ। ਇਕ ਦਮ ਵਖਰੇ ਕਿਸਮ ਦੀ ਔਰਤ।

ਬਬਲੀ ਨੇ ਅਜੇ ਮਸੀਂ ਤੁਰਨਾ ਫਿਰਨਾ ਸਿਖਿਆ ਸੀ ਤਾਂ ਮੇਰੇ ਪੈਰ ਫਿਰ ਭਾਰੀ ਹੋ ਗਏ।

ਦੋ ਸਾਲਾਂ ਬਾਅਦ ਪਿੰਕਾ ਵੀ ਆ ਧਮਕਿਆ। ਪਿੰਕੇ ਦਾ ਮੂੰਹ ਵੇਖ ਕੇ ਇਹ ਉੜਕ ਉੜਕ ਤੁਰੇ ਜਿਵੇਂ ਬਹੁਤ ਵੱਡਾ ਮੋਰਚਾ ਮਾਰ ਲਿਆ ਹੋਵੇ। ਕਮੀਨਾ ਕਿਸੇ ਪਾਸੇ ਦਾ।

ਦੋ ਬੱਚਿਆਂ ਦੀ ਮਾਂ ਬਣ ਗਈ ਸੀ। ਨਾ ਚਾਹੁੰਦੀ ਹੋਈ ਵੀ ਇਸ ਦੇ ਖੂੰਡੇ ਨਾਲ ਬੱਝ ਗਈ।ਐਸੀ ਬੱਝੀ ਕਿ ਇਸਦੇ ਨਾਲ ਤੁਰਦੀ ਰਹੀ।

ਵਿਆਹ ਤੋਂ ਦਸ ਸਾਲਾਂ ਬਾਅਦ ਇਹ ਮਾਮੀ ਵਾਲੀ ਘਟਨਾ ਵਾਪਰੀ ਸੀ।

ਇਸ ਘਟਨਾ ਨੂੰ ਵਾਪਰਿਆਂ ਕਈ ਦਿਨ ਲੰਘ ਗਏ ਸਨ। ਇਹ ਲੋਲੋ ਪੋਪੋ ਕਰੇ। ਲਿਲੜੀਆਂ ਕੱਢੇ।

"ਕੁਝ ਤਾਂ ਬੋਲ...ਤੇਰੀ ਚੁੱਪ ਮੈਨੂੰ ਬਹੁਤ ਡਰਾ ਰਹੀ ਐ...ਆਪਣਾ ਗੁਭ-ਗੁਬਾਰ ਕੱਢ ਲੈ...ਮੇਰੇ ਨਾਲ ਗੱਲ ਕਰ...ਲੜਾਈ ਕਰ ਪਰ ਬੋਲ ਜ਼ਰੂਰ..।" ਇਸਨੇ ਕਈ ਦਿਨ ਰੇੜਕਾ ਲਾਈ ਰੱਖਿਆ।

ਕਾਸ਼, ਉਹ ਮੇਰੀ ਮਾਮੀ ਨਾ ਹੁੰਦੀ। ਜੇ ਕਿਸੇ ਹੋਰ ਨਾਲ ਫੜਿਆ ਗਿਆ ਹੁੰਦਾ ਨਾ ਤਾਂ ਫਿਰ ਦੇਖਦੀ ਮੈਂ ਇਸਨੂੰ ਕਿਹੜੇ ਰੰਗ ਵਿਖਾਉਂਦੀ। ਇਹਦੀਆਂ ਆਉਣ ਵਾਲੀਆਂ ਸੱਤ ਪੀੜੀਆਂ ਨੇ ਇਹ ਗਲਤੀ ਨਹੀਂ ਕਰਨੀ ਸੀ। ਮੈਨੂੰ ਪਤਾ ਸੀ ਜੇ ਮੈਂ ਰੌਲਾ ਪਾਉਂਗੀ ਤਾਂ ਇਸਦੀ ਮਾਂ ਨੇ ਮੇਰੇ ਸਮੇਤ ਸਾਡੇ ਸਾਰੇ ਖਾਨਦਾਨ ਦੀ ਪੁਣ-ਛਾਣ ਕਰ ਦੇਣੀ ਸੀ।

"ਤੇਰੇ ਉਪਰ ਤਾਂ ਮੈਨੂੰ ਪਹਿਲਾਂ ਹੀ ਸ਼ੱਕ ਸੀ...ਜਗ੍ਹਾ ਜਗ੍ਹਾ ਮੂੰਹ ਮਾਰਨ ਦਾ...ਕਦੇ ਰਾਸ਼ਨ ਵਾਲੇ ਅਰੋੜਾ ਨਾਲ... ਕਦੇ ਮੰਦਰ ਵਾਲੇ ਪੰਡਤ ਨਾਲ.....ਲਗਰ ਜਿਹੇ ਦਿਓਰ ਨੂੰ ਨਹੀਂ ਛੱਡਿਆ ਤੂੰ ...ਸਹੁਰੇ ਨੂੰ ਆਪਣੇ ਮਗਰ ਲਗਾ ਲਿਆ...ਬਿਮਾਰ ਮੈਂ ਪੈਂਦੀ ਸੀ ਤੇ ਮੇਰਾ ਖਸਮ ਕੰਜਰ ਅਨਾਰ ਦਾ ਜੂਸ ਲਿਆ ਲਿਆ ਕੇ ਤੈਨੂੰ ਪਿਲਾਉਂਦਾ ਸੀ...ਤੂੰ ਤਾਂ ਕੰਜਰੀਏ ਪਹਿਲਾਂ ਹੀ ਉਦਾਂ ਦੀ ਸੀ...ਤੇਰਾ ਤਾਂ ਖਾਨਦਾਨ ਹੀ ਮਾੜਾ ਹੈ...ਤੇਰੀ ਮਾਮੀ ਨੇ ਹੀ ਫਸਾਇਆ ਹੋਣੈ ਮੇਰੇ ਪੁੱਤ ਨੂੰ...ਇਲਜ਼ਾਮ ਮੇਰੇ ਪੁੱਤ ਉਪਰ ਲਗਾਉਨੀ ਐਂ...ਮੈਂ ਤਾਂ ਉਸ ਦਿਨ ਨੂੰ ਕੋਸਦੀ ਜਿਸ ਦਿਨ ਤੂੰ ਸਾਡੇ ਵਿਹੜੇ ਪੈਰ ਪਾਇਆ ਸੀ...।" ਮੇਰੀ ਸੱਸ ਨੇ ਇਹੀ ਕੁਝ ਬੋਲਣਾ ਸੀ।

ਕਮੀਨੀ ਔਰਤ।ਜਿਹੋ ਜਿਹੀ ਆਪ ਉਹੋ ਜਿਹਾ ਗੰਦ ਜੰਮ ਕੇ ਰੱਖ ਦਿੱਤਾ। ਇਕ ਦਮ ਹਰਾਮਜ਼ਾਦਾ।ਦੁਸਰਾ ਪੈ ਗਿਆ ਮੇਰੇ ਪੱਲੇ। ਮੈਂ ਵੀ ਪਤਾ ਨਹੀਂ ਕਿਹੜੇ ਜਨਮਾਂ ਦਾ ਕੀਤਾ ਭੁਗਤਣਾ ਸੀ।ਇਸ ਟੱਬਰ ਦੇ ਪੱਲੇ ਪੈ ਗਈ।

ਮੇਰੀ ਸੱਸ ਦੇ ਕਿੱਸੇ ਵੀ ਕਿਹੜੇ ਘੱਟ ਸਨ ਜਵਾਨੀ ਵੇਲੇ ਦੇ।ਖ਼ਸਮ ਦੌਰਿਆਂ ਉਪਰ ਰਹਿੰਦਾ ਤੇ ਇਹ ਆਂਢੀਆਂ ਗੁਆਂਢੀਆਂ ਦੇ ਘਰੇ ਤੁਰੀ ਰਹਿੰਦੀ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਨੇ ਇਹ ਹਰਾਮਜ਼ਾਦਾ ਵੀ ਕਿਸੇ ਹੋਰ ਦਾ ਹੀ ਬੀਜ ਹੈ।

ਮੇਰੀ ਭੂਆ ਸੱਸ ਦਸਦੀ ਹੁੰਦੀ ਸੀ ਕਿ ਵਿਆਹ ਤੋਂ ਚਾਰ ਪੰਜ ਸਾਲ ਤਕ ਜਦੋਂ ਮੇਰੀ ਸੱਸ ਦਾ ਢਿੱਡ ਨਾ ਫੁੱਟਿਆ ਤਾਂ ਮੇਰੀ ਸੱਸ ਦੀ ਸੱਸ ਇਸਨੂੰ ਮਹੀਨਾ ਭਰ ਨੇੜੇ ਪੈਂਦੇ ਬਾਬੇ ਦੇ ਡੇਰੇ ਉਪਰ ਲੈ ਕੇ ਜਾਂਦੀ ਰਹੀ ਸੀ।ਉਸ ਬਾਬੇ ਦੇ ਡੇਰੇ ਉਪਰ ਬਹੁਤ ਸਾਰੇ ਮੁਛਟੰਡੇ ਚੇਲੇ ਚਾਂਟੇ ਸਨ। ਜੋ ਹਰ ਸਮੇਂ ਅਫੀਮ ਛੱਕੀ ਰੱਖਦੇ। ਨਸ਼ਿਆਏ ਰਹਿੰਦੇ। ਬਾਬੇ ਬਾਰੇ ਮਸ਼ਹੂਰ ਸੀ ਕਿ ਉਸਨੇ ਇਲਾਕੇ ਦੀਆਂ ਕਈ ਬੀਬੀਆਂ ਨੂੰ ਪੁੱਤਰਦਾਤ ਬਖਸ਼ੀ ਹੋਈ ਸੀ।

ਮੇਰੀ ਭੂਆ ਸੱਸ ਤਾਂ ਹੁਣ ਤੱਕ ਕਹਿੰਦੀ ਹੈ ਕਿ ਮੇਰੇ ਵੱਡੇ ਭਤੀਜੇ ਦੀ ਸ਼ਕਲ ਸਾਡੇ ਖਾਨਦਾਨ ਦੇ ਕਿਸੇ ਵੀ ਜੀਅ ਨਾਲ ਨਹੀਂ ਮਿਲਦੀ।

ਇਹ ਕਮੀਨਾ ਹੋਣਾ ਹੀ ਬਾਹਰ ਦੀ ਸੱਟ ਹੈ ਇਸੇ ਕਰਕੇ ਤਾਂ ਇਸਦੇ ਕਾਰੇ ਇਸ ਤਰ੍ਹਾਂ ਦੇ ਨੇ।

ਇਕ ਦਮ ਹਰਾਮਜ਼ਾਦਗੀਆਂ ਭਰੇ।

"ਦੇਖ ਮਿਸਟਰ ਇੰਦਰ...ਅੱਜ ਤੋਂ ਬਾਅਦ, ਬਸ ਬੱਚਿਆਂ ਖਾਤਰ ਅਸੀਂ ਇੱਕੋ ਛੱਤ ਹੇਠਾਂ ਰਹਾਂਗੇ...ਲੋਕਾਂ ਵਾਸਤੇ ਅਸੀਂ ਪਤੀ ਪਤਨੀ ਵਾਂਗ ਵਿਖਾਈ ਦੇਵਾਂਗੇ ਪਰ ਸਾਡੇ ਵਿਚਕਾਰ ਪਤੀ ਪਤਨੀ ਵਾਲਾ ਕੋਈ ਰਿਸ਼ਤਾ ਨਹੀਂ ਹੋਵੇਗਾ...ਜੇ ਮਨਜ਼ੂਰ ਹੈ ਤਾਂ ਦਸ ਨਹੀਂ ਤਾਂ ਚੱਲ ਅੱਜ ਮੇਰੇ ਨਾਲ ਕਚਹਿਰੀ ਤੇ ਦੇ ਮੈਨੂੰ ਤਲਾਕ...ਬੋਲ ਹੁਣ ਕੀ ਕਰਨਾ ਹੈ...?" ਅਖੀਰ ਇਕ ਦਿਨ ਮੈਂ ਇਸ ਉਪਰ ਵਰ੍ਹ ਉੱਠੀ ਸੀ।

"ਠੀਕ ਹੈ ਜਿਵੇਂ ਤੂੰ ਕਹੇਂ...ਮੈਨੂੰ ਸਭ ਸ਼ਰਤਾਂ ਮਨਜ਼ੂਰ ਨੇ ਪਰ ਮੇਰੇ ਮਾਂ ਪਿਉ ਨਾਲ ਗੱਲ ਨਾ ਕਰੀ...ਬੱਚਿਆਂ ਸਾਹਮਣੇ ਕਦੇ ਇਸ ਬਾਰੇ ਗੱਲ ਨਾ ਕਰੀਂ...ਮੈਨੂੰ ਛੱਡ ਕੇ ਨਾ ਜਾਈਂ..।" ਬੋਲਦੇ ਬੋਲਦੇ ਇਹ ਰੋ ਹੀ ਪਿਆ ਸੀ।

ਉਸ ਤੋਂ ਬਾਅਦ ਇਹ ਅੱਖ ਪਿਆ ਨਹੀਂ ਰੜਕਦਾ ਸੀ। ਜਿਵੇਂ ਮੈਂ ਕਹਿੰਦੀ ਉਵੇਂ ਹੀ ਕਰਦਾ ਸੀ।ਦੇਖਦੇ



ਦੇਖਦੇ ਦੋ ਸਾਲ ਬੀਤ ਗਏ। ਮੇਰੇ ਇਹ ਦੋ ਸਾਲ ਬਹੁਤ ਹੀ ਸ਼ਾਂਤੀ ਨਾਲ ਗੁਜਰੇ। ਇਸ ਦੀਆਂ ਹਰਕਤਾਂ ਤੋਂ ਮੈਨੂੰ ਲਗਦਾ ਸੀ ਕਿ ਹੁਣ ਇਸਦੀ ਵਿਭਚਾਰੀ ਕੁਝ ਘਟੀ ਹੈ ਪਰ ਪੂਰੀ ਤਰ੍ਹਾਂ ਛੱਡੀ ਨਹੀਂ ਸੀ।

ਦੋ ਸਾਲਾਂ ਬਾਅਦ ਅੱਜ ਇਹ ਆਪਣਾ ਸਾਰਾ ਕੱਚਾ ਚਿੱਠਾ ਮੇਰੇ ਸਾਹਮਣੇ ਖੋਲ ਕੇ ਆਪਣਾ ਮਨ ਹਲਕਾ ਕਰ ਚੁੱਕਿਆ ਹੈ। ਭਾਰਮੁਕਤ ਮਹਿਸੂਸ ਕਰ ਰਿਹਾ ਹੈ। ਗੂੜੀ ਨੀਂਦੇ ਸੌਂ ਰਿਹਾ ਹੈ ਪਰ ਮੈਂ ਅਜੇ ਵੀ ਭਾਰ ਹੇਠਾਂ ਦੱਬੀ ਹੋਈ ਹਾਂ। ਮੈਨੂੰ ਅਜੇ ਵੀ ਨੀਂਦ ਨਹੀਂ ਆ ਰਹੀ। ਮਨ ਪਰੇਸ਼ਾਨ ਹੈ।ਪਰ ਇਕ ਭਾਰ ਮੇਰੇ ਜਹਿਨ ਵਿਚ ਵੀ ਦਸਤਕ ਦੇ ਰਿਹਾ ਸੀ। ਮੈਨੂੰ ਤੰਗ ਕਰ ਰਿਹਾ ਸੀ। ਘੜੀ ਦੀ ਸੂਈ ਵਾਂਗ ਟਿਕ ਟਿਕ।

ਮੈਨੂੰ ਇੰਦਰ ਨਾਲ ਈਰਖਾ ਹੋ ਰਹੀ ਹੈ ਕਿ ਇਸਨੇ ਕਿਵੇਂ ਹਿੰਮਤ ਕਰਕੇ ਆਪਣਾ ਸਾਰਾ ਕੁਝ ਮੇਰੇ ਸਾਹਮਣੇ ਉਗਲ ਦਿੱਤਾ ਬਿਨ੍ਹਾ ਇਹ ਪਰਵਾਹ ਜਾਂ ਫਿਕਰ ਕੀਤਿਆਂ ਕਿ ਮੇਰੀ ਇਸ ਤੋਂ ਬਾਅਦ ਕੀ ਪ੍ਰਕਿਰਿਆ ਹੋਵੇਗੀ...?

ਦੂਸਰੇ ਪਾਸੇ,ਜਿਹੜਾ ਬੰਦਾ ਮੇਰੇ ਨਾਲ ਸੱਚਾ ਪਿਆਰ ਕਰਦਾ ਹੈ। ਜਿਸਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਮੈਂ ਉਸ ਨਾਲ ਲਗਾਤਾਰ ਝੂਠ ਬੋਲਦੀ ਆ ਰਹੀਂ ਹਾਂ। ਉਸ ਰੱਬ ਦੇ ਬੰਦੇ ਨੂੰ ਧੋਖੇ ਵਿਚ ਰਖਦੀ ਆ ਰਹੀ ਹਾਂ। ਪਿਛਲੇ ਛੇ ਸਾਲਾਂ ਤੋਂ ਮੇਰੇ ਮਨ ਉਪਰ ਵੀ ਬਹੁਤ ਵੱਡਾ ਭਾਰ ਹੈ। ਬੜੀ ਵਾਰ ਸੋਚਿਆ ਕਿ ਉਸਨੂੰ ਆਪਣੇ ਅਤੀਤ ਬਾਰੇ ਜਾਣੂ ਕਰਵਾ ਦਿਆਂ ਪਰ ਹਿੰਮਤ ਨਹੀਂ ਪੈਂਦੀ ਸੀ। ਸੋਚਦੀ ਸੀ ਕਿ ਕਿਤੇ ਸੱਚ ਸੁਣ ਕੇ ਮੈਨੂੰ ਛੱਡ ਨਾ ਜਾਵੇ। ਬੜੀ ਮੁਸ਼ਕਿਲ ਤਾਂ ਮੈਂ ਜਿਉਣਾ ਸਿਖਿਆ ਹੈ। ਬੜੀ ਮੁਸ਼ਕਿਲ ਨਾਲ ਮਨ ਨੂੰ ਸਕੂਨ ਮਿਲਿਆ ਹੈ। ਜ਼ਿੰਦਗੀ ਵਿਚ ਠਹਿਰਾਓ ਆਇਆ ਹੈ। ਭਟਕਣਾ ਖਤਮ ਹੋਈ ਹੈ। ਫਿਰ ਮੈਨੂੰ ਮੇਰੀ ਇਕ ਪੁਰਾਣੀ ਸਹੇਲੀ ਦਾ ਇਹ ਕਿਹਾ ਬਹੁਤ ਯਾਦ ਆਉਂਦਾ ਕਿ ਚਾਹਣੇ ਵਾਲਾ ਬੜੀ ਮੁਸ਼ਕਿਲ ਸੇ ਮਿਲਤਾ ਹੈ ਮੇਰੀ ਜਾਨ...।

ਸੋ ਅੱਜ ਮੈਂ ਵੀ ਪੱਕਾ ਮਨ ਬਣਾ ਲਿਆ ਹੈ ਕਿ ਵਾਪਸ ਜਾ ਕੇ, ਹਿੰਮਤ ਕਰਕੇ, ਪ੍ਰੀਤਮ ਨੂੰ ਆਪਣਾ ਕੱਚਾ-ਚਿੱਠਾ ਖੋਲ ਕੇ ਦੱਸ ਦੇਣਾ ਹੈ ਤੇ ਭਾਰਮੁਕਤ ਹੋ ਜਾਣਾ ਹੈ।


ਉਹ ਵਾਰ ਵਾਰ ਮੈਨੂੰ ਪੁੱਛਦਾ ਰਹਿੰਦਾ ਹੈ,"ਜੀਤੋ, ਸੱਚਮੁੱਚ ਹੀ ਇੰਦਰ ਤੋਂ ਇਲਾਵਾ ਤੇਰੀ ਜ਼ਿਦਗੀ ਵਿਚ ਆਇਆ ਮੈਂ ਪਹਿਲਾ ਹੀ ਬੰਦਾ ਹਾਂ ਨਾ...ਤੂੰ ਮੇਰੇ ਨਾਲ ਝੂਠ ਤਾਂ ਨਹੀਂ ਬੋਲਦੀ ਨਾ ?"

ਆਲ੍ਹਣਾ, 433 ਫੇਜ਼ 9 ਮੁਹਾਲੀ 94171-73700


**ਦਲਿਤ ਚਿੰਤਨ ਦੀ ਕਹਾਣੀ ਵਿਚ ਇਤਿਹਾਸਕਾਰੀ ਕਰਨ ਵਾਲੇ ਪੰਜਾਬੀ ਕਹਾਣੀਕਾਰ ਸਰੂਪ ਸਿਆਲਵੀ ਦਾ ਹਿੰਦੀ ਵਿਚ ਪ੍ਰਕਾਸ਼ਤ ਕਹਾਣੀ ਸੰਗ੍ਰਹਿ**

**ਕਾਲ ਕਾਲਾਂਤਰ**

(ਜਿਹੜਾ ਕਿ ਪਰਵਾਜ਼ ਪ੍ਰਕਾਸ਼ਨ ਵਲੋਂ ਪੰਜਾਬੀ ਵਿਚ ਛਪ ਚੁੱਕਾ ਹੈ)




ਅਨੁਵਾਦ: ਦਵਾਰਕਾ ਭਾਰਤੀ

ਪ੍ਰਕਾਸ਼ਕ: ਹਰਸ਼ ਪਬਲੀਕੇਸ਼ਨ, ਨਵੀਨ ਸਾਹਦਰਾ, ਦਿੱਲੀ

ਮੁੱਲ: 200 ਰੁਪਏ, ਪੰਨੇ: 156

## ਕਹਾਣੀ/ ਚਰਚਿਤ / - ਨਵਨੀਤ ਪਨੂੰ

ਬਟਰਬੋਏ22: ਚਰਚਿਤ ! ਕਿੱਥੇ ਚਲੀ ਗਈ? ਨੈੱਟਮੇਟ ਬਣਨ ਲਈ ਸ਼ੁਕਰੀਆ।

ਚਰਚਿਤ : ਯੂ ਆਰ ਵੈਲਕਮ।

ਬਟਰਬੋਏ22: ਲੈ ਜਵਾਬ ਦੇਣ ਵਿਚ ਇੰਨੀ ਦੇਰ ਲਾ ਦਿੱਤੀ... ਆਪਣੇ ਬਾਰੇ ਕੁੱਝ ਦੱਸ?

ਚਰਚਿਤ : ਪੁੱਛ।

ਬਟਰਬੋਏ22: ਗੁਸਤਾਖ਼ ਗੱਲ ਹੀ ਹੈ ਪਰ ਪੁੱਛੇ ਬਿਨਾ ਰਹਿ ਨਹੀਂ ਸਕਦਾ । ਇੱਕ ਮੁੰਡੇ ਦੇ ਦਿਮਾਗ਼ ਵਿਚ ਸਭ ਤੋਂ ਪਹਿਲਾਂ ਇਹੀ ਸਵਾਲ ਆਉਂਦਾ ਹੈ ਕਿ ਤੇਰੀ ਉਮਰ ਕਿੰਨੀ ਹੈ?

ਚਰਚਿਤ : ਹਾ-ਹਾ ਇਸ ਤੋਂ ਸਾਬਿਤ ਹੁੰਦਾ ਹੈ ਕਿ ਤੂੰ ਹੱਡ-ਮਾਸ ਦਾ ਧੜਕਦੇ ਦਿਲ ਵਾਲਾ ਭੌਤਿਕ ਮੁੰਡਾ ਹੈਂ, ਕੋਈ ਬੌਧਿਕ ਹੋਂਦ ਨਹੀਂ। ਦੱਸ, ਤੈਨੂੰ ਕੀ ਲੱਗਦੈ ਕਿੰਨੀ ਕੁ ਹੋਣੀ ਐ ਮੇਰੀ ਉਮਰ?

ਬਟਰਬੋਏ22: 25?

ਚਰਚਿਤ : ਨਹੀਂ

ਬਟਰਬੋਏ22: 20?

ਚਰਚਿਤ : ਨਾ

ਬਟਰਬੋਏ22: 18, 30... ਚੱਲ ਆਪ ਹੀ ਦੱਸ ਦੇ ਹੁਣ।

ਚਰਚਿਤ : ਹਾ-ਹਾ-ਹਾ-ਹਾ-ਹਾ... ਮੈਂ ਤਾਂ ਬਹੁਤ ਪੁਰਾਣੀ ਹਾਂ।

ਬਟਰਬੋਏ22: ਪੁਰਾਣੀ ਹੈਂ? ਕਿੰਨੀ ਪੁਰਾਣੀ? ਭਲਾ ਉਮਰ ਮਾਪਣ ਦਾ ਇਹ ਨਵਾਂ ਮਾਪਦੰਡ ਹੈ ।

ਚਰਚਿਤ : ਮੇਰੀ ਉਮਰ ਤਾਂ ਹਜ਼ਾਰਾਂ ਸਾਲ ਹੈ।

ਬਟਰਬੋਏ22: ਹਜ਼ਾਰਾਂ ਸਾਲ? ਤੇ ਤੂੰ ਜ਼ਿਹਨੀ ਹੈਂ, ਅਸਲੀ ਨਹੀਂ।

ਚਰਚਿਤ : ਹਾ-ਹਾ... ਬੌਧਿਕ, ਜ਼ਿਹਨੀ ਲੋਕ ਤਾਂ ਹੁਣੇ ਹੀ ਇੱਕੀਵੀਂ ਸਦੀ ਦੀ ਡਿਜਿਟਲ ਏਜ ਵਿਚ ਬਣਨੇ ਸ਼ੁਰੂ ਹੋਏ ਹਨ। ਪਹਿਲਾਂ ਕਦੋਂ ਹੁੰਦੇ ਸੀ। ਮੈਂ ਤਾਂ ਤੇਰੇ ਵਾਂਗ ਹੀ ਹੱਡ-ਮਾਸ ਦੀ ਜਿਉਂਦੀ ਜਾਗਦੀ ਦੇਹਿ ਹਾਂ।

ਬਟਰਬੋਏ22: ਫੇਰ ਤੂੰ ਕਿਧਰੇ ਵੈਂਪਾਇਰ ਤਾਂ ਨਹੀਂ। ਉਹ ਵੀ ਦੇਹਧਾਰੀ ਹੁੰਦੇ ਹਨ ਤੇ ਹਜ਼ਾਰਾਂ ਸਾਲ ਜਿਉਂਦੇ ਹਨ।

ਚਰਚਿਤ : ਤੂੰ ਕਿਸੇ ਵੈਂਪਾਇਰ ਨਾਲ ਚਾਹ-ਪਾਣੀ ਛੱਕਦਾ ਲੱਗਦਾ ਹੈਂ ਜੋ ਤੈਨੂੰ ਲੱਗਦਾ ਮੈਂ ਵੈਂਪਾਇਰ ਹਾਂ ।

ਬਟਰਬੋਏ22: ਚੱਲ ਛੱਡ ਪਰੇ ਇਹਨਾਂ ਚੱਕਰਾਂ ਨੂੰ। ਤੇਰੇ ਪ੍ਰੋਫਾਇਲ ਵਿਚ ਤਾਂ ਕੁੱਝ ਖ਼ਾਸ ਨਹੀਂ ਲਿਖਿਆ। ਕੁੱਝ ਦੱਸ ਆਪਣੇ ਬਾਰੇ।

ਚਰਚਿਤ : ਆਪਣੇ ਬਾਰੇ ਕੀ ਦੱਸਾਂ? ਕੁੱਝ ਸਮਝ ਨਹੀਂ ਆਉਂਦਾ, ਕਿਥੋਂ ਸ਼ੁਰੂ ਕਰਾਂ।

ਬਟਰਬੋਏ22: ਲੈ ਇਹ ਕਿਹੜੀ ਰਾਕੇਟ ਸਾਇੰਸ ਹੈ। ਮੈਂ ਆਪਣੇ ਬਾਰੇ ਦੱਸਾਂ... ਮੀ ਫ੍ਰਾਮ ਮੋਗਾ-ਪੰਜਾਬ, ਲਿਵਸ ਇਨ ਸੈਨ ਹੋਜ਼ੇ, ਕੈਲੀਫ਼ੋਰਨਿਆ, ਬਾਇਓਟੈਕ ਸਟੂਡੈਂਟ, 22 ਯੇਅਰਸ ਓਲਡ।

ਚਰਚਿਤ : ਬੱਸ ਇੰਨਾ ਹੀ ਹੈ ਤੇਰਾ ਪ੍ਰੋਫਾਇਲ। ਮੇਰੀ ਸ਼ਨਾਖ਼ਤ ਤੇ ਬੜੀ ਲੰਬੀ ਹੈ।

ਬਟਰਬੋਏ22: ਮੇਰੇ ਕੋਲ ਤੇਰੀ ਸ਼ਨਾਖ਼ਤ ਜਾਨਣ ਵਾਸਤੇ ਪੂਰਾ ਵੀਕਐਂਡ ਫ੍ਰੀ ਹੈ। ਚੱਲ ਹੋ ਜਾ ਸ਼ੁਰੂ।



ਚਰਚਿਤ : ਤਾਂ ਫੇਰ ਸੁਣ। ਇੰਨਾ ਯਾਦ ਹੈ, ਜਦੋਂ ਮਾਂ ਦੀ ਕੁੱਖ ਤੋਂ ਬਾਹਿਰ ਆਉਂਦਿਆਂ ਹੀ ਧਾਹ ਮਾਰ ਕੇ ਰੋਈ ਸੀ। ਮੇਰੀਆਂ ਅੱਖਾਂ ਬੱਸ ਮਾੜੀਆਂ ਜਿਹੀਆਂ ਖੁੱਲ੍ਹੀਆਂ ਸਨ ਕਿ ਛੇਤੀ ਹੀ ਨਿੱਕੇ ਜਿਹੇ ਪੰਘੂੜੇ ਵਿਚ ਮੈਨੂੰ ਪਾ ਦਿੱਤਾ। ਪੰਘੂੜਾ ਇੰਨਾ ਨਿੱਕਾ ਸੀ ਕਿ ਮੇਰੀਆਂ ਲੱਤਾਂ ਮਸਾਂ ਹੀ ਪੂਰੀਆਂ ਆਈਆਂ। ਬੜਾ ਹੀ ਹਨੇਰਾ ਸੀ ਉਸ ਪੰਘੂੜੇ ਵਿਚ, ਉੱਤੇ ਚਾਨਣ ਦੀ ਗੋਲ ਟਿੱਕੀ ਸੀ। ਮਾਂ ਨੂੰ ਵੇਖਣ ਲਈ ਅੱਖਾਂ ਤਰਸ ਰਹੀਆਂ ਸਨ ਪਰ ਮੈਂ ਕਿਹਾ ਸ਼ਾਇਦ ਇੱਦਾਂ ਹੀ ਹੁੰਦਾ ਹੋਣਾ ਇਸ ਭੌਤਿਕ ਦੁਨੀਆਂ ਵਿਚ ਆ ਕੇ। ਫੇਰ ਇਕਦਮ ਚਾਨਣ ਦੀ ਟਿੱਕੀ ਨੂੰ ਜਿਵੇਂ ਗ੍ਰਹਿਣ ਲੱਗ ਗਿਆ ਤੇ ਸਾਰੇ ਪਾਸੇ ਘੁੱਪ ਹਨੇਰਾ ਹੋ ਗਿਆ। ਕੁੱਝ ਚਿਰ ਮੈਨੂੰ ਹੌਲੇ-ਹੌਲੇ ਹੁਲਾਰੇ ਆਏ ਤੇ ਫੇਰ ਚੁੱਪ ਚਾਂ ਹੋ ਗਈ।

ਬਟਰਬੋਏ22: ਹੱਲਾ... ਹਮਮਮ... ਅਜੀਬ ਪਰ ਦਿਲਚਸਪ।

ਚਰਚਿਤ : ਬਟਰਬੋਏ 22 ਕੋਈ ਹਰਕਤ ਨਾ ਹੋਈ, ਕੋਈ ਆਵਾਜ਼ ਨਾ ਆਈ। ਮੈਂ ਸੰਘ ਪਾੜ ਕੇ ਬੜਾ ਹੀ ਰੋਈ ਕਿ ਕੋਈ ਮੈਨੂੰ ਚੁੱਕ ਲਵੇ। ਮੇਰੀ ਜੀਭ ਤਾਲੂ ਨਾਲ ਲੱਗ ਗਈ। ਹਵਾ ਦੀ ਘਾਟ ਕਰਕੇ ਮੇਰੇ ਫੇਫੜਿਆਂ ਵਿਚੋਂ ਸਾਹ ਖਤਮ ਹੋ ਗਿਆ। ਫੇਰ ਮੈਂ ਉੱਡ ਕੇ ਹਨੇਰੇ 'ਚੋਂ ਬਾਹਰ ਆ ਗਈ ਤਾਂ ਦੇਖਿਆ ਕਿ ਮੇਰੀ ਦੇਹਿ ਇੱਕ ਚਾਟੀ ਵਿਚ ਪਈ ਹੋਈ ਹੈ ਤੇ ਜ਼ਮੀਨ ਵਿਚ ਦੱਬੀ ਹੋਈ ਹੈ।

ਬਟਰਬੋਏ22: ਹੈਂ?

ਚਰਚਿਤ : ਲੈ ਦੱਸ ਬਟਰਬੋਏ 22 ਇਹ ਵੀ ਕੋਈ ਗੱਲ ਹੋਈ। ਨਾ ਮਾਂ ਦੀ ਛਾਤੀ ਦੇ ਦੁੱਧ ਦਾ ਘੁੱਟ , ਨਾ ਧਰਤੀ ਮਾਂ ਦੀ ਛਾਤੀ ਦੇ ਅੰਮ੍ਰਿਤ ਦਾ ਤੁਬਕਾ ਮੇਰੇ ਮੂੰਹ ਵਿਚ ਪਿਆ ਤੇ ਮੈਂ ਦੁਨੀਆਂ ਤੋਂ ਵਾਪਿਸ ਤੋਰ ਦਿੱਤੀ ਗਈ... ਮੁੜ ਅਰਸ਼ੀ-ਘਰ ।

ਬਟਰਬੋਏ22: ਅਰਸ਼ੀ-ਘਰ?

ਚਰਚਿਤ : ਅਰਸ਼ੀ-ਘਰ। ਜਿਹਨੂੰ ਤੁਸੀਂ ਕਹਿੰਦੇ ਹੋ ਸੁਰਗ ... ਗਾਰਡਨ ਆਫ ਏਡਨ... ਸ਼ਾਗੰ-ਰੀ-ਲਾ...

ਬਟਰਬੋਏ22: ਵਾਹ ਬਈ ਵਾਹ। ਬੜੀ ਵਧੀਆ ਕਹਾਣੀ ਸੁਣਾਈ ਤੂੰ।

ਚਰਚਿਤ : ਲੈ ਤੈਨੂੰ ਕਹਾਣੀ ਲੱਗਦੀ ਆ ! ਜਰਾ ਸੋਚ ਕਿਵੇਂ ਹੌਲੀ-ਹੌਲੀ ਮੇਰੇ ਸਾਹ ਖਤਮ ਹੋਏ ਹੋਣਗੇ? 9 ਮਹੀਨੇ ਤਰਲ ਚਾਰਦੀਵਾਰੀ ਵਿਚ ਅਗਨ ਤੱਪ ਕੇ, ਜਦ ਆਜ਼ਾਦ ਹੋਣ ਦੀ ਵਾਰੀ ਆਈ ਤੇ ਮੇਰੀਆਂ ਅੱਖਾਂ ਫੇਰ ਮੁੰਦ ਗਈਆਂ। ਤੂੰ ਕਹਿੰਦਾ ਏ ਬੜੀ ਵਧੀਆ ਕਹਾਣੀ ਸੁਣਾਈ ! ਇਹ ਤੇ ਮਖੌਲ ਹੋ ਗਿਆ ਮੇਰੇ ਨਾਲ, ਭਲਿਆ ਲੋਕਾ, ਜੋਕ ਬਣ ਗਿਆ ਮੇਰਾ।

ਬਟਰਬੋਏ22: ਤੂੰ ਤਾਂ ਬਿਲਕੁਲ ਸੰਗੀਨ ਹੋ ਗਈ। ਓਕੇ। ਸੌਰੀ ਵੈਰੀ ਸੌਰੀ। ਹਾਂ ਮੈਂ ਭੀ ਸੁਣੀਆਂ ਹੋਈਆਂ ਨੇ ਏਹੋ ਜਿਹੀਆਂ ਕਹਾਣੀਆਂ... ਮੇਰਾ ਮਤਲਬ ਪੁਰਾਣੇ ਜ਼ਮਾਨੇ ਦੀਆਂ ਗੱਲਾਂ, ਪਰ ਇਹ ਦੱਸ, ਹੁਣ ਤੂੰ ਕੀ ਕਰਦੀ ਐਂ?

ਚਰਚਿਤ : ਹੁਣ? ਤੇਰੇ ਨਾਲ ਗੱਲਾਂ ਕਰ ਰਹੀ ਹਾਂ, ਨੈਟਸਿਟੀ ਤੇ।

ਬਟਰਬੋਏ22: ਚੱਲ ਇੰਨਾ ਮੈਨੂੰ ਪਤਾ ਚੱਲ ਗਿਆ ਕਿ ਤੂੰ ਬਹੁਤ ਚਤਰ ਤੇ ਹਾਜ਼ਿਰ ਜਵਾਬ ਹੈਂ।

ਚਰਚਿਤ : ਉਹ ਤੂੰ ਛੱਡ ਦੇ ਗੱਲਾਂ ਹਾਜ਼ਿਰ ਜਵਾਬੀ ਦੀਆਂ। ਪਿੰਡ ਦੇ ਸਕੂਲ ਵਿਚ ਆਪਣੀ ਜਮਾਤ ਵਿਚ ਪਹਿਲੇ ਨੰਬਰ ਤੇ ਆਉਂਦੀ ਹੁੰਦੀ ਸੀ। ਕਿਤਾਬਾਂ ਦੇਖ ਕੇ ਹੀ ਮੇਰੀ ਭੁੱਖ ਲੱਥ ਜਾਂਦੀ ਸੀ। ਲੋਕ ਕਹਿੰਦੇ ਸੀ ਕਿ ਇਹ ਕਿਤਾਬਾਂ ਡੀਕ ਲਾ ਕੇ ਪੀ ਜਾਂਦੀ ਹੈ। ਮੈਂ ਦੂਜੀ ਜਮਾਤ ਵਿਚ ਹੀ ਤੀਜੀ ਜਮਾਤ ਦੀਆਂ ਕਿਤਾਬਾਂ ਪੜ੍ਹਨ ਲੱਗ ਪਈ। ਮੇਰੀ ਮਸ਼ਹੂਰੀ ਦੇਖ ਕੇ ਮੇਰੇ ਮਾਂ-ਪਿਓ ਨੇ ਮੈਨੂੰ ਸਕੂਲ ਤੋਂ ਹਟਵਾ ਕੇ ਘਰ ਚੁੱਲੇ-ਚੌਂਕੇ 'ਤੇ ਲਾ ਲਿਆ। ਅਖੇ ਕੁੜੀਆਂ ਦੀ ਸਿਆਣਪ ਚੁੱਲੇ ਅੱਗੇ ਹੀ ਚੰਗੀ ਹੈ।

ਬਟਰਬੋਏ22: ਹੈਂ ਹੱਦ ਹੋ ਗਈ, ਇਹ ਤੇ ਅਨਿਆਂ ਹੋ ਗਿਆ... ਭਲਾ ਇਹ ਵੀ ਕੋਈ...

ਚਰਚਿਤ : ਅਵਾਕ ਰਹਿ ਗਿਆ ਨਾ ਤੂੰ ਬਟਰਬੋਏ 22 । ਅਜੇ ਤੇ ਤੈਨੂੰ ਮੈਂ ਕੋਠੇ, ਕਾਲ-ਕੋਠਰੀਆਂ ਦੇ ਜੀਵਨ ਬਾਰੇ ਨਹੀਂ ਦੱਸਿਆ। ਅਜੇ ਮੈਂ ਬਾਰਾਂ-ਤੇਰਾਂ ਸਾਲਾਂ ਦੀ ਸੀ, ਸਾਡਾ ਇਕ ਗੁਆਂਢੀ ਮੈਨੂੰ ਘਰ ਦੇ ਅੱਗੇ ਪਿੱਪਲ ਹੇਠਾਂ ਬਾਲਣ ਚੁਗਦੀ ਨੂੰ ਇਹ ਕਹਿ ਕੇ ਲੈ ਗਿਆ ਕਿ ਤੇਰਾ ਬਾਪੂ ਖੱਡ 'ਚ ਡਿੱਗ ਪਿਆ ਹੈ ਤੇ ਤੈਨੂੰ ਵਾਜਾਂ ਮਾਰਦਾ ਪਿਆ ਹੈ। ਉਸਦੀ ਨੀਅਤ ਦਾ ਉਦੋਂ ਪਤਾ ਲੱਗਾ ਜਦੋਂ ਉਹ ਮੈਨੂੰ ਇਕ ਬੱਘੀ ਵਿਚ ਬੈਠਾ ਕੇ ਇਕ ਅਜਨਬੀ ਸ਼ਹਿਰ ਲੈ ਗਿਆ। ਉੱਥੇ ਜਾ ਕੇ ਉਸ ਮੈਨੂੰ ਭੇਡ-ਬੱਕਰੀ ਵਾਂਗ ਵੇਚ ਦਿੱਤਾ।

ਬਟਰਬੋਏ22: ਇਹ ਤੇ ਅਗਵਾ ਹੋ ਗਈ ਤੂੰ... ਭਲਾ ਤੂੰ ਰੌਲਾ ਕਿਓਂ ਨਾ ਪਾਇਆ? ਛੜੀਆਂ ਕਿਓਂ ਨਾ ਮਾਰੀਆਂ? ਬੱਘੀ ਵਿਚੋਂ ਛਾਲ ਕਿਓਂ ਨਾ ਮਾਰੀ?

ਚਰਚਿਤ : ਤੂੰ ਸਮਝਦਾ ਹੈਂ ਕਿ ਮੈਂ ਰਾਜ ਕੁਮਾਰੀ ਵਾਂਗ ਬੱਘੀ 'ਤੇ ਚੜ੍ਹ ਕੇ ਸ਼ਾਨ ਨਾਲ ਗਈ ਸੀ। ਭਲਿਆ ਲੋਕਾ, ਉਹਨੇ ਮੇਰੇ ਮੂੰਹ ਵਿਚ ਕਪੜਾ ਤੁੰਨ ਕੇ ਮੇਰੇ ਹੱਥ ਪੈਰ ਬੰਨ੍ਹ ਦਿੱਤੇ ਸਨ। ਇੱਕ 12-13 ਸਾਲ ਦੀ ਕੁੜੀ ਕੀ ਕਰ ਸਕਦੀ ਹੈ? ਮੇਰੀਆਂ ਸਾਰੀਆਂ ਸਿਆਣਪਾਂ ਧਰੀਆਂ ਦੀਆਂ ਧਰੀਆਂ ਹੀ ਰਹਿ ਗਈਆਂ । ਇਓਂ ਲਗਿਆ ਜਿਵੇਂ ਬੱਕਰੀਆਂ, ਮਾਲ-ਡੰਗਰ ਵੀ ਮੇਰੇ ਨਾਲੋਂ ਚੰਗਾ ਹੈ। ਗੁਲਾਮ ਸਹੀ ਪਰ ਰੋਜ਼ ਜ਼ਲੀਲ ਹੋ ਕੇ ਤੇ ਨਹੀਂ ਜੀਂਦੇ ਇਹ ਜਾਨਵਰ। ਇਹ ਰੋਜ਼ ਰੋਜ਼ ਦਾ ਮਰਨਾ ਭੁਗਤਦੀਆਂ ਉਮਰ ਭਰ।

ਬਟਰਬੋਏ22: ਰੋਜ਼-ਰੋਜ਼ ਦਾ ਮਰਨਾ ?

ਚਰਚਿਤ : ਪੈਰਾਂ ਵਿਚ ਝਾਂਜਰਾਂ ਪਾ ਕੇ ਆਪਣੀ ਨੁਮਾਇਸ਼ ਕਰਨੀ। ਅਜਨਬੀ ਮਰਦਾਂ ਦੀਆਂ ਭੁੱਖੀਆਂ, ਠਰਕੀ ਨਜ਼ਰਾਂ ਨੂੰ ਝੱਲਣਾ। ਰੋਜ਼-ਰੋਜ਼ ਦਾ ਮਰਨਾ ਨਹੀਂ ਤੇ ਹੋਰ ਕੀ ਹੈ ਬਟਰਬੋਏ 22 ? ਇਹਨਾਂ ਕੋਠਿਆਂ ਰੂਪੀ ਕਾਲ-ਕੋਠਰੀਆਂ ਵਿਚ ਲਾਸ਼ਾਂ ਹੀ ਰਹਿੰਦੀਆਂ ਸਨ। ਮੈ ਕਹਿੰਦੀ ਹਾਂ ਭੂਤ-ਪ੍ਰੇਤ ਉਹਨਾਂ ਨਾਲੋਂ ਚੰਗੇ। ਜਿਸਮ ਸਿਰਫ ਸਾਹ ਲੈਂਦੇ ਪਰ ਜੀਵਨ ਵਿਚ ਕੋਈ ਸਨਸਨੀ ਨਹੀਂ। ਦਿਲ ਧੜਕਦੇ ਪਰ ਧੜਕਣ ਵਿਚ ਕੋਈ ਤਾਲ ਨਹੀਂ। ਸ਼ਿੰਗਾਰ ਤਾਂ ਹੁੰਦਾ ਪਰ ਸੁਹੱਪਣ ਦਾ ਗੁਮਾਨ ਨਹੀਂ, ਤਵੱਜੋ ਤਾਂ ਮਿਲਦੀ ਪਰ ਗੌਰਵ ਨਹੀਂ। ਰੋਜ਼ ਇਹੀ ਇੱਛਿਆ ਹੁੰਦੀ ਕੀ ਇਹ ਦਿਨ ਮੇਰੀ ਜ਼ਿੰਦਗੀ ਦਾ ਆਖਰੀ ਦਿਨ ਹੋਵੇ ।

ਬਟਰਬੋਏ22: ਬੱਸ ਇਹੀ ਤੇ ਕੁੜੀਆਂ ਦਾ ਦੁਖਾਂਤ ਆ ਚਰਚਿਤ। ਕਿਸੇ ਪਾਸਿਓਂ ਮਾੜੀਆਂ ਥੋੜਾ ਹੁੰਦੀਆਂ ਕੁੜੀਆਂ?

ਚਰਚਿਤ : ਇਹ ਕੁੜੀਆਂ ਦਾ ਦੁਖਾਂਤ ਕਿਓਂ ਹੈ? ਕੌਣ ਜਿੰਮੇਵਾਰ ਹੈ? ਕੌਣ ਕੁੜੀਆਂ ਨੂੰ ਇਸ ਕਿਸਮ ਦਾ ਜੀਵਨ ਜਿਉਣ ਲਈ ਮਜਬੂਰ ਕਰਦਾ ਹੈ?

ਬਟਰਬੋਏ22: ਇਹ ਇਕ ਸਮਾਜਿਕ ਕੁਰੀਤੀ ਹੈ ਚਰਚਿਤ। ਕੌਣ ਜਾਣੇ ਕਦੋਂ ਸ਼ੁਰੂ ਹੋਈ ਸੀ ਤੇ ਕਦੋਂ ਖ਼ਤਮ ਹੋਣੀ ਹੈ। ਵਿਚਾਰੀਆਂ, ਬੇਕਸੂਰ, ਨਖੱਤੀਆਂ, ਅਬਲਾ ਕੁੜੀਆਂ।

ਚਰਚਿਤ : ਇਸ ਤੋਂ ਬਾਅਦ ਮੈਂ ਕੱਢੀ ਸਾਰੀ ਕਸਰ।

ਬਟਰਬੋਏ22: ਕਸਰ? ਕਾਅਦੀ ਕਸਰ?

ਚਰਚਿਤ : ਜਦੋਂ ਮੈਂ ਤਲਵਾਰ ਫੜੀ ਸੀ। ਅਗਲੀ ਵਾਰ ਰਾਜੇ ਦੀ ਧੀ ਬਣ ਕੇ ਜੰਮੀ ਸੀ। ਮੇਰੇ ਪਿਓ ਨੇ ਮੈਨੂੰ ਤੀਰ-ਅੰਦਾਜ਼ੀ ਅਤੇ ਤਲਵਾਰ ਚਲਾਉਣ ਦੀ ਪੂਰੀ ਰਾਜਸੀ ਵਿਦਿਆ ਦਿੱਤੀ ਸੀ।

ਬਟਰਬੋਏ22: ਤੂੰ ਤੀਰ ਅੰਦਾਜ਼ੀ ਅਤੇ ਤਲਵਾਰ ਚਲਾਣੀ ਚੰਗੀ ਤਰ੍ਹਾਂ ਸਿਖ ਲਈ?

ਚਰਚਿਤ : ਚੰਗੀ ਤਰ੍ਹਾਂ ਚਲਾਣੀ ਸਿੱਖੀ ਹੀ ਨਹੀਂ, ਚੰਗੀ ਤਰ੍ਹਾਂ ਇਸਦੀ ਵਰਤੋਂ ਵੀ ਕੀਤੀ।

ਬਟਰਬੋਏ22: ਅੱਛਾ...! ਰਾਜਕੁਮਾਰੀ ਤੀਰ ਅੰਦਾਜ਼ੀ ਅਤੇ ਤਲਵਾਰ ਨਾਲ ਜੰਗਲੀ ਜਾਨਵਰਾਂ ਦਾ



ਸ਼ਿਕਾਰ ਕਰਦੀ ਸੀ।

ਚਰਚਿਤ : ਹਾ... ਹਾ। ਜੰਗਲੀ ਜਾਨਵਰਾਂ ਦੇ ਸ਼ਿਕਾਰ ਕੀਤੇ, ਬਹੁਤ ਕੀਤੇ, ਪਰ ਯੋਧਿਆਂ ਦੀ ਤਲਵਾਰ ਖ਼ੂਨ ਮੰਗਦੀ ਹੈ।

ਬਟਰਬੋਏ22: ਉਹ ਤੇ ਠੀਕ ਹੈ ਪਰ ਤੇਰਾ ਵਿਆਹ ਕਿਸੇ ਰਾਜੇ ਨਾਲ ਹੋਇਆ ਹੋਊ। ਤੂੰ ਤਾਂ ਫੁੱਲਾਂ ਨਾਲ ਖੇਡਦੀ ਹੋਣੀ, ਐਸ਼ੋ-ਆਰਾਮ ਕਰਦੀ, ਰਾਜਸੀ ਠਾਠ-ਬਾਠ ਨਾਲ ਜੀਵਨ ਗੁਜ਼ਾਰਦੀ ਹੋਣੀ। ਰਾਣੀ ਬਣ ਕੇ ਤੈਨੂੰ ਕੀ ਲੋੜ ਸੀ ਤਲਵਾਰ ਚਲਾਉਣ ਦੀ?

ਚਰਚਿਤ : ਰਾਜੇ-ਰਾਣੀ ਦੇ ਜੀਵਨ ਦੂਰੋਂ ਹੀ ਸੁਹਾਵਣੇ ਲੱਗਦੇ ਨੇ। ਰਾਜੇ ਨਾਲ ਵਿਆਹ ਕਰਕੇ ਰਾਣੀ ਤਾਂ ਬਣ ਗਈ ਸੀ ਪਰ ਮੇਰੇ ਪਤੀ ਦਾ ਘਰੇਲੂ ਸਾਜਿਸ਼ ਕਰਕੇ ਕਤਲ ਹੋ ਗਿਆ ਤੇ ਮੈਨੂੰ ਤਲਵਾਰ ਫੜ ਰਾਜ-ਪਾਟ ਚਲਾਉਣਾ ਪਿਆ।

ਬਟਰਬੋਏ22: ਇਸਦਾ ਮਤਲਬ ਤੂੰ ਤਲਵਾਰ ਨੂੰ ਛੱਡ ਦਿੱਤਾ ਸੀ ਪਰ ਤਲਵਾਰ ਨੇ ਤੈਨੂੰ ਨਾ ਛੱਡਿਆ?

ਚਰਚਿਤ : ਮੇਰੀ ਤਲਵਾਰ ਨੇ ਬਹੁਤ ਜ਼ਾਲਿਮ ਨਿਬੇੜੇ। ਬਟਰਬੋਏ 22, ਤੂੰ ਦੇਖਦਾ ਜਦ ਰਣਭੂਮੀ ਵਿਚ ਲਿਸ਼ਕਦੀ ਸੀ ਮੇਰੀ ਤਲਵਾਰ। ਇਸਦੀ ਤਿੱਖੀ ਮਾਰ ਨੇ ਕਈ ਯੁੱਧ ਜਿੱਤੇ ਸੀ। ਜ਼ਾਲਿਮ ਦੁਸ਼ਮਣਾਂ ਦੇ ਡੱਕਰੇ-ਡੱਕਰੇ ਕਰਕੇ ਉਹਨਾਂ ਦੇ ਖ਼ੂਨ ਨੂੰ ਪੀਂਦੀ ਸੀ ਮੇਰੀ ਤਲਵਾਰ... ਆਹਾ! ਐਂਤਕੀ ਕੋਈ ਨਹੀਂ ਸੀ ਟਿਕਿਆ ਮੇਰੇ ਅੱਗੇ। ਐਸੀ ਬਿਜਲੀ ਵਰਗੀ ਫੁਰਤੀ ਭਰੀ ਹੋਈ ਸੀ ਮੇਰੀਆਂ ਬਾਹਾਂ ਵਿਚ। ਗਰਮ ਖ਼ੂਨ ਦੀ ਹੋਲੀ ਖੇਡ ਕੇ ਮੇਰੇ ਜਿਗਰ ਨੂੰ ਕਿੰਨੀ ਠੰਡ ਪੈਂਦੀ ਸੀ। ਇਓਂ ਲੱਗਦਾ ਜਿਵੇਂ ਕਈ ਜਨਮਾਂ ਦੀ ਸਤਾਈ ਰੂਹ ਦਾ ਪਾਈ-ਪਾਈ ਦਾ ਹਿਸਾਬ ਚੁਕਤਾ ਹੋ ਰਿਹਾ ਹੋਵੇ।

ਬਟਰਬੋਏ22: ਹਾ ਹਾ... ਚੱਲ ਖੁਸ਼ ਤਾਂ ਹੋਈ ਤੂੰ। ਇਹ ਜਨਮ ਤੇਰਾ ਸੁਖਾਲਾ ਕਟਿਆ ਗਿਆ।

ਚਰਚਿਤ : ਸੁਖਾਲਾ? ਜੀਵਨ ਸੁਖਾਲਾ ਤਾਂ ਬਟਰਬੋਏ 22 ਸਿਰਫ਼ ਅਰਸ਼ੀ-ਘਰ ਹੀ ਹੁੰਦਾ ਹੈ। ਸੰਸਾਰਿਕ ਰਾਜਸੀ ਜੀਵਨ ਦਾ ਸਾਜਿਸ਼ਾਂ ਦੇ ਵਿਚ ਘਿਰੇ ਰਹਿਣਾ ਇਓਂ ਹੁੰਦਾ ਹੈ ਜਿਵੇਂ ਹਰ ਵਕਤ ਸਿਰ ਤੇ ਤਲਵਾਰ ਲਟਕਦੀ ਹੋਣਾ। ਇਹ ਕੋਈ ਸੁਖਾਲਾ ਜੀਵਨ ਨਹੀਂ ਹੁੰਦਾ।

ਬਟਰਬੋਏ22: ਫੇਰ ਕੀ ਹੋਇਆ?

ਚਰਚਿਤ : ਹੋਣਾ ਕੀ ਸੀ? ਤਲਵਾਰ ਨਾਲ ਹੀ ਜੀਵਨ ਬਿਤਾਇਆ। ਇਕ ਦਿਨ ਯੁੱਧ ਵਿਚ ਹੀ ਲੜਦੀ-ਲੜਦੀ ਨੇ ਦੇਹਿ ਤਿਆਗ ਦਿੱਤੀ ਤੇ ਮੁੜ ਜਾ ਬੈਠੀ ਅਰਸ਼ੀ-ਘਰ ।

ਬਟਰਬੋਏ22: ਤੇ ਤੂੰ ਫੇਰ ਮੁੜ ਜਨਮ ਲੈ ਲਿਆ।

ਚਰਚਿਤ : ਹਾਂ ਅਗਲੀ ਵਾਰ ਮੇਰੇ ਹੱਥ ਬੰਦੂਕ ਸੀ। ਪਿੰਡ-ਪਿੰਡ ਵਿਚ ਮੇਰੇ ਇਸ਼ਤਿਹਾਰ ਲੱਗੇ ਸਨ। ਸਹੁੰ ਰੱਬ ਦੀ ਥਰ-ਥਰ ਕੰਬਦੇ ਸੀ ਲੋਕ ਮੇਰੇ ਨਾਂ ਤੋਂ। ਐਸੀ ਦਗਦੀ ਅੱਗ ਸੀ ਮੇਰੇ ਹੱਥਾਂ ਵਿਚ। ਘਰਾਂ ਚੋਂ ਕੱਢ-ਕੱਢ ਕੇ ਚੁਣ-ਚੁਣ ਕੇ ਵੈਰੀ ਭੁੰਨੇ ਸਨ ਮੈਂ। ਜੀ ਕਰਦਾ ਸੀ, ਮੇਰੇ ਦੰਦ ਲੋਹੇ ਦੇ ਹੋਣ ਤੇ ਚਿੱਥ ਦੇਵਾਂ ਇਹਨਾਂ ਕੰਜਰਾਂ ਨੂੰ ।

ਬਟਰਬੋਏ22: ਹੇ ਰੱਬਾ! ਰਤਾ ਸਾਹ ਲੈ ਚਰਚਿਤ। ਇਹ ਕਾਲੀ ਦੇਵੀ ਵਾਲਾ ਰੂਪ ਤੂੰ ਕਿਓਂ ਧਾਰਣ ਕੀਤਾ?

ਚਰਚਿਤ : ਲੈ ਆਪੇ ਹੀ ਸਾਰੇ ਕਹਿੰਦੇ ਹੋ ਕਿ ਜ਼ੁਲਮ ਦੇ ਖਿਲਾਫ਼ ਜੇ ਹਥਿਆਰ ਵੀ ਚਲਾਉਣੇ ਪੈਣ ਤਾਂ ਜਾਇਜ਼ ਹੈ। ਜਦੋਂ ਬਲਾਤਕਾਰੀ ਘਰ-ਘਰ ਫੇਰਾ ਪਾਉਣ ਤੇ ਕੰਜਕਾਂ ਨੂੰ ਬੇਪੱਤ ਕਰਨ ਤਾਂ ਉਹਨਾਂ ਨੂੰ ਟਿਕਾਣੇ ਲਾਉਣਾ ਕੋਈ ਗੁਨਾਹ ਨਹੀਂ ।

ਬਟਰਬੋਏ22: ਪੁਲਿਸ ਨੂੰ ਰਿਪੋਰਟ ਲਿਖਵਾਣੀ ਸੀ।

ਚਰਚਿਤ : ਕਿੰਨੀਆਂ ਕੁ ਰਿਪੋਰਟਾਂ ਲਿਖਵਾਉਣ ਤੇ ਪੁਲਿਸ ਹਰਕਤ ਵਿਚ ਆਉਂਦੀ ਹੈ। ਹਿਸਾਬ ਲਾ ਕੇ

ਦੱਸ ਜਰਾ। ਕੋਈ ਲਿਖਦਾ ਹੈ ਗਰੀਬ ਦੀ ਰਿਪੋਰਟ। ਸਬਰ ਦਾ ਘੜਾ ਭਰ ਗਿਆ ਤੇ ਫੇਰ ਛਲਕਣਾ ਹੀ ਸੀ। ਜੰਗਲ ਦੀ ਰਾਹ ਫੜ ਲਈ ਸੀ ਮੈਂ। ਇਹੋ ਜਿਹੇ ਦਵੈਸ਼ਪੂਰਕ ਮਾਹੌਲ ਵਿਚ ਆਪਣੀ ਰਖਿਆ ਆਪੇ ਕਰਨਾ ਕੋਈ ਗੁਨਾਹ ਨਹੀਂ ! ਕੋਈ ਗੁਨਾਹ ਨਹੀਂ !! ਕੋਈ ਗੁਨਾਹ ਨਹੀਂ !!!

ਬਟਰਬੋਏ22: ਬੱਸ ਕਰ ਚਰਚਿਤ ਤੇਰੇ ਚੰਡੀ ਰੂਪ ਦੀ ਕਲਪਨਾ ਕਰਕੇ ਮੇਰੇ ਤੇ ਲੂੰ-ਕੰਡੇ ਖੜੇ ਹੋ ਗਏ ਨੇ। ਜਿਸ ਤਰ੍ਹਾਂ ਲੋਕ ਸ਼ੇਰ ਦਾ ਸ਼ਿਕਾਰ ਕਰਕੇ ਉਸ ਉੱਪਰ ਖੜੇ ਹੋ ਕੇ ਫੋਟੋ ਖਿਚਵਾਉਂਦੇ ਹਨ ਉਸੇ ਤਰ੍ਹਾਂ ਲੱਗਦਾ ਜਿਵੇਂ ਤੂੰ ਬਲਾਤਕਾਰੀਆਂ ਦੀਆਂ ਲਾਸ਼ਾਂ ਉਪਰ ਬੰਦੂਕ ਸਮੇਤ ਸੀਨਾ ਤਾਨ ਕੇ ਖੜੀ ਹੋਵੇਂ ।

ਚਰਚਿਤ : ਹਾ... ਹਾ ... ਤੈਨੂੰ ਬੜੀ ਮੁਸ਼ਕਰੀ ਸੁਝਦੀ ਪਈ ਹੈ !

ਬਟਰਬੋਏ22: ਅਨਪੜ੍ਹਤਾ ਸਾਰੀਆਂ ਸਮਾਜਿਕ ਕੁਰੀਤੀਆਂ ਦੀ ਜੜ੍ਹ ਹੈ ਚਰਚਿਤ। ਜੇ ਕੁੜੀਆਂ ਨੂੰ ਪੜ੍ਹਨ ਲਿਖਣ ਦਿੱਤਾ ਜਾਵੇ ਤੇ ਸਮਾਜ ਵਿਚ ਆਪੇ ਸੁਧਾਰ ਆ ਜਾਵੇ।

ਚਰਚਿਤ : ਪੜ੍ਹੀ ਲਿਖੀ ਹੀ ਸੀ ਜਦ ਮੈਂ ਐਮ. ਏ. ਬੀ. ਐੱਡ ਕਰ ਕੇ ਟੀਚਰ ਦੀ ਨੌਕਰੀ ਕਰਦੀ ਸੀ। ਹਰ ਮਹੀਨੇ ਥੇਹਾ ਨੋਟਾਂ ਦਾ ਸੋਹਰਿਆਂ ਦੀ ਤਲੀ 'ਤੇ ਰਖਦੀ ਸੀ। ਪਰ ਨਿਰੀ ਰੇਤ ਵਿਚ ਜਿੰਨਾ ਵੀ ਪਾਣੀ ਪਾ ਲਵੋ ਬੂਟਾ ਨੀ ਉਗਦਾ। ਦਹੇਜ ਦੇ ਤਾਹਨੇ ਮੇਣੇ ਰੋਜ਼ ਹੀ ਮਿਲਦੇ ਸੀ ਸ਼ਾਮ-ਸਵੇਰੇ। ਤਿਲ-ਤਿਲ ਕਰਕੇ ਸਾੜਿਆ ਸੀ ਮੇਰਾ ਜਿਗਰ। ਜਵਾਨੀ ਗਾਲ ਦਿੱਤੀ ਸੀ ਮੇਰੀ ਸਹੁਰਿਆਂ ਦੀਆਂ ਚੋਭਾਂ ਨੇ। ਪੜ੍ਹਾਈ ਤਾਂ ਬੱਸ ਕਮਾਈ ਦਾ ਜ਼ਰੀਆ ਹੈ ਬਟਰਬੋਏ 22, ਜਿਹੜੀ ਸਾਡੀ ਜਿਨਸੀ ਸੋਚ ਹੈ ਉਹ ਅਨਪੜ੍ਹਾਂ ਦੀ ਵੀ ਉਹੀ ਤੇ ਪੜ੍ਹੇ ਲਿਖੀਆਂ ਦੀ ਵੀ ਉਹੀ।

ਬਟਰਬੋਏ22: ਜੇ ਦਹੇਜ ਆ ਜਾਂਦਾ ਤਾਂ ਤੇਰੀ ਜੂਨ ਚੰਗੀ ਲੰਘਣੀ ਸੀ।

ਚਰਚਿਤ : ਸਵਾਹ ਤੇ ਮਿੱਟੀ।

ਬਟਰਬੋਏ22: ਕੀ ਮਤਲਬ?

ਚਰਚਿਤ : ਲਿਆਂਦਾ ਸੀ ਅਗਲੀ ਜੂਨ ਵਿਚ ਮੈਂ ਟਰੱਕ ਭਰ ਕੇ ਦਹੇਜ। ਦਸਵੀਂ ਜਮਾਤ ਹੀ ਪਾਸ ਸਾਂ। ਪਰ ਸ਼ਕਲ ਮੇਰੀ ਰੱਬ ਨੇ ਵੇਹਲੇ ਟੈਮ ਤੇ ਬਣਾਈ ਲੱਗਦੀ ਸੀ। ਸਜਰ ਵਿਆਹੀ ਦਾ ਬੜਾ ਹੀ ਚਾਅ ਕੀਤਾ ਮੇਰੇ ਸਹੁਰਿਆਂ ਨੇ। ਪਰ ਕਹਿੰਦੇ ਨੇ ਚਾਰ ਦਿਨ ਦੀ ਚਾਨਣੀ ਫੇਰ ਹਨੇਰੀ ਰਾਤ। ਇੱਕ ਵਾਰ ਘਰ ਲੜਾਈ ਹੋ ਗਈ। ਘਰ ਵਿਚ ਓਹ ਹੰਗਾਮਾ ਹੋਇਆ ਕਿ ਰਹੇ ਰੱਬ ਦਾ ਨਾਮ। ਸੱਸ ਕਹਿੰਦੀ ਤੇਰੇ ਵਰਗੀਆਂ ਤਾਂ ਆਪਣੇ ਪੁੱਤ ਲਈ ਮੈਂ ਦੱਸ-ਦੱਸ ਲਿਆ ਦੇਵਾਂ।

ਬਟਰਬੋਏ22: ਬਾਤ ਦਾ ਬਤੰਗੜ ਬਣ ਗਿਆ। ਬੱਸ ਇਹੀ ਨੁਕਸ ਹੈ ਆਪਣਾ। ਅਸੀਂ ਗਲ ਸੁਣ ਕੇ, ਉਸਨੂੰ ਸਮਝ ਕੇ, ਕੋਈ ਹੱਲ ਕਢਣ ਦੀ ਬਜਾਏ ਆਪਣੀ ਸਫ਼ਾਈ ਦੇਣਾ ਸ਼ੁਰੂ ਕਰ ਦੇਂਦੇ ਹਾਂ ਤੇ ਅਗਲੇ ਦਾ ਦੋਸ਼ ਕਢ ਕੇ ਲੜਾਈ ਸ਼ੁਰੂ ਕਰ ਦੇਂਦੇ ਹਾਂ।

ਚਰਚਿਤ : ਬਤੰਗੜ ਹੀ ਬਣਿਆ ਹੁੰਦਾ ਤਾਂ ਕੋਈ ਗਲ ਨਹੀਂ ਸੀ ਬਟਰਬੋਏ 22, ਮੇਰੇ ਨਾਲ ਤੇ ਹੋਰ ਹੀ ਕਾਰਾ ਹੋ ਗਿਆ ਸੀ। ਦਰਖਤ ਛੇਤੀ ਬੱਲ ਕੇ ਸਵਾਹ ਹੋ ਜਾਂਦਾ ਹੈ, ਪਰ ਇਹ ਖ਼ੂਨ ਨਾਲ ਭਰੀ ਦੇਹਿ ਤਿੜ-ਤਿੜ ਕਰਕੇ ਬਲੀ ਸੀ। ਗਵਾਂਢੀਆਂ ਨੇ ਕੰਬਲ ਪਾ ਕੇ ਬੁਝਾਈ ਸੀ ਅੱਗ। ਪੂਰੇ ਦੋ ਹਫਤੇ ਹਸਪਤਾਲ ਵਿਚ ਪਈ ਰਹੀ ਸੀ। ਜਾਨ ਸੀ ਕੇ ਨਿਕਲਦੀ ਹੀ ਨਹੀਂ ਸੀ। ਅਖੇ ਸਟੋਵ ਫੱਟ ਗਿਆ ਤੇ ਵਹੁਟੀ ਨੂੰ ਅੱਗ ਲੱਗ ਗਈ। ਮੈਂ ਵੇਹਿੰਦੀ ਰਹਿ ਗਈ ਆਪਣੇ ਦੋ ਸਾਲ ਦੇ ਸਿਸਕਦੇ ਪੁੱਤਰ ਨੂੰ ਤੇ ਮਗਰਮੱਛ ਦੇ ਅੱਥਰੂ ਕੇਰਦੇ ਸਹੁਰੇ ਟੱਬਰ ਨੂੰ।

ਬਟਰਬੋਏ22: ਉਫ਼ ! ਤੇਰੇ ਨਾਲ ਤੇ ਬੜਾ ਦਰਦਨਾਕ ਹਾਦਸਾ ਹੋਇਆ। ਬੰਦੇ ਦੇ ਵਿਚ ਜਿਹੜਾ ਰੱਬੀ ਰੂਪ ਹੁੰਦਾ ਹੈ ਉਹ ਸ਼ੈਤਾਨ  ਨੇ ਕਈ ਪਰਤਾਂ ਹੇਠਾਂ ਦਬਾ ਕੇ ਅਧਮੋਇਆ ਕੀਤਾ ਹੁੰਦਾ ਹੈ। ਲਾਲਚ, ਭੁੱਖ,



ਮੋਹ, ਅਹੰਕਾਰ, ਈਰਖਾ, ਗੁੱਸਾ, ਹੀਣਤਾ ਇਹ ਸਭ ਪਰਤਾਂ ਬੰਦੇ ਦੀ ਸੋਚ ਨੂੰ ਬੰਜਰ ਕਰ ਦਿੰਦੀਆਂ ਹਨ।

ਚਰਚਿਤ : ਸ਼ੈਤਾਨ ਕਹਿ ਜਾਂ ਹੈਵਾਨ। ਮੇਰੀ ਤੇ ਜਿੰਦ ਵਕਤ ਤੋਂ ਪਹਿਲਾਂ ਖਤਮ ਕਰ ਦਿੱਤੀ। ਇੰਨਾ ਹੀ ਨਹੀਂ ਜ਼ਖ਼ਮ ਦੇ ਕੇ ਉੱਤੇ ਲੂਣ ਵੀ ਛਿੜਕ ਦਿੱਤਾ। ਅਜੇ ਛੇ ਮਹੀਨੇ ਮੈਨੂੰ ਮਰੀ ਨੂੰ ਹੋਏ ਨਹੀਂ ਕਿ ਮੇਰੇ ਪਤੀ ਦੀ ਕੁੜਮਾਈ ਹੋ ਗਈ ਤੇ ਛੇਤੀ ਹੀ ਆ ਗਿਆ ਦਹੇਜ ਨਾਲ ਭਰਿਆ ਮੇਰੇ ਦਹੇਜ ਦੇ ਟਰੱਕ ਨਾਲੋਂ ਵੀ ਵੱਡਾ ਟਰੱਕ। ਨਾਲ ਹੀ ਆ ਗਈ ਮੇਰੇ ਲਾਡਲੇ ਲਈ ਮਤਰਈ ਮਾਂ ।

ਬਟਰਬੋਏ22: ਚੱਲ ਹੁਣ ਤਾਂ ਤੇਰੇ ਦਿਨ ਫਿਰ ਗਏ ਨੇ। ਏਸ ਜਨਮ ਵਿਚ ਤਾਂ ਤੂੰ ਸੁੱਖੀ-ਸਾਂਦੀ ਸਲਾਮਤ ਹੈ।

ਚਰਚਿਤ : ਅਜੇ ਤੱਕ ਕੋਈ ਤਕਲੀਫ਼ ਨਹੀਂ। ਬੜੀ ਪਰਵਾਹ ਕਰਦੇ ਨੇ ਮੇਰੇ ਸਾਰੇ ਸਾਂਈ। ਪੂਰੀ ਤਰ੍ਹਾਂ ਸੁਰੱਖਿਅਤ ਹਾਂ ਮੈਂ ।

ਬਟਰਬੋਏ22: ਸਾਰੇ ਸਾਂਈ? ਕਿੰਨੇ ਕੁ ਸਾਂਈ ਨੇ ਤੇਰੇ?

ਚਰਚਿਤ : ਪਤਾ ਨਹੀਂ? ਕੋਈ 5-6 ਤਾਂ ਹੋਣੇ। ਚਿੱਟੇ ਲੈਬ ਕੋਟ ਪਾ ਕੇ ਰੋਜ਼ ਆਉਂਦੇ ਨੇ ਮੈਨੂੰ ਵੇਖਣ। ਦਿਨ ਵਿਚ ਕਈ ਵਾਰ ਮੇਰਾ ਬਲੱਡ ਪ੍ਰੈਸ਼ਰ ਲੈਂਦੇ ਨੇ, ਮੇਰਾ ਦਿਲ ਚੈਕ ਕਰਦੇ ਨੇ। ਆਪਸ ਵਿਚ ਗੁਫ਼ਤਗੂ ਕਰਦੇ ਨੇ। ਕਿੰਨੀ ਹਸਰਤ ਨਾਲ ਮੇਰੇ ਦਿਲ ਨੂੰ ਧੜਕਦਾ ਵੇਖਦੇ ਰਹਿੰਦੇ ਨੇ ਜਿਵੇਂ ਮੈਂ ਉਹਨਾਂ ਲਈ ਦੁਨੀਆਂ ਦੀ ਸਭ ਤੋਂ ਅਨਮੋਲ ਹੋਂਦ ਹੋਵਾਂ। ਬੱਸ ਇੰਤਜ਼ਾਰ ਕਰਦੇ ਨੇ ਉਸ ਦਿਨ ਦਾ ਜਿਸ ਦਿਨ ਮੈਂ ਮੁਕੰਮਲ ਹੋ ਇਨਕਯੁਬੇਟਰ ਵਿਚੋਂ ਨਿਕਲ ਜ਼ਮੀਨ 'ਤੇ ਆਪਣੇ ਪੱਬ ਧਰੂੰਗੀ।

ਬਟਰਬੋਏ22: ਹਾਏ ਓਏ ਮੇਰਿਆ ਰੱਬਾ, ਤੂੰ ਅਜੇ ਤੱਕ ਜੰਮੀ ਹੀ ਨਹੀਂ। ਤੂੰ ਤਾਂ ਮਾਂ ਦੀ ਕੁੱਖ ਵਿਚ ਵੀ ਨਹੀਂ, ਕਿਸੇ ਪ੍ਰਯੋਗਸ਼ਾਲਾ ਵਿਚ ਪਈ ਹੈਂ। ਤੂੰ ਤੇ ਕਹਿੰਦੀ ਸੀ ਮੈਂ ਹੱਡ-ਮਾਸ ਦੀ ਜਿਉਂਦੀ ਜਾਗਦੀ ਕੁੜੀ ਹਾਂ।

ਚਰਚਿਤ : ਉਹ ਤੇ ਮੈਂ ਹੈਂ ਹੀ ਹਾਂ। ਤੂੰ ਕੀ ਸਮਝਦਾ ਏਂ ਮੈਂ ਹੱਡ-ਮਾਸ ਦੀ ਜਿਉਂਦੀ ਜਾਗਦੀ ਕੁੜੀ ਨਹੀਂ। ਮੇਰੇ ਅੰਦਰ ਖ਼ੂਨ ਵਗਦਾ ਹੈ, ਮੇਰਾ ਦਿਲ ਧੜਕਦਾ ਹੈ, ਮੇਰੀਆਂ ਇੰਦਰੀਆਂ ਸਭ ਕੰਮ ਕਰਦੀਆਂ ਹਨ। ਜੇ ਜਿਉਂਦੀ ਨਹੀਂ ਤੇ ਹੋਰ ਕੀ ਹਾਂ। ਜੇ ਮੈਂ ਮਾਂ ਦੀ ਕੁੱਖ ਦੀ ਬਜਾਏ ਇਨਕਯੁਬੇਟਰ ਵਿਚ ਹਾਂ ਤੇ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਜਿਉਂਦੀ ਨਹੀਂ।

ਬਟਰਬੋਏ22: ਤੂੰ ਤਾਂ ਮੈਨੂੰ ਹੋਰ ਡਰਾਉਣ ਲੱਗ ਪਈ। ਇਨਕਯੁਬੇਟਰ ਵਿਚ ਬੈਠੀ ਸੋਸ਼ਲ ਨੈਟਵਰਕ ਨੈੱਟਸਿਟੀ ਨਾਲ ਕਿਵੇਂ ਜੁੜ ਗਈ?

ਚਰਚਿਤ : ਓ ਇਹੀ ਤਾਂ ਬੁਨਿਆਦੀ ਗਿਆਨ ਹੈ। ਇਹ ਜਾਣਕਾਰੀ ਤਾਂ ਮੈਨੂੰ ਹਰ ਰਾਤ ਆਹ ਜਿਹੜੀ ਮੇਰੇ ਸਿਰ ਦੇ ਖੱਬੇ ਪਾਸੇ ਕੇਬਲ ਲੱਗੀ ਹੈ ਉਸ ਰਾਹੀਂ ਪਹੁੰਚ ਜਾਂਦੀ ਹੈ।

ਬਟਰਬੋਏ22: ਹੇ ਪਰਮਾਤਮਾ... ਪੀੜ ਨਹੀਂ ਹੁੰਦੀ ਤੈਨੂੰ?

ਚਰਚਿਤ : ਪੀੜ ਤੇ ਨਹੀਂ ਪਰ ਜਦੋਂ ਡੇਟਾ ਡੰਪ ਹੁੰਦਾ ਹੈ ਉਦੋਂ ਬੱਸ ਮਾੜੀ ਜਿਹੀ ਚੀਸ ਪੈਂਦੀ ਹੈ। ਉਸਤੋਂ ਬਾਅਦ ਥੋੜੀ ਦੇਰ ਤੱਕ ਜਿਵੇਂ ਦਿਮਾਗ਼ ਵਿਚ ਚਿੜੀਆਂ ਦੀ ਫ਼ਰਫਰਾਹਟ ਹੁੰਦੀ ਹੈ। ਫੇਰ ਜਿਵੇਂ ਤਿਤਲੀਆਂ ਦੇ ਨਾਜ਼ੁਕ ਪਰਾਂ ਦੀ ਛੋਹ ਮਹਿਸੂਸ ਹੁੰਦੀ ਹੈ। ਫੇਰ ਮੈਂ ਸੌਂ ਜਾਂਦੀ ਹਾਂ। ਅਗਲੇ ਦਿਨ ਜਦੋਂ ਮੈਂ ਉੱਠਦੀ ਹਾਂ ਇਓਂ ਲੱਗਦਾ ਹੈ ਜਿਵੇਂ ਨਵੀਂ ਜਮਾਤ ਵਿਚ ਚੜ੍ਹ ਗਈ ਹੋਵਾਂ। ਨਿੱਤ ਨਵੇਂ ਤੋਂ ਨਵਾਂ ਗਿਆਨ ਮੇਰੇ ਦਿਮਾਗ਼ ਵਿਚ ਭਰਿਆ ਹੁੰਦਾ ਹੈ। ਬੜਾ ਹੀ ਸੁਖਾਲਾ ਤੇ ਮੋਹਕ ਹੈ ਇਹ ਜੀਵਨ। ਪਿਛਲੀ ਵਾਰ ਵਾਂਗ ਨਹੀਂ ਜਦੋਂ ਮੈਂ ਮਾਂ ਦੇ ਢਿੱਡ ਵਿਚੋਂ ਫਲਸ਼ ਕਰ ਦਿੱਤੀ ਗਈ ਸੀ ਜਿਵੇਂ ਮੈਂ ਹਯੂਮਨ ਵੇਸਟ ਹੋਵਾਂ। ਇੰਨੀ ਬੇਇੱਜਤੀ ਤੇ ਮੇਰੀ ਕਦੇ ਵੀ ਨਹੀਂ ਸੀ ਹੋਈ।

ਬਟਰਬੋਏ22: ਹੈਂ? ਓ... ਅੱਛਾ ! ਹੁਣੇ ਹੀ ਕਿਤੇ ਤੇਰਾ ਗਰਭਪਾਤ ਹੋਇਆ ਹੋਣਾ। ਤੂੰ ਛੇਤੀ ਹੀ ਵਾਪਿਸ

ਆ ਗਈ।

ਚਰਚਿਤ : ਉਹ ਨਹੀਂ ਬਟਰਬੋਏ 22 ।ਮੈਨੂੰ ਤਾਂ ਅਰਸ਼ੀ-ਘਰ ਵਿਚ ਬਹੁਤ ਚਿਰ ਰਖਿਆ ਸੀ।ਮੇਰੀ ਮਾਨਸਿਕ ਹਾਲਤ ਦਾ ਉੱਥੇ ਕਿੰਨਾ ਚਿਰ ਇਲਾਜ਼ ਚਲਦਾ ਰਿਹਾ।ਅਰਸ਼ੀ-ਘਰ ਦੇ ਸਾਰੇ ਵਸਨੀਕਾਂ ਨੇ ਮੈਨੂੰ ਭਰਪੂਰ ਪਿਆਰ ਦੇ ਕੇ ਮੇਰਾ ਮਨੋਬਲ ਪ੍ਰਬਲ ਕੀਤਾ।ਹੌਲੀ-ਹੌਲੀ ਮੇਰੇ ਅੰਦਰ ਦੁਬਾਰਾ ਆਤਮ-ਵਿਸ਼ਵਾਸ ਪੈਦਾ ਹੋਇਆ, ਤਾਂ ਕਿਧਰੇ ਜਾ ਕੇ ਮੇਰੀ ਦੁਨੀਆਂ ਵਿਚ ਵਾਪਸੀ ਹੋਈ ਹੈ।ਘੌਰੇ ਤਾਂ ਹੀ ਮੇਰੀ ਪੈਦਾਇਸ਼ ਵੀ ਮਾਂ ਦੀ ਕੁੱਖ ਦੀ ਜਗਾ, ਇਨਕਯੁਬੇਟਰ ਰਾਹੀਂ ਹੋਵੇਗੀ ਤਾਂ ਕਿ ਮੈਂ ਸਹੀ ਸਲਾਮਤ ਇਸ ਭੌਤਿਕ ਦੁਨੀਆਂ ਵਿਚ ਆ ਸਕਾਂ।

ਬਟਰਬੋਏ22: ਤੈਨੂੰ ਤੇ ਆਪਣੇ ਸਾਰੇ ਜਨਮਾਂ ਦਾ ਪਤਾ ਹੈ, ਮੈਨੂੰ ਤੇ ਸਿਰਫ ਏਸ ਜੀਵਨ ਦਾ ਹੀ ਪਤਾ ਹੈ, ਓਹ ਵੀ ਚਾਰ ਸਾਲ ਦੀ ਉਮਰ ਤੋਂ ਬਾਅਦ ਦਾ।

ਚਰਚਿਤ : ਸ਼ਾਇਦ ਜਦੋਂ ਅਸੀਂ ਭਰੂਣ ਹੁੰਦੇ ਹਾਂ ਉਦੋਂ ਸਾਨੂੰ ਪਿਛਲੇ ਜਨਮਾਂ ਬਾਰੇ ਸਭ ਪਤਾ ਹੁੰਦਾ ਹੈ ਤੇ ਭੌਤਿਕ ਦੁਨੀਆਂ ਵਿਚ ਕਦਮ ਰਖਦੇ ਹੀ ਯਾਦਾਂ ਭੁਲਣੀਆਂ ਸ਼ੁਰੂ ਹੋ ਜਾਂਦੀਆਂ ਨੇ।

ਬਟਰਬੋਏ22: ਸ਼ਾਇਦ ਤੂੰ ਠੀਕ ਕਿਹਾ।ਕੀ ਤੈਨੂੰ ਪਤਾ ਹੈ ਕਿ ਇਸ ਜਨਮ ਵਿਚ ਤੂੰ ਕੀ ਬਣੇਗੀ?

ਚਰਚਿਤ : ਨਹੀਂ।ਇਹ ਕਮਾਂਡ ਤਾਂ ਮੈਨੂੰ ਅਖੀਰ ਵਿਚ ਮਿਲੇਗੀ।

ਬਟਰਬੋਏ22: ਤੈਨੂੰ ਡਰ ਨਹੀਂ ਲੱਗਦਾ ਕਿ ਇਸ ਜਨਮ ਵਿਚ ਤੇਰੇ ਨਾਲ ਕੀ ਕੁੱਝ ਵਾਪਰੇ।

ਚਰਚਿਤ : ਡਰ ਇਸ ਭੌਤਿਕ ਸੰਸਾਰ ਦਾ ਇਕ ਤੱਤ ਹੈ ਬਟਰਬੋਏ 22 ।ਇਸ ਨੂੰ ਜਿੰਨਾ ਨਾਲ ਰੱਖਾਂਗੇ ਇਹ ਉਨਾਂ ਹੀ ਸਾਡੇ ਵਿਚ ਘਰ ਕਰ ਲਏਗਾ।ਬੰਦੇ ਦਾ ਫਰਜ਼ ਜ਼ਿੰਦਗੀ ਦੇ ਸਫ਼ਰ ਵਿਚ ਤੁਰਦੇ ਹੋਏ ਜੋ ਵੀ ਹੋਣੀ ਜਾਂ ਵਾਰਦਾਤ ਹੋਏ, ਉਸਨੂੰ ਨੇਕੀ ਤੇ ਸਚਿਆਈ ਨਾਲ ਨਜਿੱਠਣਾ ਹੈ।ਪਿਛਲੇ ਜਨਮ ਵੀ ਕੱਟ ਲਏ ਨੇ, ਇਹ ਜਨਮ ਵੀ ਪੂਰੀ ਹਿੰਮਤ ਨਾਲ ਗੁਜ਼ਾਰਾਂਗੀ।

ਬਟਰਬੋਏ22: ਜਿਉਂਦੀ ਰਹਿ! ਵੈਲਕਮ ਚਰਚਿਤ। ਦੁਆਵਾਂ! ਇਸ ਦੁਨੀਆਂ ਵਿਚ ਤੇਰਾ ਫਿਰ ਤੋਂ ਸੁਆਗਤ ਹੈ।ਮੈਂ ਇੰਤਜ਼ਾਰ ਕਰਾਂਗਾ ਤੇਰਾ।ਤੂੰ ਮੇਰੀ ਨੈਟਮੇਟ ਬਣੀ ਰਹੀਂ।ਇਸ ਵਾਰ ਮੈਂ ਤੇਰੇ ਤੇ ਕੋਈ ਕਹਿਰ ਨਹੀਂ ਆਉਣ ਦੇਵਾਂਗਾ।

ਚਰਚਿਤ : ਕਿਵੇਂ ਲਭੇਂਗਾ ਤੂੰ ਮੈਨੂੰ? ਇਸ ਭੌਤਿਕ ਜਨਮ ਤੋਂ ਬਾਅਦ ਕੀ ਪਤਾ ਮੇਰਾ ਕੀ ਨਾਮ ਧਰਿਆ ਜਾਣਾ ਹੈ? ਕਿੱਥੇ ਮੇਰੀ ਰਿਹਾਇਸ਼ ਹੋਵੇਗੀ? ਮੈਨੂੰ ਅਜੇ ਕੋਈ ਪਤਾ ਨਹੀਂ ਕਿ ਮੈਂ ਇਕ ਸਾਇੰਸ ਦਾ ਪ੍ਰਯੋਗ ਹਾਂ ਜਾਂ ਕਿਸੇ ਬੇਔਲਾਦ ਜੋੜੇ ਦੇ ਅਦਾਇਗੀ ਆਰਡਰ ਦੀ ਪੂਰਤੀ ਲਈ ਪੈਦਾ ਕੀਤੀ ਜਾ ਰਹੀ ਹਾਂ ਜਾਂ ਕੋਈ ਮਨੁੱਖੀ ਦੇਹਿ ਦੇ ਰੂਪ ਵਿਚ ਘਾਤਕ ਮਿਲਿਟਰੀ ਮਸ਼ੀਨ ਹਾਂ ।

ਬਟਰਬੋਏ22: ਨਹੀਂ ਨਹੀਂ।ਮੈਂ ਤੈਨੂੰ ਜਾਣ ਗਿਆ ਹਾਂ।ਤੂੰ ਜੋ ਕੁੱਝ ਵੀ ਬਣੇ, ਕਿਤੇ ਵੀ ਰਹੇਂ, ਮੈਂ ਤੈਨੂੰ ਧਰਤੀ ਦੇ ਕਿਸੇ ਕੋਨੇਂ ਵਿਚ ਵੀ ਜਾ ਲਭਾਂਗਾ।ਇਸ ਜਨਮ ਵਿਚ ਮੈਂ ਤੇਰੀ ਸੰਭਾਲ ਕਰਾਂਗਾ।ਤੇਰੇ ਤੇ ਕੋਈ ਦੁੱਖ ਨਹੀਂ ਆਉਣ ਦੇਵਾਂਗਾ।

ਚਰਚਿਤ : ਸੋ ਸਵੀਟ ਆਫ਼ ਯੂ ਬਟਰਬੋਏ 22... ਜੇ ਸਾਰੇ ਪੁਰਖ ਤੇਰੇ ਵਾਂਗ ਸੋਚਣ ਤੇ ਮੈਨੂੰ ਕਿਸੇ ਜਨਮ ਵਿਚ ਕੋਈ ਤਕਲੀਫ਼ ਨਹੀਂ ਸੀ ਹੋਣੀ।ਪਰ ਹੁਣ ਵਿਦਾਇਗੀ ਦਾ ਵਕਤ ਹੋ ਗਿਆ ਹੈ।ਮੇਰੇ ਸਾਂਈ ਵੀ ਆ ਗਏ ਹਨ। ਮੇਰਾ ਫ਼ੀਡ ਦਾ ਵੇਲਾ ਹੋ ਗਿਆ ਹੈ। ਫੇਰ ਡੇਟਾ-ਡੰਪ ਹੋਵੇਗਾ ਤੇ ਮਗਰੋਂ ਮੈਂ ਸੌਂ ਜਾਵਾਂਗੀ।ਜੇ ਨੈੱਟ ਕਨੈਕਸ਼ਨ ਰਿਹਾ ਤੇ ਕਲ ਫੇਰ ਮਿਲਾਂਗੇ।

ਬਟਰਬੋਏ22: ਜ਼ਰੂਰ ਮਿਲਾਂਗੇ ਚਰਚਿਤ... ਮੈਂ ਇੰਤਜ਼ਾਰ ਕਰਾਂਗਾ।



## ਕਹਾਣੀ/ ਲਹੂ ਦਾ ਛੱਪੜ/ - ਕਰਮਜੀਤ ਸਿੰਘ ਨਡਾਲਾ

ਫਿਰ ਜ਼ਹਿਰੀਲੀ ਹਵਾ ਵੀ ਵਗਣ ਲੱਗ ਪਈ। ਡਰ ਤੇ ਦਹਿਸ਼ਤ ਦਿਲਾਂ 'ਚ ਆਪਣਾ ਪ੍ਰਭਾਵ ਛੱਡਣ ਲੱਗ ਪਿਆ। ਸਭ ਪਾਸੇ ਧੂਏਂ ਧੁਖਣ ਲੱਗੇ। ਮਾਹੌਲ ਦਹਿਸ਼ਤਨੁਮਾ ਹੋ ਗਿਆ। ਲੋਕ ਇਕ-ਦੂਜੇ ਤੋਂ ਭੈਅ ਖਾਣ ਲੱਗ ਪਏ। ਸਦੀਆਂ ਦੇ ਗੁਆਂਢੀ, ਇਕ ਦੂਜੇ ਨੂੰ ਵੈਰੀਆਂ ਵਾਲੀ ਨਿਗ੍ਹਾ ਨਾਲ ਦੇਖਣ ਲੱਗ ਪਏ।

ਕਪੂਰਥਲੇ ਤੋਂ ਵੀਹ ਕਿਲੋਮੀਟਰ ਦੂਰ ਉੱਤਰ ਵੱਲ ਧੁਰ ਵੱਸਦਾ ਪਿੰਡ ਨਡਾਲਾ ਤੇ ਉਸ ਦੇ ਲਾਗੇ-ਚਾਗੇ ਦਾ ਇਲਾਕਾ, ਜੋ ਮੁਸਲਮਾਨਾਂ ਦਾ ਗੜ੍ਹ ਸੀ। ਅਜੇ ਤੱਕ ਉਵੇਂ ਹੀ ਬੈਠੇ ਹੋਏ। ਉਹ ਕਪੂਰਥਲੇ ਦੇ ਰਾਜੇ ਦਾ ਹੁਕਮ ਉਡੀਕ ਰਹੇ ਸਨ। ਆਖ਼ਰ ਉਹ ਉਹਨਾਂ ਦਾ ਰਾਜ ਸੀ। ਉਹਨਾਂ ਦਾ ਸਿਰਤਾਜ। ਜੇ ਉਹ ਇੱਥੇ ਹੀ ਰਹਿ ਜਾਣ ਲਈ ਕਹੇਗਾ ਤਾਂ ਠੀਕ ਹੈ। ਨਹੀਂ ਤਾਂ ਚਲੇ ਜਾਵਾਂਗੇ। ਜਿੱਥੇ ਅੱਲਾ ਲੈਜੇਗਾ।

ਇਹ ਲੋਕ ਰਾਜੇ ਦੇ ਹੁਕਮ ਦੀ ਇੰਤਜ਼ਾਰ 'ਚ ਬੂਥੀਆਂ ਚੁੱਕ-ਚੁੱਕ ਦੇਖ ਰਹੇ ਸਨ। ਕਿਤੇ ਰਾਜੇ ਦੇ ਹੁਕਮ ਦੀ ਆਵਾਜ਼ ਕੰਨੀ ਪਵੇ। ਪਰ ਕਿੱਥੇ, ਕਈ ਰਾਣੀਆਂ ਦਾ ਰਾਜਾ ਤਾਂ ਨਵਾਂ ਵਿਆਹ ਕਰਵਾਉਣ ਲਈ ਸ਼ਿਮਲੇ ਗਿਆ ਹੋਇਆ ਸੀ। ਉੱਥੇ ਉਹ ਠੰਢੇ-ਠਾਰ ਮੌਸਮ 'ਚ ਰੰਗ-ਰਲੀਆਂ ਮਨਾ ਰਿਹਾ ਸੀ। ਇੱਥੇ ਲਾਵਾਰਸ ਪਰਜਾ ਉਹਨੂੰ ਉਡੀਕ-ਉਡੀਕ ਝੱਲ ਵਲੱਲੀ ਹੋਈ ਦੁਚਿਤੀ 'ਚ ਪਈ ਹੋਈ।

ਨਡਾਲਾ ਪਿੰਡ 'ਚ ਅੱਠ-ਦਸ ਘਰ ਜੱਟਾਂ ਦੇ ਖੱਖਾਂ ਤੇ ਮਾਨਾ ਦੇ, ਦੋ-ਤਿੰਨ ਕੁ ਘਰ ਛੀਂਬਿਆਂ ਦੇ, ਦੋ ਘਰ ਆਹਲੂਵਾਲੀਆ ਦੇ, ਇਕ ਦੋ ਘਰ ਕਾਲੇ ਪੰਡਤਾਂ ਦੇ, ਕੁਝ ਘਰ ਆਹਲੂਵਾਲੀਆਂ ਦੇ, ਇਕ-ਦੋ ਘਰ ਕਾਲੇ ਪੰਡਤਾਂ ਦੇ, ਕੁਝ ਘਰ ਰਾਮਗੜ੍ਹੀਏ ਤੇ ਕੁਝ ਦਲਿਤਾਂ ਦੇ ਸਨ। ਬਾਕੀ ਸਭ ਮੁਸਲਮਾਨ ਹੀ ਮੁਸਲਮਾਨ। ਪਚੰਨਵੇਂ ਫੀਸਦੀ ਮੁਸਲਿਮ ਆਬਾਦੀ।

ਮੁਸਲਮਾਨ ਭਾਵੇਂ ਜ਼ਿਆਦਾ ਗਿਣਤੀ 'ਚ ਸਨ। ਇਕ ਤਰ੍ਹਾਂ ਨਾਲ ਉਹਨਾਂ ਦੀ ਬੜੀ ਦਹਿਸ਼ਤ ਸੀ। ਬਾਕੀ ਥੋੜ੍ਹੇ ਹੋਣ ਕਰਕੇ ਉਹਨਾਂ ਤੋਂ ਕੰਬਦੇ ਤੇ ਡਰ ਕੇ ਰਹਿੰਦੇ। ਪਰ ਫੇਰ ਵੀ ਭਾਈਚਾਰਕ ਏਕਤਾ ਤੇ ਪਿਆਰ ਕਾਇਮ ਸੀ। ਸਭ ਰਲ ਮਿਲ ਕੇ ਰਹਿੰਦੇ।

ਪਰ ਹੁਣ ਸਮਾਂ ਬਦਲ ਗਿਆ। ਦੇਸ਼ ਬਦਲ ਗਏ। ਇਲਾਕੇ ਬਦਲ ਗਏ ਸਨ। ਨਾਲੇ ਜਦੋਂ ਆਪਣੀ ਧਰਤੀ ਮਾਂ ਵੀ ਪੈਰਾਂ ਹੇਠ ਨਾ ਰਹੀ ਤਾਂ ਫੇਰ ਕੌਣ ਕਿਸੇ ਦਾ ਬੇਲੀ ਬਣਦੈ। ਉਹ ਬੇਗਾਨੇ ਹੋ ਕੇ ਰਹਿ ਗਏ ਸਨ। ਹੁਣ ਤਾਂ ਬੇਬਸੀ ਹੀ ਮੁਸਲਮਾਨਾਂ ਦੇ ਚਿਹਰਿਆਂ 'ਤੇ ਝਲਕਦੀ। ਉਹ ਬਹੁਤੇ ਹੋ ਕੇ ਵੀ ਜਿਵੇਂ ਏਥੇ ਰਹਿ ਜਾਣ ਲਈ ਸਿੱਖਾਂ ਦੇ ਮੂੰਹਾਂ ਵੱਲ ਦੇਖਦੇ ਹੋਏ ਤਰਲੇ ਜਿਹੇ ਲੈ ਰਹੇ ਸਨ।

ਪਿੰਡ 'ਚ ਅਜੇ ਤੱਕ ਕੋਈ ਵੀ ਮਾੜੀ ਘਟਨਾ ਨਹੀਂ ਸੀ ਘਟੀ। ਪਰ ਜਦੋਂ ਪੱਛਮ ਵੱਲੋਂ ਹਵਾ ਚੱਲਣੀ ਤਾਂ ਮੁਸਲਮਾਨ ਇਹ ਜ਼ਰੂਰ ਕਹਿ ਕੇ ਮਚਲ ਉੱਠਦੇ, 'ਇਹ ਪਾਕ ਹਵਾ ਪਈ ਚੱਲਦੀ ਏ।' ਉਹਨਾਂ ਦੇ ਤਾਂ ਸੁਪਨਿਆਂ 'ਚ ਵੀ ਨਹੀਂ ਸੀ, ਇਹ ਪਾਕਿ ਹਵਾ, ਆਖ਼ਰ ਇਕ ਦਿਨ ਪਾਕਿਸਤਾਨ ਹੀ ਬਣ ਕੇ ਰਹੇਗੀ।

12 ਅਗਸਤ 1947 ਨੂੰ ਲੌਢੇ ਵੇਲੇ ਦੀ ਗੱਲ ਹੈ। ਵੱਟ ਕੱਢਵੀਂ ਗਰਮੀ ਵਾਲੇ ਦਿਨ ਸਨ। ਘਰਾਂ

ਦੀ ਹੁੰਮਸ ’ਚੋਂ ਨਿਕਲ ਲੋਕ ਬੂਹਿਆਂ ’ਚੋਂ ਬਾਹਰ ਨਿਕਲ ਰੁੱਖਾਂ ਹੇਠ ਹਵਾ ਲੈਣ ਬੈਠੇ ਹੋਏ। ਕੋਈ ਪੱਖੀ ਝੱਲ ਰਿਹਾ। ਕੋਈ ਇਧਰ-ਉਧਰ ਬੈਠ ਸਮਾਂ ਲੰਘਾ ਰਿਹਾ।

ਢਿੱਲਵਾਂ ਵਾਲੀ ਸੜਕੇ ਖੱਖਾਂ ਦੇ ਗੁਰਦੁਆਰੇ ਬਾਹਰ ਵੀ ਲੋਕ ਆਮ ਵਾਂਗੂੰ ਥੜ੍ਹਿਆਂ ’ਤੇ ਬੈਠੇ ਹੋਏ। ਕੋਈ-ਕੋਈ ਕੰਧਾਂ ਉੱਤੇ ਵੀ ਬੈਠਾ ਹੋਇਆ। ਇੱਥੇ ਰੋਜ਼ ਲੋਕਾਂ ਦਾ ਜਮਘਟ ਜਿਹਾ ਲੱਗਾ ਹੀ ਰਹਿੰਦਾ। ਲਾਗੇ ਬਾਪੂ ਲਾਭ ਸਿੰਘ ਮਸ਼ੀਨੀਏ ਦੀ ਹਵੇਲੀ ਕੋਲ ਵੀ ਦਸਾਂ-ਗਿਆਰਾਂ ਸਾਲਾਂ ਦੇ ਹਮ-ਉਮਰ ਕੋਈ ਪੰਜ-ਛੇ ਮੁੰਡੇ ਕੋਟਲਾ-ਛਪਾਕੀ ਖੇਡਦੇ, ਪਸੀਨੋ-ਪਸੀਨੀ ਹੋਏ ਪਏ। ਪਰ ਆਪਣੇ-ਆਪ ’ਚ ਮਸਤ। ਕੁਝ ਅਧਖੜ ਤੇ ਬਜ਼ੁਰਗ, ਗੁਰਦੁਆਰੇ ਦੇ ਕੱਚੇ ਥੜੇ ’ਤੇ ਬੈਠੇ, ਆਪਣੀਆਂ ਨਿੱਕੀਆਂ-ਮੋਟੀਆਂ ਗੱਲਾਂ ’ਚ ਰੁੱਝੇ ਹੋਏ ਸਨ। ਨੌਜਵਾਨ ਦੋ-ਦੋ, ਤਿੰਨ-ਤਿੰਨ ਦੇ ਗਰੁੱਪਾਂ ’ਚ ਜ਼ਮੀਨ ’ਤੇ ਬੈਠੇ ਅੱਡਾ-ਖੱਡਾ ਤੇ ਬਾਰਾਂ ਟਹਿਣੀ ਖੇਡ ਰਹੇ। ਵਾਤਾਵਰਣ ’ਚ ਉਹਨਾਂ ਦੀਆਂ ਗੱਲਾਂ ਤੇ ਨਿੱਕੇ-ਨਿੱਕੇ ਰੌਲੇ ਦਾ ਸ਼ੋਰ, ਮਾਹੌਲ ਨੂੰ ਰੁਮਾਂਚਿਤ ਕਰ ਰਿਹਾ।

ਦੂਰ ਢਿੱਲਵਾਂ ਵਾਲੇ ਪਾਸਿਓਂ, ਇਕ ਘੋੜ ਸਵਾਰ ਨਡਾਲੇ ਵੱਲ ਆ ਰਿਹਾ ਜਿਉਂ-ਜਿਉਂ ਲਾਗੇ ਆ ਰਿਹਾ ਸੀ।

ਘੋੜੇ ਦੀਆਂ ਟਾਪਾਂ ਦੀ ਆਵਾਜ਼ ਉੱਚੀ ਹੁੰਦੀ ਜਾ ਰਹੀ। ਘੋੜੇ ਉੱਪਰ ਕੋਈ ਪੈਂਤੀ-ਛੱਤੀ ਸਾਲਾਂ ਦਾ ਗੱਭਰੂ, ਜਿਸ ਨੇ ਕੁੱਲ੍ਹੇ ਵਾਲੀ ਪੱਗ ਬੱਧੀ ਹੋਈ। ਮੋਢੇ ’ਤੇ ਬੰਦੂਕ ਲਟਕਾਈ ਹੋਈ। ਚੰਗੇ ਦਰਮਿਆਨੇ ਕੱਪੜਿਆਂ ’ਚ ਫੱਬਿਆ, ਉਹ ਬੜੇ ਆਰਾਮ ਨਾਲ, ਸਾਡੇ ਵੱਲ ਵਧਦਾ ਆ ਰਿਹਾ ਸੀ। ਘੋੜੇ ਵਾਲੇ ਦੀ ਰਖਵਾਲੀ ਲਈ ਮਗਰ-ਮਗਰ ਦੋ ਬੰਦੇ ਸਾਈਕਲ ’ਤੇ ਆ ਰਹੇ। ਅੰਗਰੇਜ਼ ਸਰਕਾਰ ਦੀਆਂ ਨੌਕਰੀਆਂ ਵਾਲੇ ਚੰਗੇ ਸਰਕਾਰੀ ਅਫਸਰ, ਇਸੇ ਤਰ੍ਹਾਂ ਹੀ ਸ਼ਾਨੋ-ਸ਼ੌਕਤ ਨਾਲ ਰਹਿੰਦੇ।

ਜਦੋਂ ਉਹ ਲਾਗੇ ਆ ਗਿਆ ਤਾਂ ਸਾਰੇ ਆਪੋ-ਆਪਣੇ ਕੰਮਾਂ ਨੂੰ ਰੋਕ ਕੇ, ਉਸ ਵੱਲ ਨੀਝ ਲਾ ਕੇ ਦੇਖਣ ਲੱਗ ਪਏ। ਇਹ ਭੁਲੱਥ ਸਬ-ਤਹਿਸੀਲ ’ਚ ਐਕਸਾਈਜ਼ ਦਾ ਅਫਸਰ ਸੀ। ਜਿਸ ਨੂੰ ਤਹਿਸੀਲਦਾਰ ਵੀ ਕਿਹਾ ਜਾਂਦਾ। ਗੋਇੰਦਵਾਲ ਦੇ ਲਾਗੇ ਪਿੰਡ ਰੱਤੜਾ ਦਾ ਰਹਿਣ ਵਾਲਾ। ਉਹ ਪੀਰਾਂ ਦੇ ਖਾਨਦਾਨ ’ਚੋਂ ਸੀ। ਜਿਨ੍ਹਾਂ ਦੀ ਰੱਤੜੇ ਖਾਨਦਾਨੀ ਗੱਦੀ ਵੀ ਸੀ। ਉਸ ਤਕੜੇ ਖਾਨਦਾਨ ਦਾ ਇਹ ਚਿਰਾਗ਼, ਪੜ੍ਹ-ਲਿਖ ਕੇ, ਇਸ ਅਹੁਦੇ ’ਤੇ ਬਿਰਾਜਮਾਨ ਸੀ। ਇਸ ਇਲਾਕੇ ਦੇ ਲੋਕ ਵੀ ਉਸ ਨੂੰ ‘ਪੀਰ ਸਾਹਬ’ ਤਖ਼ੱਲਸ ਨਾਲ ਹੀ ਸੰਬੋਧਨ ਕਰਦੇ। ਉਸਦੀ ਬੜੀ ਇਜ਼ਤ ਤੇ ਰੋਹਬਦਾਬ ਸੀ। ਭੁਲੱਥ ’ਚ ਹੀ ਉਹਦੀ ਰਿਹਾਇਸ਼ਗਾਹ ਸੀ।

ਐਕਸਾਈਜ਼ ਮਹਿਕਮੇ ਥੱਲੇ ਅਫੀਮ, ਡੋਡੇ, ਪੋਸਤ ਤੇ ਤਮਾਕੂ ਵਰਗੇ ਨਸ਼ੇ ਆਉਂਦੇ ਸਨ। ਅਰਾਈਂ ਮੁਸਲਮਾਨਾਂ ਦੀ ਜ਼ਮੀਨ ਥੋੜ੍ਹੀ-ਥੋੜ੍ਹੀ ਹੀ ਹੁੰਦੀ। ਉਹ ਕੁਝ ਜਗ੍ਹਾ ’ਤੇ ਸਬਜ਼ੀਆਂ, ਫ਼ਲ ਤੇ ਬਾਕੀ ’ਤੇ ਨਸ਼ੇ ਵਾਲੀਆਂ ਫ਼ਸਲਾਂ ਬੀਜਦੇ। ਨਾਲ ਮੁਸਲਮਾਨ ਹੁੱਕੇ ਤੇ ਨਸ਼ੇ-ਪੱਤੇ ਦੇ ਸ਼ੌਕੀਨ ਜੂ ਵਾਹਵਾ ਹੁੰਦੇ ਸਨ। ਇਸੇ ਲਈ ਅੰਗਰੇਜ਼ ਸਰਕਾਰ ਨੇ ਇਸ ਦਾ ਵੱਖਰਾ ਮਹਿਕਮਾ ਬਣਾਇਆ ਹੋਇਆ ਸੀ।

ਤਹਿਸੀਲਦਾਰ ਘੋੜੇ ’ਤੇ ਮਸਤ ਆਪਣੀ ਹੀ ਚਾਲੇ ਗੁਰਦੁਆਰੇ ਕੋਲੋਂ ਲੰਘ ਰਿਹਾ ਸੀ। ਪਰ ਰੁਕ ਗਿਆ। ਢਾਣੀ ’ਚ ਬੈਠੇ ਬਾਪੂ ਲਾਭ ਸਿੰਘ ਨੂੰ ਅਦਬ ਨਾਲ ਸਿਰ ਝੁਕਾ ਕੇ ਬੋਲਿਆ, “…ਸਲਾਮ ਲੈਕਮ… ਬਾਪੂ ਜੀ….।”

“…ਵਾ-ਲੈਕਮ ਸਲਾਮ…।” ਕਹਿੰਦਿਆਂ ਬਾਪੂ ਨੇ ਵੀ ਉਸ ਅੱਗੇ ਸਿਰ ਝੁਕਾਇਆ।

ਉਹ ਘੋੜੇ ’ਤੇ ਬੈਠਾ-ਬੈਠਾ ਹੀ ਬਾਪੂ ਨਾਲ ਗੱਪ-ਸ਼ੱਪ ਲਾਉਣ ਲੱਗਾ।



“ਗਰਮੀ ’ਚ ਕਿਧਰ ਘੁੰਮਦੇ-ਫਿਰਦੇ ਓ… ਪੀਰ ਸਾਹਬ….।”

“ਫਸਲ ਪੱਕ ਰਹੀ ਏ…. ਡੋਡਿਆਂ ਦੀ…. ਚੱਕਰ ਮਾਰਨ ਆਇਆਂ ਇਲਾਕੇ ਦਾ…. ਸਵੇਰ ਦਾ ਨਿਕਲਿਆ…. ਪਰ ਗਰਮੀ ਤਾਂ ਵੱਟ ਕੱਢੀ ਜਾ ਰਹੀ ਏ….।”

“ਆਓ ਫਿਰ ਉਤਰੋ…. ਸਾਹ ਲਵੋ.. ਪਾਣੀ-ਧਾਣੀ ਪੀਵੋ…. ਠੰਢੇ-ਠਾਰ ਹੋ ਕੇ ਜਾਇਓ…।”

“ਨਹੀਂ ਬਸ….. ਪਿੱਛੋਂ ਰਸਤਿਉਂ ਪੀ ਆਇਆਂ….।”

“ਠੀਕ ਏ…. ਜਿਵੇਂ ਤੁਹਾਡੀ ਮਰਜੀ… ਆਪਣੇ ਭੁਲੱਥ ਦਾ ਸੁਣਾਓ… ਕੀ ਹਾਲਾਤ ਨੇ….।”

“ਅਜੇ ਤਾਂ ਖ਼ੈਰ-ਸੁਖ ਹੀ ਏ…. ਪਰ ਲੋਕ ਬੜੇ ਡਰੇ ਹੋਏ ਨੇ…. ਪਤਾ ਨਹੀਂ ਘੜੀ-ਪਲ ’ਚ ਕੀ ਵਾਪਰ ਜਾਵੇ…।”

“ਵਾਹਿਗੁਰੂ ਖ਼ੈਰ ਕਰੇ, ਪੀਰ ਸਾਹਬ… ਜਨੂਨੀ ਲੋਕ ਪਾਣੀਆਂ ਨੂੰ ਲਾਠੀਆਂ ਨਾਲ ਵੱਖ ਕਰਨ ਡਹੇ ਨੇ…. ਪਰ ਆਪਾਂ ਨਹੀਂ ਜੇ ਹੋਣਾ…।”

“ਸਰਦਾਰ ਸਾਹਬ… ਸਿੱਖਾਂ-ਮੁਸਲਮਾਨਾਂ ਦੀਆਂ ਸਾਂਝਾਂ ਕਿਸੇ ਤੋਂ ਲੁਕੀਆਂ ਹੋਈਆਂ ਨੇ…. ਇਹ ਤਾਂ ਸਾਡੇ ਵੱਡੇ ਲੀਡਰ ਹੀ ਆਪੋ-ਆਪਣੇ ਮੁਫ਼ਾਦਾਂ ਲਈ ਭੱਠਾ ਬਿਠਾਉਣ ’ਤੇ ਤੁਲੇ ਹੋਏ ਨੇ… ਲੋਕ ਤਾਂ ਭੋਲੇ-ਭਾਲੇ ਨੇ….. ਉਹ ਕੀ ਜਾਨਣ ਲੀਡਰਾਂ ਦੀਆਂ ਚਾਲਾਂ….।”

“ਆਹੋ ਜੀ….. ਜੇ ਸਾਡੇ ਲੀਡਰ ਚੱਜ ਦੇ ਹੋਣ ਤਾਂ ਅੰਗਰੇਜ਼ਾਂ ਦੀ ਕੀ ਹਿੰਮਤ ਏ, ਵੰਡ ਹੋ ਜੇ….. ਕਹਿੰਦੇ ਨੇ ਮੁਸਲਮਾਨਾਂ ਲਈ ਵੱਖਰਾ ਹਿੱਸਾ ਕੱਟ ਰਹੇ ਨੇ…. ਉਹ ਉੱਥੇ ਜਾਣਗੇ…।”

“ਇਵੇਂ ਹੀ ਸੁਣਦੇ ਆਂ ਬਾਪੂ ਜੀ…. ਰੱਬ ਸੁਖ ਰੱਖੇ…।”

ਏਨੇ ਨੂੰ ਪਿੰਡ ’ਚੋਂ ਪੁਲਿਸ ਦੀ ਇਕ ਟੁਕੜੀ ਨਿਕਲ ਆਈ। ਜੋ ਕਪੂਰਥਲਾ ਸਟੇਟ ਦੇ ਰਾਜੇ ਵੱਲੋਂ ਪਿੰਡਾਂ ’ਚ ਰਾਖੀ ਲਈ ਭੇਜੀ ਹੋਈ ਸੀ। ਹਾਲਾਤ ਖਰਾਬ ਹੋਣ ਕਰਕੇ ਰਾਜੇ ਨੇ ਅੰਗਰੇਜ਼ਾਂ ਦੇ ਰਿਟਾਇਰ ਫ਼ੌਜੀ ਟੈਮਪਰੇਰੀ ਭਰਤੀ ਕਰ ਲਏ ਸਨ। ਲੋਕਾਂ ਦੀ ਜਾਨ-ਮਾਲ ਦੀ ਰਾਖੀ ਕੀਤੀ ਜਾ ਸਕੇ। ਪਰਜਾ ਅਮਨ-ਚੈਨ ਨਾਲ ਰਹਿ ਸਕੇ। ਕੋਈ ਮਾੜੀ ਘਟਨਾ ਨਾ ਵਾਪਰੇ।

ਪੰਜੇ ਸਿਪਾਹੀ ਪੀਰ ਸਾਹਬ ਤੇ ਬਾਪੂ ਲਾਭ ਸਿੰਘ ਦੇ ਕੋਲ ਆ ਗਏ। ਉਨ੍ਹਾਂ ’ਚੋਂ ਦੋ ਸਿਪਾਹੀ ਤਾਂ ਪਿੰਡ ਦੇ ਹੀ ਬੰਦੇ ਸਨ। ਪਰ ਉਹਨਾਂ ਆਪਣੇ ਕੰਮ ਦੇ ਉਲਟ, ਆਉਂਦਿਆਂ ਹੀ ਪਿੰਡ ਨੂੰ ਉਜਾੜਨ ਤੇ ਮੁਸਲਮਾਨਾਂ ਦੀ ਮਾਰ-ਧਾੜ ਕਰਨ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

ਖੜ੍ਹੇ ਲੋਕਾਂ ਨੇ ਇਸ ਗੱਲ ਦਾ ਵਿਰੋਧ ਕੀਤਾ। ਬਾਪੂ ਲਾਭ ਸਿੰਘ ਨੇ ਫ਼ੌਜੀਆਂ ਨੂੰ ਨਾਂਹ-ਪੱਖੀ ਜੁਆਬ ਦਿੰਦਿਆਂ, ਪਰ ਪਿਆਰ ਨਾਲ ਕਿਹਾ, “….ਇਹ ਵੀ ਕੋਈ ਗੱਲ ਹੋਈ, ਫ਼ੌਜੀਓ…. ਇਹ ਗੱਲ ਤੁਹਾਡੇ ਮੂੰਹੋਂ ਤਾਂ ਨਹੀਂ ਸ਼ੋਭਦੀ…. ਤਹੀਂ ਸਗੋਂ ਆਪਣੀ ਡਿਊਟੀ ਕਰੋ…. ਇਹੋ ਜਿਹਾ ਵਧੀਆ ਪ੍ਰਬੰਧ ਕਰੋ ਕਿ ਕੋਈ ਮਾੜੀ ਘਟਨਾ ਨਾ ਘਟੇ….।”

“ਬਾਪੂ…. ਹੁਣ ਸਮਾਂ ਉਹ ਨਹੀਂ ਰਿਹਾ…. ਮੁਸਲਮਾਨਾਂ ਲਈ ਵੱਖਰਾ ਦੇਸ਼ ਬਣ ਗਿਐ…. ਹੁਣ ਇੱਥੇ ਇਨ੍ਹਾਂ ਦਾ ਕੀ ਕੰਮ…।” ਇਕ ਹੋਰ ਫ਼ੌਜੀ ਬੋਲਿਆ।

“ਨਾ ਬਈ…. ਇੰਜ ਨਹੀਂ ਕਹੀਦਾ ਪੁੱਤਰ ਅਸੀਂ ਤਾਂ ਸਾਰੇ ਕਈ ਪੀੜ੍ਹੀਆਂ ਤੋਂ ’ਕੱਠੇ ਰਹਿ ਰਹੇ ਆਂ….. ਬਈ ਰਾਜ ਬਦਲਦੇ ਨੇ, ਠੀਕ ਏ….. ਪਰ ਪਰਜਾ ਨਹੀਂ ਬਦਲਦੀ….. ਉਹ ਉੱਥੇ ਹੀ ਰਹਿੰਦੀ ਏ…. ਨਾਲੇ ਸਾਡੇ ’ਚ ਕੋਈ ਊਚ-ਨੀਚ ਨਹੀਂ…. ਕੋਈ ਸਿੱਖ-ਮੁਸਲਮਾਨ ਨਹੀਂ…. ਅਸੀਂ ਇਕ ਆਂ…… ਸਾਡੇ ਤਾਂ ਕੰਮ ਸਾਂਝੇ ਨੇ….. ਵਰਤਨ ਵਿਹਾਰ ਸਾਂਝੇ….. ਪਿੰਡਾਂ ਦੀਆਂ ਧੀਆਂ-ਭੈਣਾਂ

ਸਾਂਝੀਆਂ.... ਸੱਭਿਆਚਾਰ ਤਾਂ ਸਾਡਾ ਹੈ ਹੀ ਇਕ.... ਅਸੀਂ ਕਿਵੇਂ ਤੁਹਾਡੇ ਆਖੇ ਲੱਗ ਉਜਾੜ ਸਕਦੇ ਆਂ, ਇਨ੍ਹਾਂ ਨੂੰ..... ਨਾਲੇ ਇਹਨਾਂ ਸਾਡਾ ਵਿਗਾੜਿਆ ਕੀ ਐ...... ਭਾਈ ਹੋਰ ਚੌਂਹ ਦਿਨਾਂ ਨੂੰ ਹਾਲਾਤ ਠੀਕ ਹੋ ਗਏ ਤਾਂ ਇਨ੍ਹਾਂ ਨੂੰ ਕੀ ਮੂੰਹ ਦਿਖਾਵਾਂਗੇ.... ਕੁਝ ਰਹੂ ਪੱਲੇ.... ਇਹਨਾਂ ਮੁਸਲਮਾਨ ਭਰਾਵਾਂ ਤੋਂ ਤਾਂ ਅਸੀਂ ਕਈ ਵਾਰ ਲੋੜਾਂ ਥੋੜਾਂ ਪੂਰੀਆਂ ਕਰਦੇ ਆਂ..... ਆਪਣਾ ਬੁੱਤਾ ਰੇੜਦੇ ਆਂ..... ਨਹੀਂ ਤਾਂ ਸਾਡੇ ਵਰਗਿਆਂ ਜੱਟਾਂ ਕੋਲ ਹੈ ਹੀ ਕੀ ਏ.... ਮਿੱਟੀ ਦੀਆਂ ਚਾਰ ਮੁੱਠਾਂ.....।"

"ਛੱਡੋ ਗੱਲਾਂ ਪੁਰਾਣੀਆਂ.... ਬਹੁਤੇ ਹੇਜਲੇ ਨਾ ਬਣੋ.... ਹੁਣ ਵੀ ਤਾਂ ਉਹਨਾਂ ਨੂੰ ਲੁੱਟ-ਉਜਾੜ ਕੇ ਤੁਹਾਨੂੰ ਹੀ ਸਭ-ਕੁਝ ਮਿਲਣੈ..... ਉਏ ਲੁੱਟੋ ਇਨ੍ਹਾਂ ਨੂੰ ਤਰਜੋਗੇ.... ਨਾਲੇ ਹੁਣ ਮੀਰ ਮੰਨੂੰ ਦੀ ਔਲਾਦ ਦੇ ਵੀ ਦੋਖੀ ਨੇ....।" ਬੂੜ ਸਿੰਘ ਨੇ ਜਿਵੇਂ ਪਤੇ ਦੀ ਗੱਲ ਦੱਸ ਦਿੱਤੀ ਹੋਵੇ।

"ਓਏ ਫ਼ੌਜੀਓ.... ਸ਼ਰਮ ਕਰੋ.... ਖ਼ਬਰਦਾਰ.... ਜੇ ਇਹੋ ਜਿਹੀਆਂ ਗੱਲਾਂ ਏਥੇ ਕੀਤੀਆਂ ਤਾਂ.... ਤੁਹਾਨੂੰ ਰਾਖੀ ਲਈ ਰਾਜੇ ਨੇ ਭੇਜਿਐ.... ਇਹੋ ਜਿਹੀਆਂ ਕਰਤੂਤਾਂ ਘੋਲਣ ਨੂੰ ਨਹੀਂ.... ਤੁਹਾਨੂੰ ਡੁੱਬ ਮਰਨਾ ਚਾਹੀਦੈ... ਨਾਲੇ ਬੂੜ ਸਿੰਆਂ ਤੇਰੇ ਪਿਓ ਨੇ ਤਾਂ ਮੁਸਲਮਾਨਾ ਤੋਂ ਉਧਾਰ ਲੈ-ਲੈ ਮਸਾਂ ਘਰ ਦਾ ਰੋਟੀ-ਟੁੱਕ ਚਲਾਇਐ, ਤੇ ਤੂੰ ਉਹਨਾਂ ਬਾਰੇ ਇੰਜ ਸੋਚਦੈ... ਲੱਖ-ਲਾਹਣਤ ਐ ਬਈ, ਤੇਰੇ ਵਾਲੀ ਤਾਂ....।" ਲਾਭ ਸਿੰਘ ਨੇ ਸਿਰ ਮਾਰਦਿਆਂ ਬੂੜ ਸਿੰਘ ਨੂੰ ਗੁੱਸੇ 'ਚ ਕਿਹਾ। ਲਾਗੇ ਖੜ੍ਹੇ ਹੋਰਨਾਂ ਸਿਆਣੇ ਬੰਦਿਆਂ ਨੇ ਵੀ ਕੁਝ ਇਸ ਤਰ੍ਹਾਂ ਦੇ ਹੀ ਰੁੱਖੇ ਜੁਆਬ ਦਿੱਤੇ।

ਬੂੜ ਸਿੰਘ ਇਕ ਵਾਰ ਤਾਂ ਚਿੱਤ ਜਿਹਾ ਹੋ ਗਿਆ। ਪਰ ਇਸ ਦੇ ਬਾਵਜੂਦ ਉਹਦੇ ਦਿਮਾਗ਼ 'ਚ ਗੁੱਸਾ ਹੋਰ ਵੱਧ ਗਿਆ ਸੀ। ਸਰੀਰ ਨੂੰ ਅੱਚੋਤਾਈ ਲੱਗੀ ਹੋਈ। ਜਿਵੇਂ ਕੋਈ ਚੀਜ਼ ਉਹਨੂੰ ਅੰਦਰੋਂ-ਅੰਦਰ ਕੁਤਰ ਰਹੀ ਹੋਵੇ। ਲੋਕਾਂ ਦੀਆਂ ਕੋਰੀਆਂ ਤੇ ਖਰੀਆਂ ਸੁਣ ਕੇ ਟੁਕੜੀ ਦੇ ਬਾਕੀ ਫ਼ੌਜੀ ਵੀ ਇਕ ਵਾਰ ਤਾਂ ਦੰਗ ਰਹਿ ਗਏ ਸਨ। ਉਹਨਾਂ ਨੂੰ ਇਹੋ ਜਿਹੀ ਉਮੀਦ ਹੀ ਨਹੀਂ ਸੀ। ਇਹ ਸਿੱਖ ਹੋ ਕੇ ਵੀ ਸਾਡੀ ਗੱਲ ਨਹੀਂ ਸੁਣਦੇ। ਇਹ ਤਾਂ ਮੁਸਲਮਾਨਾਂ ਨਾਲ ਮੋਢੇ ਨਾਲ ਮੋਢਾ ਲਾ ਖੜ੍ਹੇ ਨੇ। ਉਹਨਾਂ ਦੇ ਸੋਚੇ-ਸਮਝੇ ਅਰਮਾਨ ਭੁਰ ਰਹੇ ਸਨ।

ਘੋੜੇ ਵਾਲਾ ਪੀਰ ਸਾਹਬ ਡੌਰ-ਭੌਰਿਆ ਉਹਨਾਂ ਦੇ ਵਾਰਤਾਲਾਪ ਸੁਣ ਰਿਹਾ ਸੀ। ਜਿਵੇਂ ਉਹਦੇ ਕੰਨਾਂ ਨੂੰ ਇਤਬਾਰ ਨਹੀਂ ਸੀ ਆ ਰਿਹਾ। ਇਹ ਫ਼ੌਜੀ ਕਿਵੇਂ ਦੀਆਂ ਗੱਲਾਂ ਕਰਨ ਡਹੇ ਨੇ। ਲੋਕ ਇਕਦਮ ਅੱਖਾਂ ਕਿਵੇਂ ਬਦਲ ਲੈਂਦੇ ਨੇ। ਨਫ਼ਰਤ ਵਾਲੀਆਂ ਗੱਲਾਂ ਕਰਨ ਲੱਗਿਆਂ ਇਨ੍ਹਾਂ ਨੂੰ ਸ਼ਰਮ ਵੀ ਨਹੀਂ ਆਉਂਦੀ। ਜਿਹੜੇ ਮੈਨੂੰ ਕੱਲ ਤੱਕ ਝੁਕ-ਝੁਕ ਸਲਾਮਾਂ ਪਏ ਕਰਦੇ ਸਨ। ਉਹ ਕਿਵੇਂ ਗਿੱਦੜਾਂ ਤੋਂ ਸ਼ੇਰ ਬਣੇ ਬੈਠੇ ਨੇ। ਉਹ ਹੁਣ ਤੱਕ ਡਰ ਜ਼ਰੂਰ ਗਿਆ ਸੀ। ਉਸ ਨੂੰ ਹੁਣ ਨਿਕਲ ਜਾਣਾ ਚਾਹੀਦਾ ਹੈ। ਉਹਦੇ ਸਰੀਰ ਨੂੰ ਝੁਨਝੁਨੀਆਂ ਜਿਹੀਆਂ ਆ ਰਹੀਆਂ। ਦਿਲ ਦੀ ਧੜਕਣ ਦੀ ਗਿਣਤੀ ਵਸੋਂ ਬਾਹਰੀ ਹੋ ਰਹੀ। ਉਸ ਨੂੰ ਫੇਰ ਵੀ ਕੁਝ ਹੌਸਲਾ ਸੀ ਬਾਪੂ ਲਾਭ ਸਿੰਘ ਵਰਗੇ ਸਿਆਣੇ ਲੋਕ ਵੀ ਏਸੇ ਧਰਤੀ ਦੇ ਵਾਸੀ ਨੇ, ਜਿਨ੍ਹਾਂ 'ਚ ਵਾਲ ਭਰ ਵੀ ਦੂਜਿਆਂ ਧਰਮਾਂ ਪ੍ਰਤੀ ਨਫ਼ਰਤ ਨਹੀਂ।

ਬੂੜ ਸਿੰਘ ਦੀਆਂ ਅੱਖਾਂ ਲਟ-ਲਟ ਬਲ ਰਹੀਆਂ। ਜਿਵੇਂ ਕਿਸੇ ਨੂੰ ਕੱਚਾ ਹੀ ਖਾ ਜਾਵੇਗਾ। ਫੇਰ ਇਕਦਮ ਉਹਨੇ ਨਾ ਆ ਦੇਖਿਆ ਨਾ ਤਾਅ। ਸਿੱਧਾ ਘੋੜੇ ਚੜ੍ਹੇ, ਪੀਰ ਲਾਗੇ ਚਲਾ ਗਿਆ। ਉਤਾਂਹ ਨੂੰ ਉਭਰਿਆ ਤੇ ਵੱਟ ਕੇ ਚਪੇੜ ਕੱਢ ਮਾਰੀ। ਫੇਰ ਇਕ ਹੋਰ ਮਾਰੀ ਤਾਂ ਉਹਦੀ ਪੱਗ ਲਹਿ ਕੇ ਪਰੇ ਜਾ ਪਈ। ਉਹਦੀ ਬੰਦੂਕ ਵੀ ਖਿੱਚ ਕੇ ਖੋਹ ਲਈ। ਨਾਲ ਹੀ ਧੱਕਾ ਮਾਰ ਕੇ ਘੋੜੇ ਤੋਂ ਥੱਲੇ ਸੁੱਟ ਦਿੱਤਾ। ਉਹ ਧੜੰਮ ਕਰਦਾ ਸਿਰ ਪਰਨੇ ਜਾ ਡਿੱਗਾ। ਉਹਦੇ ਲਈ ਤਾਂ ਜਿਵੇਂ ਪਰਲੋ ਆ ਗਈ ਸੀ। ਉਹ ਹੈਰਾਨ



ਪ੍ਰੇਸ਼ਾਨ ਹੋਇਆ ਥੱਲੇ ਲਿਟਿਆ ਪਿਆ ਸੀ। ਉਹਨੂੰ ਸਮਝ ਨਹੀਂ ਸੀ ਪੈ ਰਹੀ, ਆਖ਼ਰ ਉਹਨੂੰ ਕਾਹਦੀ ਸਜ਼ਾ ਮਿਲ ਰਹੀ ਸੀ। ਸਿਰਫ਼ ਮੁਸਲਮਾਨ ਹੋਣ ਦੀ। ਉਹ ਮਿੱਟੀ 'ਚ ਲਿਬੜਿਆ ਡੌਰ-ਭੌਰਾ, ਸਾਰਿਆਂ ਵੱਲ ਦੇਖਣ ਲੱਗ ਪਿਆ। ਹੁਣ ਤਾਂ ਉਹਦੇ ਮੂੰਹੋਂ ਕੋਈ ਬੋਲ ਵੀ ਨਹੀਂ ਸੀ ਨਿਕਲ ਰਿਹਾ।

ਲੋਕਾਂ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਇਹ ਕੀ ਹੋ ਗਿਆ? ਨਿਰਦੋਸ਼ ਨਾਲ ਏਡਾ ਵੱਡਾ ਧਰੋਹ। ਕਿਸੇ ਨੂੰ ਏਹੋ ਜਿਹੀ ਹੋਣੀ ਦੀ ਉਮੀਦ ਨਹੀਂ ਸੀ। ਬੂੜ ਸਿੰਘ ਨੇ ਇਹ ਕੀ ਕਰ ਦਿੱਤਾ। ਉਹ ਵੀ ਇਕ ਸਰਕਾਰੀ ਅਫ਼ਸਰ ਨਾਲ, ਨਾਲੇ ਤਹਿਸੀਲਦਾਰ।

ਇਸ ਕਾਰਵਾਈ ਨਾਲ ਬੂੜ ਸਿੰਘ ਦਾ ਜਿਵੇਂ ਦਿਲ ਵਧ ਗਿਆ ਸੀ। ਕੋਈ ਬੋਲਿਆ ਜੂ ਨਹੀਂ ਸੀ। ਉਹ ਆਫ਼ਰੇ ਸਾਹਣ ਵਾਂਗੂੰ ਢਾਕਾਂ 'ਤੇ ਹੱਥ ਰੱਖ ਕੇ ਖਲੋਤਾ ਹੋਇਆ। ਹੁਣ ਉਹਨੇ ਬੰਦੂਕ ਲਹਿਰਾਅ ਕੇ ਖਲੋਤੇ ਲੋਕਾਂ ਨੂੰ ਹੁਕਮ ਚਾੜ੍ਹਿਆ, "ਸੁਣ ਲੋ ਮੇਰੀ ਗੱਲ... ਮੇਰੇ ਵਾਪਸ ਆਉਣ ਤੱਕ ਪਿੰਡ ਉੱਜੜ ਰਿਹਾ ਹੋਣਾ ਚਾਹੀਦੈ.... ਮੁਸਲੇ ਉਜੜਦੇ-ਚੀਕਦੇ ਮੈਨੂੰ ਸੁਣਨੇ ਚਾਹੀਦੇ ਨੇ.... ਸਮਝ ਗਏ ਜੱਟੋ.... ਐਵੇਂ ਬੁਝੜ ਜੱਟ ਨਾ ਬਣੇ ਰਿਹੋ.. ਦਲੇਰ ਹੋ ਜੋ... ਸ਼ੇਰਾਂ ਦੀ ਕੌਮ ਓ.....।" ਸ਼ਰਾਬ ਤਾਂ ਉਹਨੇ ਪਹਿਲਾਂ ਹੀ ਪੀਤੀ ਹੋਈ ਸੀ। ਹੋਰ ਪੀਣ ਲਈ ਉਹ ਸਾਥੀਆਂ ਸਮੇਤ ਜੱਗਾਂ ਵਾਲੇ ਪਹੇ ਨੂੰ ਚਲੇ ਗਏ।

ਸਭ ਲੋਕ ਅਚੰਭਤ ਹੋਏ ਪਏ ਸਨ। ਇਕ ਸਿਆਣੇ-ਬਿਆਣੇ ਆਦਮੀ ਦੀ ਬਿਨ-ਗਲੋਂ ਬੇਇਜ਼ਤੀ ਕਰ ਦਿੱਤੀ। ਪਰ ਕਿਸੇ 'ਚ ਵੀ ਬੂੜ ਸਿੰਘ ਦੇ ਹਥਿਆਰਬੰਦ ਦਸਤੇ ਨਾਲ, ਦੋ-ਹੱਥ ਕਰਨ ਦੀ ਹਿੰਮਤ ਨਹੀਂ ਸੀ। ਨਾ ਹੀ ਕਿਸੇ ਨੇ ਹਿੰਮਤ ਦਿਖਾਈ। ਸਾਰਿਆਂ ਨੂੰ ਸੁਸਰੀ ਪਈ ਹੋਈ।

ਏਨੇ ਚਿਰ 'ਚ ਦੋਵੇਂ ਸਾਈਕਲ ਸਵਾਰ ਮੁਸਲਮਾਨ ਡਰਦੇ ਮਾਰੇ ਸਾਈਕਲ ਉੱਥੇ ਹੀ ਸੁੱਟ ਕੇ ਪਤਾ ਨਹੀਂ ਕਿਧਰ ਨੂੰ ਦੌੜ ਗਏ। ਲੋਕਾਂ ਨੇ ਵੀ ਡਰ ਮਹਿਸੂਸ ਕਰਦਿਆਂ, ਪੀਰ ਸਾਹਬ ਅੱਗੇ ਹੱਥ ਜੋੜਦਿਆਂ ਮੁਆਫੀ ਮੰਗੀ। ਆਪਣੀ ਮਜਬੂਰੀ ਤੇ ਬੇਬਸੀ ਪ੍ਰਗਟਾਉਂਦਿਆਂ ਬੋਲੇ, "ਪੀਰ ਸਾਹਬ.... ਤੁਸੀਂ ਵੀ ਚਲੇ ਜਾਓ... ਹਾਲਾਤ ਖ਼ਰਾਬ ਹੋ ਰਹੇ ਨੇ.... ਸਮੇਂ ਦੀ ਨਜ਼ਾਕਤ ਨੂੰ ਸਮਝੋ..... ਸਾਡੇ ਆਖੇ ਲੱਗੋ.. ਜਾਓ ਛੇਤੀ ਨਿਕਲ ਜਾਓ.... ਐਵੇਂ ਕੋਈ ਭਾਣਾ ਨਾ ਵਰਤਜੇ.... ਇਹਨਾਂ ਛੁਦਾਈ ਫ਼ੌਜੀਆਂ ਦਾ ਕੀ ਪਤਾ.... ਕੰਜਰ ਪਾਗਲ ਹੋਏ ਪਏ ਨੇ.... ਸ਼ਰਾਬੀ....।"

"ਭਾਈ ਸਾਹਬ, ਮੈਂ ਬੇਇਜ਼ਤ ਹੋ ਕੇ ਕਿਵੇਂ ਪਿੰਡ ਚਲਾ ਜਾਵਾਂ... ਕੀ ਮੂੰਹ ਦਿਖਾਵਾਂਗਾ.... ਮੇਰੀ ਪੱਗ ਤੋਂ ਬਗ਼ੈਰ ਇਹ ਹਾਲਤ.... ਭੁਲੱਥ ਦੇ ਲੋਕ ਦੇਖਣਗੇ ਤਾਂ ਮੇਰੇ ਪੱਲੇ ਕੀ ਰਹੇਗਾ.... ਆਖ਼ਰ ਮੈਂ ਵੀ ਇੱਜ਼ਤਦਾਰ ਬੰਦਾ...।" ਉਹਨੇ ਆਪਣੀ ਬੰਦੂਕ ਤੇ ਪੱਗ ਲਈ ਜਿਦ ਕੀਤੀ। ਜੋ ਬੂੜ ਸਿੰਘ ਦੇ ਬੰਦੇ ਨਾਲ ਲੈ ਗਏ ਸਨ।

"ਪੀਰ ਸਾਹਬ.... ਅਸੀਂ ਕੀ ਕਰੀਏ.... ਹੁਣ ਕੁਝ ਨਹੀਂ ਕਰ ਸਕਦੇ.... ਹਾਲਤ ਵਿਗੜ ਰਹੇ ਨੇ..... ਇਨ੍ਹਾਂ ਸਿਪਾਹੀਆਂ ਨੂੰ ਕੌਣ ਨੱਥ ਪਾਵੇ.... ਹਥਿਆਰ ਇਨ੍ਹਾਂ ਕੋਲ ਨੇ... ਮੇਰੇ ਵਰਗੇ ਦੀ ਚਿੱਟੀ ਦਾਹੜੀ ਨੂੰ ਪੈਂਦੇ ਨੇ.... ਮੇਰੀ ਮੰਨੋ ਤੁਰੰਤ ਚਲੇ ਜਾਵੋ.... ਸਮਾਂ ਨਾ ਖਰਾਬ ਕਰੋ..... ਤੁਸੀਂ ਕੱਲੇ ਓ..... ਕਿਤੇ ਹੋਰ ਆਫ਼ਤ ਨਾ ਫਿਰ ਆ ਜਾਵੇ..... ਪੱਗ ਬੰਦੂਕ ਨੂੰ ਛੱਡੋ.... ਇਹ ਫਿਰ ਮਿਲ ਜਾਵੇਗੀ... ਜੇ ਮਿਲ ਗਈ ਤਾਂ ਤੁਹਾਨੂੰ ਇਜ਼ਤ-ਮਾਣ ਨਾਲ ਪਹੁੰਚਾਅ ਕੇ ਆਵਾਂਗੇ....।" ਬਾਪੂ ਲਾਭ ਸਿੰਘ ਨੇ ਹੱਥ ਜੋੜਦਿਆਂ ਕਾਹਲੀ 'ਚ ਕਿਹਾ।

ਹੋਰ ਸਿਆਣੇ ਬੰਦੇ ਵੀ ਉਸ ਨੂੰ ਜਾਣ ਲਈ ਮਨਾ ਰਹੇ ਸਨ। ਪਰ ਉਸ ਨੂੰ ਪੱਗ ਤੋਂ ਬਗ਼ੈਰ ਜਾਣਾ ਇਵੇਂ ਲੱਗ ਰਿਹਾ ਸੀ ਜਿਵੇਂ ਉਹਦਾ ਕਿਸੇ ਸਿਰ ਹੀ ਕੱਟ ਦਿੱਤਾ ਹੋਵੇ। ਉਹ ਇਵੇਂ ਜਾਣ ਲਈ, ਮਨ

ਨਹੀਂ ਸੀ ਰਿਹਾ। ਅਜੇ ਉਹ ਇਸੇ ਜਕੋ-ਤਕੀ 'ਚ ਹੀ ਸੀ ਕਿ ਬੂੜ ਸਿੰਘ ਸਿਪਾਹੀਆਂ ਸਮੇਤ ਫਿਰ ਲਾਅਲਾ.... ਲਾਅਲਾ.... ਕਰਦਾ ਆ ਧਮਕਿਆ। ਪਿੰਡ ਵਾਲਿਆਂ ਨੂੰ ਉੱਥੇ ਹੀ ਖੜ੍ਹੇ ਤੇ ਪੀਰ ਦੇ ਦੁਆਲੇ ਮਿੰਨਤਾਂ ਕਰਦੇ ਦੇਖਿਆ ਤਾਂ ਉਹ ਹੋਰ ਵੀ ਅੱਗ-ਬਗੋਲਾ ਹੋ ਗਿਆ। ਇਹ ਉਹਨੇ ਕਿਆਸਿਆ ਵੀ ਨਹੀਂ ਸੀ, ਲੋਕ ਉਹਦੇ ਹੁਕਮ ਦੀ ਪਰਵਾਹ ਨਹੀਂ ਕਰਨਗੇ।

"ਬੱਲੇ... ਓ... ਤੁਹਾਡੇ ਤੁਹਾਡੇ 'ਚ ਮਰਦਾਂ ਵਾਲੀ ਕੋਈ ਗੱਲ ਨਹੀਂ ਅਜੇ ਤੱਕ ਮੁਸਲਿਆਂ ਦਾ ਕੁਝ ਨਹੀਂ ਕੀਤਾ... ਕੰਜਰ ਓ ਪੂਰੇ ਤੁਸੀਂ ਕੰਜਰ ਉਧਰ ਪਾਕਿਸਤਾਨ 'ਚ ਮੁਸਲੇ ਸਿੱਖਾਂ ਨੂੰ ਗਾਜਰ-ਮੂਲੀਆਂ ਵਾਂਗੂੰ ਵੱਢ ਰਹੇ ਨੇ ਲੁੱਟ-ਪੁੱਟ ਰਹੇ ਨੇ .... ਧੀਆਂ-ਭੈਣਾਂ ਦੀਆਂ ਇਜ਼ਤਾਂ ਰੋਲ ਰਹੇ ... ਜਾਓ ਅੰਬਰਸਰ ਜਾ ਕੇ ਦੇਖੋ... ਤੁਹਾਨੂੰ ਅਕਲ ਆਵੇ... ਸਿੱਖਾਂ ਦੀਆਂ ਲਾਸ਼ਾਂ ਨਾਲ ਭਰੀਆਂ ਰੇਲ-ਗੱਡੀਆਂ ਲਾਹੌਰ ਵੱਲੋਂ ਆ ਰਹੀਐ... ਤੁਸੀਂ ਮਰੇ ਪਏ ਓ, ਮਿੱਟੀ ਖਾ-ਖਾ... ਝੋਟੇ ਕੁੱਟਣ ਵਾਲਿਓ, ਝੋਟੇ ਹੀ ਓ ਤੁਹੀਂ, ਸਾਰੇ ... ਬੰਦਾ ਨਹੀਂ ਰਹਿ ਗਏ... ਤੁਹਾਡੀ ਹਿੱਕ 'ਤੇ ਬੈਠੇ ਇਹ 'ਮੁਸਲੇ ਮੌਜਾਂ ਲੈਣ ਡਹੇ ਨੇ ਮਾਦਰ ਚੋ... ਤੁਹੀਂ ਇਨ੍ਹਾਂ ਤੋਂ ਬਦਲੇ ਨਹੀਂ ਲੈ ਸਕਦੇ ਤਾਂ ਡੁੱਬ ਮਰੋ... ਐਸ ਗੰਦੇ ਛੱਪੜ 'ਚ.... ਡੋਬ ਦੇਓ ਸਿੱਖੀ ਦਾ ਨਾਂ....।" ਉੱਚੀ-ਉੱਚੀ ਬੋਲਦਿਆਂ ਉਸ ਨੇ ਖੜ੍ਹੇ ਬੰਦਿਆਂ ਦੇ ਬੱਟ ਮਾਰਨੇ ਸ਼ੁਰੂ ਕਰ ਦਿੱਤੇ। ਲੋਕਾਂ 'ਚ ਹਫੜਾ-ਦਫੜੀ ਮਚ ਗਈ।

ਨਵੇਂ ਬਣੇ ਪਾਕਿਸਤਾਨ 'ਚ ਸਿੱਖਾਂ 'ਤੇ ਹੋ ਰਹੇ ਕਤਲੇਆਮ ਦੀਆਂ ਗੱਲਾਂ ਸੁਣ ਕੇ ਕੁਝ ਜਣਿਆਂ 'ਤੇ ਅਸਰ ਜ਼ਰੂਰ ਹੋਇਆ। ਪਰ ਕੋਈ ਵੀ ਭੈੜਾ ਕਾਰਾ ਕਰਨ ਦੀ ਉਹਨਾਂ 'ਚ ਅਜੇ ਹਿੰਮਤ ਨਾ ਪਈ। ਕੋਈ ਗੱਲ ਨਾ ਬਣਦੀ ਦੇਖ ਕੇ ਬੂੜ ਸਿੰਘ ਬੌਖਲਾਹਟ 'ਚ ਆ ਗਿਆ। ਉਹਦੀ ਏਨੀ ਕਾਰਵਾਈ ਤੇ ਸਿਰ ਖਪਾਈ ਦਾ ਵੀ ਲੋਕਾਂ 'ਤੇ ਅਸਰ ਨਹੀਂ ਸੀ ਹੋ ਰਿਹਾ। ਉਹ ਬੇਵੱਸ ਹੋ ਰਿਹਾ ਸੀ।

ਥੋੜ੍ਹੀ ਚੁੱਪ ਦੇਖ ਕੇ ਮੁਸਲਮਾਨ ਪੀਰ, ਬੂੜ ਸਿੰਘ ਵੱਲ ਹੋਇਆ ਤੇ ਹੱਥ ਜੋੜੇ, "ਮਹਾਰਾਜ .... ਮੇਰੀ ਪਗੜੀ ਤੇ ਬੰਦੂਕ ਦੇ ਦਿਓ.... ਮੈਂ ਭੁਲੱਥ ਜਾਣੈ....

"ਹਨੇਰਾ ਹੁੰਦੈ.... ਤੁਹਾਡੀ ਮਿਹਰਬਾਨੀ ਹੋਵੇਗੀ....।" ਨਾਲ ਉਹ ਕਹਿੰਦਾ-ਕਹਿੰਦਾ ਕੰਬ ਵੀ ਰਿਹਾ ਸੀ। "ਆ ਦੇਨਾ ਤੈਨੂੰ....।" ਸੂਬੇਦਾਰ ਬੂੜ ਸਿੰਘ ਨੇ ਉਹਨੂੰ ਗਲਮੇ ਤੋਂ ਫੜ ਕੇ ਧਰੂ ਲਿਆ ਤੇ ਗੁਰਦੁਆਰੇ ਦੀ ਕੋਠੜੀ ਵੱਲ ਲੈ ਗਿਆ। ਅੰਦਰ ਜਾ ਕੇ ਡੱਕ ਦਿੱਤਾ। ਬੂਹਾ ਬੰਦ ਕਰ ਦਿੱਤਾ। ਗੁਰਦੁਆਰੇ ਦਾ ਇਹ ਕਮਰਾ ਕੱਚੀ-ਮਿੱਟੀ ਨਾਲ ਲਿਪਿਆ-ਪੋਚਿਆ, ਛੋਟਾ ਜਿਹਾ ਕੋਠੜਾ ਜਿਹਾ ਹੀ ਸੀ। ਜਿਸ 'ਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਬਾਕੀ ਸਾਰਾ ਆਲਾ-ਦੁਆਲਾ ਖਾਲੀ ਹੀ ਸੀ। ਵਿਹੜੇ 'ਚ ਵੱਡਾ ਸਾਰਾ ਬੋਹੜ ਲੱਗਾ ਹੋਇਆ, ਸੰਘਣੀ ਛਾਂ ਵਾਲਾ। ਗੁਰਦੁਆਰੇ ਸਾਹਮਣੇ ਸੜਕ ਤੋਂ ਪਿੰਡ ਵਾਲੇ ਪਾਸੇ ਵੱਡਾ ਛੱਪੜ ਸੀ ਤੇ ਉਸ ਦੇ ਆਲੇ ਦੁਆਲੇ ਝਾੜੀਆਂ-ਬੂਟੀਆਂ ਵਾਲੀ ਵੀਰਾਨ ਜਗ੍ਹਾ। ਗੁਰਦੁਆਰੇ ਦੇ ਸਾਹਮਣੇ ਪਿੰਡ ਨੂੰ ਜੋੜਦਾ ਰਸਤਾ ਸੀ। ਬੂੜ ਸਿੰਘ ਨੇ ਫੇਰ ਖੜ੍ਹੇ ਲੋਕਾਂ ਨੂੰ ਹੁਕਮ ਚਾੜ੍ਹਿਆ, "ਮੈਂ ਦੇਖੋ ਫੇਰ ਚੱਲਿਆਂ .... ਮੇਰੇ ਆਉਣ ਤੋਂ ਪਹਿਲਾਂ ਇਸ ਮੁਸਲੇ ਦਾ ਕੰਮ ਕਰ ਦਿਓ ਤੇ ਪਿੰਡ ਉਜਾੜਨ ਵੱਲ ਹੋ ਤੁਰੋ .... ਨਹੀਂ ਤਾਂ ਮੇਰੇ ਤੋਂ ਬੁਰਾ ਹੋਰ ਕੋਈ ਨਹੀਂ....ਤੁਹਾਡੇ ਹੱਡ ਸੇਕ ਦੇਵਾਂਗਾ ਮਾਰ-ਮਾਰ.... ਸਮਝ ਗਏ....।" ਇਨਾਂ ਕਹਿੰਦਿਆਂ ਉਹ ਫਿਰ ਸਾਥੀਆਂ ਸਮੇਤ ਚਲਾ ਗਿਆ।

ਲੋਕ ਉਸੇ ਤਰ੍ਹਾਂ ਹੀ ਦੁਚਿਤੀ 'ਚ ਫਸੇ ਤੇ ਡਰੇ ਹੋਏ। ਇੱਕ-ਦੂਜੇ ਦੇ ਮੂੰਹਾਂ ਵੱਲ ਦੇਖੀ ਜਾ ਰਹੇ ਸਨ। ਹੁਣ ਕੀ ਕੀਤਾ ਜਾਵੇ। ਅੰਦਰ ਡੱਕੇ ਭਲੇ ਆਦਮੀ ਨੂੰ ਕਿਸ ਤਰ੍ਹਾਂ ਮਾਰ ਮੁਕਾਈਏ। ਕੀ ਵਿਗਾੜਿਐ ਇਹਨੇ ਸਾਡਾ। ਅਸੀਂ ਕਿਉਂ ਨਿਹੱਥੇ 'ਤੇ ਵਾਰ ਕਰੀਏ। ਇਹ ਜ਼ੁਲਮ ਅਸੀਂ ਨਹੀਂ ਕਰ



ਸਕਦੇ। ਇਹ ਪਾਪ ਏ। ਕੋਈ ਵੀ ਏਸ ਕੰਮ ਲਈ ਤਿਆਰ ਨਹੀਂ ਸੀ। ਪਰ ਬੂੜ ਸਿੰਘ ਦਾ ਕੀ ਕੀਤਾ ਜਾਵੇ। ਉਹਦੇ ਗੁੱਸੇ ਅੱਗੇ ਕੌਣ ਖਲੋਵੇ।

ਇੰਨੇ ਨੂੰ ਕੀ ਦੇਖਦੇ ਆਂ ਅੱਡੇ ਵਾਲੇ ਪਾਸਿਓਂ ਭਜਨ ਸਿੰਘ ਖੱਖ ਅੰਨੇਵਾਹ ਸਾਈਕਲ ਭਜਾਈ ਆ ਰਿਹਾ ਸੀ। ਭਜਨ ਏਸੇ ਹੀ ਮੁਹੱਲੇ ਦਾ ਸੀ। ਜੱਟਾਂ ਦਾ ਹੱਟਾ-ਕੱਟਾ ਗੱਭਰੂ ਨੌਜਵਾਨ। ਕੱਲ੍ਹ ਦਾ ਖੀਰਾਂਵਾਲੀ ਆਪਣੇ ਸਹੁਰੇ ਗਿਆ ਹੋਇਆ ਸੀ। ਸਾਹੋ-ਸਾਹੀ ਹੋਏ ਨੇ ਕੋਲ ਆ ਕੇ ਸਾਈਕਲ ਆ ਖਲਾਰਿਆ। ਉਸ ਦਾ ਚਿਹਰਾ ਡਰ ਤੇ ਗੁੱਸੇ ਨਾਲ ਭਰਿਆ ਪਿਆ ਸੀ। ਜਿਵੇਂ ਪਾਗਲ ਹੋਇਆ ਪਿਆ ਹੋਵੇ। ਉਹਦਾ ਸਾਹ ਨਹੀਂ ਸੀ ਰਲ਼ ਰਿਹਾ। ਮੱਥੇ 'ਤੇ ਪਸੀਨੇ ਭਰੀਆਂ ਤਿਉੜੀਆਂ ਸਾਫ਼ ਦਿਸ ਰਹੀਆਂ ਸਨ। ਉਸ ਤੋਂ ਗੱਲ ਨਹੀਂ ਸੀ ਹੋ ਰਹੀ। ਦੌੜ ਕੇ ਕਿਸੇ ਨੇ ਉਸ ਨੂੰ ਪਾਣੀ ਲਿਆ ਕੇ ਪਿਆਇਆ।

ਇਵੇਂ ਸਾਫ ਲਗ ਰਿਹਾ ਸੀ ਉਹ ਕਿਸੇ ਨਾਲ ਲੜ ਕੇ ਆਇਆ ਹੋਵੇ। ਬੜਾ ਹਫਿਆ ਹੋਇਆ। ਪਾਣੀ ਪੀ ਕੇ ਉਹਦਾ ਸਾਹ ਕੁਝ ਸੌਖਾ ਹੋਇਆ। ਰੁਕ ਸਿਰ ਹੋਇਆ ਤਾਂ ਮੂੰਹੋਂ ਟੁੱਟਵੇਂ ਬੋਲ ਨਿਕਲੇ।

"ਭਰਾਵੋ.... ਮੈਂ ਤਾਂ ਮਸਾਂ ਬਚ ਕੇ ਆਇਆਂ....ਮਾਰ ਛੱਡਣ ਲੱਗੇ ਸੀ ਮੈਨੂੰ ਕੁੱਤੇ ਮੁਸਲੇ.... ਦੱਸੋ ਇਨ੍ਹਾਂ ਦਾ ਮੈਂ ਕੀ ਵਿਗਾੜਿਐ.... ਰਸਤੇ 'ਚ ਜਿਹੜਾ ਵੀ 'ਕੱਲਾ ਸਿੱਖ ਮਿਲਦੈ, ਡੱਕਰੇ ਕਰਕੇ ਲੁੱਟੀ ਜਾ ਰਹੇ ਨੇ.... ਏਨੀ ਵਧੀਕੀ.... ਇਹਨਾਂ ਨੂੰ ਕਿਸੇ ਰੱਬ ਦਾ ਡਰ ਨਹੀਂ.... ਸਾਲੇ ਆਫਰੇ ਪਏ ਨੇ.... ਇਹ ਗ਼ਦਾਰ ਕੌਮ ਏ....ਗਦਾਰ.... ਇਹ ਕਿਸੇ ਦਾ ਚੰਗਾ ਨਹੀਂ ਕਰ ਸਕਦੀ.... ਔਰੰਗੇ ਦੀ ਔਲਾਦ.... ਵੱਡੋ ਤੇ ਭਜਾਓ ਇਹਨਾਂ ਨੂੰ ਪਿੰਡੋਂ... ਇਨ੍ਹਾਂ ਸਾਡੇ ਗੁਰੂਆਂ ਨਾਲ ਵੀ ਕਦੇ ਚੰਗਾ ਨਹੀਂ ਕੀਤਾ.... ਸਾਡੇ ਇਹ ਕਿੱਥੇ ਸਕੇ ਨੇ.... ਸੁਣ ਲੋ ਸਾਰੇ ਕੋਈ ਸੁੱਕਾ ਨਾ ਜਾਵੇ....ਝਟਕਾਅ ਦੇਵੋ ਅੱਜ ਸਾਰੇ....।" ਬਾਹਵਾਂ ਮਾਰ-ਮਾਰ ਜਿਉਂ-ਜਿਉਂ ਉਹ ਗੱਲਾਂ ਦਾ ਪਟਾਰਾ ਖੋਲੀ ਜਾ ਰਿਹਾ ਸੀ, ਤਿਉਂ-ਤਿਉਂ ਉਸ ਦਾ ਰੋਹ ਹੋਰ ਵੱਧਦਾ ਜਾ ਰਿਹਾ ਸੀ। ਗੁੱਸੇ 'ਚ ਅੱਖਾਂ ਪਾਟਣ ਨੂੰ ਆ ਰਹੀਆਂ। ਅੱਖਾਂ ਲਾਲ ਇਵੇਂ ਹੋਈਆਂ ਪਈਆਂ ਜਿਵੇਂ ਲਹੂ ਉਤਰ ਆਇਆ ਹੋਵੇ। ਭਜਨ ਸਿੰਘ ਦੀਆਂ ਗੱਲਾਂ ਸੁਣ ਕੇ ਉਹਦੇ ਦੁਆਲੇ ਹੋਏ ਮੁੰਡੇ ਮੂੰਹਾਂ 'ਚ ਉਂਗਲਾਂ ਪਾਉਣ ਲੱਗੇ। ਘੁਸਰ-ਮੁਸਰ ਸ਼ੁਰੂ ਹੋ ਗਈ। ਲੋਕਾਂ 'ਤੇ ਕੁਝ-ਕੁਝ ਅਸਰ ਤਾਂ ਪਹਿਲਾਂ ਹੀ ਬੂੜ ਸਿੰਘ ਦੀਆਂ ਗੱਲਾਂ ਦਾ ਹੋ ਚੁੱਕੀ ਸੀ ਤੇ ਹੁਣ ਭਜਨ ਸਿੰਘ ਦੀਆਂ ਗੱਲਾਂ ਨੇ ਤਾਂ ਨੌਜਵਾਨਾਂ 'ਤੇ ਇਕਦਮ ਤੀਰ ਵਾਂਗੂੰ ਅਸਰ ਕੀਤਾ। ਗੱਲ ਕੀ ਬਲਦੀ 'ਤੇ ਤੇਲ ਪਾਉਣ ਵਾਲੀ ਗੱਲ ਹੋ ਗਈ ਸੀ। ਉੱਥੇ ਖੜ੍ਹੇ ਨੌਜਵਾਨਾਂ ਦਾ ਮੋਹਰੀ ਜਥੇਦਾਰ ਸ਼ੰਕਰ ਸਿੰਘ ਦਾ ਭੂਤਰਿਆ ਮੁੰਡਾ ਪਿਆਰਾ ਸਿੰਘ ਵੀ ਭਜਨ ਸਿੰਘ ਦੀ ਹਾਂ 'ਚ ਹਾਂ ਮਿਲਾਉਣ ਲੱਗ ਪਿਆ। ਮਾਹੌਲ ਆਪ-ਮੁਹਾਰਾ ਹੋਣ ਲੱਗ ਪਿਆ। ਭਜਨ ਸਿੰਘ ਦੀਆਂ ਗੱਲਾਂ ਸੁਣ-ਸੁਣ ਨੌਜਵਾਨਾਂ ਦੇ ਰੌਂਗਟੇ ਖੜ੍ਹੇ ਹੋ ਗਏ। ਚੁਆਤੀ ਲੱਗ ਗਈ ਸੀ। ਹੁਣ ਸਾਂਭਣਾ ਔਖਾ ਹੋ ਗਿਆ। ਲਗਾਮਾਂ ਖੁੱਲ੍ਹ ਗਈਆਂ ਸਨ।

ਪਿਆਰ ਸਿੰਘ ਉੱਚੀ ਬਾਂਹ ਕਰਕੇ ਬੋਲਿਆ, " .... ਅਸੀਂ ਆਪਣੀ ਸਿੱਖੀ ਨੂੰ ਬਚਾਉਣ ਲਈ ਕਿਸੇ ਗ਼ਦਾਰ ਮੁਸਲਮਾਨ ਨੂੰ ਸੁੱਕਾ ਨਹੀਂ ਛੱਡਾਗੇ.... ਬਈ ਤਿਆਰ ਹੋ ਜੋ ਸਿੰਘੋ....ਭੂਤਣੀ ਭੂਆਂ ਦਿਊ ਇਹਨਾਂ ਦੀ.... ਪਤਾ ਲੱਗਜੇ ਫੇਰ ਇਕ ਵਾਰੀ ਮੁਲਲਿਆਂ ਨੂੰ .... ਸਿੰਘ ਕੀ ਚੀਜ਼ ਨੇ....।"

ਬਸ ਹੁਣ ਤਾਂ ਜਿਵੇਂ ਕੁਝ ਹੋਇਆ ਕਿ ਹੋਇਆ ਵਾਲਾ ਮਾਹੌਲ ਬਣ ਗਿਆ ਸੀ। ਇਥੇ ਧਰਤੀ 'ਤੇ ਕੋਈ ਪਰਲੋ ਆ ਜਾਵੇਗੀ। ਧਰਮ ਦਾ ਜਾਨੂੰਨ ਸਿਰ ਚੜ੍ਹ ਬੋਲਣ ਲੱਗ ਪਿਆ। ਬੰਦੇ ਅੰਦਰਲਾ ਸ਼ੈਤਾਨ ਚਾਹਮਲ ਚੁੱਕਾ ਸੀ। ਇਸ ਨੂੰ ਰੋਕ ਲੈਣਾ ਹੁਣ ਸਿਆਣੇ ਬੰਦਿਆਂ ਦੇ ਕੀ ਸ਼ਾਇਦ ਰੱਬ ਦੇ ਵੀ ਵੱਸ 'ਚ ਨਾ ਹੋਵੇ। ਵਾਗਾਂ ਖੁੱਲ੍ਹੇ ਨੌਜਵਾਨ ਅੱਥਰੇ ਘੋੜਿਆਂ ਵਾਂਗ ਦੁੜੰਗੇ ਲਾਉਣ ਲਈ ਤਿਆਰ ਸਨ।

ਪੰਜ-ਸੱਤ ਨੌਜਵਾਨ ਦੌੜ ਕੇ ਘਰਾਂ 'ਚੋਂ ਕਿਰਪਾਨਾਂ ਲੈ ਕੇ ਆ ਗਏ ਤੇ ਸਿੱਧੇ ਗੁਰਦੁਆਰੇ ਵੱਲ ਲਲਕਾਰੇ ਮਾਰਦੇ ਦੌੜੇ। ਜਿਥੇ ਮੁਸਲਮਾਨ ਤਹਿਸੀਲਦਾਰ ਡੱਕਿਆ ਹੋਇਆ ਸੀ। ਮੁੰਡਿਆਂ ਦੇ ਅੰਦਰ ਵੜਨ ਤੋਂ ਪਹਿਲਾਂ ਹੀ ਮੁਸਲਮਾਨ ਛਾਲ ਮਾਰਕੇ ਬਾਹਰ ਨਿਕਲ ਆਇਆ। ਦੌੜ ਪਿਆ। ਕਿਰਪਾਨਾਂ ਦੀਆਂ ਇਕ-ਦੋ ਸੱਟਾਂ ਵੀ ਉਹਨੇ ਪਿੱਠ 'ਤੇ ਖਾਧੀਆਂ। ਪਰ ਉਹ ਸਾਹਮਣੇ ਪਿੰਡ ਵਾਲੇ ਰਸਤੇ ਵੱਲ ਸ਼ੂਟ ਲਾ ਕੇ ਦੌੜਿਆ। ਉਸ ਡਰਦੇ ਮਾਰੇ ਦੀਆਂ ਲੱਤਾਂ 'ਚ ਹਿਰਨੀ ਵਾਲੀ ਤਾਕਤ ਪਤਾ ਨਹੀਂ ਕਿੱਥੋਂ ਆ ਗਈ ਸੀ। ਭੂਤਰੇ ਨੌਜਵਾਨ ਵੀ ਉਸ ਦੇ ਮਗਰੇ-ਮਗਰ ਲਲਕਾਰੇ ਮਾਰਦੇ ਭੱਜ ਗਏ। ਪੀਰ ਅੱਭੜਵਾਹੇ ਦੌੜਦਾ ਜਾ ਰਿਹਾ ਸੀ ਤੇ ਨਾਲੋ-ਨਾਲ, ਉੱਚੀ-ਉੱਚੀ ਬਾਹਵਾਂ ਫ਼ੈਲਾ ਕੇ ਰੌਲਾ ਪਾ ਰਿਹਾ, "...ਮੈਨੂੰ ਬਚਾ ਲੋ.... ਬਚਾ ਲੋ ਲੋਕੋ.... ਅੱਲਾ ਦਾ ਵਾਸਤਾ ਜੇ....।" ਜਦੋਂ ਸ਼ੈਤਾਨਾਂ ਦੇ ਹੱਥਾਂ 'ਚ ਸ਼ਕਤੀ ਆ ਜਾਵੇ ਉਦੋਂ ਮਜ਼ਲੂਮ ਨੂੰ ਕੌਣ ਪੁੱਛਦੈ। ਕੌਣ ਕੋਈ ਸਾਥ ਦਿੰਦੈ। ਸਭ ਗੂੰਗੇ-ਬੋਲੇ ਹੋਏ ਪਏ। ਬਾਪੂ ਲਾਭ ਸਿੰਘ ਤੇ ਹੋਰਨਾਂ ਬਜ਼ੁਰਗਾਂ ਬਥੇਰੀ ਹਾਲ-ਪਾਰਿਆ ਕੀਤੀ। ਪਰ ਹੁਣ ਏਸ ਜੰਗਲ ਦੀ ਅੱਗ 'ਚ ਉਹਨਾਂ ਦੀ ਕੋਈ ਨਹੀਂ ਸੀ ਸੁਣ ਰਿਹਾ। ਉਹ ਤਾਂ ਜੀਅ-ਭਿਆਣੇ ਜਿਹੇ ਤੇ ਬੇਵੱਸ ਹੋਏ ਇਹ ਤਮਾਸ਼ਾ ਦੇਖੀ ਜਾ ਰਹੇ ਸਨ।

ਪੀਰ ਦੌੜਦਿਆਂ ਠੇਡਾ ਲੱਗਣ 'ਤੇ ਧੜੰਮ ਕਰਕੇ ਪੁਲੀ ਲਾਗੇ ਜਾ ਡਿੱਗਾ। ਉਸੇ ਵੇਲੇ ਡਿੱਗੇ ਹੋਏ ਦੀ ਲੱਤ 'ਤੇ ਭਜਨ ਸਿੰਘ ਨੇ ਕਿਰਪਾਨ ਦਾ ਵਾਰ ਕਰਕੇ ਡੂੰਘਾ ਫੱਟ ਲਾ ਦਿੱਤਾ। ਖ਼ੂਨ ਦੀਆਂ ਤਤੀਰੀਆਂ ਛੁਟ ਪਈਆਂ। ਉਹ ਅੱਗੋਂ ਹਾਏ-ਹਾਏ ਕਰਦਾ, ਨਾਲੇ ਹੱਥ ਜੋੜਦਾ ਤਰਲੇ ਲੈ ਰਿਹਾ, "..ਮੈਥੋਂ ਜੋ ਮਰਜ਼ੀ ਲੈ ਲੋ.... ਖ਼ੁਦਾ ਦੇ ਵਾਸਤੇ ਮੇਰੇ 'ਤੇ ਰਹਿਮ ਕਰੋ.... ਰੱਬ ਦਿਓ ਬੰਦਿਓ, ਮੇਰੀ ਜਾਨ ਬਖ਼ਸ਼ ਦਿਉ.... ਮੈਂ ਤੁਹਾਡਾ ਕੀ ਵਿਗਾੜਿਐ....।" ਉਹ ਲੇਲੜੀਆਂ ਲੈ ਰਿਹਾ।

"....ਰਹਿਮ ਹੀ ਤਾਂ ਕਰਨ ਡਹੇ ਆਂ.... ਕੰਜਰਾ....।" ਭਜਨ ਸਿੰਘ ਮੁੱਛਾਂ ਨੂੰ ਤਾਅ ਦੇਂਦਾ ਬੋਲਿਆ ਤੇ ਨਾਲ ਦੇ ਸਾਰੇ ਹੀਂ....ਹੀਂ.... ਕਰਦੇ ਹੱਸਣ ਲੱਗ ਪਏ।

ਬਘਿਆੜਾਂ ਦੇ ਹੱਥ ਬੱਕਰੀ ਲੱਗ ਗਈ ਸੀ। ਹੁਣ ਉਸ ਦੀ ਖ਼ੈਰ ਕਿੱਥੇ। ਹੁਣ ਤਾਂ ਲਗਾਤਾਰ, ਅੰਨੇਵਾਹ ਕਿਰਪਾਨਾਂ ਦੇ ਵਾਰ ਪੀਰ ਨੂੰ ਲਹੂ-ਲੁਹਾਨ ਕਰਦੇ ਜਾ ਰਹੇ। ਹੁਣ ਫੱਟਾਂ ਦੀ ਗਿਣਤੀ ਨਹੀਂ ਸੀ। ਹੁਣ ਭਜਨ ਸਿੰਘ ਕਿਰਪਾਨ ਦੇ ਇਕ ਤਕੜੇ ਵਾਰ ਨੇ ਉਸ ਦੀ ਧੌਣ ਧੜ ਨਾਲੋਂ ਵੱਖ ਕਰ ਦਿੱਤੀ ਸੀ। ਦੇਖਦਿਆਂ -ਦੇਖਦਿਆਂ ਲਹੂ ਦਾ ਛੱਪੜ ਲੱਗ ਗਿਆ।

ਨੌਜਵਾਨ ਲਹੂ ਨਾਲ ਲਿੱਬੜੀਆ ਕਿਰਪਾਨਾਂ ਉਪਰ ਲਹਿਰਾਅ ਕੇ ਉੱਚੀ-ਉੱਚੀ ਬੜ੍ਹਕਾਂ ਮਾਰਨ ਲੱਗ ਪਏ। ਲਲਕਾਰੇ ਮਾਰਨ ਲੱਗੇ। ਉਹਨਾਂ ਮੋਰਚਾ ਫਤਿਹ ਕਰਕੇ ਜੰਗ ਦਾ ਜਿਵੇਂ ਬਿਗਲ ਵਜਾ ਦਿੱਤਾ ਸੀ।

ਹੁਣ ਉਹ ਧੜ ਨੂੰ ਲੱਤੋਂ ਫੜ ਕੇ ਘਸੀਟਦੇ, ਹਵੇਲਾ ਸਿੰਘ ਦੇ ਘਰ ਦੇ ਲਾਗੇ ਪਈ ਖੁੱਲ੍ਹੀ ਜਗ੍ਹਾ 'ਤੇ ਲੈ ਗਏ। ਬਾਕੀ ਜਣੇ ਸਿਰ ਨੂੰ ਪੈਰਾਂ ਦਿਆਂ ਠੁੱਡਿਆਂ ਨਾਲ ਰੇੜਦੇ ਹੋਏ ਲੈ ਗਏ। ਸਿਰ ਹੁਣ ਲਹੂ-ਮਿੱਟੀ ਹੋਇਆ ਪਿਆ।

ਕੋਠਿਆਂ 'ਤੇ ਖੜ੍ਹੇ ਲੋਕ ਮੂੰਹਾਂ 'ਚ ਉਂਗਲਾਂ ਪਾਈ ਸ਼ੈਤਾਨਾਂ ਦਾ ਨੰਗਾ-ਨਾਚ ਦੇਖ ਰਹੇ। ਜਿਥੇ ਮਨੁੱਖ ਦੀ ਹੋਣੀ 'ਤੇ ਚਾਂਗਰਾਂ ਮਾਰਦੇ ਬਹਾਦਰਾਂ ਨੂੰ ਦੇਖ ਕੇ ਹੈਰਾਨ ਹੋ ਰਹੇ ਲੋਕ। ਸ਼ਾਇਦ ਉਹਨਾਂ ਅੱਜ ਇਕ ਜੀਂਦੇ ਬੰਦੇ ਨੂੰ ਬੰਦਿਆਂ ਦੇ ਹੱਥੋਂ ਹੀ ਜਾਨਵਰਾਂ ਵਾਂਗੂੰ ਮਰਦਿਆਂ-ਮੁਕਦਿਆਂ ਪਹਿਲੀ ਵਾਰ ਦੇਖਿਆ ਸੀ।

"....ਠਹਿਰੋ ਓਏ.... ਇਹਨੂੰ ਦੱਬਣਾ ਨਹੀਂ.... ਸਾਡਨੈ....।" ਇਕ ਜਣਾ ਬੋਲਿਆ।



"ਹਾਂ ਸਾੜਨ ਵਾਲੀ ਗੱਲ ਠੀਕ ਐ.... ਪਰ ਸਾੜਨ ਤੋਂ ਪਹਿਲਾਂ, ਇਹਦੀਆਂ ਜੇਬਾਂ ਤਾਂ ਫੋਲ ਲਵੋ... ਮੁਸਲੇ ਤਹਿਸੀਲਦਾਰ ਨੇ ਬਥੇਰੀ ਕਮਾਈ ਕੀਤੀ ਹੋਣੀ ਏ....।"

ਲਾਸ਼ ਦੀਆਂ ਸਾਰੀਆਂ ਜੇਬਾਂ ਫੋਲੀਆਂ ਗਈਆਂ। ਸਾਰੀਆਂ ਹੀ ਖਾਲਮ-ਖਾਲੀ। ਬਸ ਇਕ ਜੇਬ 'ਚੋਂ ਇਕ ਨਿੰਬੂ ਤੋਂ ਸਿਵਾਏ ਕੁਝ ਨਾ ਨਿਕਲਿਆ। ਲੋਕ ਤਾਂ ਦੇਖ ਕੇ ਦੰਗ ਰਹਿ ਗਏ । ਪਰ ਕਿਰਪਾਨਾਂ ਵਾਲੇ ਨੌਜਵਾਨਾਂ 'ਚੋਂ ਇਕ ਨੇ ਮੂੰਹ ਟੇਢਾ ਜਿਹਾ ਕਰਕੇ, ਸਿਰ ਮਾਰਿਆ, " ....ਫਿੱਟੇ ਮੂੰਹ ਇਹੋ ਜਿਹੇ ਨੰਗ ਤਹਿਸੀਲਦਾਰ ਦੇ...ਖੋਤੇ 'ਤੇ ਚੜ੍ਹਿਆ ਗਰਦੌਰੀਆਂ ਕਰਦਾ ਫਿਰਦਾ ਸੀ.... ਜੇਬ 'ਚ ਆਨਾ ਵੀ ਹੈ ਨਹੀਂ.... ਸਾੜੋ ਇਹਨੂੰ ਕੁੱਤੇ ਨੂੰ....।"

ਭੂਤਰੇ ਹੋਇਆਂ ਨੇ ਮਲਵਾ ਸ਼ਾਹ ਦੀ ਦੁਕਾਨ ਤੋਂ ਤੇਲ ਤੇ ਘਿਓ ਦੇ ਪੀਪੇ, ਧੱਕੇ ਨਾਲ ਚੁੱਕ ਲਿਆਂਦੇ। ਲਾਗੇ ਪਥਕਣਾ 'ਚੋਂ ਸੁੱਕੀਆਂ ਪਾਥੀਆਂ ਤੇ ਬਾਲਣ, ਕੱਖ-ਕਾਣ ਚੁੱਕ ਕੇ ਲਾਸ਼ ਉੱਤੇ ਪਾ ਦਿੱਤਾ। ਉਪਰ ਦੋਵੇਂ ਪੀਪੇ ਰੋੜ ਦਿੱਤੇ। ਫੇਰ ਅੱਗ ਲਾ ਦਿੱਤੀ ਗਈ। ਭਾਂਬੜ ਇਕਦਮ ਮੱਚ ਉੱਠਿਆ ਸੀ। ਬਲ ਰਹੇ ਭਾਂਬੜ ਦੁਆਲੇ ਨੌਜਵਾਨ, ਜਿੱਤ ਦੀਆਂ ਕਿਲਕਾਰੀਆਂ ਮਾਰ ਰਹੇ ਸਨ। ਅੱਗ ਦੁਆਲੇ ਭੰਗੜੇ ਪਾ ਰਹੇ।

ਹਨੇਰਾਂ ਹੁੰਦਾ ਜਾ ਰਿਹਾ ਸੀ। ਪਰ ਅੱਗ ਦੀਆਂ ਉੱਚੀਆਂ ਹੋਰ ਉੱਚੀਆਂ ਉੱਠ ਰਹੀਆਂ ਲਪਟਾਂ ਨਾਲ ਆਸਮਾਨ ਲਾਲ ਸੂਹਾ ਹੁੰਦਾ ਜਾ ਰਿਹਾ ਸੀ। ਖ਼ੂੰਖਾਰ ਦਹਿਸ਼ਤ ਦਾ ਪਰਛਾਵਾਂ ਹੁਣ ਪਿੰਡ ਦੇ ਹਰ ਮੁਸਲਿਮ ਘਰ ਦੇ ਦੁਆਲੇ ਵਾਵਰੋਲੇ ਵਾਂਗੂੰ ਮੰਡਲਾਉਣ ਲੱਗਾ। ਨੌਜਵਾਨ ਲਹੂ ਨਾਲ ਲਿਬੜੀਆਂ ਕਿਰਪਾਨਾਂ ਲੈ ਕੇ ਅਗਲੀ ਮੁਹਿੰਮ ਲਈ ਪਿੰਡ ਦੇ ਅੰਦਰ ਹਰਲ-ਹਰਲ ਕਰਨ ਲੱਗ ਪਏ। ਉਹਨਾਂ ਦੇ ਮੂੰਹਾਂ ਨੂੰ ਖ਼ੂਨ ਲੱਗ ਚੁੱਕਾ ਸੀ। ਘਰ-ਘਰ 'ਚੋਂ ਹੁਣ ਹਾਲ-ਪਾਰ੍ਹਿਆ ਚੀਕਾਂ ਤੇ ਵੈਣਾਂ ਦੀਆਂ ਆਵਾਜ਼ਾਂ ਉੱਚੀਆਂ ਤੇ ਹੋਰ ਉੱਚੀਆਂ ਹੋਣ ਲੱਗੀਆਂ। ਆਸਮਾਨ ਵਿਚਲੀ ਲਾਲਗੀ, ਬੱਦਲ ਬਣ ਕੇ ਸਾਰੇ ਪਿੰਡ 'ਤੇ ਗਹਿਰ ਬਣ ਕੇ ਛਾ ਗਈ।


## 'ਕਹਾਣੀ ਧਾਰਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਭਗਵੰਤ ਰਸੂਲਪੁਰੀ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਭਗਵੰਤ ਰਸੂਲਪੁਰੀ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 10 ਜੁਲਾਈ, 2013 ਦਸਤਖਤ

ਭਗਵੰਤ ਰਸੂਲਪੁਰੀ, ਪ੍ਰਕਾਸ਼ਕ

(ਪਰਚੇ ਦੀ ਨਵੀਂ ਡੈਕਲਾਰੇਸ਼ਨ ਅਨੁਸਾਰ 'ਕਹਾਣੀ ਧਾਰਾ' ਦਾ ਛਾਪਕ, ਪ੍ਰਕਾਸ਼ਕ ਤੇ ਮਾਲਕ ਬਦਲ ਗਿਆ ਹੈ, ਪਰਚੇ ਦੇ ਪਹਿਲੇ ਮਾਲਕ ਸੁਖਵਿੰਦਰ ਦਾ 'ਕਹਾਣੀ ਧਾਰਾ' ਨਾਲ ਕੋਈ ਸੰਬੰਧ ਨਹੀਂ)

# ਕਹਾਣੀ/ ਸੂਲੀ ਉੱਤੇ ਟੰਗੀ ਅਣਖ / ਅਸਗਰ ਅਲੀ ਜਾਵੇਦ
## ਲਿਪੀਅੰਤਰ : ਪਾਲ ਸਿੰਘ ਵੱਲਾ

ਬੂਟ ਪਾਲਸ਼, ਬੂਟ ਪਾਲਸ਼, ਬੂਟ ਪਾਲਸ਼... ਉਹ ਆਵਾਜ਼ਾਂ ਲਾਂਦਾ ਤੇ ਆਪਣੇ ਪਿੰਡੇ ਨੂੰ ਘਸੀਟਦਾ ਇਕ ਡੱਬੇ ਤੋਂ ਥੱਲੇ ਲੱਥਾ। ਫੇਰ ਪਲੇਟਫਾਰਮ ਤੇ ਮੁਸਾਫਰਾਂ ਦੇ ਥਾਂ ਥਾਂ ਬੱਧੇ ਪਿੜਾਂ ਦੇ ਵਿਚੋਂ ਲੰਘਦਾ ਸਾਡੇ ਡੱਬੇ ਵਿਚ ਆ ਵੜਿਆ। ਉਹ ਚਾਰ ਮੁਸਾਫ਼ਰਾਂ ਵਾਲੀ ਸੀਟ ਦੇ ਅੱਗੇ ਥੋੜ੍ਹਾ ਚਿਰ ਖਲੋਂਦਾ। ਬੂਟ ਪਾਲਸ਼, ਬੂਟ ਪਾਲਸ਼ ਦੀਆਂ ਆਵਾਜ਼ਾਂ ਲਾਂਦਾ ਤੇ ਅੱਗੇ ਖਿਸਕ ਜਾਂਦਾ। ਮੈਂ ਤੇ ਇਲਿਆਸ ਪਲੇਟਫਾਰਮ ਵਾਲੇ ਪਾਸੇ, ਕਲ੍ਹੇ ਬੰਦੇ ਵਾਲੀਆਂ ਸੀਟਾਂ ਤੇ ਇਕ ਦੂਜੇ ਵਲ ਮੂੰਹ ਕਰਕੇ ਬੈਠੇ ਰਹੇ ਤੇ ਸਾਰੇ ਜਹਾਨ ਦੀਆਂ ਗੱਲਾਂ ਮੁਕਾ ਦਿੱਤੀਆਂ ਪਰ ਰਚਨਾ ਐਕਸਪ੍ਰੈਸ ਪਲੇਟ ਫ਼ਾਰਮ ਨੰਬਰ 3 ਨੂੰ ਛੱਡਣ ਦਾ ਨਾਂ ਵੀ ਨਾ ਲਵੇ।

ਪਾਕਿਸਤਾਨੀ ਗੱਡੀਆਂ ਮਰਜ਼ੀਆਂ ਉਂਜ ਵੀ ਮਸ਼ਹੂਰ ਨੇ ਪਰ ਉਸ ਦਿਹਾੜੇ ਤੇ ਆਪੋਜ਼ੀਸ਼ਨ ਦੇ ਟ੍ਰੇਨ ਮਾਰਚ ਨੇ ਡਾਹਢਾ ਚੋਖਾ ਬਖੇੜਾ ਬਣਾ ਛੱਡਿਆ ਸੀ। ਕੋਈ ਗੱਡੀ ਵੀ ਆਪਣੇ ਦਸੇ ਵੇਲੇ ਤੇ ਲਾਹੌਰੋਂ ਨਾ ਟੁਰ ਸਕੀ। ਭਾਦਰੋਂ ਦੇ ਮਹੀਨੇ ਦੇ ਵਟ ਤੇ ਮੁਸਾਫ਼ਰਾਂ ਦੇ ਜੱਥਿਆਂ ਵਿਚ ਖਲੋਤਾ ਹਰ ਬੰਦਾ ਮੁੜ੍ਹਕਿਓ ਮੁੜ੍ਹਕੀ ਹੋਇਆ ਸੀ। ਕੋਈ ਸੀਟ ਉੱਤੇ ਟੋਪੀ ਪਰਨਾ ਸੁਟ ਕੇ ਪਲੇਟ ਫਾਰਮ ਤੇ ਉਖੀਆਂ ਪਿਆ ਲੈਂਦਾ ਸੀ ਤੇ ਕੋਈ ਸੀਟ ਹੱਥੋਂ ਨਿਕਲ ਜਾਣ ਦੇ ਡਰ ਪਾਰੋਂ ਦੂਹਰੀ ਵਾਰ ਗੱਡੀ 'ਚ ਪਿਆ ਬਹਿੰਦਾ ਸੀ ਪਰ ਦੋਹਾਂ ਲੱਤਾਂ ਤੋਂ ਹੱਥਲ, ਬੂਟ ਪਾਲਸ਼ੀਆ, ਚਾਲੀ ਪੰਜਤਾਲੀ ਵਰ੍ਹਿਆਂ ਦਾ ਉਹ ਬੰਦਾ ਬੜੀ ਤਸੱਲੀ ਨਾਲ ਇਕ ਤੋਂ ਦੂਜੇ ਤੇ ਦੂਜੇ ਤੋਂ ਤਰੀਜੇ ਡੱਬੇ ਵਿਚ ਘੁੰਮਦਾ ਰਿਹਾ।

ਰਚਨਾ ਐਕਸਪ੍ਰੈਸ ਲਾਹੌਰੋਂ ਫ਼ੈਸਲਾਬਾਦ, ਸ਼ੇਖੂਪੁਰਾ ਰਾਹੀਂ 15-45 ਤੇ ਟੁਰਦੀ ਏ ਪਰ ਉਸ ਦਿਹਾੜੇ ਤੇ ਸਾਢੇ ਚਾਰ ਵਜੇ ਤਕ ਗੱਡੀ ਦੇ ਆਹਰ ਕੋਈ ਐਡੇ ਚੰਗੇ ਨਹੀਂ ਸਨ ਪਏ ਦਿਸਦੇ। ਬੂਟ ਪਾਲਸ਼ ਕਰਨ ਵਾਲਾ, ਗਲ ਵਿਚ ਤੌਲੀਆਂ ਬੰਨ੍ਹ ਕੇ, ਬੰਦਿਆਂ ਨੂੰ ਡਾਹਢੇ ਅਦਬ ਨਾਲ ਆਪਣੇ ਸਾਹਮਣੇ ਖਲ੍ਹਾਰ ਕੇ ਸ਼ੇਵ ਬਣਾਨ ਵਾਲਾ, ਠੰਡੀ ਠਾਰ ਬੋਤਲ ਦਾ ਰੌਲਾ ਪਾਣ ਵਾਲਾ ਤੇ ਗਰਮਾ-ਗਰਮ ਪਕੌੜਿਆਂ ਸਮੋਸਿਆਂ ਦੀਆਂ ਆਵਾਜ਼ਾ ਲਾਣ ਵਾਲੇ ਬੜੇ ਰਾਜ਼ੀ ਪਏ ਦਿਸਦੇ ਸਨ। ਉਨ੍ਹਾਂ ਦੇ ਵਸ ਵਿਚ ਹੁੰਦਾ ਤੇ ਇੰਜਨ ਦੇ ਸਾਹਮਣੇ, ਦੋ ਪੈਲੀਆਂ ਦੁਰੇਡੀ ਬਲਦੀ ਲਾਲ ਬੱਤੀ ਨੂੰ ਕਦੀ ਵੀ ਹਰੀ ਨਾ ਹੋਣ ਦੇਂਦੇ ਪਰ ਰੇਲਵੇ ਦੇ ਵਡਿੱਕਿਆਂ ਨੇ ਮੁਸਾਫ਼ਰਾਂ ਦੀਆਂ ਅੱਖਾਂ ਵਿਚ ਲੁਕੇ ਅੱਥਰੂ ਵੇਖ ਈ ਲਏ। ਪਲੇਟਫ਼ਾਰਮ ਤੇ ਸਿਗਨਲ ਡਾਊਨ, ਸਿਗਨਲ ਡਾਊਨ ਦੀ ਕੁਰਲਾਟ ਪਈ ਤੇ ਮੁਸਾਫ਼ਰ ਛੇਤੀ ਛੇਤੀ ਗੱਡੀ ਤੇ ਚੜ੍ਹਣ ਲਗ ਪਏ। ਗਾਰਡ ਨੇ ਸੀਟੀ ਵਜਾਈ, ਹਰੀ ਝੰਡੀ ਹਿਲਾਈ ਤੇ ਵੇਖਦਿਆਂ ਈ ਵੇਖਦਿਆਂ ਗੱਡੀ ਲਾਹੌਰ ਦੀ ਧੂੜ ਤੇ ਧੂੰਵੇਂ ਵਿਚੋਂ ਨਿਕਲ ਕੇ ਰਾਵੀ ਦੀ ਉੱਜੜੀ ਜਵਾਨੀ ਤੇ ਹੰਝੂ ਪਈ ਕੇਰਦੀ ਸੀ।

ਸ਼ਾਹਦਰੇ ਦੇ ਟੇਸ਼ਨ ਤੇ ਗੱਡੀ ਦਾ ਖਲੋਣਾ ਬਣਦਾ ਤੇ ਨਹੀਂ ਫੇਰ ਵੀ ਗੱਡੀ ਉਥੇ ਡਕ ਲਈ ਗਈ। ਗੱਡੀ ਦੇ ਖਲੋਂਦਿਆਂ ਈ ਉਹ ਅਚਨਚੇਤ ਫ਼ੇਰ ਨਜ਼ਰੀਂ ਪਿਆ। ਉਹਨੇ ਛੇਤੀ ਨਾਲ, ਖੱਬੇ ਮੋਢੇ ਤੇ ਲਟਕਦਾ ਲੱਕੜੀ ਦਾ ਡੱਬਾ, ਚੰਮ ਦੀ ਪੇਟੀ ਤੋਂ ਫੜ੍ਹ ਕੇ, ਸਾਡੇ ਡੱਬੇ ਦੇ ਅੰਦਰ ਵਗਾਇਆ ਤੇ ਫੇਰ ਬਗ਼ੈਰ ਕਿਸੇ ਮਦਦ ਤੇ ਸਹਾਰੇ ਦੀ ਤਲਬ ਤੋਂ ਡੱਬੇ ਵਿਚ ਸਵਾਰ ਹੋ ਗਿਆ। ਉਹਨੇ ਲੱਕੜ ਦਾ ਡੱਬਾ ਫੇਰ ਮੋਢੇ ਤੇ ਰੱਖਿਆ ਤੇ ਬੂਟ ਪਾਲਸ਼, ਬੂਟ ਪਾਲਸ਼ ਦੀਆਂ ਆਵਾਜ਼ਾਂ ਲਾਂਦਾ ਕਿਸੇ ਨਿਆਣੇ ਵਾਂਗ ਰਿੜ੍ਹਣ ਲਗ ਪਿਆ ਤੇ ਮੈਂ ਅੰਦਰੋਂ ਅੰਦਰ, ਸੈਂਟਰਲੀ ਏਅਰ ਕੰਡੀਸ਼ਨਡ ਦਫ਼ਤਰ ਵਿਚ ਬਹਿ ਕੇ, ਲੋੜਾਂ ਤੋ ਵੱਧ ਲੱਭਦੀ ਤਨਖਾਹ ਤੇ ਪਲੇਟ ਫਾਰਮ ਤੇ ਜੁੱਤੀਆਂ ਪਾਲਸ਼ ਕਰਕੇ, ਟੁਕਰ ਦੀ ਲੱਭਤ ਲਈ ਹੰਡੇਂਦਿਆਂ ਪੱਖਾਂ ਦਾ



ਵੇਰਵਾ ਕਰਨ ਲੱਗ ਪਿਆ।

ਮੈਨੂੰ ਸੂਰਤ ਰਹਿਮਾਨ ਦੇ ਇਹ ਸੋਹਣੇ ਅੱਖਰ ਡਾਹਢੇ ਯਾਦ ਆਏ 'ਤੇ ਫ਼ੇਰ ਤੁਸੀਂ ਆਪਣੇ ਪਾਲਣਹਾਰ ਦੀ ਕਿਹੜੀ ਕਿਹੜੀ ਦੇਣ ਵਲ ਕੰਡ ਕਰੋਗੇ।' ਵਾਹ... ਕੀ ਆਖ ਛੱਡਿਆ ਏ ਸੋਹਣੇ ਰੱਬ ਨੇ... ਤੇ ਕਿਵੇਂ ਆਪਣੇ ਬੰਦੇ ਨੂੰ ਝੋਂਦਾ ਪਿਆ ਏ ਤੇ ਆਖਦਾ ਏ, "ਗੱਲ ਏਹ ਵੇ ਭਈ ਤੁਸੀਂ ਟਿਲ ਨਾ ਛੱਡੋ ਪਰ ਫੇਰ ਵੀ ਮੇਰੀਆਂ ਦਿੱਤੀਆਂ ਨੇਅਮਤਾਂ ਦਾ ਸ਼ੁਕਰ ਅਦਾ ਨਹੀਂ ਕਰ ਸਕਦੇ।

ਬੂਟ ਪਾਲਸ਼ ਕਰਨ ਵਾਲਾ ਸਪੈਸ਼ਲ ਪਰਸਨ ਮੇਰੇ ਕੋਲ ਪੁੱਜਿਆ ਤੇ ਮੈਂ ਜੁੱਤੀ ਲਾਹ ਕੇ ਉਹਦੇ ਵਲ ਵਧਾ ਦਿੱਤੀ ਤੇ ਆਪਣੇ ਪੈਰ ਸਾਹਮਣੇ ਇਲਿਆਸ ਵਾਲੀ ਸੀਟ ਤੇ ਖਲਾਰ ਲਏ। ਉਹਨੇ ਮੇਰੇ ਵਲ ਵੇਖਿਆ... ਧਿਆਨ ਪਰ੍ਹਾਂ ਕੀਤਾ... ਫੇਰ ਵੇਖਿਆ... ਫੇਰ ਧਿਆਨ ਪਰ੍ਹਾਂ ਕਰ ਲਿਆ ਤੇ 'ਇਕ ਦੰਮ ਫਸਟ ਕਲਾਸ ਨੇ ਬਾਊ ਜੀ।' ਆਖਦਾ ਹੋਇਆ ਅੱਗੇ ਨਿਕਲਣ ਲੱਗਾ। ਮੈਂ ਉਹਦੀ ਬਾਂਹ ਫੜ ਲਈ ਤੇ ਜਦੋਂ ਉਹਨੇ ਗੁੱਸੇ ਨਾਲ ਮੇਰੇ ਵਲ ਵੇਖਿਆ ਤੇ ਮੈਨੂੰ ਉਹਦੀਆਂ ਅੱਖਾਂ ਵਿਚ ਗੁੱਸਾ ਤੇ ਅੱਥਰੂ ਰਲਦੇ ਨਜ਼ਰ ਆਏ। ਮੈਂ ਫੇਰ ਆਖਿਆ, 'ਪਾਲਸ਼ ਕਰ ਦੇ ਯਾਰ।"

'ਚਮਕਦੇ ਨੇ ਬਾਊ ਜੀ! ਫਸਟ ਕਲਾਸ ਨੇ।' ਉਹਨੇ ਫੇਰ ਜਵਾਬ ਦਿੱਤਾ। ਇਲਿਆਸ ਮੇਰੇ ਨਾਲ ਨਾ ਹੁੰਦਾ ਤੇ ਕੋਲ ਬੈਠੀ ਖਲੋਤੀ ਖ਼ਲਕਤ ਅੰਨ੍ਹੀ ਹੋ ਜਾਂਦੀ ਤੇ ਮੈਂ ਉਸ ਬੂਟ ਪਾਲਸ਼ੀਏ ਨੂੰ ਘੁੱਟ ਕੇ ਸੀਨੇ ਨਾਲ ਲਾ ਲੈਂਦਾ ਪਰ ਮੈਂ ਖਾਲਸ ਦੁਨੀਆਂਦਾਰ ਤੇ ਘਟੀਆ ਬੰਦਾ ਈ ਰਿਹਾ। ਮੈਂ ਫੇਰ ਆਖਿਆ, "ਯਾਰ ਤੈਨੂੰ ਪੈਸੇ ਨਹੀਂ ਲੋੜੀਦੇ?"

"ਪੈਸੇ ਬੜੇ ਨੇ ਬਾਊ ਜੀ! ਅੱਲ੍ਹਾ ਦਾ ਬੜਾ ਫ਼ਜ਼ਲ ਏ। ਆਪਣੀ ਖਾ ਲਈ ਤੇ ਘਰ ਵਾਲੀ ਦੀ ਨਾਲ ਬੰਨ੍ਹ ਲਈ ਏ।"

ਉਹਨੇ ਲੱਕੜ ਦੇ ਡੱਬੇ ਵਲ ਉਂਗਲ ਕਰਕੇ ਕੁਝ ਆਖਿਆ ਪਰ ਮੇਰੇ ਪੱਲੇ ਕੋਈ ਗੱਲ ਨਾ ਪਈ। ਉਹ ਮੇਰੀ ਜੁੱਤੀ ਪਾਲਸ਼ ਕੀਤੇ ਬਗ਼ੈਰ ਈ ਅਗਲੀ ਸੀਟ ਵੱਲ ਵੱਧ ਗਿਆ ਤੇ ਬੂਟ ਪਾਲਸ਼ ਬੂਟ ਪਾਲਸ਼ ਦੀਆਂ ਆਵਾਜ਼ਾ ਲਾਂਦਾ ਬੂਹੇ ਦੇ ਕੋਲ ਜਾ ਕੇ ਬਹਿ ਗਿਆ।

ਰਚਨਾ ਐਕਸਪ੍ਰੈਸ ਬੜੀ ਤੇਜ਼ੀ ਨਾਲ ਪੰਧ ਨਿਬੇੜਦੀ ਪਈ ਸੀ। ਗੱਡੀ ਅਗਾਂਹ ਨੂੰ ਟੁਰੀ ਜਾਂਦੀ ਸੀ ਤੇ ਮੈਂ ਪਿੱਛੇ ਨੂੰ। ਮੈਂ ਸੋਚਣ ਲਗ ਪਿਆ ਕਿ ਜਿਹੜੀਆਂ ਅੱਖਾਂ ਸਾਨੂੰ ਚੋਖੀਆਂ ਸੋਹਣੀਆਂ ਲੱਗਦੀਆਂ ਨੇ ਅਸੀਂ ਹਮੇਸ਼ ਉਨ੍ਹਾਂ ਨੂੰ ਈ ਹੰਝੂਆਂ ਨਾਲ ਭਿਉਨੇ ਆਂ। ਖ਼ੌਰੇ ਅਸੀਂ ਇੰਜ ਕਿਉਂ ਕਰਨੇ ਆ... ਇਨ੍ਹਾਂ ਸੋਚਾਂ ਵਿਚ ਡੁਬਕੀਆਂ ਲੈਂਦਿਆਂ ਈ ਮੈਨੂੰ ਇੰਜ ਜਾਪਿਆ ਜਿਵੇਂ ਬੂਟ ਪਾਲਸੀਏ ਦੇ ਸੀਨੇ ਵਿਚ ਬੱਲਦੇ ਭਾਂਬੜ ਦਾ ਸੇਕ ਮੇਰੇ ਤਕ ਪੁਜ ਗਿਆ ਏ ਤੇ ਹੁਣ ਏਹ ਸੇਕ, ਸੇਕ ਈ ਨਹੀਂ ਰਹਿਣਾ ਸਗੋਂ ਲੰਬੂ ਈ ਬਣ ਜਾਣਾ ਏ ਤੇ ਏਹ ਮੇਰੇ ਲੂ-ਲੂ ਨੂੰ ਸਾੜ ਸੁਟਣ ਲਈ ਬਥੇਰਾ ਏ।

ਮਸਨ ਕਾਲਰ ਤੇ ਕਿੱਲਾ ਸਤਾਰ ਸ਼ਾਹ ਦੇ ਸਟੇਸ਼ਨ ਲੰਘ ਗਏ ਸਨ ਤੇ ਹੁਣ ਗੱਡੀ ਅਪਰ ਚਨਾਬ ਦੇ ਪੁਲ਼ ਤੋਂ ਗੁਜ਼ਰਦੀ ਪਈ ਸੀ। ਨਹਿਰ ਦੇ ਚੜ੍ਹਦੇ ਪਾਸੇ ਖ਼ਾਨ ਪੁਰ ਦੀ ਆਬਾਦੀ ਤੇ ਲਹਿੰਦੇ ਪਾਸੇ ਚੀਚੋ ਕੀ ਮੱਲੀਆਂ ਦਾ ਪਿੰਡ ਜਿੱਥੇ ਮੇਰਾ ਬਚਪਨ ਗੁਜ਼ਰਿਆ ਸੀ। ਨਹਿਰ ਦੇ ਨਾਲ ਨਾਲ ਵੱਗਦਾ ਉਹ ਸੇਮ ਨਾਲਾ ਏ ਜਿੱਥੋਂ ਮੈਂ ਆਪਣੀ ਮਾਂ ਦੇ ਨਾਲ ਕੱਚੇ ਕੋਠਿਆਂ ਦੀਆਂ ਛੱਤਾਂ ਲਿੰਬਣ ਲਈ ਗਿੱਲੀ ਮਿੱਟੀ ਲੈ ਕੇ ਆਉਂਦਾ ਸੀ। ਚੀਚੋ ਕੀ ਮੱਲੀਆਂ ਵਿਚ ਉਨ੍ਹਾਂ ਦਿਨਾਂ ਵਿਚ ਸਿਰਫ਼ ਪ੍ਰਾਇਮਰੀ ਸਕੂਲ ਸੀ ਤੇ ਉਹ ਵੀ ਸਿਰਫ਼ ਮੁੰਡਿਆ ਦਾ। ਖ਼ੌਰੇ ਕੋਈ ਹੋਰ ਵੀ ਸੱਬਬ ਹੋਵੇਗਾ ਪਰ ਮੇਰਾ ਖਿਆਲ ਏ ਕਿ ਅਸਲ ਗੱਲ ਏਹੋ ਸੀ ਕਿ ਅਸੀਂ ਪਿੰਡ ਦਾ ਕੋਠਾ ਪੈਲੀ ਵੇਚ ਕੇ ਤੇ ਸ਼ੇਖੂਪੁਰੇ ਟੁਰ ਗਏ।

ਰਚਨਾ ਐਕਸਪ੍ਰੈਸ ਅਪਰ ਚਨਾਬ ਟੱਪ ਕੇ ਮੇਰੇ ਪਿੰਡ ਦੇ ਅੱਗੇ ਪੁੱਜ ਗਈ ਸੀ। ਪਿੰਡ ਦਾ ਛੱਪੜ ਤੇ

ਕਾਗਜ਼ ਦੀਆਂ ਬੇੜੀਆਂ , ਮਸੀਤ ਦੇ ਤੇਲ ਵਿਚੋਂ ਥੋੜ੍ਹਾ ਵਧਾ ਕੇ ਛੱਪੜ ਵਿਚ ਬਣਾਨ ਵਾਲੇ ਘੁੱਗੂ ਘੋੜੇ, ਸੇਮ ਨਾਲੇ ਦੇ ਡੇਲੇ, ਫ਼ਲਿਆਂ ਤੇ ਬਹਿ ਕੇ ਗੁਜ਼ਰਨ ਵਾਲੇ ਵੇਲੇ, ਮੀਂਹ ਤੋਂ ਬਾਅਦ ਰੂੜੀ ਤੋਂ ਲੱਭਣ ਵਾਲੇ ਪੰਜੂ, ਦਸੂ ... ਤੇ ਹੋਰ ਭੁੱਲੀਆਂ ਹੋਈਆਂ ਕਿੰਨੀਆਂ ਈ ਗੱਲਾਂ ਚੇਤੇ ਆ ਗਈਆਂ। ਅਜੇ ਖ਼ੌਰੇ ਹੋਰ ਕੀ ਕੁਝ ਯਾਦ ਆਉਂਦਾ ਪਰ ਹੋਇਆ ਏਹ ਕਿ ਮੇਰੀ ਨਜ਼ਰ ਫੇਰ ਅਚਨਚੇਤ ਬੂਟ ਪਾਲਸ਼ੀਏ ਤੇ ਪੈ ਗਈ। ਹੁਣ ਉਹ ਲੱਕੜ ਦਾ ਡੱਬਾ ਬੂਹੇ ਨਾਲ ਲਾ ਕੇ ਉਹਦੇ ਉੱਤੇ ਬੈਠਾ ਹੋਇਆ ਸੀ। ਪਲੇਟਫ਼ਾਰਮ ਸ਼ੁਰੂ ਹੁੰਦਿਆਂ ਉਹਨੇ ਛੇਤੀ ਨਾਲ ਮੂੰਹ ਬਾਹਰ ਕੱਢਿਆ ਤੇ ਵੇਖਦਿਆ ਵੇਖਦਿਆਂ ਹੱਥ ਵਿਚ ਫੜੀ ਪੋਟਲੀ ਗੱਡੀ ਤੋਂ ਬਾਹਰ ਉਸ ਬੋਰਡ ਵਲ ਵਗ੍ਹਾ ਦਿੱਤੀ। ਜਿਹਦੇ ਤੇ ਮੋਟੇ ਮੋਟੇ ਅੱਖਰਾਂ ਨਾਲ ਸਟੇਸ਼ਨ ਦਾ ਨਾਂ ਲਿਖਿਆ ਹੋਇਆ ਸੀ। ਮੇਰਾ ਧਿਆਨ ਬਾਹਰ ਪਿਆ ਤੇ ਮੈਂ ਵੇਖਿਆ ਕਿ ਬੋਰਡ ਦੇ ਨਾਲ ਖਲੋਤੀ ਜ਼ਨਾਨੀ ਪੋਟਲੀ ਵਲ ਵੱਧੀ ਤੇ ਚੁੱਕ ਕੇ ਮੂੰਹ ਧਿਆਨੇ ਪਿੰਡ ਵੱਲ ਟੁਰ ਪਈ। ਮੇਰੇ ਵਾਂਗ ਕੁਝ ਹੋਰ ਮੁਸਾਫ਼ਰਾਂ ਵੀ ਨਿਮਾਣੇ ਨੂੰ ਪੋਟਲੀ ਸੁੱਟਦਿਆਂ ਤੇ ਜ਼ਨਾਨੀ ਨੂੰ ਚੁੱਕਦਿਆਂ ਤੇ ਜ਼ਰੂਰ ਵੇਖਿਆ ਪਰ ਏਦੋਂ ਵੱਖ ਹੋਰ ਕੋਈ ਗੱਲ ਨਾ ਵੇਖ ਸਕੇ ਕਿ ਗੱਡੀ ਅੱਖ ਝਪਕਦਿਆਂ ਈ ਪਲੇਟ ਫ਼ਾਰਮ ਛਡ ਗਈ ਸੀ।

ਮੈਂ ਉਸ ਬੂਟ ਪਾਲਸ਼ੀਏ ਨਾਲ ਕਈ ਗੱਲਾਂ ਕਰਨਾ ਚਾਹੁੰਦਾ ਸਾਂ ਪਰ ਕੀ ਕਰਦਾ। ਦਾਤਰੀ ਨੂੰ ਇਕ ਪਾਸੇ ਦੰਦੇ ਤੇ ਦੁਨੀਆਂ ਨੂੰ ਦੋਹੀਂ ਪਾਸੇ। ਬਸ ਮੈਂ ਚੁੱਪ ਈ ਕਰ ਗਿਆ, ਪਰ ਇਲਿਆਸ ਨੂੰ ਅਚਮਨੀ ਲੱਗ ਗਈ ਸੀ। 'ਏਹ ਬੰਦਾ ਕੌਣ ਏ... ਏਹਦਾ ਤੇਰੇ ਪਿੰਡ ਨਾਲ ਕੀ ਤਾਅੱਲਕ ਏ... ਪੋਟਲੀ ਚੁਕਣ ਵਾਲੀ ਜ਼ਨਾਨੀ ਕੌਣ ਏ... ਬੂਟ ਪਾਲਸ਼ੀਏ ਦੀ ਘਰ ਵਾਲੀ ਜਾਂ ਭੈਣ? ਉਹਨੇ ਭੱਜੀ ਜਾਂਦੀ ਗੱਡੀ ਵਿਚੋਂ ਕੀ ਬਾਹਰ ਸੁੱਟਿਆ ਏ। ਤੂੰ ਪੰਦਰਾਂ ਵਰ੍ਹੇ ਏਸ ਪਿੰਡ ਵਿਚ ਰਹਿ ਕੇ ਵੀ ਇਨ੍ਹਾਂ ਲੋਕਾਂ ਨੂੰ ਕਿਉਂ ਨਹੀਂ ਜਾਣਦਾ?" ਇਲਿਆਸ ਦੇ ਏਹ ਤੇ ਇਹਦੇ ਵਰਗੇ ਹੋਰ ਕਈ ਸਵਾਲ ਮੈਨੂੰ ਪ੍ਰੇਸ਼ਾਨ ਪਏ ਕਰਦੇ ਸਨ।

"ਕਿੱਥੇ ਪੁੱਜ ਗਿਆ ਏ? " ਗੱਡੀ ਦੇ ਰੌਲੇ ਵਿਚ ਇਲਿਆਸ ਹੌਲੀ ਜਿਹੀ ਫੇਰ ਬੋਲਿਆ।

"ਕਿੱਧਰੇ ਨਹੀਂ ਯਾਰ ! ਬਸ ਰੱਬ ਦੇ ਰੰਗ ਵੇਖ ਰਿਹਾ ਵਾਂ। " ਮੈਂ ਜਵਾਬ ਦਿੱਤਾ।

"ਅੱਧੇ ਧੜ ਵਾਲਾ ਏਹ ਮੋਚੀ ਕਿੱਦਾਂ ਦਾ ਲਗਾ ਏ? " ਉਹਨੇ ਪੁੱਛਿਆ।

"ਬੜਾ ਖ਼ੁਦਦਾਰ ਏ ਇਹ ਸਪੈਸ਼ਲ ਪਰਸਨ... ਤੂੰ ਵੇਖਿਆ ਏ ਕਿ ਉਸ ਨੇ ਮੇਰੀ ਜੁੱਤੀ ਪਾਲਸ਼ ਕਰਨ ਤੋਂ ਸਿਰਫ਼ ਏਸ ਲਈ ਇਨਕਾਰ ਕਰ ਦਿੱਤਾ ਏ ਕਿ ਉਹਨੂੰ ਸ਼ਕ ਪਿਆ ਸੀ ਕਿ ਮੈਂ ਉਸਦੀ ਕੋਈ ਮਦਦ ਕਰਨਾ ਚਾਹੁੰਦਾ ਸਾਂ।" ਮੈਂ ਆਖਿਆ।

"ਤੇ ਫੇਰ ਬਣ ਗਈ ਕੋਈ ਕਹਾਣੀ?" ਉਹਨੇ ਹੱਸਦਿਆਂ ਹੱਸਦਿਆਂ ਪੁੱਛਿਆ।

"ਨਹੀਂ ਇਹਦੇ ਵਿਚ ਕੋਈ ਕਲਾਈਮੈਕਸ ਨਹੀਂ।' ਮੈਂ ਜਵਾਬ ਦਿੱਤਾ।

"ਚਲੋ ਕੋਈ ਹੋਰ ਕਹਾਣੀ ਲੱਭ ਜਾਏਗੀ। ਅੱਜ ਤੇ ਗੱਡੀ ਤੇ ਪਹਿਲਾ ਦਿਨ ਏ। ਹੁਣ ਦੁਪਹਿਰ ਦੇ ਅਖ਼ਬਾਰ ਤੇ ਖ਼ਬਰ ਆਈ ਏ ਕਿ ਹਕੂਮਤ ਤੇ ਟਰਾਂਸਪੋਰਟਰਾਂ ਦੀ ਗੱਲ ਬਾਤ ਤੋੜ ਨਹੀਂ ਚੜ੍ਹ ਸਕੀ। ਹੁਣ ਦੋ ਈ ਗੱਲਾਂ ਨੇ, ਦਫ਼ਤਰ ਤੋਂ ਛੁੱਟੀ ਜਾਂ ਗੱਡੀਆਂ ਦੇ ਧੱਕੇ।" ਉਹਨੇ ਆਖਿਆ।

"ਨਹੀਂ ਯਾਰ ਕਲ੍ਹ ਤੋਂ ਆਪਣੀ, ਕਾਰ ਆਏਗੀ ਇੰਨਸ਼ਾ ਅੱਲ੍ਹਾ ਸ਼ੇਖ਼ੂਪੁਰਾ ਤੇ ਲਾਹੌਰ ਦਾ ਪੰਧ ਈ ਕੀ ਏ?" ਮੈਂ ਆਖਿਆ।

"ਤੇ ਕਾਰ ਦੇ ਟੈਂਕ ਵਿਚ ਪਵੇਂਗਾ ਕੀ।" ਉਹ ਬੋਲਿਆ.

"ਕੀ ਮਤਲਬ ਏ ਤੇਰਾ?" ਮੈਂ ਆਖਣ ਲੱਗਾ।

"ਮੀਆਂ ਹੜਤਾਲ ਵਿਚ ਆਇਲ ਟੈਂਕਰਜ਼ ਐਸੋਸੀਏਸ਼ਨ ਵੀ ਰਲ ਗਈ ਏ। ਫਿਲਿੰਗ ਸਟੇਸ਼ਨ ਸਵੇਰ ਤੱਕ ਸੁੱਕ ਜਾਣਗੇ।"



"ਓ ਮੇਰਿਆ ਰੱਬਾ ! ਏਹ ਤੇ ਸੱਚ ਮੁੱਚ ਮਸਲਾ ਹੋਇਆ... ਪਬਲਿਕ ਟਰਾਂਸਪੋਰਟ ਤੇ ਜ਼ਾਤੀ ਕਾਰ... ਕਿਵੇਂ ਚਲੇਗਾ ਕੰਮ ਗੱਡੀ ਤੇ ਬੜਾ ਰਸ਼ ਹੋ ਜਾਏਗਾ।'

ਮੈਂ ਬੋਲਦਾ ਬੋਲਦਾ ਥੱਕ ਗਿਆ ਤੇ ਫੇਰ ਇਲਿਆਸ ਦੀ ਵਾਰੀ ਆਈ।

"ਏਸ ਬੰਦੇ ਤੋਂ ਜਾਣੂੰ ਏਂ? "

"ਨਹੀਂ ...ਅਸਲੋਂ ਈ ਨਹੀਂ।" ਮੈਂ ਜਵਾਬ ਦਿੱਤਾ ਤੇ ਇਲਿਆਸ ਆਖਣ ਲੱਗਾ 'ਕਮਾਲ ਏ ਭਈ ਤੇਰੇ ਪਿੰਡ ਦਾ ਰਹਿਣ ਵਾਲਾ ਏ ਤੇ ਤੂੰ ਨਹੀਂ ਜਾਣਦਾ। ਸ਼ੇਖ਼ੂਪੁਰੇ ਤੇ ਲਾਹੌਰ ਵਿਚਕਾਰ ਗੱਡੀ ਤੇ ਸਫ਼ਰ ਕਰਨ ਵਾਲੇ ਸਾਰੇ ਲੋਕੀ ਏਸ ਨੂੰ ਜਾਣਦੇ ਨੇ। ਚੀਚੋ ਕੀ ਮੱਲੀਆਂ ਦਾ ਮੋਚੀ ਏ... ਏਸ ਪਾਸੇ ਗੱਡੀਆਂ ਤੇ ਬੂਟ ਪਾਲਸ਼ ਕਰਦਿਆਂ ਏਸ ਨੂੰ ਨੇੜੇ ਤੇੜੇ ਵੀਹ ਵਰ੍ਹੇ ਹੋ ਚਲੇ ਨੇ।'

ਮੈਂ ਆਖਿਆ, "ਗੱਲ ਏਵੇਂ ਈ ਹੋਵੇਗੀ ਪਰ ਮੈਂ ਰੇਲ ਤੇ ਸਫ਼ਰ ਨਹੀਂ ਕਰਦਾ। ਏਸ ਲਈ ਮੈਂ ਏਸ ਨੂੰ ਨਹੀਂ ਜਾਣਦਾ। ਰਹੀ ਗੱਲ ਪਿੰਡ ਦੀ ਤੇ ਮੈਨੂੰ ਪਿੰਡ ਛੱਡਿਆ ਵੀਹ ਪੰਜੀ ਵਰ੍ਹੇ ਹੋਣ ਲੱਗੇ ਹਨ। ਜਦੋਂ ਅਸੀਂ ਸ਼ੇਖ਼ੂਪੁਰੇ ਗਏ ਸਾਂ ਉਦੋਂ ਪਿੰਡ ਵਿਚ ਮੋਚੀ ਤੇ ਬਥੇਰੇ ਸਨ ਪਰ ਕੋਈ ਇੰਜ ਦਾ ਰੰਗ ਰੂਪ ਕੋਈ ਨਹੀਂ ਸੀ। ਹਾਂ ਏਹ ਹੋ ਸਕਦਾ ਏ ਕਿ ਵੇਲੇ ਦੀ ਧੂੜ ਨੇ ਏਸ ਗਰੀਬੜੇ ਦੇ ਮੁੱਖ ਤੇ ਐਡਾ ਮੋਟਾ ਲੇਅ ਚੜ੍ਹਾ ਦਿੱਤਾ ਹੋਵੇ ਕਿ ਮੈਂ ਪਛਾਣ ਨਾ ਸਕਿਆ ਹੋਵਾਂ। ਏਹ ਗੱਲ ਆਖਦਿਆਂ ਮੇਰੇ ਕਲੇਜੇ ਨੂੰ ਰੁਗ ਤੇ ਪਿਆ ਪਰ ਮੈਂ ਕੀ ਕਰਦਾ?'

ਗੱਡੀ ਸ਼ੇਖ਼ੂਪੁਰੇ ਪੁੱਜ ਗਈ ਸੀ। ਬੂਟ ਪਾਲਸੀਆ ਸੱਭ ਤੋਂ ਪਹਿਲੋਂ ਥੱਲੇ ਲੱਥਾ ਤੇ ਉਸ ਡੱਬੇ ਦੇ ਬੂਹੇ ਦੇ ਸਾਹਮਣੇ ਈ ਪਲੇਟਫਾਰਮ ਤੇ ਬਹਿ ਗਿਆ ਮੈਂ ਥੱਲੇ ਲੱਥਾ ਤੇ ਉਹ ਬੜੇ ਧਿਆਨ ਨਾਲ ਮੇਰੇ ਮੂੰਹ ਵਲ ਵੇਖਦਾ ਪਿਆ ਸੀ। ਮੈਂ ਮੂੰਹ ਪਰ੍ਹਾਂ ਕਰ ਛੱਡਿਆ ਜਿਵੇਂ ਸਾਡਾ ਅੱਬਾ ਪਛੇਤੀ ਬੀਜੀ ਮੂੰਜੀ ਵਲ ਵੇਖ ਕੇ ਕਰ ਛੱਡਦਾ ਸੀ।

'ਜੈਦੀ ... ਖਲੋ ਜਾ...।" ਮੈਂ ਉਹਦੀ ਆਵਾਜ਼ ਸੁਣ ਕੇ ਕੰਬ ਗਿਆ। "ਆ ਤੇਰੀ ਜੁੱਤੀ ਪਾਲਸ਼ ਕਰ ਦਿਆ।' ਉਹਨੇ ਆਖਿਆ।

ਇਲਿਆਸ ਵੀ ਮੇਰੇ ਨਾਲ ਈ ਖਲੋ ਗਿਆ। ਉਹ ਹੈਰਾਨ ਪ੍ਰੇਸ਼ਾਨ ਕਦੇ ਮੈਨੂੰ ਤੇ ਕਦੇ ਉਹਨੂੰ ਵੇਖ ਰਿਹਾ ਸੀ ਤੇ ਏਹਦੇ ਨਾਲ ਈ ਬੂਟ ਪਾਲਸ਼ ਕਰਨ ਵਾਲਾ ਫੇਰ ਬੋਲਣ ਲਗ ਪਿਆ,

"ਬੰਦਾ ਬੰਦਾ ਈ ਹੁੰਦਾ ਏ... ਏਸ ਨੂੰ ਖਵਾਰ ਨਹੀਂ ਕਰੀਦਾ। ਰੱਬ ਬੜਾ ਬੇ ਨਿਆਜ਼ ਏ। ਬੰਦੇ ਪੈਸੇ ਦੀ ਤੱਕੜੀ ਵਿਚ ਤੁੱਲਣ ਲੱਗ ਪਏ ਨੇ... ਏਵੇਂ ਈ ਗੱਲ ਏ ਨਾ?" ਏਹ ਆਖਦਿਆਂ ਉਹਨੇ ਹੱਥ ਮੇਰੀ ਜੁੱਤੀ ਵਲ ਵਧਾਇਆ ਤੇ ਮੈਂ ਝੁਕ ਕੇ ਉਹਦੇ ਹੱਥ ਫੜ ਲਏ।

'ਰਹਿਣ ਦੇ ਯਾਰ ! ਫਸਟ ਕਲਾਸ ਨੇ ਏਹ ਪਾਲਸ਼ ਦੀ ਲੋੜ ਨਹੀਂ।' ਮੈਂ ਏਹ ਗੱਲ ਆਖੀ ਤੇ ਨਾਲ ਈ ਬੇਸ਼ਰਮਾ ਤਰ੍ਹਾਂ ਏਹ ਸਵਾਲ ਵੀ ਕਰ ਦਿੱਤਾ ਕਿ 'ਤੂੰ ਕੌਣ ਏਂ? "

ਉਹ ਆਖਣ ਲੱਗਾ, "ਤੂੰ ਮੈਨੂੰ ਪਛਾਨਣ ਤੋਂ ਕਿਉਂ ਇਨਕਾਰ ਪਿਆ ਕਰਨਾ ਏਂ? ਮੈਂ ਤੇ ਬੰਦਿਆਂ ਵਿਚ ਰਹਿ ਰਹਿ ਕੇ ਕੁੱਤਿਆਂ ਨੂੰ ਪਛਾਨਣ ਲੱਗ ਪਿਆ ਤੇ ਤੂੰ ਮੈਨੂੰ ਭੁੱਲ ਗਿਆ ਏਂ। ਤੂੰ ਜੇ ਆਖ ਦੇਵੇਂ ਕਿ ਤੂੰ ਮੇਰਾ ਯਾਰ ਏਂ ਤੇ ਕੀ ਫ਼ਰਕ ਪਏਗਾ। ਮੈਂ ਮੰਨ ਜਾਨਾਂ ਕਿ ਕੋਈ ਸਰਕਾਰੀ ਅਫ਼ਸਰ ਗੱਡੀਆਂ ਵਿਚ ਜੁੱਤੀਆਂ ਪਾਲਸ ਕਰਨ ਵਾਲੇ ਦਾ ਯਾਰ ਨਹੀਂ ਹੋ ਸਕਦਾ ਪਰ ਆਖ ਦੇਣ ਨਾਲ ਤੇਰਾ ਕੀ ਗਵਾਚਦਾ ਏ? ਵੇਖ ਜੈਦੀ ! ਮੈਂ ਤੈਨੂੰ ਕਦੀ ਕੋਈ ਦੁੱਖ ਨਹੀਂ ਦਿੱਤਾ... ਮੈਂ ਤੈਥੋਂ ਕਦੀ ਕੁੱਝ ਨਹੀਂ ਮੰਗਿਆ, ਸਗੋਂ ਕਦੀ ਸੋਚਿਆ ਵੀ ਨਹੀਂ... ਮੈਂ ਮਿਹਨਤ ਕੀਤੀ ਏ, ਦਿਨ ਰਾਤ ਮਿਹਨਤ। ਤੂੰ ਪੜ੍ਹ ਲਿਖ ਗਿਆ, ਕੁਝ ਬਣ ਗਿਆ। ਮੈਂ ਪਿੱਛੇ ਰਹਿ ਗਿਆ, ਮੇਰੀ ਕਿਸਮਤ ਪਰ ਤੇਰਾ ਕੋਈ ਨੁਕਸਾਨ ਤੇ ਨਹੀਂ ਕੀਤਾ।"

ਸਪੈਸ਼ਲ ਪਰਸਨ ਦੀਆਂ ਅੱਖਾਂ ਭਿੱਜ ਗਈਆਂ। ਉਹਦੀਆਂ ਅੱਖਾਂ ਵਿਚੋਂ ਡਿੱਗਣ ਵਾਲੇ ਅੱਥਰੂ ਉਹਦੀ ਵੱਧੀ ਹੋਈ ਦਾੜ੍ਹੀ ਗਿੱਲੀ ਕਰਦਿਆਂ ਉਹਦੀਆਂ ਲੱਤਾਂ ਦੀਆਂ ਨਿਸ਼ਾਨੀਆਂ ਨੂੰ ਵੀ ਤਰ ਕਰ ਗਏ। ਮੈਂ ਉਸ ਨੂੰ ਯਕੀਨ ਦਿਵਾਂਦਾ ਰਿਹਾਂ ਕਿ ਮੈਂ ਉਹਨੂੰ ਨਹੀਂ ਜਾਣਦਾ ਪਛਾਣਦਾ ਤੇ ਉਹ ਰੋਂਦਾ ਰਿਹਾ। ਫੇਰ ਮੈਂ ਉਹਨੂੰ ਸਵਾਲ ਕੀਤਾ ਕਿ, "ਤੇਰੀਆਂ ਲੱਤਾਂ ਨੂੰ ਕੀ ਹੋਇਆ?" ਤੇ ਉਹਨੇ ਜਵਾਬ ਦਿੱਤਾ,

"ਕਈ ਵਰ੍ਹੇ ਬੀਤ ਚਲੇ ਨੇ ਏਸ ਗੱਲ ਨੂੰ ਜਦੋਂ ਇਕ ਦਿਹਾੜੀ ਚੀਚੋ ਕੀ ਮੱਲੀਆਂ ਦੇ ਟੇਸ਼ਨ ਤੇ ਫ਼ੈਸਲਾਬਾਦ ਨਾਨ ਸਟਾਪ ਦੀ ਰਫ਼ਤਾਰ ਚੋਖੀ ਘੱਟ ਗਈ। ਮੈਂ ਬੁਖਾਰ ਪਾਰੋਂ ਘਰ ਵਾਪਸ ਜਾਣਾ ਚਾਹੁੰਦਾ ਸਾਂ। ਗੱਡੀ ਤੋਂ ਉੱਤਰਨ ਦੀ ਕੋਸ਼ਿਸ਼ ਵਿਚ ਲੱਤਾਂ ਵਢਾ ਬੈਠਾ... ਪਰ ਤੈਨੂੰ ਤੇ ਥਹੁ-ਪਤਾ ਲਗ ਗਿਆ ਸੀ?"

"ਮੈਂ ਆਖਿਆ ਏ ਨਾਂ ਮੈਂ ਤੈਨੂੰ ਨਹੀਂ ਪਛਾਣ ਸਕਿਆ। ਜਿੰਨ੍ਹਾ ਦਿਨਾਂ ਵਿਚ ਮੈਂ ਪਿੰਡ ਛੱਡਿਆ ਸੀ ਪਿੰਡ ਵਿਚ ਤੇਰੀ ਸ਼ਕਲ ਸੂਰਤ ਦਾ ਕੋਈ ਮੋਚੀ ਨਹੀਂ ਸੀ।" ਮੈਂ ਫੇਰ ਉਹੋ ਈ ਗੱਲ ਕੀਤੀ।

"ਏਹ ਗੱਲ ਠੀਕ ਹੋਏਗੀ ਪਰ ਮੋਚੀਆਂ ਤੋਂ ਹਟ ਕੇ ਵੀ ਪਿੰਡ ਵਿਚ ਦੁਨੀਆਂ ਵੱਸਦੀ ਸੀ... ਪੜ੍ਹਿਆਰ ਸ਼ਹਿਰ ਟੁਰ ਗਏ... ਮੈਂ ਅੱਬੇ ਹੁਰਾਂ ਦੇ ਆਖਣ ਦੇ ਬਾਵਜੂਦ ਵੀ ਪਿੰਡ ਨਾ ਛੱਡਿਆ ਬਸ ਫੇਰ ਹਲਾਲ ਰੋਟੀ ਦੇ ਚਾਅ ਨੇ ਏਹ ਦਿਨ ਵਿਖਾਏ... ਏਹ ਤੇਰੇ ਨਾਲ ਕੌਣ ਏ?" ਉਹਨੇ ਪੁੱਛਿਆ।

"ਇਲਿਆਸ ਘੁੰਮਣ ਹੁਰੀ ਨੇ... ਮੇਰੀ ਦਫ਼ਤਰ ਦੇ ਸਾਥੀ। ਏਥੇ ਸ਼ੇਖੂਪੁਰੇ ਈ ਰਹਿੰਦੇ ਨੇ।" ਮੈਂ ਜਵਾਬ ਦਿੱਤਾ।

ਹੁਣ ਮੇਰੀ ਹਾਲਤ ਏਹ ਸੀ ਕਿ ਜਿਵੇਂ ਰੂਹ ਮੇਰੇ ਪਿੰਡੇ ਨੂੰ ਛੱਡ ਕੇ ਟੁਰ ਪਈ ਹੋਵੇ ਤੇ ਮੈਂ ਆਪਣੇ ਅੰਦਰ ਬਲਦੀ ਅੱਗ ਵਿਚ ਕੋਲਾ ਪਿਆ ਹੁੰਦਾ ਸਾਂ। ਮੇਰਾ ਦਿਲ ਕਰੇ ਕਿ ਮੈਂ ਆਪਣਾ ਸਿਰ ਉਹਦੇ ਲੱਕੜ ਦੇ ਡੱਬੇ ਨਾਲ ਮਾਰ ਮਾਰ ਕੇ ਪਾੜ ਲਵਾਂ ਜਾਂ ਧਰਤੀ ਆਪਣਾ ਸੀਨਾ ਖੋਲ੍ਹ ਦਵੇ ਤੇ ਮੈਂ ਏਹਦੇ ਵਿਚ ਵੜ ਜਾਵਾਂ। ਨਾਲ ਈ ਮੈਂ ਇਲਿਆਸ ਨਾਲ ਏਵੇਂ ਡੂੰਘੀਆਂ ਨਜ਼ਰਾਂ ਨਾਲ ਵੇਖਿਆ ਕਿ ਉਹ ਪੜ੍ਹਿਆ ਲਿਖਿਆ ਬੰਦਾ ਮੇਰੀ ਤੇ ਬੂਟ ਪਾਲਸ਼ੀਏ ਦੀ ਏਸ ਸਾਂਝੀ ਖਾਹਸ਼ ਨੂੰ ਸਮਝ ਗਿਆ ਤੇ ਉਹ ਕੁਝ ਦੁਰੇਡੇ ਬਰਾਂਡੇ ਵਿਚ 'ਇੰਤਜ਼ਾਰ ਗਾਹ ਦਰਜਾ ਦੋਮ' ਦੇ ਬੋਰਡ ਦੇ ਥੱਲੇ ਡਿੱਠੇ ਸਲੇਟੀ ਰੰਗ ਦੇ ਬੈਂਚ ਤੇ ਜਾ ਕੇ ਬਹਿ ਗਿਆ।

ਰਚਨਾ ਐਕਸਪ੍ਰੈਸ ਦੂਰ ਜਾ ਪੁੱਜੀ ਸੀ... ਪਲੇਟ ਫ਼ਾਰਮ ਮੁਸਾਫ਼ਰਾ ਤੋਂ ਖਾਲੀ ਹੋ ਗਿਆ ਸੀ। ਇਲਿਆਸ ਦੂਰ ਬੈਠਾ ਸਿਗਰਟ ਦੇ ਸੂਟੇ ਲਾ ਰਿਹਾ ਸੀ। ਮੈਂ ਹੌਲੀ ਜਿਹਾ ਥੱਲੇ ਬਹਿ ਗਿਆ, ਗੋਡੇ ਜ਼ਮੀਨ ਤੇ ਰੱਖ ਦਿੱਤੇ ਤੇ ਵੱਡੇ ਭਰਾ ਦਾ ਹੰਝੂਆਂ ਨਾਲ ਭਿੱਜਿਆ ਮੁੱਖੜਾ ਚੁੰਮ ਲਿਆ। ਸ਼ੋਰ ਕੋਟ ਵਲੋਂ ਆਉਣ ਵਾਲੀ ਪੈਸੰਜਰ ਗੱਡੀ ਜਿਹਦੇ ਤੇ ਪ੍ਰਵੇਜ਼ ਨੇ ਵਾਪਸ ਚੀਚੋ ਕੀ ਮੱਲੀਆਂ ਜਾਣਾ ਸੀ, ਪਲੇਟਫ਼ਾਰਮ ਤੇ ਪੁੱਜ ਗਈ ਸੀ। ਉਹਨੇ ਲੱਕੜ ਦਾ ਡੱਬਾ ਗੱਡੀ ਦੇ ਅੰਦਰ ਸੁੱਟਿਆ, ਪਾਏਦਾਨ ਘੁੱਟ ਕੇ ਫੜਿਆ ਤੇ ਉੱਛਲ ਗੱਡੀ ਵਿਚ ਸਵਾਰ ਹੋ ਗਿਆ। ਫੇਰ ਹੱਸਦਿਆਂ ਹੋਇਆ ਮੇਰੇ ਵਲ ਵੇਖਿਆ ਤੇ ਆਖਣ ਲੱਗਾ, "ਅਜੇ ਹੁਣ ਈ ਰਚਨਾ ਐਕਸਪ੍ਰੈਸ ਤੇ ਆਉਂਦਿਆਂ ਚੀਚੋ ਕੀ ਮੱਲੀਆਂ ਪਲੇਟ ਫ਼ਾਰਮ ਤੇ ਸ਼ਰੀਫ਼ਾਂ ਦੀ ਰੋਟੀ ਵਗਾ ਆਇਆ ਸਾਂ... ਅੱਜ ਬਾਰ੍ਹਾਂ ਵਜੇ ਵਾਲੀ ਗੱਡੀ ਤੇ ਰੋਟੀ ਨਹੀਂ ਸਾਂ ਲਿਆ ਸਕਿਆ... ਬੜੀ ਨਾਰਾਜ਼ ਹੋਈ ਏ ਅੱਜ ਤੇਰੀ ਭਾਬੀ... ਤੇਰਾ ਸਲਾਮ ਆਖਾਂਗਾ ਉਸ ਨੂੰ... ਤੈਨੂੰ ਬੜਾ ਯਾਦ ਕਰਦੀ ਏ ਉਹ ਭਲੀ ਲੋਕ... ਤੂੰ ਵੀ ਭਾਬੀ ਨੂੰ ਮੇਰਾ ਸਲਾਮ ਚੇਤੇ ਨਾਲ ਆਖ ਦੇਵੀਂ।"

ਸ਼ੋਰ ਕੋਟ ਪੈਸੰਜਰ ਨੇ ਹਾਰਨ ਦਿੱਤਾ... ਗਾਰਡ ਨੇ ਸੀਟੀ ਵਜਾਈ ... ਹਰੀ ਝੰਡੀ ਹਿਲਾਈ ਤੇ ਗੱਡੀ ਟੁਰ ਪਈ।

***************



# ਪੰਜਾਬੀ ਕਹਾਣੀ : ਇਕ ਵਿਸ਼ਾ ਵਿਭਿੰਨ ਵਿਸਤ੍ਰਿਤ ਪ੍ਰਵਚਨ

**ਡਾ. ਗੁਰਮੀਤ ਕੌਰ**

ਕਹਾਣੀ ਮਨੁੱਖ ਦੀ ਮਾਨਸਿਕ ਬੌਧਿਕ ਤੇ ਸੁਹਜਾਤਮਕ ਤ੍ਰਿਪਤੀ ਦਾ ਇਕ ਪ੍ਰਮੁੱਖ ਆਧਾਰ ਹੈ। ਮਾਨਵ ਦੇ ਆਦਿ ਕਾਲੀਨ ਵਿਕਾਸ ਦੀ ਪਰੰਪਰਕ ਤੇ ਆਧੁਨਿਕ ਤਸਵੀਰ ਵਿਚੋਂ ਬਣੇ ਉਭਰੇ ਵਿਭਿੰਨ ਮਨੁੱਖੀ ਨਕਸ਼ਾਂ ਨੂੰ ਕਹਾਣੀ ਵਿਚ ਸ਼ੁਰੂ ਤੋਂ ਹੀ ਪ੍ਰਸਤੁਤ ਕੀਤਾ ਗਿਆ ਹੈ। ਸਮੇਂ ਦੇ ਬਦਲਾਵਾਂ ਤੇ ਸਮਾਜ ਦੇ ਵਿਕਾਸ ਦੀ ਗਤੀਸ਼ੀਲਤਾ ਵਿਚ ਕਹਾਣੀ ਨੇ ਸਰਲ ਬਾਤਾਂ ਤੋਂ ਸਫ਼ਰ ਸ਼ੁਰੂ ਕਰ ਗੁੰਝਲਦਾਰ ਘਟਨਾਵਾਂ ਤੇ ਜਟਿਲ ਬਿਰਤਾਂਤ ਤਕ ਦਾ ਇਕ ਲੰਮਾ ਪੈਂਡਾ ਤੈਅ ਕੀਤਾ ਹੈ। ਇਹੋ ਕਾਰਨ ਹੈ ਕਿ ਪੰਜਾਬੀ ਕਹਾਣੀ ਵਿਅਕਤੀਗਤ ਤਣਾਵਾਂ ਦੀ ਦਿਨ ਪ੍ਰਤੀ ਦਿਨ ਬਦਲ ਰਹੀ ਪਿੱਠਭੂਮੀ ਦਾ ਇਕ ਵਿਸਤ੍ਰਿਤ ਰੂਪ ਪੇਸ਼ ਕਰਦੀ ਹੈ। ਜਿਸ ਕਾਰਨ ਪੰਜਾਬੀ ਕਹਾਣੀ ਦਾ ਅਨੁਭਵ ਤੇ ਵਿਸਥਾਰ ਬਹੁਤ ਲੰਮਾ ਹੈ। ਵਿਕਾਸ ਦੇ ਇਸ ਪੈਰਾਡਾਈਮ ਵਿਚ ਵਖੋ-ਵੱਖਰੀਆਂ ਕਹਾਣੀਆਂ ਵਿਚ ਇਕ ਸਮਾਨ ਤੇ ਵਿਰੋਧਾਤਮਕ ਸੰਬੰਧ ਸਿਰਜਤ ਹੋਇਆ ਮਿਲਦਾ ਹੈ। ਜੋ ਕਹਾਣੀ ਦੇ ਥੀਮਕ ਪਾਸਾਰ ਦੇ ਵਿਚਾਰਧਾਰਕ ਪ੍ਰਪੰਚਾਂ ਦਾ ਇਕ ਵਿਸਥਾਰ ਉਲੀਕਦਾ ਹੈ। ਇਸ ਵਿਚਾਰਧਾਰਾਕ ਪਰਿਪੇਖ ਵਿਚ ਇਕੋ ਵਿਸ਼ਾ ਵਖੋ-ਵੱਖਰੀਆਂ ਕਹਾਣੀਆਂ ਵਿਚ ਇਕ ਨਵੇਂ ਐਂਗਲ, ਇਕ ਨਵੀਂ ਦਿਸ਼ਾ ਤੇ ਇਕ ਨਵੀਂ ਦ੍ਰਿਸ਼ਟੀ ਦੇ ਨਾਲ ਪ੍ਰਨਾਇਆ ਹੋਇਆ ਹੈ।

ਵਿਚਾਰਧਾਰਾ ਦੇ ਵਿਸਤ੍ਰਿਤ ਪਰਿਪੇਖ ਵਿਚ ਪੰਜਾਬੀ ਕਹਾਣੀ ਵਿਭਿੰਨ ਵਰਗਾਂ ਦੀ ਨਿਸ਼ਾਨਦੇਹੀ ਵਿਭਿੰਨ ਪ੍ਰਕਰਣਾਂ ਜ਼ਰੀਏ ਕਰਦੀ ਹੈ। ਪੰਜਾਬੀ ਕਹਾਣੀ ਸਮਾਨਾਂਤਰ ਰੂਪ ਵਿਚ ਇਕੋ ਵਿਸ਼ੇ ਦੇ ਵਿਭਿੰਨ ਪੱਧਰਾਂ, ਦਿੱਖਾਂ / ਅਦਿਖ ਪਰਤਾਂ ਅਤੇ ਹਕੀਕਤਾਂ ਦਾ ਭਰਪੂਰ ਵਿਸਥਾਰ ਉਲੀਕਦੀ ਹੈ। ਜਿਵੇਂ ਅਜਮੇਰ ਸਿੱਧੂ ਦੀ ਕਹਾਣੀ 'ਗੌਰਜਾਂ'। ਇਸ ਕਹਾਣੀ ਦਾ ਪਾਤਰ ਜੀਤੂ ਬਾਵਾ ਦਲਿਤ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ। ਉਹ 'ਮੰਗ ਖਾਣਿਆਂ ਦੀ ਜਾਤ' ਦੇ ਵਿਸ਼ੇਸ਼ਣ ਨਾਲ ਜੁੜੀ ਆਪਣੀ ਤ੍ਰਿਸਕਾਰ ਭਰੀ ਜ਼ਿੰਦਗੀ ਤੋਂ ਭੱਜਦਾ ਹੋਇਆ ਆਪਣੀ ਬਰਾਦਰੀ ਤੋਂ ਅਲੱਗ ਹੋ ਜੱਟਾਂ ਦੇ ਘਰ ਕੰਮ ਕਰਦਾ ਹੈ। ਜਿੱਥੇ ਉਸਦੇ ਸੁੱਤੇ ਸੁਪਨੇ ਨਵੀਂ ਕਰਵਟ ਲੈਂਦੇ ਹਨ। ਜਿਸ ਵਿਚ ਸਵਰਨ ਜਾਤੀ(ਜੱਟ) ਜੀਵਨ ਉਸਨੂੰ ਵਧੇਰੇ ਖ਼ੂਬਸੂਰਤ ਤੇ ਰੁਮਾਂਚਕ ਪ੍ਰਤੀਤ ਹੁੰਦਾ ਹੈ,

"ਬਲਦਾਂ ਦੇ ਗਲ ਵਿਚ ਪਈਆਂ ਟੱਲੀਆਂ ਦਾ ਸੰਗੀਤ ਬੜਾ ਪਿਆਰਾ ਲੱਗਦਾ ਹੈ। ਹਲਟਾਂ ਨੇ ਆਪਣਾ ਵਖਰਾ ਦੀ ਰਾਗ ਛੇੜਿਆ ਹੋਇਆ ਹੁੰਦਾ ਤ੍ਰੇਲ ਭਰੇ ਘਾਹ ਉੱਤੇ ਨੰਗੇ ਪੈਰ ਟਿਕਾਉਂਦਾ। ਸਰੀਰ ਅੰਦਰ ਸ਼ਾਂਤੀ ਵਰਗੀ ਝਰਨਾਹਟ ਉੱਠਦੀ। ਮਨ ਮੇਰਾ ਪੈਲੀਆਂ ਵਿਚ ਖੜੀਆਂ ਫਸਲਾਂ ਨਾਲ ਗੱਲਾਂ ਕਰਨ ਲੱਗਦਾ।" (ਗੌਰਜਾਂ)

ਪੰਜਾਬੀ ਕਹਾਣੀ ਦੀ ਇਹ ਖਾਸੀਅਤ ਹੈ ਕਿ ਜੇਕਰ ਇਕ ਕਹਾਣੀ ਇਕ ਸ਼੍ਰੇਣੀ ਜ਼ਰੀਏ ਦੂਸਰੀ ਸ਼੍ਰੇਣੀ ਦਾ ਹਾਂ ਪੱਖੀ ਦ੍ਰਿਸ਼ ਸਿਰਜਤ ਕਰਦੀ ਹੈ ਤਾਂ ਇਸਦੇ ਸਮਾਨਾਂਤਰ ਅਜਿਹੀ ਕਹਾਣੀ ਵੀ ਮੌਜੂਦ ਹੈ ਜੋ ਇਸ ਹਾਂ ਪੱਖੀ ਦ੍ਰਿਸ਼ ਦੀ ਨਾਂਹ ਪੱਖੀ ਤਸਵੀਰ ਤੇ ਉਸ ਸ਼੍ਰੇਣੀ ਦੇ ਅੰਦਰਵਾਰ ਪਸਰੇ ਅਸਾਂਵੇਪਣ ਨੂੰ ਸਿਰਜਤ ਕਰਦੀ ਹੈ। ਜਿਵੇਂ ਸਵਰਨ ਜਾਤੀ (ਜੱਟ) ਦਾ ਦਰਸਾਇਆ ਗਿਆ ਉਪਰੋਕਤ ਖ਼ੂਬਸੂਰਤ ਦ੍ਰਿਸ਼ ਭੋਲਾ ਸਿੰਘ ਸੰਘੇੜਾ ਦੀ ਕਹਾਣੀ 'ਸੰਭਾਲ ਲੈ ਮੈਨੂੰ' ਭੰਗ ਕਰਦੀ ਹੈ। ਜਦੋਂ ਕਹਾਣੀ ਦਾ ਕੇਂਦਰੀ ਪਾਤਰ ਪੰਜਾਬ ਸਿਓਂ ਮੰਡੀ ਦੇ ਫੈਲਾਅ ਵਿਚ ਆਪਣਾ ਸਭ ਕੁਝ ਗਵਾਉਣ ਦੇ ਨਾਲ-ਨਾਲ ਆਪਣਾ ਮਾਨਸਿਕ ਸੰਤੁਲਨ ਵੀ ਗਵਾ ਬੈਠਦਾ ਹੈ। ਉਸਦੇ ਮਨ ਅੰਦਰ ਪਨਪ ਰਹੇ ਆਪਣੀ ਹੋਂਦ ਲੈ ਕੇ ਐਬਸਰਡ ਖਿਆਲਾਂ ਜ਼ਰੀਏ ਬਣੀ ਉਸਦੀ ਐਬਸਰਡ ਪਰਸਨੈਲਿਟੀ ਭਵਿੱਖਮੁਖੀ ਤਸਵੀਰ ਦੇ ਵਿਕਰਾਲ ਸੰਕਟਾਂ ਦੀ ਪੇਸ਼ਕਾਰੀ

ਕਰਦੀ ਹੈ,

ਕੁਝ ਦੇਰ ਬਾਅਦ ਉਸਨੂੰ ਲੱਗਿਆ ਜਿਵੇਂ ਸਾਰੇ ਪਿੰਡ ਵਿਚ ਉਨ੍ਹਾਂ ਦੇ ਘਰ ਦੀ ਹੀ ਚਰਚਾ ਹੋਵੇ। ਥਾਂ ਥਾਂ ਬੈਠੇ ਲੋਕ ਉਸਦੇ ਕਰਜ਼ਈ ਹੋਣ ਦੀਆਂ ਹੀ ਗੱਲਾਂ ਕਰ ਰਹੇ ਹੋਣ। ਉਸਦੇ ਕਰਜ਼ਾ ਨਾ ਮੋੜਨ ਕਰਕੇ ਕੰਧਾਂ ਤੇ ਉਸਦੀ ਜਾਇਦਾਦ ਦੀ ਕੁਰਕੀ ਦੇ ਇਸ਼ਤਿਹਾਰ ਦੀ ਹੀ ਗੱਲ ਚੱਲ ਰਹੀ ਹੋਵੇ। ਕਦੇ ਕਦੇ ਉਸਨੂੰ ਲੱਗਦਾ ਉਸਦੇ ਦੋਵਾਂ ਮੁੰਡਿਆਂ ਅਤੇ ਉਸਨੂੰ ਪੁਲਿਸ ਹਥਕੜੀ ਲਾ ਕੇ ਸਾਰੇ ਪਿੰਡ ਵਿਚ ਘੁੰਮਾ ਰਹੀ ਹੋਵੇ। ... ਤੇ ਕੁੜੀ ਦੇ ਰਿਸ਼ਤੇ ਦੀ ਗੱਲ ਵਿਚਕਾਰ ਹੀ ਟੁੱਟ ਗਈ ਹੋਵੇ।... (ਸੰਭਾਲ ਲੈ ਮੈਨੂੰ)

ਇਸ ਕਹਾਣੀ ਵਿਚਲਾ ਉਪਰੋਕਤ ਬਿਰਤਾਂਤ 'ਗੌਰਜਾਂ' ਕਹਾਣੀ ਵਿਚ ਲਹਿਲਰਾ ਰਹੀਆਂ ਫਸਲਾਂ ਦਾ ਅਸਲ ਸੱਚ ਹੈ। ਇਸ ਕਹਾਣੀ ਵਿਚ ਕਹਾਣੀਕਾਰ ਪੰਜਾਬ ਸਿਓਂ ਨਾਂ ਦਾ ਕੋਈ ਇਕਹਿਰਾ ਪਾਤਰ ਸਿਰਜਤ ਨਹੀਂ ਕਰ ਰਿਹਾ ਸਗੋਂ ਇਸ ਨਾਮ ਦੇ ਚਿਹਨਕੀ ਕੋਡ ਜ਼ਰੀਏ ਅਜੋਕੇ ਪੰਜਾਬ ਦੀ ਸਮੁੱਚੀ ਛੋਟੀ ਕਿਸਾਨੀ ਸੰਕਟ ਦੀ ਤਸਵੀਰ ਦੀ ਪੇਸ਼ਕਾਰੀ ਕਰ ਰਹੀ ਹੈ। ਜੋ ਉਪਰੋਂ ਦੇਖਣ ਨੂੰ ਬਹੁਤ ਖ਼ੂਬਸੂਰਤ ਲੱਗਦੀ ਹੈ ਪਰ ਇਸ ਜੀਵਨ ਦੇ ਅੰਦਰਲੀ ਤਹਿ ਬਹੁਤ ਖੰਡਿਤ ਤੇ ਭੁਰ ਚੁੱਕੀ ਹੈ।

ਇਸ ਤਰ੍ਹਾਂ ਪੰਜਾਬੀ ਕਹਾਣੀ ਵਿਚ ਜੇਕਰ ਦਲਿਤ ਸ਼੍ਰੇਣੀ ਦੇ ਸੁਪਨਿਆਂ ਵਿੱਚੋਂ ਸਵਰਨ ਜਾਤੀ (ਜੱਟ) ਦਾ ਖ਼ੂਬਸੂਰਤ ਅਕਸ ਪੇਸ਼ ਹੋਇਆ ਮਿਲਦਾ ਹੈ ਤਾਂ ਉਥੇ ਇਸੇ ਜਾਤੀ ਦੀ ਅੰਦਰਲੀ ਅਦਿਖ ਹਕੀਕਤ ਦਾ ਖੁਲਾਸਾ ਵੀ ਪੰਜਾਬੀ ਕਹਾਣੀ ਵਿਚ ਮੌਜੂਦ ਹੈ। ਇਸ ਤੋਂ ਅੱਗੇ ਵਧ ਕੇ ਪੰਜਾਬੀ ਕਹਾਣੀ ਦੀ ਵਿਲੱਖਣ ਪ੍ਰਾਪਤੀ ਵਿਸ਼ਿਆਂ ਦੀ ਵਿਸਥਾਰਤਾ ਨੂੰ ਹੈਰਾਨੀਜਨਕ ਤੇ ਤੱਥਗਤ ਦ੍ਰਿਸ਼ਾਤਮਕ ਬਿੰਬਾਵਲੀ ਜ਼ਰੀਏ ਇਕ ਵੱਖਰੇ ਕੋਣ ਤੋਂ ਪ੍ਰਸਤੁਤੀ ਦੇ ਨਾਲ ਜੁੜੀ ਹੋਈ ਹੈ। ਇਸ ਸੰਦਰਭ ਨਿਹਿਤ ਅੱਜ ਤੋਂ ਲਗਭਗ ਚਾਲੀ ਪੰਜਾਹ ਸਾਲ ਪਹਿਲਾਂ ਲਿਖੀ ਗਈ ਕਹਾਣੀ 'ਛਾਂ ਦਾ ਮੁੱਲ' ਅਤੇ ਸਮਕਾਲ ਵਿਚ ਜਸਵੀਰ ਰਾਣਾ ਦੁਆਰਾ ਲਿਖੀ ਕਹਾਣੀ 'ਡਾਰਕ ਜੋਨ' ਨੂੰ ਸਮਾਨਾਂਤਰ ਰੂਪ ਵਿਚ ਦੇਖਿਆ ਜਾ ਸਕਦਾ ਹੈ। 'ਛਾਂ ਦਾ ਮੁੱਲ' ਕਹਾਣੀ ਸਵਰਨ ਜਾਤੀ ਨਾਲ ਜੁੜੇ ਪਾਤਰ ਵਲੋਂ ਨਿਮਨ ਜਾਤੀ ਦੇ ਪਾਤਰ ਦਾ ਕੀਤਾ ਗਿਆ ਸ਼ੋਸ਼ਣ ਅਤੇ ਆਉਣ ਵਾਲੇ ਸਮੇਂ ਵਿਚ ਮੁਨਾਫੇ ਦੀ ਫੈਲਣ ਵਾਲੀ ਪ੍ਰਵਿਰਤੀ ਅਤੇ ਹਰ ਸ਼ੈਅ ਦੇ ਵਿਕਾਊ ਹੋ ਜਾਣ ਦਾ ਮਾਰਮਿਕ ਦ੍ਰਿਸ਼ ਉਲੀਕਦੀ ਹੈ। ਜਦੋਂ ਕਹਾਣੀ ਵਿਚਲਾ ਸ਼ਾਹੂਕਾਰ ਆਪਣੇ ਵਿਹੜੇ ਵਿਚ ਲੱਗੇ ਦਰੱਖਤ ਦੀ ਛਾਂ ਦਾ ਮੁੱਲ ਵਸੂਲ ਕਦਾ ਹੈ। ਇਹ ਭਵਿੱਖ ਦਾ ਮੁਨਾਫੇਖੋਰ ਉਹ ਅਕਸ ਹੈ ਜੋ ਬਹੁਤ ਡਰਾਉਣਾ ਤੇ ਸੈਆਂ ਸਵਾਲਾਂ ਦੇ ਨਾਲ ਜੁੜਿਆ ਹੋਇਆ ਹੈ। ਜਿਸ ਵਿਚ ਸੰਵੇਦਨਾ ਨੇ ਮੂਲੋਂ ਹੀ ਖਾਰਜ ਹੋ ਜਾਣਾ ਹੈ ਤੇ ਹਰ ਚੀਜ਼ ਦਾ ਵਸਤੂ ਵਿਚ ਤਬਦੀਲ ਹੋ ਵਿਕਾਊ ਹੋ ਜਾਣਾ ਆਮ ਗੱਲ ਬਣ ਜਾਣੀ ਹੈ।

'ਛਾਂ ਦਾ ਮੁੱਲ' ਕਹਾਣੀ ਵਿਚ ਪੇਸ਼ ਹੋਇਆ ਇਹ ਭਵਿੱਖੀ ਮਸਲਾ ਅਜੋਕੇ ਸਮੇਂ ਦਾ ਹੈ ਪਰ ਭਵਿੱਖ ਦੇ ਇਹਨਾਂ ਬਦਲਦੇ ਸੰਦਰਭਾਂ ਨੂੰ ਜਸਵੀਰ ਰਾਣਾ ਦੁਆਰਾ ਲਿਖੀ ਕਹਾਣੀ 'ਡਾਰਕ ਜੋਨ' ਦੋ ਕਦਮ ਹੋਰ ਅੱਗੇ ਲੈ ਕੇ ਜਾਂਦੀ ਹੈ। ਇਹ ਕਹਾਣੀ ਅੱਜ ਤੋਂ ਬਾਅਦ ਦੇ ਭਵਿੱਖੀ ਸੰਕਟਾਂ ਦੀ ਪੇਸ਼ਕਾਰੀ ਕਰਦੀ ਹੋਈ ਖਤਮ ਹੋ ਜਾਣ ਵਾਲੇ ਕੁਦਰਤੀ ਸੋਮੇ ਪਾਣੀ ਅਤੇ ਲੱਕੜਾਂ ਦਾ ਜ਼ਿਕਰ ਕਰਦੀ ਹੈ ਕਿ ਭਵਿੱਖ ਵਿਚ ਇਹਨਾਂ ਦੀ ਅਣਹੋਂਦ ਕਈ ਕਿਸਮ ਦੇ ਸੰਸਕ੍ਰਿਤਕ ਸੰਕਟਾਂ ਦੇ ਉਪਜਣ ਦਾ ਕਾਰਨ ਬਣੇਗੀ। ਜਿਵੇਂ ਪਾਣੀ ਦੀ ਅਣਹੋਂਦ ਵਿਆਹੇ ਮੌਕੇ ਵਾਰੇ ਜਾਣ ਵਾਲੇ ਪਾਣੀ ਦੀ ਰਸਮ ਅਤੇ ਮਰਨ ਉਪਰੰਤ ਅੰਤਿਮ ਇਸ਼ਨਾਨ ਦੀ ਰਸਮ ਦੀ ਅਣਹੋਂਦ ਦਾ ਕਾਰਨ ਬਣੇਗੀ। ਤੇ ਭਵਿੱਖ ਵਿਚ ਹੋਣ ਵਾਲੇ ਯੁੱਧ ਇਕ ਦੂਜੇ ਉੱਪਰ ਜਿੱਤ ਦੇ ਨਹੀਂ ਸਗੋਂ ਪਾਣੀ ਦੀ ਪ੍ਰਾਪਤੀ ਤੇ ਇਸ ਉੱਪਰ ਕਬਜੇ ਕਾਰਨ ਲੜੇ ਜਾਣਗੇ। ਇਸੇ ਤਰ੍ਹਾਂ ਕੀਤੀ ਜਾ ਰਹੀ ਦਰੱਖਤਾਂ ਦੀ ਨਿਰੰਤਰ ਕਟਾਈ ਮੁਰਦੇ ਦੇ ਅੰਤਿਮ ਸੰਸਕਾਰ ਦੀ ਰੀਤ ਤੋਂ ਵਾਂਝੇ ਰਹਿ ਜਾਣ ਦੇ ਸੰਕਟ ਦੇ ਉਪਜਣ ਦਾ ਕਾਰਨ ਬਣੇਗੀ।



ਇਸਦਾ ਭਾਵ ਇਹ ਕਿ ਆਉਣ ਵਾਲਾ ਭਵਿੱਖ ਕੁਦਰਤੀ ਵਸੀਲਿਆਂ ਦੀ ਅਣਹੋਂਦ ਕਾਰਨ ਜਨਮ, ਵਿਆਹ ਅਤੇ ਮੌਤ ਦੀਆਂ ਰਸਮਾਂ ਤੋਂ ਅਲੱਗ ਹੋ ਜਾਵੇਗਾ। ਉਪਰੋਕਤ ਦੋਵੇਂ ਕਹਾਣੀਆਂ ਕ੍ਰਮਵਾਰ ਭਵਿੱਖੀ ਸੰਕਟਾਂ ਦੀ ਸਿਰਜਣਾ ਕਰਦੀਆਂ ਹਨ। 'ਛਾਂ ਦਾ ਮੁੱਲ' ਕਹਾਣੀ ਅਜੋਕੇ ਦੌਰ ਦੀ ਮੁਨਾਫਾਖੋਰ ਅਤੇ ਸੰਵੇਦਨਾ ਰਹਿਤ ਪ੍ਰਵਿਰਤੀ ਤਹਿਤ ਮੰਡੀ ਦੇ ਪ੍ਰਵਚਨ ਅਤੇ ਬਾਜ਼ਾਰੂ ਦ੍ਰਿਸ਼ਟੀ ਦੀ ਗੱਲ ਕਰਦੀ ਹੈ ਤਾਂ 'ਡਾਰਕ ਜੋਨ' ਕਹਾਣੀ ਇਸੇ ਦ੍ਰਿਸ਼ਟੀ ਅਤੇ ਪ੍ਰਵਚਨ ਨੂੰ ਥੋੜਾ ਹੋਰ ਅੱਗੇ ਲਿਜਾ ਕੇ ਵਿਸਤ੍ਰਿਤ ਦ੍ਰਿਸ਼ਟੀ ਤੋਂ ਮੁਨਾਫੇ ਦੀ ਇਸ ਪ੍ਰਵਿਰਤੀ ਕਾਰਨ ਅੱਜ ਤੋਂ ਅਗਲੇ ਭਵਿੱਖ ਵਿਚ ਮਨੁੱਖ ਦੀ ਸੰਕਟਮਈ ਸਥਿਤੀ ਅਤੇ ਵਿਨਾਸ਼ ਦੀ ਸੂਚਨਾ ਦਿੰਦੀ ਹੋਈ ਮਨੁੱਖੀ ਹੋਂਦ ਦੇ ਖਾਤਮੇ ਦਾ ਮੈਟਾਫਰ ਬਣ ਜਾਂਦੀ ਹੈ। ਜੋ ਮੁਨਾਫੇ ਤੇ ਮੰਡੀਕਰਨ ਦੀ ਸੋਚ ਦਾ ਆਖਰੀ ਸੱਚ ਹੈ। ਇਸ ਤਰ੍ਹਾਂ ਪੰਜਾਬੀ ਕਹਾਣੀ ਵਿਸ਼ਿਆ ਦੀ ਵਿਵਿਧਤਾ ਵਿਚ ਵਿਸ਼ਿਆ ਦੇ ਫੈਲਾਓ ਅਤੇ ਵਿਸਥਾਰ ਵਲ ਚੇਤਨ ਨਜ਼ਰ ਆਉਂਦੀ ਹੈ।

ਪੰਜਾਬੀ ਕਹਾਣੀ ਦੀ ਇਸੇ ਚੇਤਨਾ ਦਾ ਅਗਲਾ ਵਿਸਥਾਰ ਮਨੁੱਖੀ ਉਪਭੋਗੀ ਬਿਰਤੀ ਦੀਆਂ ਵਿਭਿੰਨ ਪਰਤਾਂ ਵਿਚ ਵੀ ਲੁਕਿਆ ਹੋਇਆ ਹੈ। ਅਜੋਕੇ ਹੜਬੜੀ ਵਾਲੇ ਅਤੇ ਸਵੈ-ਕੇਂਦਰਿਤ ਸਮੇਂ ਵਿਚ ਮਨੁੱਖੀ ਬਿਰਤੀ ਉਪਭੋਗੀ ਚੇਸ਼ਟਾ ਵਾਲੀ ਬਣਦੀ ਜਾ ਰਹੀ ਹੈ। ਇਸ ਉਪਭੋਗੀ ਬਿਰਤੀ ਕਾਰਨ ਕਾਮ ਕੇਂਦਰੀ ਸਪੇਸ ਬਣ ਗਿਆ ਹੈ। ਕਾਮ ਦਾ ਕੇਂਦਰੀ ਸਪੇਸ ਮੱਲ ਲੈਣਾ ਸਮਾਜਕ, ਸਭਿਆਚਾਰਕ, ਭਾਈਚਾਰਕ ਤੇ ਨੈਤਿਕ ਤੌਰ ਤੇ ਰਿਸ਼ਤਿਆਂ ਵਿਚਲੀਆਂ ਕਦਰਾਂ ਕੀਮਤਾਂ ਦੀਆਂ ਸੀਮਾਵਾਂ ਨੂੰ ਲਗਾਤਾਰ ਭੰਗ ਕਰ ਰਿਹਾ ਹੈ। ਉਦਾਹਰਣ ਵਜੋਂ ਬਲਵਿੰਦਰ ਗਰੇਵਾਲ ਦੀ ਕਹਾਣੀ 'ਯੁੱਧ ਖੇਤਰ' ਨੂੰ ਦੇਖਿਆ ਜਾ ਸਕਦਾ ਹੈ। ਜਿਸ ਵਿਚ ਪ੍ਰਸਥਿਤੀਆਂ ਦੇ ਉਲਝਵੇਂ-ਤਾਣੇ ਬਾਣੇ ਵਿਚ ਚਾਚੇ ਤੋਂ ਪਿਓ ਬਣਿਆ ਧੀਰਾ ਆਪਣੀ ਹੀ ਭਤੀਜੀ ਦਾ ਬਲਾਤਕਾਰ ਕਰਦਾ ਹੈ। ਪ੍ਰਸਥਿਤੀਆਂ ਦੇ ਵਿਸ਼ੇਸ਼ ਪ੍ਰਸੰਗ ਵਿਚ ਬਣੀ ਧੀਰੇ ਦੀ ਇਸ ਗੁੰਝਲਦਾਰ ਮਨੋਸਥਿਤੀ ਵਿਚੋਂ ਉਪਜਿਆ ਕਾਮ ਉਲਾਰ ਨੈਤਿਕ ਰਿਸ਼ਤੇ ਦੀ ਹਰ ਸੀਮਾਂ ਨੂੰ ਉਲੰਘ ਜਾਂਦਾ ਹੈ। ਇਥੇ ਕਹਾਣੀਕਾਰ ਧੀਰੇ ਦੇ ਇਸ ਅਸਭਿਅਕ ਕਾਰਜ ਨੂੰ ਵਿਸ਼ਾਦਗ੍ਰਸਤ ਅਤੇ ਮਨੋਵਿਕਾਰ ਬਣ ਚੁੱਕੀ ਮਨੋਭਾਵਨਾ ਅਤੇ ਸਰੀਰਕ ਲੋੜ ਦੀ ਤ੍ਰਿਪਤੀ ਨਾਲ ਜੋੜਦਾ ਹੈ। ਜਿਸਦੇ ਕਾਰਨ ਸਾਡੀ ਸਮਾਜਕ ਬਣਤਰ ਅਤੇ ਸਭਿਆਚਾਰਕ ਪਰੰਪਰਾਵਾਂ ਵਿਚ ਦਿਖ / ਅਦਿਖ ਤੌਰ ਤੇ ਸਾਮਿਲ ਹਨ। ਜਿਸ ਕਰਕੇ ਧੀਰੇ ਦਾ ਇਹ ਕਾਰਜ ਹਕੀਕਤਾਂ ਦੀ ਪੁਣ ਛਾਣ ਦੁਬਾਰਾ ਤੋਂ ਕਰਨ ਲਈ ਮਜਬੂਰ ਕਰਦਾ ਹੈ।

ਪੰਜਾਬੀ ਕਹਾਣੀ ਦੀ ਇਹ ਵਿਲੱਖਣ ਪ੍ਰਾਪਤੀ ਹੈ ਕਿ ਉਹ ਕਿਸੇ ਵਿਸ਼ੇ ਦੀ ਸਿਰਫ ਉਪਰਲੀ ਪਰਤ ਨੂੰ ਹੀ ਨਹੀਂ ਪੇਸ਼ ਕਰਦੀ ਤੇ ਨਾ ਹੀ ਉਸ ਵਿਸ਼ੇ ਦੀ ਇਕ ਹੀ ਦਿਸ਼ਾ ਦੀ ਗੱਲ ਕਰਦੀ ਹੈ ਸਗੋਂ ਕਿਸੇ ਵੀ ਵਿਸ਼ੇ ਨਾਲ ਜੁੜੀਆਂ ਸੈਆਂ ਪਰਤਾਂ ਤੇ ਵੱਖ ਵੱਖ ਦਿਸ਼ਾਵਾਂ ਵੱਖ ਵੱਖ ਕੋਣਾਂ ਤੋਂ ਕਹਾਣੀ ਵਿਚ ਸਿਰਜਤ ਹੋਈਆਂ ਮਿਲਦੀਆਂ ਹਨ। ਬਲਵਿੰਦਰ ਗਰੇਵਾਲ ਦੀ ਕਹਾਣੀ 'ਯੁੱਧ ਖੇਤਰ' ਜੇਕਰ ਸਰੀਰਕ ਲੋੜਾਂ ਦੇ ਉਲਾਰ ਕਾਰਨ ਨੈਤਿਕ / ਅਨੈਤਿਕ ਰਿਸ਼ਤਿਆਂ ਦੀ ਅਸਲ ਪਰਿਭਾਸ਼ਾ ਤਲਾਸ਼ਣ ਹਿਤ ਰੁਚਿਤ ਹੈ ਤਾਂ ਸੁਖਜੀਤ ਦੀ ਕਹਾਣੀ ਕਾਮ ਬਲੀ' ਤਿਆਗ ਅਤੇ ਭੋਗ ਦੀ ਨਵੀਂ ਪਰਿਭਾਸ਼ਾ ਨੂੰ ਸਮਝਣ ਦਾ ਯਤਨ ਕਰਦੀ ਹੈ। ਕਹਾਣੀ ਦਾ ਕੇਂਦਰੀ ਪਾਤਰ ਸਾਧੂ ਓਮੀ 'ਬ੍ਰਹਮਚਰਯ' ਦੀ ਅਵਸਥਾ ਨੂੰ ਹਾਸਿਲ ਕਰਨ ਲਈ ਕਾਮ ਨੂੰ ਮਾਰਨ ਦਾ ਯਤਨ 'ਚ ਹੈ। ਉਹ ਆਸ਼ਰਮ ਵਿਚ ਭੈਰਵੀ ਨਾਂ ਦੀ ਇਕ ਬੰਗਾਲਣ ਔਰਤ ਨਾਲ ਸੰਬੰਧ ਵੀ ਸਥਾਪਿਤ ਕਰਦਾ ਹੈ ਪਰ ਆਪਣੇ ਸਾਰੇ ਜਪ, ਤਪ, ਹਠ ਦੀਆਂ ਸਮੂਹ ਰਿਧੀਆਂ ਸਿੱਧੀਆਂ ਦੀ ਤਪੱਸਿਆ ਦੇ ਨਾਲ ਵੀ ਭੈਰਵੀ ਦੇ ਜਿਸਮ ਦੀ ਖਿੱਚ ਨੂੰ ਨਾਕਾਰ ਕੇ ਪਾਰਗਾਮੀ ਅਵਸਥਾ ਤੱਕ ਨਹੀਂ ਪਹੁੰਚਦਾ ਤੇ ਅਖੀਰ ਤੇ ਇਸ ਪਰਮ ਸੱਚ ਤਕ ਪਹੁੰਚਦਾ ਹੈ,

"ਹਾਂ ਭੈਰਵੀ ਹੁਣ ਅਨੁਭਵ ਹੋਇਆ ਕਿ ਸਾਧੂ, ਰਿਸ਼ੀ, ਮੁਨੀ, ਮਹਾਤਮਾ ਇਹ ਕੁਝ ਵੀ ਨਹੀਂ ਹੁੰਦਾ।

ਇਹ ਸਭ ਭਰਮ ਹੈ। ਸਭ ਮਨੁੱਖ ਹੁੰਦਾ ਹੈ ਹੋਰ ਕੁਝ ਨਹੀਂ।" (ਕਾਮ ਬਲੀ)

ਕਹਾਣੀ ਵਿਚਲੇ ਪਾਤਰ ਸਾਧੂ ਓਮੀ ਦਾ ਉਪਰੋਕਤ ਅਨੁਭਵ ਇਸ ਤੱਥ ਵੱਲ ਅਗਰਸਰ ਹੈ ਕਿ ਭੋਗ ਇਕ ਸਹਿਜ ਪ੍ਰਵਿਰਤੀ ਹੈ। ਇਸੇ ਕਰਕੇ ਇਹ ਕਹਾਣੀ ਮਨੁੱਖ ਨੂੰ ਸਿਰਫ ਮਨੁੱਖ ਦੇ ਤੌਰ ਤੇ ਸਿਰਜਤ ਕਰਦੀ ਹੈ। ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਹਨਾਂ ਪੰਜ ਤੱਤਾਂ ਨਾਲ ਲਿਬਰੇਜ਼ ਹੈ। ਇਹਨਾਂ ਤੱਤਾਂ ਦੇ ਵਸ਼ੀਕਰਨ ਕਾਰਨ ਉਹ ਹਰ ਸੀਮਾ ਦੀ ਸਰਹੱਦ ਤੋਂ ਪਾਰ ਫੈਲਣਾ ਲੋਚਦਾ ਹੈ।

ਅਜੋਕੇ ਉਪਭੋਗੀ ਕਲਚਰ, ਸਰੀਰਕ ਲੋੜਾਂ ਦੇ ਤਾਂਡਵ ਨਾਚ, ਮਨੁੱਖ ਨੂੰ ਮਨੁੱਖ ਦੇ ਤੌਰ ਤੇ ਸਿਰਜਤ ਅਤੇ ਭੋਗ ਨੂੰ ਸਹਿਜ ਪ੍ਰਵਿਰਤੀ ਦੇ ਤੌਰ ਤੇ ਪੇਸ਼ ਕਰਦੀ ਪੰਜਾਬੀ ਕਹਾਣੀ ਇਸ ਵਿਸ਼ੇ ਨੂੰ ਹੋਰ ਅੱਗੇ ਤਕ ਲੈ ਕੇ ਜਾਂਦੀ ਹੈ। ਜਦੋਂ ਆਰਥਿਕਤਾ ਦੇ ਅਸੰਗਤ ਸੁਭਾਅ ਕਾਰਨ ਸਰੀਰ ਨੂੰ ਮਜ਼ਬੂਰੀ ਵਸ ਇਕ ਸਾਧਨ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਹ ਉਪਭੋਗ ਦਾ ਨਵਾਂ ਚਿਹਰਾ ਹੈ। ਮਜਬੂਰੀ ਹਿਤ ਵਰਤੇ ਗਏ ਸਰੀਰ ਦੀ ਹਕੀਕਤ ਤੇ ਉਪਭੋਗੀ ਕਲਚਰ ਦੀ ਨਵੀਂ ਤੋਰ ਨੂੰ ਪੇਸ਼ ਕਰਦੀ ਹਰਜਿੰਦਰ ਸੂਰੇਵਾਲੀਆ ਦੀ ਕਹਾਣੀ 'ਬਸ ਹੋਰ ਨਾ ਪੁੱਛੀ' ਹੈ। ਇਸ ਕਹਾਣੀ ਵਿਚਲਾ ਪਾਤਰ ਲੇਬਰ ਚੌਂਕ ਵਿਚ ਦਿਹਾੜੀ ਦੀ ਆਸ ਤੇ ਖੜਾ ਹੈ। ਜਾਤ ਵਜੋਂ ਜੱਟ ਪਰ ਕਾਰਜ ਪਖੋਂ ਮਜ਼ਦੂਰ ਸ਼੍ਰੇਣੀ ਨਾਲ ਜੁੜਿਆ ਪਾਤਰ ਆਰਥਿਕਤਾ ਦੇ ਬੜੇ ਗੁੰਝਲਦਾਰ ਰੂਪ ਨੂੰ ਸਿਰਜਤ ਕਰਦਾ ਹੈ। ਕਿਸੇ ਦਿਹਾੜੀ ਦੀ ਆਸ ਖੜਾ ਇਹ ਪਾਤਰ ਆਖਿਰ ਨੂੰ ਆਪਣੇ ਸਰੀਰ ਨੂੰ ਸਾਧਨ ਵਿਚ ਪਰਵਰਤਿਤ ਕਰ ਦਿਹਾੜੀ ਪਾਉਂਦਾ ਹੈ। ਏਥੇ ਉਹ ਆਪਣੇ ਸਰੀਰ ਨੂੰ ਆਪਣੀ ਨਹੀਂ ਸਗੋਂ ਕਿਸੇ ਹੋਰ ਦੀ ਕਾਮ ਤ੍ਰਿਪਤੀ ਦੇ ਤੌਰ ਤੇ ਵਰਤਦਾ ਹੈ। ਇਹ ਅਜੋਕੇ ਉਪਭੋਗੀ ਕਲਚਰ ਦਾ ਨਵਾਂ ਤੇ ਖਤਰਨਾਕ ਅੱਜ ਤੇ ਭਵਿੱਖ ਹੈ ਤੇ ਨਾਲ ਹੀ ਇਹ ਵੇਸਵਾਗਮਨੀ ਦਾ ਇਕ ਬਦਲਦਾ ਰੂਪ ਵੀ ਹੈ ਜਿਥੇ ਔਰਤ ਨਹੀਂ ਬਲਕਿ ਮਰਦ ਆਪਣਾ ਸਰੀਰ ਵੇਚਦਾ ਹੈ। ਇਹ ਸਿਰਫ ਵੇਸਵਾਗਮਨੀ ਦਾ ਹੀ ਬਦਲਦਾ ਦੌਰ ਨਹੀਂ ਸਗੋਂ ਆਰਥਿਕ ਉਤਰਾਅ ਚੜ੍ਹਾਅ ਕਾਰਨ ਸਮਾਜ ਵਿਚ ਬਦਲ ਰਹੀ ਮਰਦ ਔਰਤ ਦੀ ਹੋਂਦਤਮਕ ਸਥਿਤੀ ਦੇ ਪ੍ਰਵਚਨ ਦੀ ਪੇਸ਼ਕਾਰੀ ਵੀ ਹੈ।

ਉਪਰੋਕਤ ਸਾਰੀਆਂ ਕਹਾਣੀਆਂ ਦੇਹ ਨਾਲ ਜੁੜੇ ਵਖੋ ਵੱਖਰੇ ਮਸਲਿਆਂ ਅਤੇ ਹਕੀਕਤਾਂ ਦੇ ਵਿਸਥਾਰ ਦੀਆਂ ਕਹਾਣੀਆਂ ਹਨ ਜਿਹਨਾਂ ਦਾ ਸੰਬੰਧ ਸਮਾਜ ਦੇ ਸਭਿਆਚਾਰਕ ਮਸਲਿਆ ਹਕੀਕਤਾਂ ਨਾਲ ਵੀ ਗਹਿਰਾ ਜੁੜਿਆ ਹੋਇਆ ਹੈ। ਦੇਹ ਨਾਲ ਜੁੜੇ ਇਹ ਵਿਭਿੰਨ ਪ੍ਰਵਚਨ ਨੈਤਿਕ / ਅਨੈਤਿਕ ਦੀ ਇਕ ਨਵੀਂ ਪਰਿਭਾਸ਼ਾ ਸਿਰਜਤ ਕਰਨ ਵਲ ਰੁਚਿਤ ਹਨ। ਨੈਤਿਕ / ਅਨੈਤਿਕ ਅਤੇ ਦੇਹ ਨਾਲ ਜੁੜਿਆ ਇਹ ਪ੍ਰਵਚਨ ਉਦੋਂ ਹੋਰ ਵੀ ਗਹਿਰਾ ਹੋ ਜਾਂਦਾ ਜਦੋਂ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਡੈੱਡ ਲਾਈਨ' ਦੀ ਪਾਤਰ ਸਮਾਜਕ ਰਿਸ਼ਤੇ ਵਜੋਂ ਆਪਣੇ ਦਿਓਰ ਲੱਗਦੇ ਸੱਤੀ ਜੋ ਕਿ ਕੈਂਸਰ ਦਾ ਮਰੀਜ਼ ਹੈ ਤੇ ਮੌਤ ਦੇ ਬਿਲਕੁਲ ਦਰਵਾਜ਼ੇ ਤੇ ਖੜਾ ਹੈ, ਨਾਲ ਮਾਂ, ਭੈਣ, ਭਾਬੀ, ਪ੍ਰੇਮਿਕਾ, ਦੋਸਤ ਅਤੇ ਪਤਨੀ ਦਾ ਹਰ ਰਿਸ਼ਤਾ ਨਿਭਾਉਂਦੀ ਹੋਈ ਕਹਾਣੀ ਦੇ ਅਖੀਰ ਉੱਪਰ ਇਹ ਕਹਿੰਦੀ ਹੈ,

"ਮੈਨੂੰ ਹਾਲੇ ਤਕ ਇਹ ਸਮਝ ਨਹੀਂ ਆਈ ਕਿ ਮੈਂ ਉਸਦੀ ਕੀ ਸੀ? (ਡੈੱਡ ਲਾਈਨ)

ਇਥੇ ਨੈਤਿਕ / ਅਨੈਤਿਕ ਸਭ ਰਲਗੱਡ ਹੋ ਜਾਂਦਾ ਹੈ ਅਤੇ ਦੇਹ ਦਾ ਇਕ ਨਵਾਂ ਪਾਸਾਰ ਖੁੱਲਦਾ ਹੈ ਜੋ ਤ੍ਰਿਪਤੀ ਅਤੇ ਅਤ੍ਰਿਪਤੀ ਦੀ ਘੁੰਮਣਘੇਰੀ ਵਿਚ ਉਲਝਿਆ ਹੋਇਆ ਹੈ। ਇਹ ਉਪਭੋਗਤਾ ਅਤੇ ਦੇਹ ਦਾ ਇਕ ਨਵਾਂ ਮੁਹਾਂਦਰਾ ਹੈ ਤੇ ਪੰਜਾਬੀ ਕਹਾਣੀ ਵਿਚਲੀ ਵਿਸਤ੍ਰਿਤ ਦ੍ਰਿਸ਼ਟੀ ਦਾ ਨਵਾਂ ਪ੍ਰਮਾਣ ਵੀ ਹੈ। ਜੋ ਦੇਹਵਾਦੀ ਰੁਚੀਆਂ ਤਕ ਸੀਮਤ ਨਹੀਂ ਸਗੋਂ ਆਤਮਿਕ ਸੰਤੁਸ਼ਟੀ ਅਤੇ ਕਾਰਜਾਂ ਦਾ ਨਵਾਂ ਵਿਸਥਾਰ ਵੀ ਸਿਰਜਦਾ ਹੈ।

ਉਪਰੋਕਤ ਵਿਸ਼ਿਆ ਦੀ ਵਿਸਥਾਰਤਾ ਦੀ ਤਰ੍ਹਾਂ ਪੰਜਾਬੀ ਕਹਾਣੀ ਵਿਚ ਹੋਂਦ ਦੇ ਮਸਲੇ ਦੀਆਂ



ਵਿਭਿੰਨ ਪਰਤਾਂ ਦੀ ਵਿਸਥਾਰਤਾ ਵੀ ਸਮਾਈ ਹੋਈ ਹੈ। ਇਕ ਖਾਸ ਵਰਗ ਦੀ ਸਮਾਜ ਵਿਚ ਹੋਂਦ ਨੂੰ ਜੇਕਰ ਇਕ ਕਹਾਣੀ ਨਿਸ਼ਚਿਤ ਕਰਦੀ ਹੈ ਤਾਂ ਪੰਜਾਬੀ ਕਹਾਣੀ ਵਿਧਾ ਵਿਚ ਅਜਿਹੀ ਕਹਾਣੀ ਵੀ ਮੌਜੂਦ ਹੈ ਜੋ ਉਸੇ ਵਿਸ਼ੇ ਨੂੰ ਹੋਰ ਵਿਸਤ੍ਰਿਤ ਨਜ਼ਰੀਏ ਤਹਿਤ ਪੇਸ਼ ਕਰਦੀ ਹੋਈ ਉਸੇ ਹੋਂਦ ਨੂੰ ਸਮਾਜਿਕ ਤੌਰ ਤੇ ਰੱਦ ਕਰ ਦਿੰਦੀ ਹੈ। ਜਿਵੇਂ ਮੋਹਨ ਭੰਡਾਰੀ ਦੀ ਕਹਾਣੀ 'ਮਟਕਣ ਲਾਲ ਖੋਜਾ' ਹੈ। ਇਸ ਕਹਾਣੀ ਦਾ ਪਾਤਰ ਮਟਕਣ ਲਾਲ ਹਿਜੜਾ ਹੈ ਤੇ ਭੰਡਾਰੀ ਉਸਨੂੰ ਸਾਰੀ ਕਹਾਣੀ ਵਿਚ ਇਕ ਨਾਰਮਲ ਵਿਅਕਤੀ ਦੇ ਕਾਰਾਂ ਵਿਹਾਰਾਂ ਵਿਚੋਂ ਲੰਘਾਉਂਦਾ ਹੈ। ਪਰ ਸਾਰੀ ਕਹਾਣੀ ਵਿਚ ਮਟਕਣ ਲਾਲ ਸਮਾਜ ਦੇ ਆਮ ਕਾਰਾਂ ਵਿਹਾਰਾਂ ਦੇ ਹੋਂਦਾਤਮਕ ਵਰਤਾਰਿਆਂ ਵਿਚ ਆਪਣੇ ਆਪ ਨੂੰ ਅਸਹਿਜ ਮਹਿਸੂਸ ਕਰਦਾ ਹੈ ਤੇ ਅਣਹੋਂਦ ਦੀ ਮਾਨਸਿਕਤਾ ਦਾ ਸ਼ਿਕਾਰ ਹੁੰਦਾ ਹੈ। ਕਹਾਣੀ ਦੇ ਅਖੀਰ ਵਿਚ ਇਹ ਪਾਤਰ ਉਸ ਜਗ੍ਹਾ ਤੇ ਪਹੁੰਚਦਾ ਹੈ ਜਿਥੇ ਉਸਨੂੰ ਲੱਗਦਾ ਹੈ ਕਿ ਇਹ ਉਸਦੀ ਅਸਲ ਥਾਂ ਹੈ,

ਇਕ ਦੁਕਾਨ ਦੇ ਸਾਹਮਣੇ ਦੋ ਹਿਜੜੇ ਨੱਚ ਰਹੇ ਸੀ। ਉਹ ਮੁੜ-ਮੁੜ ਮੁੰਡਾ ਜੰਮਣ ਦੀਆਂ ਵਧਾਈਆਂ ਦੇ ਰਹੇ ਸੀ। ਖੂੰਜੇ ਵਿਚ ਬੈਠਾ ਇਕ ਨੌਜਵਾਨ ਮਸਤ ਹੋਇਆ ਢੋਲਕੀ ਵਜਾ ਰਿਹਾ ਸੀ।

ਦੂਰ ਪਰ੍ਹਾਂ ਬੱਕਰਾ ਲਈ ਜਾਂਦੇ ਮਹੁਕਮ ਦੇਵੀ ਦੇ ਸਹੁਰੇ ਨੇ ਜਦ ਪਿਛਾਂਹ ਮੁੜ ਕੇ ਦੇਖਿਆ ਤਾਂ 'ਕੰਨਾਂ 'ਚ ਤੁੰਗਲ ਪਾਈਂ, ਦੋਵੇਂ ਗੋਡੇ ਢੋਲਕੀ ਤੇ ਰੱਖੀਂ, ਮਟਕਣ ਲਾਲ ਖੋਜਾ ਆਪਣੇ ਪਿਓ ਵਲ ਮੁਟਕ ਮੁਟਕ ਦੇਖ ਰਿਹਾ ਸੀ।" (ਮਟਕਣ ਲਾਲ ਖੋਜਾ)

ਇਸ ਤਰ੍ਹਾਂ ਕਹਾਣੀ ਦੇ ਅਖੀਰ ਵਿਚ ਮਟਕਣ ਲਾਲ ਵਲੋਂ ਵਜਾਈ ਗਈ ਢੋਲਕੀ ਉਸਦੀ ਅਸਲ ਥਾਂ ਨਿਸਚਿਤ ਕਰਦੀ ਨਜ਼ਰ ਆਉਂਦੀ ਹੈ। ਜਿਥੇ ਠਹਿਰਾਅ ਹੈ, ਪਛਾਣ ਹੈ ਤੇ ਜਿਥੇ ਮਟਕਣ ਲਾਲ ਸਹਿਜ ਹੈ। ਪਰ ਜਸਵੀਰ ਰਾਣਾ ਦੀ ਕਹਾਣੀ 'ਘੁੰਗਰੂ ਕਥਾ' ਇਸੇ ਠਹਿਰਾਅ, ਪਛਾਣ ਅਤੇ ਸਹਿਜਤਾ ਨੂੰ ਭੰਗ ਕਰਦੀ ਹੈ। ਇਹ ਕਹਾਣੀ ਹਿਜੜਿਆਂ ਦੀ ਅੰਦਰੂਨੀ ਮਨੋਵੇਦਨਾ, ਉਹਨਾਂ ਦੇ ਮਾਨਸਿਕ ਸੰਤਾਪ ਤੇ ਇਛਾਵੀ ਸੰਸਾਰ ਦੀ ਪੇਸ਼ਕਾਰੀ ਕਰਦੀ ਹੋਈ ਇਸ ਵਿਸ਼ੇ ਨੂੰ ਥੋੜਾ ਹੋਰ ਵਿਸਥਾਰ ਦਿੰਦੀ ਅਤੇ ਇਕ ਅਲੱਗ ਦ੍ਰਿਸ਼ਟੀ ਤੋਂ ਦੇਖਦੀ ਹੈ। ਰਾਣਾ ਇਸ ਕਹਾਣੀ ਜ਼ਰੀਏ ਸਮਾਜ ਵਿਚ ਹਿਜੜਿਆਂ ਦੀ ਮਾਨਫੀ ਹਿੱਸੇਦਾਰੀ ਤੇ ਮਨਫੀ ਸਪੇਸ ਦਾ ਚਿੱਤਰ ਪੇਸ਼ ਕਰਦਾ ਹੈ ਜਦੋਂ ਕਹਾਣੀ ਦਾ ਕੇਂਦਰੀ ਪਾਤਰ ਕਹਿੰਦਾ ਹੈ,

ਵੇ ਸਰਪੰਚਾ !... ਸਾਨੂੰ ਵੀ ਸਾਡੀ ਥਾਂ ਦਿਵਾ ਦੇ...

ਇਹ ਮੰਗ ਸਮਾਜ ਵਿਚ ਉਹਨਾਂ ਦੀ ਮਨਫੀ ਹੋਂਦ ਦਾ ਉਹ ਸੱਚ ਹੈ ਜੋ ਜਗ੍ਹਾ ਦੀ ਤਲਾਸ਼ ਵਿਚ ਹੈ। ਜਿਸ ਵਿਚ ਸਿਰਫ ਭਟਕਣ ਹੈ। ਭਾਵ ਕਿ ਸਮਾਜ ਵਿਚ ਉਹਨਾਂ ਦੀ ਕੋਈ ਠੋਸ ਸਪੇਸ ਨਹੀਂ। ਇਹ ਵਰਗ ਆਪਣੀ ਠੋਸ ਸਪੇਸ ਦੀ ਤਲਾਸ਼ ਵਿਚ ਘੁੰਮ ਰਿਹਾ ਹੈ। ਉਪਰੋਕਤ ਦੋਵੇਂ ਕਹਾਣੀਆਂ ਵਿਚੋਂ ਇਕ ਕਹਾਣੀ ਜੇਕਰ ਜਿਹੜੇ ਵਰਗ ਦੀ ਠੋਸ ਸਪੇਸ ਨੂੰ ਉਲੀਕਦੀ ਹੈ ਤਾਂ ਦੂਜੀ ਕਹਾਣੀ ਇਸੇ ਸਪੇਸ ਨੂੰ ਰੱਦ ਕਰ ਦਿੰਦੀ ਹੈ। ਇਸ ਤਰ੍ਹਾਂ ਪੰਜਾਬੀ ਕਹਾਣੀ ਵਿਚ ਇਕ ਹੀ ਵਿਸ਼ੇ ਨਾਲ ਜੁੜੇ ਵਖੋ ਵਖਰੇ ਵਿਸਥਾਰ ਵਿਰੋਧਾਤਮਕ ਸੰਬੰਧਾਂ ਤਹਿਤ ਵੀ ਸਿਰਜੇ ਹੋਏ ਮਿਲਦੇ ਹਨ।

ਪੰਜਾਬੀ ਕਹਾਣੀ ਵਿਚ ਹੋਂਦ ਦੇ ਵਿਸਥਾਰ ਦੀ ਦਸ਼ਾ ਤੇ ਦਿਸ਼ਾ ਦਲਿਤ ਵਿਚਾਰਧਾਰਾ ਨਾਲ ਪ੍ਰਣਾਈਆਂ ਕਹਾਣੀਆਂ ਵਿਚ ਵੀ ਵਿਲੱਖਣ ਤੌਰ ਤੇ ਉਭਰਦੀ ਹੈ। ਜਿਵੇਂ ਸੁਜਾਨ ਸਿੰਘ ਦੀ ਕਹਾਣੀ 'ਬਾਗਾਂ ਦਾ ਰਾਖਾ' ਬਾਰੂ ਨਾਂ ਦੇ ਪਾਤਰ ਜ਼ਰੀਏ ਦਲਿਤ ਸ਼੍ਰੇਣੀ ਦੇ ਤ੍ਰਿਸਕਾਰਿਤ ਜੀਵਨ ਦਾ ਇਕ ਮਾਡਲ ਪ੍ਰਸਤੁਤ ਕਰਦੀ ਹੋਈ ਸਮਾਜ ਦਾ ਜਾਤ ਤੇ ਜਮਾਤ ਵਿਚਲੀ ਦਰਜੇਬੰਦੀ ਵਾਲਾ ਮੁਹਾਂਦਰਾ ਸਿਰਜਤ ਕਰਦੀ ਹੈ। ਅਜਿਹੇ ਸ਼ੋਸ਼ਕੀ ਮੁਹਾਂਦਰੇ ਵਿਚ ਇਹ ਸ਼੍ਰੇਣੀ ਉੱਚ ਸ਼੍ਰੇਣੀ ਵਲੋਂ ਕੱਢੀ ਗਈ ਗਾਲ੍ਹ ਨੂੰ ਵੀ ਸਹਿਜ ਰੂਪ ਵਿਚ ਲੈਂਦੀ ਹੈ,

"ਤੇਰੀ ਕਿਹੜੀ ਗਾਲ੍ਹ ਨਾਲ ਲੱਤ ਭੱਜ ਗਈ ਸੀ? ਤੂੰ ਕਿਹੜੀ ਗੱਲੋਂ ਉਸਦੀਆਂ ਗਾਲ੍ਹਾਂ ਟੋਕਣੀਆਂ ਸੀ? ਕੱਢ ਜਾਣ ਦੇਨੋ।"

"ਬੇਬੇ ਉਹ ਗਾਲ੍ਹ ਤੈਨੂੰ ਕੱਢਦਾ ਸੀ।"

"ਤੇ ਫੇਰ ਕੀ ਹੋਇਆ ਜੇ ਮੈਨੂੰ ਗਾਲ੍ਹ ਕੱਢੀ ਸੀ ਤੇ? ਮੈਨੂੰ ਕਿਤੇ ਲੱਗ ਗਈ ਏ।" (ਬਾਗਾ ਦਾ ਰਾਖਾ)

ਦਲਿਤ ਸ਼੍ਰੇਣੀ ਵਿਚਲਾ ਸਹਿਜਤਾ ਦਾ ਇਹ ਰੂਪ ਸਮਾਜ ਦੇ ਵਿਗਠਿਤ ਅਰਥਚਾਰੇ, ਅਮਾਨਵੀ ਚਿਹਰੇ ਤੇ ਦਰਜੇਬੰਦੀ ਵਾਲੇ ਰੂਪ ਨੂੰ ਤਾਂ ਸਿਰਜਤ ਕਰਦੀ ਹੀ ਹੈ ਨਾਲ ਦੀ ਨਾਲ ਸਮਾਜ ਵਿਚ ਇਸ ਸ਼੍ਰੇਣੀ ਦੀ ਮਨਫੀ ਹੋਂਦ ਦੇ ਪ੍ਰਵਚਨ ਦੀ ਪੇਸ਼ਕਾਰੀ ਕਰਦਾ ਹੋਇਆ ਇਸ ਸ਼੍ਰੇਣੀ ਦੀ ਸੰਘਰਸ਼ਵਹੀਨ ਪ੍ਰਵਿਰਤੀ ਦੀ ਗੱਲ ਵੀ ਕਰਦਾ ਹੈ।

ਉਪਰੋਕਤ ਕਹਾਣੀ ਜੇਕਰ ਦਲਿਤ ਸ਼੍ਰੇਣੀ ਦੀ ਸੰਘਰਸ਼ ਵਿਹੀਨ ਮਾਨਸਿਕਤਾ ਦੀ ਵਿਆਖਿਆ ਕਰਦੀ ਹੈ ਤਾਂ ਭਗਵੰਤ ਰਸੂਲਪੁਰੀ ਦੀ ਕਹਾਣੀ 'ਆਦੀ ਡੰਕਾ' ਆਪਣੀ ਹੋਂਦ ਨੂੰ ਬਚਾਉਣ ਲਈ ਇਸੇ ਸ਼੍ਰੇਣੀ ਵਲੋਂ ਕੀਤੇ ਜਾ ਰਹੇ ਸੰਘਰਸ਼ ਦੀ ਮਨੋਸੰਰਚਨਾ ਨੂੰ ਚਿਤਰਦੀ ਹੈ। ਇਹ ਕਹਾਣੀ ਹੋਂਦ ਦੀ ਤ੍ਰਾਸਦਿਕ ਸਥਿਤੀ ਨੂੰ ਨਾਕਾਰਦੀ ਹੋਈ ਰਵਿਦਾਸ ਗੁਰਦੁਆਰਾ ਬਣਾਉਣ ਲਈ ਬਾਜ਼ਿਦ ਉਸ ਵਰਗ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਚਾਹੁੰਦਾ ਹੈ ਕਿ ਧਾਰਮਿਕ ਤੌਰ ਤੇ ਉਹਨਾਂ ਦੀ ਵਖਰਤਾ ਤੇ ਧਾਰਮਿਕ ਸਥਾਨ ਦੀ ਵੱਖਰੇ ਤੌਰ ਤੇ ਸਥਾਪਤੀ ਉਹਨਾਂ ਦੀ ਸਮਾਜ ਵਿਚ ਸਥਾਪਤੀ ਆਦਿ ਡੰਕਾ ਹੋ ਨਿੱਬੜੇਗੀ। ਆਪਣੇ ਇਸ ਕਾਰਜ ਜ਼ਰੀਏ ਇਹ ਸ਼੍ਰੇਣੀ ਨਾਮੋਸ਼ੀ ਉਤਪੀੜਨ, ਕੁੰਠਾ ਆਦਿ ਮਨੋਸੰਰਚਨਾ ਵਿਚੋਂ ਬਾਹਰ ਆ ਆਪਣੀ ਹੋਂਦ ਦੀ ਸਥਾਪਤੀ ਲਈ ਦ੍ਰਿੜ ਨਜ਼ਰ ਆਉਂਦੀ ਹੈ। ਇਸ ਕਹਾਣੀ ਵਿਚਲਾ ਸੰਘਰਸ਼ ਦਾ ਇਹ ਰੂਪ 'ਬਾਗਾਂ ਦਾ ਰਾਖਾ' ਕਹਾਣੀ ਦਾ ਅਗਲਾ ਵਿਸਥਾਰ ਸਿਰਜਤ ਕਰਦਾ ਨਜ਼ਰੀਂ ਪੈਂਦਾ ਹੈ। ਕਹਾਣੀ ਇਤਿਹਾਸਿਕ ਹਵਾਲਿਆ ਨਾਲ ਪਛਾਣ ਦੇ ਮੁੱਦੇ ਤੇ ਕੇਂਦਰਿਤ ਹੈ। ਕਿ ਮੁੱਢ ਤੋਂ ਇਹ ਭਾਈਚਾਰਾ ਆਪਣੀ ਪਛਾਣ ਲਈ ਲੜ ਰਿਹਾ ਹੈ, ਨਾ ਤਾਂ ਅੰਗਰੇਜ਼ਾਂ ਨੇ, ਨਾ ਹਿੰਦੂਆਂ ਤੇ ਨਾ ਹੀ ਸਿੱਖਾ ਨੇ ਇਨ੍ਹਾਂ ਲੋਕਾਂ ਨੂੰ ਵੱਖਰੀ ਪਛਾਣ ਦਿੱਤੀ। ਜਿਸ ਕਰਕੇ ਵੱਖਰੇ ਧਾਮ ਤੇ ਵੱਖਰੇ ਗ੍ਰੰਥ ਤੇ ਵੱਖਰੇ ਆਰਤੀ ਦਾ ਮੁੱਦਾ ਨਿਕਲਦਾ ਹੈ।

"ਵੱਖਰੀ ਪਛਾਣ ਤਾਂ ਹੋਣੀ ਚਾਹੀਦੀ ਹੈ, ਨਹੀਂ ਤਾਂ ਫੇ ਸਾਡੀ ਕਿਤੇ ਵੀ ਢੋਈ ਨਹੀਂ ਹੋਣੀ।"


"ਤੁਸੀਂ ਯਾਰ ਸਾਨੂੰ ਬੰਦੇ ਹੀ ਨਹੀਂ ਸਮਝਦੇ...ਜਦੋਂ ਪਿੰਡਾਂ 'ਚ ਸਾਨੂੰ ਤੁਸੀਂ ਗੁਰੂਦੁਆਰਿਆਂ 'ਚ ਵੜਨ ਨੀਂ ਦਿੰਦੇ, ਅਸੀਂ ਤਾਂ ਹੀ ਰਵਿਦਾਸ ਮੰਦਰ ਬਣਾਏ... ਫੇਰ ਤੁਸੀਂ ਰੌਲਾ ਪਾ ਲਿਆ ਬਈ ਮੰਦਰਾਂ 'ਚ ਗ੍ਰੰਥ ਸਾਹਿਬ ਨਹੀਂ ਰੱਖਣ ਦੇਣੇ... ਅਸੀਂ ਰਵਿਦਾਸ ਗੁਰਦੁਆਰੇ ਬਣਾ ਲਏ... ਹੁਣ ਵੀ ਨੀਂ ਜੀਣ ਦਿੰਦੇ... ਦੱਸੋ ਕਿਹੜੇ ਖੂਹ 'ਚ ਡਿੱਗੀਏ ?" (ਆਦੀ ਡੰਕਾ, ਪੰਨਾ 69)

ਉਪਰੋਕਤ ਸਾਰੀਆਂ ਕਹਾਣੀਆਂ ਦੇ ਸੰਦਰਭ ਵਿਚ ਕਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਵਿਚ ਮੌਜੂਦ ਵਿਸਤ੍ਰਿਤ ਦ੍ਰਿਸ਼ਟੀ ਕਿਸੇ ਵੀ ਵਿਸ਼ੇ ਦੀ ਸਿਰਫ ਉਪਰਲੀ ਪਰਤ ਤਕ ਹੀ ਸੀਮਤ ਨਹੀਂ ਸਗੋਂ ਪੰਜਾਬੀ ਕਹਾਣੀ ਹਰ ਵਿਸ਼ੇ ਦੀ ਗਹਿਰਾਈ ਅਤੇ ਵਿਸਥਾਰਤਾ ਵਿਚੋਂ ਨਵੇਂ ਮਾਪਦੰਡ ਅਤੇ ਸੰਕਟਾਂ ਦੀ ਨਿਸ਼ਾਨਦੇਹੀ ਕਰਦੀ ਹੈ। ਉਪਰੋਕਤ ਸਾਰੀਆਂ ਕਹਾਣੀਆਂ ਨੂੰ ਘੋਖਦੇ ਹੋਏ ਇਕ ਗੱਲ ਤਾਂ ਤੈਅ ਹੋ ਜਾਂਦੀ ਹੈ ਕਿ ਪੰਜਾਬੀ ਕਹਾਣੀ ਦੀ ਸਮਰੱਥਾ ਬਹੁਤ ਗਹਿਰੀ ਤੇ ਵਿਸ਼ਾਲ ਹੈ ਜੋ ਹਰ ਵਿਸ਼ੇ ਦੀ ਤਹਿ ਤੱਕ ਜਾਂਦੀ ਹੈ। ਇਸੇ ਕਰਕੇ ਇਕੋ ਵਿਸ਼ਾ ਕਿਤੇ ਵਿਸਥਾਰ ਦਾ ਪ੍ਰਵਚਨ ਬਣਦਾ ਹੈ ਤਾਂ ਕਿਤੇ ਇਸੇ ਵਿਸਥਾਰਤਾ ਕਾਰਨ ਵਿਰੋਧੀ ਸੁਰ ਵਜੋਂ ਕਾਰਜਸ਼ੀਲ ਹੈ। ਉਪਰੋਕਤ ਸਾਰੀਆਂ ਕਹਾਣੀਆਂ ਪੰਜਾਬੀ ਕਹਾਣੀ ਦੀ ਵਿਸ਼ਿਆਂ ਪਖੋਂ ਵਿਸਤ੍ਰਿਤ ਦ੍ਰਿਸ਼ਟੀ ਦੇ ਪੈਰਾਡਾਈਮ ਦਾ ਕੋਈ ਆਖਰੀ ਪੈਮਾਨਾ ਨਹੀਂ ਹਨ, ਸਗੋਂ ਪੰਜਾਬੀ ਕਹਾਣੀ ਇਕ ਅਮੀਰ ਵਿਧਾ ਹੈ ਜਿਸ ਵਿਚ ਸੰਭਾਵਨਾਵਾਂ, ਵਿਸਥਾਰਤਾ ਤੇ ਵਿਭਿੰਨ ਦਿਸ਼ਾਵਾਂ ਸਿਰਜਤ ਹੋਈਆਂ ਮਿਲਦੀਆਂ ਹਨ।



# ਵਿਸ਼ਵੀਕਰਨ ਦੇ ਦੌਰ 'ਚ ਡਾਊਨ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਦਾ ਬਿਰਤਾਂਤ : ਸਲੋਅ ਡਾਊਨ

**- ਸੰਤੋਖ ਸਿੰਘ 'ਸੁੱਖੀ'**




ਅਧਿਆਤਮਵਾਦੀਆਂ ਦੇ ਨਿਰਧਾਰਤ ਕੀਤੇ ਪੰਜ ਚੋਰਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਰਤਾਰਿਆਂ ਵਿਚੋਂ ਲੋਭ ਤੇ ਲਾਲਚ ਇੱਕ ਅਜਿਹਾ ਤੱਤ ਹੈ ਜਿਸ ਨੇ ਸਾਰੀ ਦੁਨੀਆਂ ਨੂੰ ਆਪਣੀਆਂ ਵਲਗਣਾਂ ਵਿਚ ਪਾ ਕੇ ਵਸਤੂ ਦੇ ਫੈਲਾਅ ਨੂੰ ਹੋਰ ਫੈਲਾਇਆ ਹੈ, ਜਿਸ ਦੇ ਸਿੱਟੇ ਵਜੋਂ ਸਾਰੀ ਦੁਨੀਆਂ ਦਾ ਵੱਡਾ ਹਿੱਸਾ ਵਸਤੂ ਤੰਤਰ ਤੇ ਸ਼ਰੀਰਕ ਸੁੱਖਾਂ ਦੀ ਸ਼ਿਕਾਰ ਹੋ ਕੇ ਸਮੂਹਿਕ ਪ੍ਰਗਤੀ ਦਾ ਹਮਾਇਤੀ ਨਾ ਹੋ ਕੇ ਸਵੈ ਕੇਂਦਰਤ ਹੋਇਆ ਖੁਦ ਲਈ ਉਦਾਸੀ ਤੇ ਦੂਸਰਿਆਂ ਲਈ ਬੇਚੈਨੀ ਪੈਦਾ ਕਰ ਰਿਹਾ ਹੈ। ਦੂਸਰੇ ਪਾਸੇ ਇਹ ਵਰਤਾਰਾ ਮੰਡੀ ਦੇ ਵਰਤਾਰਿਆਂ ਨੂੰ ਪ੍ਰਭਾਵਿਤ ਕਰਦਾ ਇਸ਼ਤਿਹਾਰ ਰਾਹੀਂ ਚੀਜ਼ਾਂ ਦੀ ਲਲਕ ਨੂੰ ਦੇਸ਼ਾਂ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਮਾਨਵ ਵਿਰੋਧੀ ਕਿਰਿਆਵਾਂ ਵੀ ਕਰ ਰਿਹਾ ਹੈ। ਇਸ ਤਰ੍ਹਾਂ ਸਰਮਾਏਦਾਰੀ ਦੀ ਮੁਨਾਫਾ ਨੀਤੀ ਤੇ ਲੋਕਾਂ ਦੀ ਵਸਤੂ ਲੋਭਤਾ ਸਹਿਹੋਂਦੀ ਪਰਕਿਰਿਆ ਵਿੱਚੋਂ ਲੰਘਦੀ ਹੈ ਤੇ ਇਸ ਵਿਚੋਂ ਹੀ ਸ਼ੋਸ਼ਣ ਦੀਆਂ ਗਤੀਵਿਧੀਆਂ ਵਿਚਾਰੀਆਂ ਜਾ ਸਕਦੀਆਂ ਹਨ।

ਫਿਊਡਲ ਜੀਵਨ ਸ਼ੈਲੀ ਵਿਚ ਸਰਮਾਏਦਾਰੀ ਦੇ ਬਿਮਾਰ ਦਖਲ ਨੇ ਜਿੱਥੇ ਫਿਊਡਲ ਵਿਚਾਰਧਾਰਾ ਦੇ ਨਾਕਾਰਾਤਾਮਕ ਪ੍ਰਭਾਵ ਨੂੰ ਘਟਾਇਆ ਹੈ, ਉੱਥੇ ਰੁਜ਼ਗਾਰ ਪ੍ਰਬੰਧਾਂ ਦਾ ਸਹੀ ਉਪਚਾਰ ਨਾ ਕਰਦਿਆਂ, ਖਾਓ-ਪੀਓ ਦੀਆਂ ਆਦਤਾਂ ਦਾ ਵਿਸਥਾਰ ਕਰਦਿਆਂ, ਇਕਹਿਰੀ ਪਰਿਵਾਰ ਦੀ ਜੀਵਨ ਜਾਂਚ ਦਿੰਦਿਆਂ, ਮਨੁੱਖ ਨੂੰ ਮਨੁੱਖ ਦੀ ਲੋੜ ਨੂੰ ਦੂਜੈਲੇ ਦਰਜੇ ਤੇ ਲਿਆ ਕੇ ਵਸਤੂ ਇਕੱਤਰਤਾ ਨੂੰ ਅਵਲ ਦਰਜੇ ਤੇ ਲਿਆਉਂਦਿਆਂ, ਮਨੁੱਖ ਨੂੰ ਰੋਗੀ ਮਾਨਸਿਕਤਾ ਦਾ ਸ਼ਿਕਾਰ ਵੀ ਬਣਾਇਆ ਹੈ। ਜੀਵਨ ਵਿਚ ਮਸ਼ੀਨ ਦੇ ਦਖ਼ਲ ਨੇ ਮਨੁੱਖੀ ਸਬੰਧਾਂ ਨੂੰ ਗੁੰਝਲਦਾਰ ਤੇ ਮਸ਼ੀਨੀ ਬਣਾਇਆ ਹੈ ਜਿਸ ਨਾਲ ਜੀਵਨ ਵਿਕਾਸ ਕਰਦਾ ਤਾਂ ਨਜ਼ਰ ਆਉਂਦਾ ਹੈ ਪਰ ਉਸ ਅੰਦਰਲਾ ਸਦਾਚਾਰ, ਨੈਤਿਕ ਪ੍ਰਬੰਧ ਦਿਨੋ-ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਇਸ ਪ੍ਰਕਿਰਿਆ ਨੇ ਉਦਯੋਗੀਕਰਨ ਨੂੰ ਪੈਦਾ ਕਰਦਿਆਂ, ਸ਼ਹਿਰੀਕਰਨ ਨੂੰ ਆਪਣੇ ਆਪ ਪੈਦਾ ਕਰ ਲਿਆ ਹੈ ਜਿਸ ਨਾਲ ਸਵੈ-ਕੇਂਦਰਤ ਜੀਵਨ ਸ਼ੈਲੀ ਪੈਦਾ ਹੋਈ ਹੈ। ਇਸ ਦੇ ਉਲਟ ਖੇਤੀਬਾੜੀ ਵਿਚ ਮਸ਼ੀਨ ਦੇ ਦਖ਼ਲ ਨੇ ਜ਼ਮੀਨ ਮਾਲਕਾਂ ਤੇ ਕਾਮਿਆਂ ਅੰਦਰ ਤਣਾਓ ਯੁਕਤ ਸਬੰਧਾਂ ਨੂੰ ਪੈਦਾ ਕਰਕੇ, ਨਵੇਂ ਮਨੁੱਖੀ ਵਿਵਹਾਰਾਂ ਨੂੰ ਸਿਰਜਿਆ ਹੈ।

ਅੰਤਰ-ਰਾਸ਼ਟਰੀ ਮੰਡੀ ਦੇ ਦਖ਼ਲ ਤੇ ਨਵੀਆਂ ਆਰਥਿਕ ਨੀਤੀਆਂ, ਵਿਕਸਿਤ ਮੁਲਕਾਂ ਦੀ

ਵਿਕਾਸਸ਼ੀਲ ਮੁਲਕਾਂ ਉਪਰ ਧੌਂਸ, ਵਸਤੂ ਵਟਾਂਦਰੇ (ਆਯਾਤ-ਨਿਰਯਾਤ) ਵਿਚ ਇਨਕਲਾਬ, ਨਿੱਜੀਕਰਨ ਨੂੰ ਦੁਨੀਆਂ ਦੇ ਅੰਤਿਮ ਸੱਚ ਵਜੋਂ ਪੇਸ਼ ਕਰਨਾ, ਨਿੱਜੀ ਸੰਸਥਾਵਾਂ ਵਿੱਚ ਘੱਟ ਉਜਰਤਾਂ ਦੇ ਕੇ ਵੱਡੇ-ਵੱਡੇ ਅਹੁਦਿਆਂ ਰਾਹੀਂ ਵਡਿਆਉਣਾ, ਬੇਰੁਜ਼ਗਾਰੀ ਵਿਚ ਅਸੀਮ ਵਾਧਾ, ਸੰਘਰਸ਼ ਦੀਆਂ ਉਠਦੀਆਂ ਲਹਿਰਾਂ ਦਾ ਸ਼ਾਂਤ ਹੋਣਾ ਜਾਂ ਸੰਘਰਸ਼ ਸੀਮਿਤ ਅਧਿਕਾਰਾਂ ਲਈ ਹੋਣਾ, ਸਰਮਾਏਦਾਰੀ ਢਾਂਚੇ ਵਿਚ 'ਸਮਾਜਵਾਦ ਲਿਆਉਣ ਦਾ ਭਰਮ', ਵੱਡੇ ਘਰਾਣਿਆਂ ਨੂੰ ਵੱਧ ਅਧਿਕਾਰ, ਵਿਕਸਿਤ ਦੇਸ਼ਾਂ ਨੂੰ ਅਵਿਕਸਿਤ ਦੇਸ਼ਾਂ ਵਿਚ ਨਿਵੇਸ਼ ਕਰਨ ਦੀ ਪੂਰੀ ਖੁੱਲ੍ਹ ਦੇ ਕੇ ਲਾਭ ਤੇ ਪੂਰੇ ਅਧਿਕਾਰ, ਸੂਚਨਾ ਤਕਨੀਕ ਦੇ ਖੇਤਰ ਵਿਚ ਬੇਲੋੜੀ ਤਰੱਕੀ, ਮੀਡੀਆ ਦਾ ਨਕਾਰਾਤਮਕ ਰੋਲ ਆਦਿ ਵਰਤਾਰਿਆਂ ਨੇ ਇੱਕ ਨਵੇਂ ਜੀਵਨ ਦੀ ਨੀਂਹ ਰੱਖੀ ਹੈ ਜਿਸ ਵਿਚ ਨਾਕਾਰਾਤਮਕ ਪੱਖਾਂ ਨੂੰ ਉਭਾਰਿਆ ਹੈ।

ਨਛੱਤਰ ਦਾ 'ਸਲੋਅ ਡਾਊਨ' (ਚੇਤਨਾ ਪ੍ਰਕਾਸ਼ਨ, ਲੁਧਿਆਣਾ) ਨਾਵਲ ਵੀ ਉਹਨਾਂ ਸਾਰਿਆਂ ਵਰਤਾਰਿਆਂ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ ਜਿਹੜੇ ਵਿਸ਼ਵੀਕਰਨ ਦੇ ਦੌਰ ਵਿਚ ਵਾਪਰਦੇ ਹੋਏ, ਮਨੁੱਖੀ ਮਾਨਸਿਕਤਾ ਤੇ ਵਿਵਹਾਰ ਨੂੰ ਪ੍ਰਗਟਾਉਂਦੇ ਨਜ਼ਰ ਆਉਂਦੇ ਹਨ। ਵਿਸ਼ਵੀਕਰਨ ਨੇ ਜਿਥੇ ਵਸਤੂਆਂ ਦੇ ਆਦਾਨ ਪ੍ਰਦਾਨ ਨੂੰ ਵਧਾਇਆ ਹੈ, ਉਥੇ ਨਿਜੀਕਰਨ ਨੂੰ ਉਤਸ਼ਾਹਿਤ ਕਰਕੇ ਉਜਰਤਾਂ ਘਟਾਈਆਂ ਤੇ ਬੇਰੁਜ਼ਗਾਰੀ ਵਧਾਈ ਹੈ ਉਥੇ ਉਦਾਰੀਕਰਨ ਨਾਲ ਵਸਤੂ ਲਾਲਚ ਵਧਾਉਦਿਆਂ ਇੱਕ ਬਿਮਾਰ/ਲਾਚਾਰ ਮਨੁੱਖ ਨੂੰ ਪੈਦਾ ਕੀਤਾ ਹੈ। ਇਸ ਵਿਚ ਮੱਧਵਰਗ ਦੀ ਵਿਸ਼ੇਸ਼ਤਾ ਉਪਯੋਗੀ ਦੀ ਬਜਾਏ ਉਪਭੋਗੀ ਦੇ ਰੂਪ ਵਿਚ ਬਣੀ ਹੋਈ ਹੈ।

ਨਾਵਲ ਵਿਚ ਵਿਭਿੰਨ ਪਾਤਰ ਅਜੋਕੇ ਦੌਰ ਦੀਆਂ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਇਸ ਨਾਵਲ ਵਿਚ ਪੇਸ਼ ਹੋਏ ਪਾਤਰ ਦੋ ਪੀੜ੍ਹੀਆਂ ਦੇ ਸ਼ਹਿਰੀ ਮੱਧਵਰਗੀ ਦੇ ਨਾਲ-ਨਾਲ ਕੈਰੀਅਰ ਪਹੁੰਚ ਦੇ ਹਨ। ਜਿਥੇ ਮਾਪੇ ਆਪਣੇ ਬੱਚਿਆਂ ਦੀ ਆਰਥਿਕ ਸਥਾਪਤੀ ਪ੍ਰਤੀ ਚਿੰਤਾਤੁਰ ਹਨ, ਉਥੇ ਅਗਲੀ ਪੀੜ੍ਹੀ ਵੀ ਆਪਣੇ ਕੈਰੀਅਰ ਨੂੰ ਆਧਾਰ ਬਣਾ ਕੇ ਹੀ ਜੀਵ ਵਿਚ ਦਿਲਚਸਪੀ ਰੱਖਦੀ ਹੈ। ਇਥੇ ਇਹ ਗੱਲ ਪੂਰੀ ਤਰ੍ਹਾਂ ਡਾ. ਸਰਬਜੀਤ ਸਿੰਘ ਦੇ ਸ਼ਬਦਾਂ 'ਚ ਸਪਸ਼ਟ ਹੋ ਰਹੀ ਹੈ ਕਿ "ਭਾਰਤੀ ਆਰਥਿਕ ਵਾਧਾ ਅਤੇ ਸਮਾਜਿਕ ਵਿਕਾਸ ਦੋਵੇ, ਵਿਰੋਧੀ ਦਿਸ਼ਾਵਾਂ ਵਿਚ ਚੱਲ ਰਹੇ ਹਨ।" ਨਾਵਲੀ ਬਿਰਤਾਂਤ ਵਿਚ ਲੱਖਾਂ ਰੁਪਏ ਦੇ ਪੈਕੇਜ ਪਾਤਰਾਂ ਨੂੰ ਮਿਲ ਰਹੇ ਹਨ ਪਰ ਉਹਨਾਂ ਦੀ ਪਰਿਵਾਰਿਕ ਜ਼ਿੰਦਗੀ ਦੇ ਨੈਤਿਕ ਆਧਾਰ ਪੂਰੀ ਤਰ੍ਹਾਂ ਤਹਿਸ-ਨਹਿਸ ਹੋਏ ਪਏ ਹਨ। ਜਿਸ ਵਿਚ ਰੋਹਿਤ-ਮੋਨਿਕਾ, ਸਮੀਰ-ਸੁਰਭੀ, ਨੀਰਜ, ਸੀਮਾ ਆਦਿ ਪਾਤਰ ਵਸਤੂਵਾਦੀ ਮਕੜਜਾਲ ਵਿਚ ਪੂਰੀ ਤਰ੍ਹਾਂ ਧਸ ਗਏ ਹਨ। ਧਨ ਹਾਸਿਲ ਕਰ ਲੈਣ ਦੇ ਬਾਵਜੂਦ, ਉਸ ਨੂੰ ਪਰਿਵਾਰ ਨਾਲ ਪੂਰੀ ਤਰ੍ਹਾਂ ਰਲ ਕੇ ਆਨੰਦ ਕਰਨ ਦਾ ਸੁਪਨਾ ਪੂਰੀ ਤਰ੍ਹਾਂ ਖ਼ਤਮ ਹੋਇਆ ਹੈ।

ਨਾਵਲ ਵਿਚ ਪ੍ਰੰਪਰਿਕ ਰਿਸ਼ਤਿਆਂ ਵਿਚ ਟੁੱਟ ਭੱਜ ਦੀ ਸਥਿਤੀ ਤੋਂ ਸਾਬਤ ਹੁੰਦਾ ਹੈ ਕਿ ਪਹਿਲੀ ਤੇ ਦੂਸਰੀ ਪੀੜ੍ਹੀ ਵਿਚ ਬੌਧਿਕ ਤੇ ਭਾਵੁਕ ਫਾਸਲਾ ਇੰਨਾ ਜ਼ਿਆਦਾ ਵਧ ਗਿਆ ਹੈ ਕਿ ਪੀੜ੍ਹੀ ਸੰਵਾਦ ਲਗਭਗ ਖ਼ਤਮ ਹੋ ਚੁਕਿਆ ਹੈ। ਜਦੋਂ ਰੋਹਿਤ ਆਪਣੇ ਪਿਤਾ ਨਾਲ ਆਪਣੇ ਵਿਆਹ ਦੀ ਗੱਲ ਕਰਦਾ ਹੈ ਤਾਂ ਗਿਰਧਾਰੀ ਲਾਲ ਆਪਣੇ ਪੁੱਤਰ ਨੂੰ ਮੁੜਵਾਂ ਸਵਾਲ ਕਰਨ ਤੋਂ ਅਸਮਰਥ ਹੈ। ਇਸੇ ਤਰ੍ਹਾਂ ਕਰਤਾਰ ਚੰਦ ਵੀ ਆਪਣੇ ਪੁੱਤਰ ਅਤੇ ਧੀ ਨੂੰ ਵੀ ਅੰਤਰ-ਜਾਤੀ ਵਿਆਹ ਤੇ ਰੋਕ ਨਹੀਂ ਸਕਦਾ। ਚਮਨ ਲਾਲ ਤੇ ਬਿਮਲਾ ਪੰਕਜ ਨੂੰ ਸਖ਼ਤੀ ਨਾਲ ਕੁਝ ਸਮਝਾਉਣ ਦੇ ਸਮਰਥ ਨਹੀਂ ਹਨ। ਸਮੀਰ ਤੇ ਸੁਰਭੀ ਦਾ ਪਤੀ-ਪਤਨੀ ਦਾ ਰਿਸਤਾ ਤਣਾਓਗ੍ਰਸਤ ਹੋ ਕੇ ਟੁੱਟ



ਜਾਂਦਾ ਹੈ। ਮੋਨਿਕਾ ਤੇ ਰੋਹਿਤ ਪਿਤਾ ਨਾਲ ਬਣਾਉਟੀ ਰਿਸ਼ਤਾ ਨਿਭਾਉਂਦੇ ਹਨ। ਇਥੇ ਇਹ ਗੱਲ ਵੀ ਵਿਚਾਰਨਯੋਗ ਹੈ ਕਿ ਕੰਵਲ ਤੇ ਮਧੂ ਆਰਥਿਕਤਾ ਨੂੰ ਆਧਾਰ ਬਣਾ ਕੇ ਬ੍ਰਾਹਮਣ ਜਾਤੀ ਵਿਚ ਵਿਆਹ ਕਰਾਉਂਦੇ ਹਨ, ਪਰ ਜਾਤੀ ਤੋੜਨਾ ਉਹਨਾਂ ਦਾ ਕੋਈ ਸਮਾਜਿਕ ਮੁੱਦਾ ਨਹੀਂ ਹੈ ਸਗੋਂ ਇਕੋ ਜਿਹੀ ਨੌਕਰੀ ਤੇ ਬਰਾਬਰ ਦੀ ਆਰਥਿਕਤਾ ਹੈ। ਕਰਤਾਰ ਚੰਦ ਦੇ ਅਵਚੇਤਨ ਵਿਚ ਬਹੁਤ ਸਾਰੇ ਸੁਆਲ ਉਠਦੇ ਹਨ ਪਰ ਥੋੜੇ ਸਮੇਂ ਬਾਅਦ ਸ਼ਾਂਤ ਹੋ ਜਾਂਦਾ ਹੈ। ਨਾਵਲਕਾਰ ਨੇ ਜਿੱਥੇ ਪ੍ਰੰਪਰਾਵਾਂ ਦੇ ਉਬਾਲ ਨੂੰ ਪੇਸ਼ ਕੀਤਾ ਹੈ, ਉਥੇ ਸਮਕਾਲੀ ਸਥਿਤੀਆਂ ਨਾਲ ਸਮਝੌਤਾ ਕਰ ਲੈਣ ਦਾ ਸੰਕੇਤ ਵੀ ਦਿੱਤਾ ਹੈ। ਬਜ਼ੁਰਗਾਂ ਦੀ ਪੀੜ੍ਹੀ ਸਾਹਮਣੇ ਅਜਿਹੇ ਸਵਾਲ ਰੱਖੇ ਹਨ ਜਿਹਨਾਂ ਬਾਰੇ ਸੋਚਣਾ ਬਹੁਤ ਜ਼ਰੂਰੀ ਹੈ। ਨਾਵਲ ਵਿਚਲੇ ਤਣਾਵਾਂ ਤੇ ਟਕਰਾਵਾਂ ਵਿਚੋਂ ਸੂਖਸ਼ਮ ਸੁਆਲ ਖੜੇ ਹੁੰਦੇ ਹਨ ਕਿ ਕੀ ਆਰਥਿਕਤਾ ਹੀ ਸਮਾਜਿਕ ਸਬੰਧਾਂ ਨੂੰ ਚਲਾਵੇਗੀ? ਜਾਂ ਸਮਾਜਿਕਤਾ ਆਰਥਿਕਤਾ ਤੋਂ ਸਦਾ ਹੀ ਪ੍ਰਭਾਵਿਤ ਹੁੰਦੀ ਰਹੇਗੀ? ਕੀ ਮੱਧਵਰਗ ਦਾ ਅੰਤਰ-ਜਾਤੀ ਵਿਆਹ ਵਰਤਾਰਾ ਨਿਮਨ ਜਮਾਤਾਂ ਅੰਦਰ ਆਪਣੀ ਜਗ੍ਹਾ ਬਣਾਵੇਗਾ? ਜੇ ਬਣਾਵੇਗਾ ਤਾਂ ਭਵਿਖ ਦਾ ਸਮਾਜਿਕ ਸਵਰੂਪ ਕੀ ਹੋਵੇਗਾ ?

ਪ੍ਰੰਪਰਿਕ ਰਿਸ਼ਤਿਆਂ ਦੀ ਟੁੱਟ ਭੱਜ ਦੇ ਨਾਲ ਇੱਕ ਹੋਰ ਸਮੱਸਿਆ ਪੈਦਾ ਹੋਈ ਹੈ ਕਿ ਬਹੁਤ ਸਾਰੇ ਪਾਤਰ ਜਿਥੇ ਆਪਣੇ ਮਾਪਿਆਂ ਨਾਲੋਂ ਟੁੱਟੇ ਹੋਏ ਹਨ, ਉੱਥੇ ਉਹ ਜਾਂ ਤਾਂ ਟੈਕਨੋਲੋਜੀ ਦੇ ਉਪਕਰਣਾਂ ਨਾਲ ਖੇਡਾਂ ਖੇਡ ਰਹੇ ਹਨ ਜਾਂ ਮੰਡੀ ਵਿਚਲੇ ਮਕੜਜਾਲ ਦਾ ਸ਼ਿਕਾਰ ਹੋ ਕੇ ਦੇਹਵਾਦੀ ਹੋ ਰਹੇ ਹਨ। ਇਥੇ ਬੇਰੁਜ਼ਗਾਰੀ ਦੀ ਨਿਰਾਸ਼ਾ ਵੀ ਰੋਲ ਅਦਾ ਕਰਦੀ ਹੈ। ਕਈ ਵਾਰ ਨਿਰਾਸ਼ਾ ਵਿਚ ਨਾਕਾਰਾਤਮਕ ਪੱਖਾਂ ਦੇ ਉਭਾਰ ਨੂੰ ਨਰਮਈ ਨਾਲ ਦੇਖਿਆ ਜਾਂਦਾ ਹੈ। ਪਰ ਸੰਘਰਸ਼ ਦੀ ਨਜ਼ਰ ਤੋਂ ਇਹ ਭਾਂਜਵਾਦ ਹੀ ਹੁੰਦਾ ਹੈ। ਨਾਵਲ ਦੇ ਪਾਤਰ ਰਿਸ਼ੀ, ਕਰਮਵੀਰ, ਸਮੀਰ, ਸ਼ਬਨਮ, ਰੁਚਿਕਾ, ਆਸਥਾ ਨਿਸ਼ਾ ਆਦਿ ਪਾਤਰ ਨਾਕਾਰਾਤਮਕ ਰੂਪ ਵਿਚ ਵਿਚਰਦੇ ਨਜ਼ਰ ਆਉਂਦੇ ਹਨ। ਮੰਡੀ ਦਾ ਦਬਾਓ ਉਹਨਾਂ ਨੂੰ ਆਪਣਾ ਸਮਾਜਿਕ ਰੁਖ ਬਦਲਣ ਲਈ ਮਜ਼ਬੂਰ ਕਰਦਾ ਹੈ। ਇਹ ਪਾਤਰ ਜੂਝਣ ਦੀ ਬਜਾਇ ਪੂਰੇ ਪ੍ਰਬੰਧ ਅੱਗੇ ਸਮਰਪਣ ਕਰ ਦਿੰਦੇ ਹਨ। ਸੰਘਰਸ਼ ਦੀ ਬਜਾਇ ਕਰਾਈਮ ਸਰਮਾਏਦਾਰੀ ਦੀ ਜਿੱਤ ਹੈ। ਸਭਿਅਕ ਤੋਂ ਅਸਭਿਅਤਾ ਦਾ ਸਫ਼ਰ ਸੈਲੀਬਰੇਸ਼ਨ ਰਾਹੀਂ ਜਾਂਦਾ ਹੈ ਜਾਂ ਜੀਵਨ ਦੀਆਂ ਲੋੜਾਂ ਪੂਰੀਆਂ ਨਾ ਹੋਣ ਕਾਰਨ ਥੁੜਾਂ ਵਿਚੋਂ। ਨਾਵਲ ਦੇ ਦੂਜੀ ਪੀੜ੍ਹੀ ਦੇ ਸਾਰੇ ਪਾਤਰ ਜਿੱਥੇ ਸਮਾਜਿਕ ਪ੍ਰਤਿਮਾਨਾਂ ਨੂੰ ਉਲੰਘਦੇ ਹਨ, ਉਥੇ ਅਜੋਕੇ ਮਨੁੱਖ ਦੀ ਖਿੰਡਰੀ-ਪੁੰਡਰੀ ਸੋਚ ਸਮਝ ਦਾ ਸਬੂਤ ਦਿੰਦੇ ਹਨ।

ਇਸ ਤਰ੍ਹਾਂ ਇਹ ਪਾਤਰ ਅਜੋਕੇ ਦੌਰ ਦੇ ਸਿਰਜੇ ਨਵੇਂ ਪ੍ਰਬੰਧ ਵਿਚੋਂ ਆਪਣੀ ਸ਼ਨਾਖਤ ਹਾਸਿਲ ਕਰਦੇ ਹਨ। ਉਦਾਸੀ ਤੇ ਬੇਚੈਨੀ ਨਾਲ ਭਰੇ ਇਹ ਪਾਤਰ ਹਰ ਮੋੜ 'ਤੇ ਡਗਮਗਾਉਂਦੇ, ਹੋਰ ਉੱਚੇ ਆਰਥਿਕ ਸਟੇਟਸ ਦੀ ਕਾਮਨਾ ਕਰ ਰਹੇ ਹਨ। ਕੁਝ ਪਾਤਰ ਜਿਵੇਂ ਰਿਸ਼ੀ ਤੇ ਕਰਮਵੀਰ ਪੂਰੀ ਤਰ੍ਹਾਂ ਕਰਾਈਮ ਤੇ ਨਸ਼ੇ ਦੀ ਪਕੜ ਵਿਚ ਆ ਗਏ ਹਨ। ਪੂਰੀਆਂ ਤੇ ਸਨਮਾਨਿਤ ਉਜਰਤਾਂ ਨਾ ਮਿਲਣਾ ਜਿਥੇ ਉਹਨਾਂ ਦਾ ਸਭ ਤੋਂ ਵੱਡਾ ਸੰਕਟ ਹੈ, ਉਥੇ ਪਿਆਰ ਸਬੰਧਾਂ ਵਿਚ 'ਨਾਇਕ' ਦਾ ਕਿਰਦਾਰ ਨਿਭਾਉਣ ਕਾਰਨ ਸਵੈ ਸਿਰਜੇ ਪ੍ਰਤਿਮਾਨ ਨੂੰ ਹਾਸਿਲ ਨਾ ਕਰ ਸਕਣਾ ਦੂਸਰਾ ਵੱਡਾ ਸੰਕਟ ਹੈ। ਰਿਸ਼ੀ ਤੇ ਕਰਮਵੀਰ ਇਹਨਾਂ ਸਬੰਧਾਂ ਨੂੰ ਕਾਇਮ ਰੱਖਣ ਲਈ ਪੂਰੀ ਤਰ੍ਹਾਂ ਅਪਰਾਧ ਦੀ ਪਕੜ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਸੈਲੀਬਰੇਸ਼ਨ ਤੇ ਅਪਰਾਧ ਸਰਮਾਏਦਾਰੀ ਪ੍ਰਬੰਧ ਦਾ ਇੱਕ ਸਾਧਨ ਦੇ ਤੌਰ 'ਤੇ ਪੇਸ਼ ਹੁੰਦੇ ਨਜ਼ਰ ਆਉਂਦੇ ਹਨ। ਦੂਸਰੇ ਪਾਸੇ ਪੰਕਜ ਦਾ ਪਰਿਵਾਰ ਨਾਲ ਤਣਾਓ ਤੇ

ਕੁੜੀਆਂ ਸਹੇਲੀਆਂ (ਅਦਿਤੀ, ਸ਼ਬਨਮ) ਨਾਲ ਵਿਵਹਾਰ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੂਰੇ ਪ੍ਰਬੰਧ 'ਚ ਥਿੜਕਾਇਆ ਆਦਮੀ ਕਿਸੇ ਵੀ ਧਿਰ ਨਾਲ ਹਮਦਰਦੀ ਤੇ ਕੁਮਿਟਮੈਂਟ ਨਹੀਂ ਦਿਖਾਉਂਦਾ। ਸਮੀਰ ਵਰਗੇ ਆਦਮੀ ਕੰਪਨੀਆਂ ਦੇ ਵੱਧ ਕੰਮ ਤੇ ਆਨੰਦ ਦੀਆਂ ਵਿਧੀਆਂ ਰਾਹੀ ਹੀ ਆਪਣੇ ਸਮਾਜਿਕ ਪ੍ਰਤਿਮਾਨਾ ਤੋਂ ਹਿਲਦੇ ਹਨ। ਇਥੇ ਇਹ ਗੱਲ ਵਰਨਣਯੋਗ ਹੈ ਕਿ ਮਲਟੀਨੈਸ਼ਨਲ ਕੰਪਨੀਆਂ ਆਪਣੇ ਵਰਕਰਾਂ ਨੂੰ ਜਦੋਂ ਕੋਈ ਰਿਆਇਤ ਦਿੰਦੀ ਹੈ ਉਹਨਾਂ ਨੂੰ ਵੱਡੇ-ਵੱਡੇ ਪੰਜ ਤਾਰਾ ਹੋਟਲਾਂ ਵਿੱਚ 'ਇਨਜੁਆਏ' ਕਰਨ ਦੀ ਤਾਕੀਦ ਕਰਦੀਆਂ ਹਨ। ਇਹ ਕਾਰਵਾਈਆਂ ਮੁੜਵੇਂ ਰੂਪ ਵਿਚ ਸਰਮਾਏਦਾਰੀ ਢਾਂਚੇ ਦੇ ਹੱਕ 'ਚ ਹੀ ਭੁਗਤਦੀਆਂ ਹਨ।

ਸਰਮਾਏਦਾਰੀ ਢਾਂਚੇ ਅੰਦਰਲਾ ਨਵਾਂ ਸਰੂਪ ਦਫ਼ਤਰੀ ਢਾਚਿਆਂ, ਤਕਨੋਲੋਜੀ ਦਾ ਆਧਾਰ ਤੇ ਨੌਕਰਸ਼ਾਹੀ ਦੇ ਬਦਲੇ ਹੋਏ ਮੁਹਾਂਦਰਾ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ। ਨਵੇਂ ਸਰਮਾਏਦਾਰੀ ਢਾਂਚੇ ਨੇ ਸਥਾਨਾਂਤਰਣ ਦੀ ਪਰਿਕਿਰਿਆ ਨੂੰ ਵਧਾਇਆ ਹੈ। ਇਸ ਵਿਚ ਵਿਸ਼ੇਸ਼ ਗੱਲ ਇਹ ਹੈ ਕਿ ਮਲਟੀਨੈਸ਼ਨਲ ਕੰਪਨੀਆਂ ਵਿਚ ਕੁੜੀਆਂ ਸ਼ਾਮਿਲ ਹੋਈਆਂ ਹਨ। ਸਰਮਾਏਦਾਰੀ ਲਿੰਗ ਵਿਤਕਰਿਆਂ ਨੂੰ ਭੰਗ ਕਰਦੀ ਹੈ ਪਰ ਪੂਰਬੀ ਮਾਨਸਿਕਤਾ ਇਸ ਨੂੰ ਤੰਗ ਕਰਦੀ ਹੈ। ਜਿਸ ਦੇ ਸਿੱਟੇ ਵਜੋਂ ਪੂਰਬੀ ਲੋਕ ਇਸ ਮਿਲੀ ਖੁੱਲ੍ਹ ਨੂੰ ਬਿਮਾਰ ਰੂਪ ਵਿਚ ਪ੍ਰਵਾਨ ਕਰਦੇ ਹਨ। ਪੱਛਮੀ ਸਭਿਆਚਾਰ ਤੇ ਪੂਰਬੀ ਮਾਨਸਿਕਤਾ ਦਵੰਦ ਵਿਚੋਂ ਦੁਵਿਧਾ ਦਿਖਾਈ ਦਿੰਦੀ ਹੈ ਜਿਸ ਨਾਲ ਭਾਰਤੀ/ਪੰਜਾਬੀ ਜੀਵਨ ਵਿਚਲੇ ਵਿਵਹਾਰ ਦੀ ਹਾਸੋਹੀਣੀ ਅਵਸਥਾ ਬਣੀ ਹੋਈ ਹੈ। ਜਿਵੇਂ ਅਮਰਿੰਦਰ ਵਰਗਾ ਪਾਤਰ ਵਿਆਹ ਵਰਗੀ ਸੰਸਥਾ ਦਾ ਹਿੱਸਾ ਬਣਨਾ ਚਾਹੁੰਦਾ ਹੈ, ਪਰ ਸੀਮਾ ਘਰ ਦੀ ਬਜਾਇ ਕੰਮ ਤੇ ਅਨੰਦ ਦੀ ਚਾਹਨਾਂ ਵਿਚ ਗ੍ਰਸਤ ਹੈ। ਉਹ ਦੋ ਵਿਆਕਤੀਆਂ ਨਾਲ ਸਬੰਧ ਬਣਾ ਕੇ ਵੀ ਆਜ਼ਾਦ ਜ਼ਿੰਦਗੀ ਜਿਉਣਾ ਚਾਹੁੰਦੀ ਹੈ। ਇਸੇ ਲਈ ਪਿੰਜਰੇ ਵਿਚੋਂ ਚਿੜੀਆਂ ਨੂੰ ਉਡਾਉਣਾ ਚਾਹੁੰਦੀ ਹੈ। ਇਹ ਉੱਡਾਣ ਉਹਨਾਂ ਦੀ ਸ਼ਰੀਰਕ ਤੇ ਮਾਨਸਿਕ ਆਜ਼ਾਦੀ ਦੀ ਸੂਚਕ ਹੈ ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਜਿਸ ਵਾਯੂਮੰਡਲ ਵਿਚ ਚਿੜੀਆਂ ਨੇ ਉਡਾਣ ਭਰਨੀ ਹੈ, ਉਸ ਉਪਰ ਮਰਦ ਦਾ ਕਬਜ਼ਾ ਹੈ। ਸੀਮਾਂ ਦੀ ਮਾਨਸਿਕਤਾ ਦੀ ਇਹ ਸੀਮਾ ਬਨਦੀ ਹੈ ਕਿ ਉਹ ਆਰਥਿਕ ਦੀ ਆਤਮ-ਨਿਰਭਰਤਾ ਨੂੰ ਹੀ ਆਜ਼ਾਦੀ ਦੇ ਅਰਥ ਦੇ ਬੈਠੀ ਹੈ। ਸ਼ਰਾਬ ਦਾ ਸੇਵਨ ਤੇ ਲੋੜ ਅਨੁਸਾਰ ਮਰਦ ਭੋਗਣਾ, ਸੀਮਾ ਦੀ ਔਰਤ ਚੇਤਨਾ ਦੇ ਲੱਛਣ ਦਿਖਾਈ ਦਿੰਦੇ ਹਨ ਪਰ ਅਸਚਰਜ ਦੀ ਗੱਲ ਇਹ ਹੈ ਕਿ ਮਰਦ ਸੱਤਾ ਇੰਨੀ ਤਾਕਤਵਰ ਹੈ ਕਿ ਮਰਦ ਇੱਕ ਅਣਜਾਣ ਔਰਤ ਨੂੰ ਵੀ ਭੋਗਦਾ ਹੈ ਤੇ ਚੇਤੰਨ ਔਰਤ ਨੂੰ ਵੀ। ਇਸ ਲਈ ਔਰਤ ਨੂੰ ਆਪਣੀ ਮੁਕਤੀ ਲਈ ਹੋਰ ਰਾਹ ਤਲਾਸ਼ਣ ਦੀ ਜ਼ਰੂਰਤ ਹੈ।

ਸੀਮਾ ਦੇ ਚਰਿੱਤਰ ਦੀ ਖਾਸ ਗੱਲ ਇਹ ਵੀ ਹੈ ਕਿ ਉਹ ਅਮਰਿੰਦਰ ਨਾਲ ਸਬੰਧ ਬਣਾਉਂਦੀ ਨੀਰਜ ਨੂੰ ਯਾਦ ਕਰਦੀ ਹੈ, ਜਦੋਂ ਅਮਰਿੰਦਰ ਸਹਾਰਾ/ਸਹਿਯੋਗੀ ਬਣਦਾ ਹੈ ਤਾਂ ਉਸ ਨਾਲ ਸ਼ਰੀਰਕ ਸਬੰਧ ਬਣਾਉਂਦੀ ਹੈ। ਇਸ ਤਰ੍ਹਾਂ ਉਹ ਪਹਿਲੇ ਦਰਜੇ ਦੇ ਸਬੰਧ ਤਾਂ ਰਖਣਾ ਚਾਹੁੰਦੀ ਹੈ, ਪਰ ਕਿਸੇ ਸੰਸਥਾ ਦੀ ਸ਼ਿਕਾਰ ਨਹੀਂ ਹੋਣਾ ਚਾਹੁੰਦੀ। ਘਰ ਉਸ ਲਈ ਵਲਗਣ ਹੈ, ਪਰ ਮਰਦ ਭੋਗਣਾ ਸੁੱਖ। ਇਸ ਤਰ੍ਹਾਂ ਉਸਦੇ ਸਬੰਧ ਮੋਹ ਵਿਚੋਂ ਹੋ ਕੇ ਨਹੀਂ ਲੰਘਦੇ ਸਗੋਂ ਵਾਸ਼ਨਾ ਵਿਚੋਂ ਲੰਘਦੇ ਨਜ਼ਰ ਆਉਂਦੇ ਹਨ। ਪਰ ਨਾਵਲ ਦੇ ਅਖੀਰ ਵਿੱਚ ਪੰਕਜ ਪ੍ਰਤਿ ਮੋਹ ਨਾਲ ਉਸ ਦੀ ਵਖਰੀ ਕਿਸਮ ਦੀ ਮਾਨਸਿਕਤਾ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਸਮਾਜਿਕ ਸਬੰਧਾਂ ਵਿਚਲਾ ਸਲੋਅ ਡਾਊਨ ਵੀ ਸਾਹਮਣੇ ਆਉਂਦਾ ਹੈ।



ਨਾਵਲ ਦਾ ਅਗਲਾ ਸਲੋਅ ਡਾਊਨ ਜਾਤੀ ਵਿਵਸਥਾ ਵਿਚਲੇ ਤਿੜਕਾਓ ਤੇ ਵਖਰੇ ਕਿਸਮ ਦੇ ਉਭਾਰ ਰਾਹੀਂ ਪ੍ਰਗਟ ਹੁੰਦਾ ਹੈ। ਜਿਥੇ ਕਰਤਾਰ ਚੰਦ ਜੋ ਚਮਾਰ ਜਾਤੀ ਨਾਲ ਸਬੰਧ ਰੱਖਦਾ ਹੈ ਦੇ ਬੱਚੇ ਅੰਤਰਜਾਤੀ ਵਿਆਹ ਉਚ ਜਾਤੀ ਦੇ ਬੱਚਿਆਂ ਨਾਲ ਕਰ ਰਹੇ ਹਨ, ਉੱਥੇ ਇਤਿਹਾਸ ਵਿਚ ਆਪਣੇ ਵਿਰਸੇ ਤੇ ਮਾਣ ਕਰਦੀਆਂ ਜਾਤੀਆਂ ਖੁਦ ਦਾ ਸਮਾਜਿਕ ਰੁਤਬਾ ਨੀਵਾਂ ਕਰਕੇ ਰਾਖਵੇਂਕਰਣ ਦੀ ਮੰਗ ਕਰ ਰਹੀਆਂ ਹਨ। ਇਸ ਤਰ੍ਹਾਂ ਸਮਾਜਿਕ ਸਲੋਅ ਡਾਊਨ ਸਾਹਮਣੇ ਆਉਂਦਾ ਹੈ। ਇਹ ਵਿਸ਼ਵੀਕਰਨ ਅੰਦਰਲਾ ਵਿਸ਼ ਹੈ ਜਿਸਨੇ ਸਮਾਜ ਦੀਆਂ ਸਾਰੀਆਂ ਪਰਤਾਂ ਦੇ ਵਿਸ਼ ਫੈਲਾਇਆ ਹੈ। ਸਟੇਟ ਸੈਕਟਰ ਵਿਚ ਨੌਕਰੀਆਂ 'ਚ ਕੱਟ ਕੇ ਜਾਤੀ ਚੇਤਨਾ ਨੂੰ ਵਖਰੇ ਰੂਪ ਵਿਚ ਉਜਾਗਰ ਕੀਤਾ ਹੈ। ਇਸ ਨਾਲ ਜਾਤੀਆਂ ਅੰਦਰਲੀ ਜਮਾਤੀ ਚੇਤਨਾ ਵੀ ਸਾਹਮਣੇ ਆਉਂਦੀ ਹੈ ਕਿ ਖੁਦ ਨੂੰ ਸਮਾਜਿਕ ਤੌਰ ਤੇ ਨੀਵਾਂ ਕਰਕੇ ਸਟੇਟ ਅੰਦਰਲੀ ਸੱਤਾ ਤੇ ਧਨ ਤੇ ਵੀ ਕਬਜਾ ਕੀਤਾ ਜਾਵੇ ਪਰ ਆਪਣੇ ਤੋਂ ਨੀਵੀਆਂ ਜਾਤੀਆਂ ਨੂੰ ਮਾਨਸਿਕ ਆਜ਼ਾਦੀ ਨਾ ਦਿੱਤੀ ਜਾਵੇ। ਜਾਤ ਨੂੰ ਸਮਾਜਿਕ ਤੌਰ 'ਤੇ ਆਪਣੇ ਆਪਨੂੰ ਨੀਵਾਂ ਕਰਕੇ, ਜਮਾਤੀ ਹਿੱਤਾਂ ਲਈ ਵਰਤਣਾ ਵਿਸ਼ਵੀਕਰਨ ਦੇ ਯੁੱਗ ਦੀ ਪੈਦਾਵਾਰ ਹੈ। ਇਸ ਤੋਂ ਪਹਿਲਾ ਸਮਾਜਿਕ ਤੌਰ 'ਤੇ ਉਚਾ ਕਰਕੇ ਉਤਪਾਦਨ ਸਰੋਤਾਂ 'ਤੇ ਕਬਜ਼ਾ ਕਰਨ ਦੀ ਜੁਗਤ ਕੰਮ ਕਰਦੀ ਰਹੀ ਹੈ। ਇੱਥੇ ਹੋਰ ਵੀ ਮਹੱਤਵਪੂਰਨ ਗੱਲ ਇਹ ਬਣਦੀ ਹੈ ਕਿ ਉਚ ਜਾਤੀ ਨੇ ਆਪਣੇ ਜਮਾਤੀ ਹਿੱਤਾਂ ਲਈ, ਅਤੇ ਆਪਣੀ ਆਰਥਿਕਤਾ ਨੂੰ ਉਚਾ ਰੱਖਣ ਲਈ ਹਰ ਹੀਲਾ ਵਰਤਿਆ ਹੈ ਜਿਸ ਵਿਚ ਨਿਮਨ ਜਾਤੀ ਦੇ ਕਮਾਊ ਵਰਗ ਨੂੰ ਆਪਣਾ ਹਿੱਸਾ ਬਣਾਉਣ ਵਿਚ ਕੋਈ ਵੀ ਹਿਚਕਿਚਾਹਟ ਨਹੀਂ ਦਿਖਾਈ। ਜੇਕਰ ਸਮਾਜ ਦੇ ਵਰਤਾਰਿਆਂ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਜਾਤੀ ਤੋਂ ਬਾਹਰ ਵਿਆਹਾਂ ਦੇ ਅਨੁਪਾਤ ਵਿਚ ਨਿਮਨ ਜਾਤੀਆਂ ਦਾ ਕਮਾਊ ਵਰਗ ਨੂੰ ਅਪਣਾਇਆ ਹੈ। ਗਰੀਬ ਵਰਗ ਨੂੰ ਕਿਉਂ ਨਹੀਂ? ਨਾਵਲਕਾਰ ਨੇ ਇਹ ਇੱਕ ਅਚੇਤ ਸਵਾਲ ਸਾਰਿਆਂ ਲਈ ਛੱਡਿਆ ਵੀ ਮਹਿਸੂਸ ਹੁੰਦਾ ਹੈ।

ਸਰਮਾਏਦਾਰੀ ਪ੍ਰਬੰਧ ਦੇ ਵਿਸ਼ਵੀਕਰਨ ਵਰਤਾਰੇ ਨੇ ਅਗਲਾ 'ਸਲੋਅ ਡਾਊਨ' ਰੁਜ਼ਗਾਰ ਦੇ ਸਬੰਧਾਂ ਵਿਚ ਉਭਰਦਾ ਹੈ। ਪੰਜਾਬ ਤੋਂ ਇਲਾਵਾ ਉਤਰੀ ਭਾਰਤ ਦੇ ਨੌਜਵਾਨ ਦੱਖਣੀ ਭਾਰਤ ਵਿਚ ਸ਼ਿਫਟ ਹੁੰਦੇ ਨਜ਼ਰ ਆਉਂਦੇ ਹਨ। ਐਮ.ਬੀ.ਏ./ ਇੰਜਨੀਅਰਿੰਗ ਆਦਿ ਅੱਵਲ ਦਰਜੇ ਦੇ ਕੋਰਸ ਕਰਨ ਤੋਂ ਬਾਅਦ ਉਹਨਾਂ ਨੂੰ ਦੱਖਣ ਜਾਣਾ ਪੈਂਦਾ ਹੈ ਕਿਉਂਕਿ ਉਤਰੀ ਭਾਰਤ ਦੇ ਪੱਛਮੀ ਸੂਬੇ 'ਚ ਕਿਸੇ ਵੀ ਤਰ੍ਹਾਂ ਦੀ ਟੈਕਨੀਕਲ ਵਿਕਾਸ ਨਹੀਂ ਹੋਇਆ। ਇਸ ਤਰ੍ਹਾਂ ਹੋਇਆ ਸਥਾਨਾਤਰਣ ਨੈਤਿਕ ਪ੍ਰਬੰਧ ਨੂੰ ਡੇਗਦਾ ਹੈ, ਤੇ ਨਵੇਂ ਵਸਤੂਵਾਦੀ ਜੀਵਨ ਵਿਧੀਆਂ ਨੂੰ ਮਾਨਤਾ ਦਿੰਦਾ ਹੈ। ਪੰਕਜ, ਰਿਸ਼ੀ ਤੇ ਕਰਮਵੀਰ ਵਰਗੇ ਪਾਤਰ ਇਸ ਬੇਰੁਜ਼ਗਾਰੀ ਤੇ ਘੱਟ ਉਜਰਤਾਂ ਦੇ ਪ੍ਰਕੋਪ ਦੇ ਸ਼ਿਕਾਰ ਹਨ। ਇਸ ਤੋਂ ਬਾਅਦ ਗਲਤ ਸਾਧਨਾ ਰਾਹੀਂ ਇਕੱਤਰ ਕੀਤੇ ਧਨ ਨੂੰ ਐਸ਼ੋ-ਇਸ਼ਰਤ ਤੇ ਘੱਟ ਸਮੇਂ ਦੇ ਜ਼ਸ਼ਨ ਨੂੰ ਤਰਜੀਹ ਦਿੰਦੇ ਹਨ। ਜਿਵੇਂ ਪਹਿਲਾਂ ਗੱਲ ਕੀਤੀ ਗਈ ਹੈ ਕਿ ਇਹ ਜਿਥੇ ਸਵੈ-ਘਾਤੀ ਵਰਤਾਰਾ ਹੈ, ਉਥੇ ਸਮੂਹਿਕ ਸੰਘਰਸ਼ਾਂ ਦੀ ਅਣਹੋਂਦ ਨੂੰ ਪੇਸ਼ ਕਰਦਾ ਹੈ।

'ਸਲੋਅ ਡਾਊਨ' ਦਾ ਵਰਤਾਰਾ ਕੇਵਲ ਵਿਸ਼ਵੀਕਰਨ ਦੇ ਵਰਤਾਰੇ ਦਾ ਪ੍ਰਤਿਉਤਪਾਦਨ ਹੀ ਨਹੀਂ ਸਗੋਂ ਮਨੁੱਖੀ ਮਾਨਸਿਕਤਾ ਦੀ ਸੰਘਰਸ਼ ਪ੍ਰਤਿ ਨਾ ਦਾ ਵੀ ਐਲਾਨ ਵੀ ਹੈ। ਨਾਵਲ ਵਿਚ ਕੋਈ ਵੀ ਪਾਤਰ ਸਿਸਟਮ ਨਾਲ ਸੰਘਰਸ਼ ਕਰਨ ਦੀ ਸਥਿਤੀ 'ਚ ਨਹੀਂ ਹੈ। ਸਮਕਾਲੀ ਤੇ ਇਸ


ਤੋਂ ਪਿਛਲੀ ਪੀੜ੍ਹੀ ਨੇ ਸਵੀਕਾਰ ਕਰ ਲਿਆ ਹੈ ਕਿ ਵਿਅਕਤੀਗਤ ਉੱਦਮ ਹੀ ਉੱਤਮ ਹਨ ਤੇ ਸਿਸਟਮ ਜਾਂ ਉਤਪਾਦਨ ਪ੍ਰਕਿਰਿਆ ਵਿਚ ਸ਼ਾਮਿਲ ਹੋ ਜਾਣਾ ਹੀ ਮਨੁੱਖ ਦੀ ਪ੍ਰਾਪਤੀ ਹੈ। ਇਹ ਪ੍ਰਾਪਤੀ ਕਰਨ ਤੋਂ ਬਾਅਦ ਬੰਦੇ ਵਿਚ ਬੰਦਿਆਈ ਬਚਦੀ ਹੈ ਜਾਂ ਨਹੀਂ ਇਸ ਨਾਲ ਸਰੋਕਾਰ ਨਹੀਂ। ਪੰਕਜ, ਰੋਹਿਤ, ਸੁਧੀਰ, ਅਮਰਿੰਦਰ, ਸੀਮਾ, ਮਧੂ, ਕਿੰਨੇ ਹੀ ਪਾਤਰ ਇਸ ਵਸਤੂਵਾਦੀ ਕਾਮਯਾਬੀ ਲਈ ਜੂਝ ਰਹੇ ਹਨ। ਗੁਜ਼ਾਰਾ, ਸੈਲੀਬਰੇਸ਼ਨ ਤੇ, ਲਟਕਾਅ ਤੇ ਤਣਾਓ ਇਸ ਨਾਲ ਨਾਵਲ ਦੀ ਸਿਰਜਣ ਵਿਧੀ ਦੇ ਤੌਰ ਤੇ ਪ੍ਰਗਟ ਹੁੰਦੇ ਨਜ਼ਰ ਆਉਂਦੇ ਹਨ।

ਸੋ ਸਮੁੱਚਾ ਨਾਵਲ ਵਿਸ਼ਵੀਕਰਨ ਦੇ ਦੌਰ 'ਚ ਆਹਤ ਹੋ ਰਹੇ ਮਨੁੱਖ ਤੇ ਮਨੁੱਖਤਾ ਦੀ ਨਿਸ਼ਾਨਦੇਹੀ ਕਰਦਾ, ਨਵੇਂ ਸਿਰਜੇ ਜਾ ਰਹੇ ਸਭਿਆਚਾਰਕ ਪ੍ਰਤਿਮਾਨਾਂ ਨੂੰ ਸਾਹਮਣੇ ਲਿਆਉਂਦਾ ਹੈ, ਜਿਸ ਨਾਲ ਸਰਮਾਏਦਾਰੀ ਸਿਸਟਮ ਦੇ ਉਪਰ ਸਿਰਜੀ ਗਈ ਜ਼ਿੰਦਗੀ ਦੇ ਪਰ-ਉਸਾਰ ਬਿਮਾਰ ਮਾਨਸਿਕਤਾ ਦੇ ਰੂਪ ਵਿਚ ਪ੍ਰਗਟ ਹੋ ਰਹੇ ਹਨ, ਜਿਹੜੇ ਜਿਥੇ ਸਾਨੂੰ ਅਖੌਤੀ ਆਰਥਿਕ ਵਿਕਾਸ ਦੀ ਬਾਤ ਪਾਉਂਦੇ ਹਨ, ਉੱਥੇ ਬਿਮਾਰ ਸਮਾਜਿਕ ਵਿਕਾਸ ਦੀ ਹਾਮੀ ਵੀ ਭਰਾਉਂਦੇ ਹਨ। ਸਰਮਾਏਦਾਰੀ ਨਿਜ਼ਾਮ ਬਿਮਾਰ ਮਾਨਸਿਕਤਾ ਨੂੰ ਪੂਰਾ ਆਪਣੇ ਵਿਚ ਹਜ਼ਮ ਕਰ ਰਿਹਾ ਹੈ ਜਿਥੇ ਅਪਰਾਧ, ਹਿੰਸਾ, ਤਣਾਓ ਤੇ ਟਕਰਾਓ ਦੀਆਂ ਸਥਿਤੀਆਂ ਪੈਦਾ ਕਰਕੇ ਇਕ ਆਦਰਸ਼ਕ ਤੇ ਪ੍ਰਤੀਮਾਨਤ ਮਨੁੱਖ ਨੂੰ ਘਟਾ ਕੇ ਇੱਕ ਗ਼ੈਰ-ਜ਼ਿੰਮੇਵਾਰ ਮਨੁੱਖ ਪੈਦਾ ਕਰ ਰਿਹਾ ਹੈ ਦੂਸਰੇ ਪਾਸੇ ਮਿਹਨਤੀ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਦੀ ਤਾਂਘ ਨੂੰ ਪੂਰਾ ਨਾ ਕਰਕੇ ਸੁਪਨੇ ਨੂੰ ਦੁੱਖ ਵਿਚ ਤਬਦੀਲ ਕਰ ਰਿਹਾ ਹੈ।

## ਪੰਜਾਬੀ ਕਹਾਣੀ ਵਿੱਚ ਨਵਾਂ ਪ੍ਰਯੋਗ : ਬੁਲਬੁਲਿਆਂ ਦੀ ਕਾਸ਼ਤ

**- ਡਾ: ਜਸਵਿੰਦਰ ਕੌਰ ਬਿੰਦਰਾ**

ਕਾਫੀ ਲੰਮੇ ਅਰਸੇ ਤੋਂ ਕਹਾਣੀ ਲਿਖੀ ਤੇ ਪੜ੍ਹੀ ਜਾ ਰਹੀ ਹੈ। ਇਸ ਅਰਸੇ ਵਿੱਚ ਪੰਜਾਬੀ ਕਹਾਣੀ ਨੇ ਪੁਲਾਂਘਾਂ ਵੀ ਮਾਰੀਆਂ,ਉਚਾਈਆਂ ਨੂੰ ਵੀ ਛੁਹਿਆ,ਕੁਝ ਹੱਦ-ਬੰਨ੍ਹੇ ਵੀ ਟੱਪੇ....।ਫਿਰ ਕੁਝ ਇੰਝ ਲੱਗਣ ਲੱਗਾ,ਜਿਵੇਂ ਪੰਜਾਬੀ ਕਹਾਣੀ ਕੁਝ ਠਹਿਰ ਜਿਹੀ ਗਈ ਹੋਵੇ,ਇਕੋ ਜਿਹੇ ਵਿਸ਼ੇ,ਇਕੋ ਜਿਹੇ ਪਾਤਰ..। ਜੇ ਉਹ ਛੋਟੀ ਕਿਰਸਾਨੀ ਦੀ ਗੱਲ ਕਰਦੀ ਤਾਂ ਵਾਰ-ਵਾਰ ਉਹੀ,ਜੇ ਇਸਤਰੀ-ਮਰਦ ਦੇ ਰਿਸ਼ਤਿਆਂ ਦੀ ਪੁਣ-ਛਾਣ ਹੋਣ ਲੱਗਦੀ ਤਾਂ ਕੁਝ ਸਾਰਥਕ ਜਿਹਾ ਹੱਥ-ਪੱਲੇ ਨਾ ਆਉਂਦਾ।ਨਾਰੀ-ਚੇਤਨਾ ਤੇ ਦਲਿਤ-ਚੇਤਨਾ ਦੀ ਪੈੜ ਪਾਉਂਦੀਆਂ ਕਹਾਣੀਆਂ ਵੀ ਕੁਝ ਬਹੁਤੇ ਨਵੇਂ ਪੈਂਤੜੇ ਨਾ ਪਾਸਕੀਆਂ।ਬਸ, ਇੰਝ ਜਾਪਣ ਲੱਗ ਪਿਆ ਕਿ ਹੁਣ ਕਹਾਣੀ ਨੇ ਆਪਣੇ-ਆਪ ਨੂੰ ਦੁਹਰਾਉਣਾ ਸ਼ੁਰੂ ਕਰ ਦਿੱਤਾ ਹੈ।ਹੋ ਸਕਦਾ ਏ,ਬਹੁਤੇ ਲੋਕ ਇਸ ਗੱਲ ਨਾਲ ਸਹਿਮਤ ਨਾ ਹੋਣ।ਪਰ ਲਗਾਤਾਰ ਹਿੰਦੀ ਤੇ ਹੋਰ ਭਾਸ਼ਾਵਾਂ ਦਾ






ਸਾਹਿਤ ਪੜ੍ਹਣ ਕਾਰਣ,ਜਦੋਂ ਤੁਲਨਾਤਮਕ ਨਜ਼ਰੀਏ ਨਾਲ ਦੇਖਣਾ ਸ਼ੁਰੂ ਕੀਤਾ,ਤਾਂ ਲੱਗਾ ਕਿ ਪੰਜਾਬੀ ਕਹਾਣੀ ਨੇ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਜੋ ਆਪਣੀ ਇਕ ਜਗ੍ਹਾ ਬਣਾਈ ਸੀ, ਉਸ ਵਿੱਚ ਹੁਣ ਬਹੁਤਾ ਨਵਾਂਪਨ ਦੇਖਣ ਨੂੰ ਨਹੀਂ ਮਿਲ ਰਿਹਾ।ਇਹ ਜਾਣ ਕੇ ਜਿਵੇਂ ਮੈਨੂੰ ਥੋੜੀ ਘਬਰਾਹਟ ਹੋਣ ਲੱਗ ਪਈ,ਕਿਉਂਕਿ ਮੈਨੂੰ ਪੰਜਾਬੀ ਨਾਲ ਪਿਆਰ ਹੈ।ਇਸ ਦੀ ਹਰ ਸਾਹਿਤਕ ਵੰਨਗੀ ਨੂੰ ਮੈਂ ਪੜ੍ਹਦੀ ਹੈ,ਕੁਝ ਆਲੋਚਨਾਤਮਕ ਨਜ਼ਰੀਆ ਹੋਣ ਕਾਰਣ ਰਚਨਾਵਾਂ ਨੂੰ ਘੋਖਦੀ-ਪਰਖਦੀ ਹਾਂ।ਪੰਜਾਬੀ ਕਹਾਣੀ ਉਤੇ ਮੈਂ ਕਾਫੀ ਕੰਮ ਕੀਤਾ ਹੈ।ਇਸੇ ਕਾਰਣ ਇਸ ਠਹਿਰਾਵ ਦਾ ਮੈਨੂੰ ਇਕ ਕਾਰਣ ਇਹ ਨਜ਼ਰ ਆਉਂਦਾ ਰਿਹਾ ਕਿ ਪੰਜਾਬੀ ਕਹਾਣੀ ਵਿੱਚ ਪ੍ਰਯੋਗ ਬਹੁਤ ਘੱਟ ਹੁੰਦੇ ਹਨ।ਕੁਝ ਨਵਾਂ ਕਰਨਾ ਜ਼ਰੂਰੀ ਹੁੰਦਾ ਹੈ,ਉਸ ਦੀ ਸਫ਼ਲਤਾ-ਅਸਫ਼ਲਤਾ ਤਾਂ ਬਾਅਦ ਦੀ ਗੱਲ ਹੁੰਦੀ ਹੈ।ਨਵੇਂ ਦੀ ਪਹਿਲ ਕਰਨਾ ਹੀ ਆਪਣੇ ਆਪ ਵਿੱਚ ਇਕ ਪੁਲਾਂਘ ਪੁੱਟਣ ਵਾਂਗ ਸਾਬਿਤ ਹੁੰਦਾ ਹੈ।ਅਕਸਰ ਇੰਝ ਵੀ ਹੁੰਦਾ ਹੈ ਕਿ, ਯਕਦਮ ਨਵੇਂ ਕਦਮ ਦਾ ਸਵਾਗਤ ਨਹੀਂ ਕੀਤਾ ਜਾਂਦਾ;ਕਿਉਂਕਿ ਹਰ ਨਵੀਂ ਗੱਲ ਨੂੰ ਸਾਬਿਤ ਹੋਣ ਲਈ ਵਕਤ ਲਗੱਦਾ ਹੈ।ਕੀ ਇਸ ਦੇ ਬਾਵਜੂਦ ਕੁਝ ਨਵੇਂ ਪ੍ਰਯੋਗ ਨਹੀਂ ਕੀਤੇ ਜਾਣੇ ਚਾਹੀਦੇ..?

ਇਸੇ ਦੌਰਾਨ ਮੈਂ ਕੇਸਰਾ ਰਾਮ ਦਾ ਨਵਾਂ ਕਹਾਣੀ-ਸੰਗ੍ਰਹਿ "ਬੁਲਬੁਲਿਆਂ ਦੀ ਕਾਸ਼ਤ" (ਉਡਾਣ ਪਬਲੀਕੇਸ਼ਨਜ਼, ਮਾਨਸਾ) ਪੜ੍ਹਿਆ।ਕੇਸਰਾ ਰਾਮ ਦੇ ਇਸ ਤੋਂ ਪਹਿਲਾਂ ਵੀ ਦੋ ਕਹਾਣੀ-ਸੰਗ੍ਰਹਿ ਆ ਚੁੱਕੇ ਹਨ।ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਉਸ ਦਾ ਨਾਂ ਮੂਹਰਲਾ ਹੈ। ਆਪਣੇ ਪਹਿਲੇ ਕਹਾਣੀ-ਸੰਗ੍ਰਹਿਆਂ ਵਿੱਚ ਵੀ ਉਸ ਨੇ ਕੁਝ ਬਹੁਤ ਵਧੀਆ ਕਹਾਣੀਆਂ ਦੀ ਸਿਰਜਨਾ ਕੀਤੀ ਹੈ।ਇਸ ਸੰਗ੍ਰਹਿ ਵਿੱਚ ਵੀ ਉਸ ਨੇ ਕੁਝ ਵੱਖਰਾ ਸਿਰਜਨ ਦੀ ਕੋਸ਼ਿਸ਼ ਕੀਤੀ।ਸਭ ਤੋਂ ਪਹਿਲੀ ਗੱਲ ਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ੇ ਇਕਦਮ ਨਵੇਂ-ਨਕੋਰ ਹਨ।ਅਜਿਹੇ ਵਿਸ਼ੇ ਜਿਨ੍ਹਾਂ ਬਾਰੇ ਅਜੇ ਪੰਜਾਬੀ ਕਹਾਣੀ ਵਿੱਚ ਗੱਲ ਆਰੰਭੀ ਨਹੀਂ ਗਈ।ਸੰਭਵ ਹੈ,ਇਸ ਤਰ੍ਹਾਂ ਦੀਆਂ ਮਿਲਦੀਆਂ-ਜੁਲਦੀਆਂ ਕਹਾਣੀਆਂ ਮੇਰੇ ਅਧਿਐਨ ਘੇਰੇ ਵਿੱਚ ਨਾ ਆ ਸਕੀਆਂ ਹੋਣ। ਇਸ ਲਿਹਾਜ਼ ਨਾਲ ਮੈਨੂੰ ਇਹ ਕਹਾਣੀਆਂ ਇਕਦਮ ਵੱਖਰੀਆਂ ਹੀ ਲੱਗੀਆਂ।

ਕੇਸਰਾ ਰਾਮ ਦੀਆਂ ਕਹਾਣੀਆਂ ਅੱਜ ਦੇ ਸਮੇਂ ਦੀ ਨਬਜ਼ ਨੂੰ ਫੜਦੀਆਂ ਹਨ।ਅੱਜ ਦਾ ਯੁੱਗ ਉੱਤਰ-ਆਧੁਨਿਕਤਾ ਦੇ ਨਤੀਜਿਆਂ ਦਾ ਹੈ।ਇਹ ਚੰਗੇ ਮਾੜੇ ਦੋਵਾਂ ਤਰ੍ਹਾਂ ਦੇ ਹਨ,ਜਿੱਥੇ ਤਕਨੀਕ ਤੇ ਵਿਗਿਆਨ ਰਾਹੀਂ ਵਰਤਮਾਨ ਸਮਾਂ ਉੱਚਾਈਆਂ ਛੂਹ ਰਿਹਾ ਹੈ,ਉਥੇ ਮਨੁੱਖੀ ਜੀਵਨ ਵਿੱਚ ਘਰ-ਸਮਾਜ ਦੀ ਥਾਂ ਬਜ਼ਾਰਵਾਦ ਤੇ ਨਿੱਜਵਾਦ ਨੇ ਲੈ ਲਈ ਹੈ।ਲੋਕਾਂ ਅੰਦਰੋਂ ਸਬਰ ਮੁੱਕ ਗਿਆ ਹੈ,ਉਸ ਦੀ ਜਗ੍ਹਾ ਹੜਬੜਾਹਟ ਤੇ ਪਿੱਛਲ ਪੈਰੀਂ ਨੇ ਲੈ ਲਈ ਹੈ।ਬਾਜ਼ਾਰੀਕਰਨ ਨੇ ਪ੍ਰਤੀਯੋਗਿਤਾ ਨੂੰ ਖੁੱਲ੍ਹੇ ਘੋੜੇ ਵਾਂਗ ਛੱਡ ਦਿੱਤਾ,ਜਿਸ ਸਦਕਾ ਇਸ ਨੇ ਜਿੱਤ ਪ੍ਰਾਪਤ ਕਰਨ ਲਈ ਸਾਰੀਆਂ ਕਦਰਾਂ-ਕੀਮਤਾਂ ਨੂੰ ਮਲੀਆਮੇਟ ਕਰ ਕੇ ਰੱਖ ਦਿੱਤਾ ਤੇ ਜਿੱਤ ਵਜੋਂ ਪ੍ਰਾਪਤ ਕੀਤਾ ਗਲੈਮਰ ਦੀ ਚਮਕ-ਦਮਕ,ਮਹਿੰਗਾ ਤੇ 'ਹਾਈ ਪ੍ਰੋਫਾਇਲ' ਜੀਵਨ-ਪੱਧਰ ,ਪੂੰਜੀ ਨੂੰ 'ਸ਼ਾਰਟ-ਕੱਟ' ਰਾਹੀ ਵਧਾਉਣ ਲਈ ਸ਼ੇਅਰ ਮਾਰਕੀਟ ਦੇ ਗ੍ਰਾਫ ਵੱਲ ਹਰ ਵੇਲੇ ਨਜ਼ਰ ਗੱਡਾਈ ਰੱਖਣਾ।ਸ਼ੇਅਰ ਮਾਰਕੀਟ ਦੇ ਗ੍ਰਾਫ ਦੇ ਉੱਪਰ-ਹੇਠਾਂ ਹੋਣ ਨਾਲ ਇਸ ਵਿੱਚ ਪੂੰਜੀ ਲਗਾਏ ਬੈਠੇ ਲੋਕਾਂ ਦੇ ਸਾਹ ਵੀ ਉੱਪਰ-ਹੇਠਾਂ ਹੁੰਦੇ ਰਹਿੰਦੇ ਹਨ।ਉਸ ਦੀ ਕਹਾਣੀ ਬੁਲਬੁਲਿਆਂ ਦੀ ਕਾਸ਼ਤ ਇਸੇ ਥੀਮ ਨੂੰ ਫੜਦੀ ਹੈ।ਇਸ 'ਸ਼ਾਰਟ-ਕੱਟ' ਨੇ ਲੋਕਾਂ ਦੀ ਮਾਨਸਿਕਤਾ ਨੂੰ ਹੀ ਨਹੀਂ ਬਦਲਿਆ,ਇਸ ਦਾ ਪ੍ਰਭਾਵ ਉਨ੍ਹਾਂ ਦੀ ਬਾਕੀ ਜ਼ਿੰਦਗੀ ਉਤੇ ਵੀ ਕੁਝ ਇਸ ਤਰ੍ਹਾਂ

ਪਾਇਆ ਹੈ ਕਿ ਘਰ-ਗ੍ਰਹਿਸਥੀ ਵੀ ਇਸ ਤੋਂ ਮੁਕਤ ਨਹੀਂ ਰਹੀ।ਪਤੀ ਦੇ ਹੱਥ ਵਿੱਚ ਹਰ ਵੇਲੇ ਟੀ.ਵੀ. ਦਾ ਰਿਮੋਟ ਤੇ ਕਲਕੁਲੇਟਰ ਨਜ਼ਰ ਆਉਣ ਲੱਗ ਪਏ ਹਨ।ਇਹ ਕਹਾਣੀ ਇਕੋ ਹੀ ਵੇਲੇ ਕਈ ਮੋਰਚਿਆਂ ਤੇ ਖੜੀ ਨਜ਼ਰ ਆਉਂਦੀ ਹੈ।ਇਸ ਦਾ ਇਕ ਧੁਰਾ ਛੋਟੇ ਕਿਸਾਨਾਂ ਹੱਥੋਂ ਕਿਰਸਾਨੀ ਦਾ ਖੁੱਸਦੇ ਜਾਣਾ ਹੈ, ਤਾਂ ਦੂਜੇ ਪਾਸੇ ਜੱਟਾਂ ਦੇ ਮੁੰਡਿਆਂ ਦਾ ਕਿਰਸਾਨੀ ਛੱਡ ਹੋਰ ਕਈ ਤਰ੍ਹਾਂ ਦੇ ਕੰਮ-ਧੰਦੇ ਅਪਨਾਉਂਦੇ ਜਾਣਾ ਵੀ ਹੈ।ਇਹ ਕਹਾਣੀ ਬਲਬੀਰ ਜਿਹੇ ਛੋਟੇ ਕਿਸਾਨ ਦੀ ਜੋ ਮਿੱਟੀ ਨਾਲ ਮਿੱਟੀ ਹੁੰਦਾ ਅਜੇ ਵੀ ਇਸੇ ਨਾਲ ਚਿਪਕਿਆ ਹੋਇਆ ਹੈ ,ਜਦਕਿ ਪੁੱਤਰ ਸ਼ਮਸ਼ੇਰ ਸ਼ਹਿਰ ਵਿੱਚ ਟਰੈਕਟਰ ਰਾਹੀ ਮਾਲ ਦੀ ਢੋਆ-ਢੁਆਈ ਕਰਦਾ ਹੈ ਤੇ ਬਿੱਲੂ ਸ਼ਹਿਰੀ ਜ਼ਿੰਦਗੀ ਦਾ ਸਰਬ ਗਿਆਤਾ ਬਣ ਕੇ ਪਿੰਡ ਦੇ ਚਾਚੇ ਜਗਦੇਵ ਸਿੰਘ ਨੂੰ ਸ਼ੇਅਰ ਮਾਰਕੀਟ, ਸੱਟਾ ਤੇ ਜ਼ਮੀਨ ਖਰੀਦ ਕੇ 'ਇਨਵੇਸਟਮੈਂਟ' ਕਰਨ ਦੀਆਂ ਰੋਜ ਨਵੀਆਂ ਜੁਗਤਾ ਦੱਸਦਾ ਹੈ।ਜਗਦੇਵ ਸਿੰਘ ਇਕ ਹੋਰ ਧੁਰਾ ਹੈ, ਜਿਸ ਨੂੰ ਬਾਪੂ ਦੀ ਮੌਤ ਮਗਰੋਂ ਆਪ ਮੁਹਾਰੇ ਫੈਸਲੇ ਕਰਨ ਨਵਾਂ-ਨਵਾਂ ਚਾਅ ਚੜ੍ਹਿਆ ਹੈ।ਇਸੇ ਜੋਸ਼ ਵਿੱਚ ਉਹ ਆਪਣੀ ਜ਼ਮੀਨ ਤੇ ਬੀਵੀ ਦੇ ਗਹਿਣੇ ਆੜ੍ਹਤੀਏ ਕੋਲ ਰੱਖ ਸਭ ਕੁਝ ਸ਼ੇਅਰ-ਮਾਰਕੀਟ ਤੇ ਲੱਗਾ ਦਿੱਤਾ ਹੈ।ਇਸ ਦਾ ਇਕ ਹੋਰ ਧੁਰਾ ਬਲਕਾਰ ਸਿੰਘ ਹੈ, ਜੋ ਪਾਰਟੀ ਨਾਲ ਆਪਣੀ ਸਾਂਝ ਬਣਾ ਕੇ ਰੱਖਣ ਵਿੱਚ ਵਫ਼ਾਦਾਰ ਹੈ।ਇਹ ਤਿੰਨੋਂ ਧੁਰੇ ਇਕ-ਦੂਜੇ ਨਾਲ ਖਸਰ੍ਹਦੇ-ਖਹਿਬੜਦੇ ਹਨ। ਆਪਣੀ-ਆਪਣੀ ਜੀਵਨ-ਜਾਚ ਦੀਆਂ ਦੁਹਾਈਆਂ ਦੇਂਦੇ ਹਨ।ਬਲਕਾਰ ਤਾਂ ਇਕ ਦਿਨ ਟੀ.ਵੀ. ਚੈਨਲ ਤੇ ਆਪਣੀ ਭੜਾਸ ਵੀ ਕੱਢ ਆਉਂਦਾ ਹੈ ਤੇ ਇਕ ਤਰ੍ਹਾਂ ਨਾਲ ਸਾਰੇ ਸਮਾਜ ਨੂੰ ਆਪਣੇ ਨਾਲ ਚਲਣ ਦਾ ਸੱਦਾ ਵੀ ਦੇਂਦਾ ਹੈ।ਪਰ ਪਤਾ ਨਹੀਂ ਕਿਉਂ ਨਤੀਜਾ ਕੁਝ ਵੀ ਨਹੀਂ ਨਿਕਲਦਾ ...।ਇਹ ਇਸ ਕਹਾਣੀ ਦੀ ਕਮੀ ਨਹੀਂ, ਸਮੇਂ ਦਾ ਸੱਚ ਹੈ। ਇਸ ਵਿੱਚ ਸ਼ੱਕ ਨਹੀਂ ਕਿ ਕੇਸਰਾ ਰਾਮ ਸਮਾਜ ਦੀ ਨਬਜ਼ ਨੂੰ ਕੱਸ ਕੇ ਫੜਦਾ ਹੈ,ਪਰ ਇਸ ਕਹਾਣੀ ਬਾਰੇ ਇਹ ਕਹਿਣਾ ਵੀ ਠੀਕ ਹੋਏਗਾ ਕਿ ਇਸ ਬਹੁਤ ਲੰਮੀ ਕਹਾਣੀ ਦੀ ਲੰਬਾਈ ਨੇ ਕਹਾਣੀ ਰਸ ਨੂੰ ਕਿੱਧਰੇ ਪਿੱਛੇ ਵੀ ਛੱਡ ਦਿੱਤਾ,ਜੋ ਕਹਾਣੀ ਦਾ ਇਕ ਬਹੁਤ ਜ਼ਰੂਰੀ ਅੰਸ਼ ਮੰਨਿਆ ਜਾਂਦਾ ਹੈ।

ਇਸ ਸੰਗ੍ਰਹਿ ਦੀਆਂ ਬਾਕੀਆਂ ਕਹਾਣੀਆਂ ਵੀ ਕੁਝ ਨਵੀਆਂ ਲੀਹਾਂ ਪਾਉਂਦੀਆਂ ਹਨ, ਜਿਵੇਂ ਤਾਂ ਕਿ ਸਨਦ ਰਹੇ'।ਇਹ ਕਹਾਣੀ ਤੇਜ਼ ਰਫ਼ਤਾਰ ਨੈਟ ਵਰਕਿੰਗ ਤੇ ਉਸ ਦੇ ਦਿਨੋਂ-ਦਿਨ ਹੋਰ ਉੱਚਾਈਆਂ ਛੂਹਣ ਵੱਲ ਵੱਧਦੀ ਹੈ।ਇਹ ਆਉਣ ਵਾਲੇ ਭਵਿੱਖ ਦੀ ਤਸਵੀਰ ਦਿਖਾਉਂਦੀ ਹੈ ,ਜਦੋਂ ਇਹ ਮਨੁੱਖ ਜਾਤੀ ਆਖਿਰਕਾਰ ਮਸ਼ੀਨ ਵਿੱਚ ਤਬਦੀਲ ਹੋ ਜਾਏਗੀ ਤੇ ਰਹਿ ਜਾਣਗੇ ਸਿਰਫ਼ ਰੋਬੋਟ ਤੇ ਚਿੱਪਾਂ, ਪ੍ਰੋਗਰਾਮ ਆਦਿ।ਹਾਂ, ਇਕ ਗੱਲ ਹੋਰ ਸਾਡੇ ਭਵਿੱਖ ਵਿੱਚ ਹੋਣ ਵਾਲੀ ਹੈ, ਕਿਉਂਕਿ ਇਸ ਧਰਤੀ ਤੋਂ ਪਾਣੀ ਇਕਦਮ ਮੁੱਕ ਜਾਏਗਾ,ਤੇ ਵੱਡੀਆਂ ਤਾਕਤਾਂ ਤਾਂ ਪਾਣੀ ਉਤੇ ਕਬਜ਼ਾ ਕਰਨ ਦੀਆਂ ਤਰਤੀਬਾਂ ਲੜਾ ਕੇ ਆਪਣੀ ਸੱਤਾ ਕਾਇਮ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨਗੇ।ਇਸ ਕਹਾਣੀ ਵਿੱਚ ਵੀ ਕਹਾਣੀਕਾਰ ਉਮੀਦ ਦਾ ਪੱਲਾ ਨਹੀਂ ਛੱਡਦਾ ਤੇ ਧਰਤੀ ਦੇ ਜੀਵਾਂ ਦੀ ਜਾਤੀ ਮੁੱਕ ਜਾਣ ਦੇ ਬਾਵਜੂਦ ਇਕ ਵਾਰ ਫਿਰ ਤੋਂ ਕੋਸ਼ਿਸ਼ ਕਰਦਾ ਹੈ ਕਿ ਮਨੁੱਖ ਆਪਣੀ ਜਾਤੀ ਦਾ ਮੂਲ ਲੱਭਣ ਲਈ 'ਸਰਚ' ਮਾਰੇ ਤੇ ਉਸ ਨੂੰ ਇਸ ਸ੍ਰਿਸ਼ਟੀ ਦਾ ਜੀਵ ਬਣਾਉਣ ਵਾਲੀ ਹਸਤੀ ਦੀ ਭਾਲ ਕਰੇ।ਮਨੁੱਖ ਜਾਤੀ ਦਾ ਭਵਿੱਖ ਇਸ ਕਹਾਣੀ ਰਾਹੀ ਦੇਖਣਾ ਇਕ ਨਵਾਂ ਅਨੁਭਵ ਲੱਗਦਾ ਹੈ।

'ਬਿੱਛੂ' ਨਾਮਕ ਕਹਾਣੀ ਵਰਤਮਾਨ ਸਮੇਂ ਵਿੱਚ ਪਿੰਡ-ਪੰਚਾਇਤਾਂ ਦੀ ਧੱਕਾਸ਼ਾਹੀ ਵੱਲ ਇਸ਼ਾਰਾ ਕਰਦੀ ਹੈ।ਇਕ ਪਾਸੇ ਪਿੰਡ ਆਪਣੀਆਂ ਲੀਹਾਂ ਤੋਂ ਪਰ੍ਹੇ ਹੋਰ ਰਹੇ ਹਨ, ਨੌਜਵਾਨ ਕੰਮਾਂ-ਕਾਜਾਂ ਲਈ ਸ਼ਹਿਰਾਂ ਦਾ ਰੁਖ਼ ਕਰਦੇ ਜਾ ਰਹੇ ਹਨ ਤੇ ਦੂਜੇ ਪਾਸੇ ਪਿੰਡ-ਪੰਚਾਇਤਾਂ




ਆਪਣੀਆਂ ਜਾਤਾਂ, ਆਪਣੀਆਂ ਬਿਰਾਦਰੀਆਂ ਦੀ ਸ਼ੁੱਧਤਾ ਲਈ ਨੌਜਵਾਨ ਮੁੰਡੇ-ਕੁੜੀਆਂ ਉਤੇ ਵਿਆਹ ਜਾਂ ਪ੍ਰੇਮ ਜਿਹੇ ਵਰਤਾਰਿਆਂ ਉਤੇ ਰੋਕਾਂ ਲਗਾਉਂਦੇ ਜਾ ਰਹੇ ਹਨ।ਕੁੜੀਆਂ ਦੇ ਪੜ੍ਹਣ-ਲਿਖਣ ਉਤੇ ਰੋਕ ਲੱਗਾ ਕੇ, ਉਨ੍ਹਾਂ ਦੇ ਜੀਵਨ ਦੇ ਰਾਹਾਂ ਨੂੰ ਬੰਦ ਕਰ ,ਇੱਕਵੀਂ ਸਦੀ ਵਿੱਚ ਵੀ ਪਤਾ ਨਹੀਂ ਕਿਹੜੇ ਸਮਾਜ ਦੀ ਸਿਰਜਨਾ ਕਰ ਰਹੇ ਹਨ।

'ਸੀਮਾ'ਕਹਾਣੀ ਵਿੱਚ ਵੀ ਕਹਾਣੀਕਾਰ ਇਕ ਨਵਾਂ ਪ੍ਰਯੋਗ ਕਰਦਾ ਹੈ, ਜੋ ਕਿ ਕਹਾਣੀ ਲਿਖਣ ਦੀ ਜੁਗਤ ਨਾਲ ਸੰਬੰਧਿਤ ਹੈ। ਉਹ ਕਹਾਣੀ ਵਿੱਚ ਕਹਾਣੀ ਦੀ ਰਚਨਾ ਕਰਦਾ ਹੈ।ਇਨ੍ਹਾਂ ਦੋਵਾਂ ਕਹਾਣੀਆਂ ਦਾ ਕੇਂਦਰ-ਬਿੰਦੂ ਇਕੋ ਹੀ ਹੈ,ਪਰ ਇੱਥੇ ਕਹਾਣੀਕਾਰ ਇਹ ਦੱਸਣ ਦਾ ਜਤਨ ਕਰਦਾ ਹੈ ਕਿ ਜਿੱਥੇ ਉਹ ਆਪਣੀ ਪਾਤਰ 'ਕਲਾ' ਦੇ ਕਿਰਦਾਰ ਲਈ ਆਸਾਨੀ ਨਾਲ ਕੀ ਖ਼ੁੱਲਾਂ ਲੈ ਸਕਦਾ ਹੈ,ਉੱਥੇ ਉਹ ਸੀਮਾ ਨਾਮਕ ਇਕ ਕੁੜੀ ਦੇ ਜੀਵਨ ਦਾ ਫੈਸਲਾ ਕਰਨ ਜਾਂ ਉਸ ਨੂੰ ਕੋਈ ਸੇਧ,ਚਾਹੁੰਦੇ ਹੋਏ ਵੀ ਦੇਣ ਵਿੱਚ ਅਸਮੱਰਥ ਹੈ।ਇੱਥੇ ਉਹ ਇਹ ਸਵਾਲ ਖੜਾ ਕਰਦਾ ਹੈ ਕਿ,ਕੀ ਸਾਹਿਤ ਨਾਲ ਕੋਈ ਬਦਲਾਵ ਸੰਭਵ ਹੈ?ਸਾਹਿਤ ਸਿਰਜ ਕੇ, ਸਾਹਿਤਕਾਰ ਕਿਸੇ ਸਮਾਜ ਦੀ ਤਾਮੀਰ ਕਰ ਸਕਦਾ ਹੈ? ਜੇ ਨਹੀਂ..ਤਾਂ ਫਿਰ ਇਸ ਸਾਹਿਤ-ਸਿਰਜਨਾ ਦਾ ਉਦੇਸ਼ ਕੀ ਹੈ? ਇਹ ਸਵਾਲ ਸਚਮੁੱਚ ਪੁੱਛੇ ਜਾਣ ਦਾ ਵਕਤ ਆ ਗਿਆ ਲੱਗਦਾ ਹੈ, ਕਿਉਂਕਿ ਇਸ ਤੇਜ਼ ਭੱਜਦੀ ਜਾਂਦੀ ਜ਼ਿੰਦਗੀ ਵਿੱਚ ਵਿਹਲ ਕਿਸ ਕੋਲ ਹੈ,ਕਿ ਉਹ ਰੁੱਕ ਕੇ ਅਜਿਹਾ ਕੁਝ ਵੀ ਸੋਚੇ।ਇਹ ਕਹਾਣੀ ਭਾਵੇਂ ਸਿਰਫ਼ ਖੜੀ ਸਮੱਸਿਆ ਨੂੰ ਹੀ ਪੇਸ਼ ਕਰਦੀ ਹੈ,ਉਸ ਦਾ ਕੋਈ ਹੱਲ ਪ੍ਰਸਤੁਤ ਨਹੀਂ ਕਰਦੀ,ਪਰਤੂੰ ਸਾਰੇ ਸਾਹਿਤਕਾਰਾਂ ਨੂੰ ਆਪਣੇ ਰਚੇ ਜਾਂਦੇ ਕਾਰਜਾਂ ਲਈ ਇਕ ਵਾਰ ਸੋਚਣ ਲਈ ਪ੍ਰੇਰਦੀ ਜ਼ਰੂਰ ਹੈ।

ਮੈਨੂੰ ਯਾਦ ਹੈ ਕਿ 'ਚਿੱਟਾ ਲਹੂ' ਪੜ੍ਹਦੇ ਹੋਏ, ਉਸ ਦੀ ਭੂਮਿਕਾ ਵਿੱਚ ਪ੍ਰਿ. ਤੇਜਾ ਸਿੰਘ ਨੇ ਇਕ ਥਾਂ ਤੇ ਲਿਖਿਆ ਹੈ ਕਿ, 'ਨਾਨਕ ਸਿੰਘ ਦਾ ਇਹ ਨਾਵਲ ਸਾਰੇ ਸਮਾਜ ਨੂੰ ਇਕੋ ਵਾਰੀ ਤਕੜੇ ਹੱਥੀਂ ਲੈਂਦਾ ਹੈ,ਕਿਉਂਕਿ ਨਾਨਕ ਸਿੰਘ ਨੇ ਉਸ ਨਾਵਲ ਵਿੱਚ ਸਾਰੇ ਸਮਾਜ ਦੀਆਂ ਬੁਰਾਈਆਂ ਤੇ ਹੋਰ ਕਈ ਪਹਿਲੂਆਂ ਵੱਲ ਵੀ ਸਾਡਾ ਧਿਆਨ ਦਿਵਾਇਆ ਹੈ।' ਮੈਨੂੰ ਲੱਗਦਾ ਹੈ, ਅੱਜ ਇਕ ਵਾਰ ਫਿਰ ਇਹ ਗੱਲ ਕੇਸਰਾ ਰਾਮ ਦੇ ਇਸ ਕਹਾਣੀ ਸੰਗ੍ਰਹਿ ਬਾਰੇ ਦੁਹਰਾਈ ਜਾ ਸਕਦੀ ਹੈ।ਲੇਕਿਨ ਇਕ ਗੱਲ ਮੈਂ ਕਹੇ ਬਿਨਾਂ ਨਹੀਂ ਰਹਾਂਗੀ, ਕਹਾਣੀ ਸਿਰਜਦੇ ਹੋਏ ਕਦੇ ਵੀ ਕਹਾਣੀ-ਰਸ ਤੋਂ ਪਰ੍ਹੇ ਨਹੀਂ ਜਾਣਾ ਚਾਹੀਦਾ। ਇਹ ਸਾਰੇ ਵਿਚਾਰ,ਇਹ ਵਿਸ਼ੇ ਇਸ ਤਰ੍ਹਾਂ ਕਹਾਣੀ ਦੀ ਗੋਂਦ ਵਿੱਚ ਗੁੰਨ ਕੇ ਪੇਸ਼ ਕੀਤੇ ਜਾਣੇ ਚਾਹੀਦੇ ਹਨ ਕਿ ਉਹ ਕਿਧਰੇ ਵੀ ਓਪਰੇ ਪ੍ਰਤੀਤ ਨਾ ਹੋਣ।ਦੂਜੀ ਗੱਲ,ਕਹਾਣੀ ਨੂੰ ਕਦੇ ਵੀ ਐਨਾ ਲੰਬਾ ਨਹੀਂ ਖਿਚ ਕੇ ਲਿਜਾਣਾ ਚਾਹੀਦਾ ਕਿ ਉਹ ਹੱਥੋਂ ਨਿਕਲਦੀ ਪ੍ਰਤੀਤ ਹੋਵੇ।ਇਸ ਪੱਖੋਂ ਉਸ ਦੀ ਕਹਾਣੀ 'ਸੋਨੇ ਦਾ ਤਵੀਤ' ਦਾ ਜ਼ਿਕਰ ਕੀਤਾ ਜਾ ਸਕਦਾ ਹੈ,ਜੋ ਸੂਖਮ ਛੁਹਾਂ ਨਾਲ ਅਣਕਹੇ ਨੂੰ ਬਿਆਨ ਕਰਦੀ ਹੈ।ਉਸ ਦਾ ਵਾਰ-ਵਾਰ ਇਹ ਕਹਿਣਾ ਕਿ ਜਦੋਂ ਛੱਤਰੀ ਵਾਲਾ ਲੈਂਪ ਨਹੀਂ ਸੀ.ਤੇ ਜਦੋਂ ਉਹ ਆਇਆ ਤਾਂ ਆਪਣੇ ਨਾਲ ਹੋਰ ਵੀ ਬਹੁਤ ਕੁਝ ਲਿਆਇਆ।ਇਸ ਬਹੁਤ ਦੇ ਆਉਣ ਨਾਲ ਆਰਥਿਕ ਖੁਸ਼ਹਾਲੀ ਭਾਵੇਂ ਆ ਗਈ,ਪਰ ਉਹ ਪਹਿਲੇ ਵਰਗਾ ਪਿਆਰ ਨਾ ਰਿਹਾ ਤੇ ਨਾ ਹੀ ਉਹ ਪਿਆਰੇ ਪਲ।ਇਹ ਕਹਾਣੀ ਆਪਣੇ ਆਪ ਵਿੱਚ ਇਕ ਪੂਰਣ ਕਹਾਣੀ ਨਜ਼ਰ ਆਉਂਦੀ ਹੈ।

ਕੇਸਰਾ ਰਾਮ ਦੇ ਇਸ ਸੰਗ੍ਰਹਿ ਦਾ ਸਵਾਗਤ ਇਸ ਲਈ ਕਰਨਾ ਚਾਹੀਦਾ ਹੈ,ਕਿਉਂਕਿ ਇਹ ਆਪਣੀਆਂ ਕਹਾਣੀਆਂ ਨਾਲ ਨਵੇਂ ਪ੍ਰਯੋਗ ਕਰਦਾ ਹੈ।ਸਮਾਜ ਦਾ ਸ਼ੀਸ਼ਾ ਦਿਖਾਉਣ ਦਾ ਜਤਨ ਕਰਦਾ ਹੈ,ਵਰਤਮਾਨ ਤੇ ਭਵਿੱਖ ਦੇ ਖਾਕੇ ਉਲੀਕਦਾ ਹੋਇਆ, ਸਵੈ ਨੂੰ ਵੀ ਕਟਹਿਰੇ ਵਿੱਚ ਖੜਾ ਕਰਨ ਤੋਂ ਗੁਰੇਜ ਨਹੀਂ ਕਰਦਾ।

## ਮਰਦ ਤ੍ਰਾਸਦੀ ਦੀ ਪੇਸ਼ਕਾਰੀ 'ਤੀਵੀਆਂ'/ - ਹਰਪ੍ਰੀਤ ਸਿੰਘ




ਸੁਰਜੀਤ ਬਰਾੜ ਦਾ ਮੱਤ ਹੈ, "ਪੰਜਾਬੀ ਨਾਵਲ, ਵਿਭਿੰਨ ਪੜਾਵਾਂ, ਹਾਲਾਤਾਂ, ਸਥਿਤੀਆਂ, ਵਿੱਚ ਦੀ ਗੁਜ਼ਰਦਾ ਹੋਇਆ 21ਵੀਂ ਸਦੀ ਵਿੱਚ ਪ੍ਰਵੇਸ਼ ਕਰਦਾ ਹੈ। 20ਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਜਿੱਥੇ ਕੁਝ ਅਹਿਮ ਜ਼ਿਕਰਯੋਗ, ਅਨੁਪਮ, ਗ਼ੈਰ-ਮਾਮੂਲੀ ਨਾਵਲ ਪ੍ਰਕਾਸ਼ਤ ਹੋਏ ਹਨ।" ਉਥੇ 21ਵੀਂ ਸਦੀ ਵਿੱਚ ਪ੍ਰਵੇਸ਼ ਕਰਕੇ ਵੀ ਨਾਵਲ ਆਪਣੀ ਇਸੇ ਹੋਂਦ ਨੂੰ ਬਣਾਈ ਰੱਖਦਾ ਹੈ। ਅੱਜ ਪਾਠਕਾਂ ਕੋਲ ਸਮੇਂ ਦੀ ਘਾਟ, ਅਤੇ ਉਨ੍ਹਾਂ ਦੀ ਭੱਜ ਦੌੜ ਭਰੀ ਜ਼ਿੰਦਗੀ ਵਿੱਚ ਵੀ ਪੰਜਾਬੀ ਨਾਵਲ ਆਪਣੇ ਪੈਰ ਜਮਾਈ ਬੈਠਾ ਹੈ। ਸਮਕਾਲੀ ਸਮੇਂ ਵਿੱਚ ਬਹੁਤ ਸਾਰੇਂ ਨਵੇਂ ਨਾਵਲ ਆ ਰਹੇ ਹਨ ਅਤੇ ਆਪਣੀ-ਆਪਣੀ ਪ੍ਰਤਿਭਾ ਕਰਕੇ ਸਾਰੇ ਹੀ ਚਰਚਿਤ ਹਨ। ਪੰਜਾਬੀ ਨਾਵਲ ਦੇ ਖੇਤਰ ਵਿੱਚ ਪਰਗਟ ਸਿੰਘ ਸਤੌਜ ਬਿਲਕੁਲ ਨਵਾਂ ਨਾਮ ਹੈ। ਸਤੌਜ ਆਪਣੇ ਨਵੇਂ ਆਏ ਨਾਵਲ 'ਤੀਵੀਆਂ' ਕਰਕੇ ਚਰਚਾ ਵਿੱਚ ਹੈ। ਉਸਦਾ ਇਹ ਨਾਵਲ ਪੰਜਾਬੀ ਨਾਵਲ ਦੇ ਖੇਤਰ ਵਿੱਚ ਨਵੀਂ ਪੁਲਾਂਗ ਦੀ ਹਾਮੀ ਭਰਦਾ ਹੈ।

'ਤੀਵੀਆਂ' ਨਾਵਲ ਦੇ ਸਿਰਲੇਖ ਤੋਂ ਪਹਿਲੀ ਨਜ਼ਰੇ ਪਾਠਕ ਇਹ ਅੰਦਾਜ਼ਾ ਲਗਾਉਂਦਾ ਹੈ ਕਿ ਇਹ ਨਾਵਲ ਸਿਰਫ਼ ਔਰਤਾਂ ਦੀ ਜ਼ਿੰਦਗੀ ਪ੍ਰਤੀ ਹੋਵੇਗਾ, ਪਰ ਜਿਉਂ ਜਿਉਂ ਪਾਠਕ ਇਸ ਨਾਵਲ ਨੂੰ ਪੜ੍ਹਦਾ ਜਾਂਦਾ ਹੈ, ਉਸਦੇ ਮਨ ਦੀਆਂ ਗੰਢਾਂ ਆਪਣੇ ਆਪ ਖੁੱਲ੍ਹਦੀਆਂ ਜਾਂਦੀਆਂ ਹਨ। ਉਹ ਇਸ ਨਾਵਲ ਦੀ ਸੁਚੱਜੀ ਬਿਰਤਾਂਤਕਤਾ ਵਿੱਚ ਡੁੱਬਦਾ ਜਾਂਦਾ ਹੈ ਅਤੇ ਨਾਵਲ ਵਿੱਚ ਪੇਸ਼ ਸਮਾਜਿਕ ਸਮੱਸਿਆਵਾਂ ਵੀ ਆਪਣੇ ਆਪ ਉਸਦੇ ਦਰਪੇਸ਼ ਹੋਣ ਲਗਦੀਆਂ ਹਨ। ਪਰਗਟ ਆਪਣੇ ਇਸ ਨਾਵਲ ਵਿੱਚ ਜਿਥੇ ਦੇਸ਼ ਵੰਡ ਦੀ ਮਾਰ ਵਿੱਚ ਆਈਆਂ ਔਰਤਾਂ ਅਤੇ ਵਿਦੇਸ਼ਾਂ ਤੋਂ ਉਧਾਲੀਆਂ (ਕੁਦੇਸਣਾ) ਗਈਆਂ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਨੂੰ ਬਾਖ਼ੂਬੀ ਬਿਰਤਾਂਤਕਤਾ ਦਿੰਦਾ ਹੈ ਉਥੇ ਉਹ ਨਾਲ ਦੀ ਨਾਲ ਪੰਜਾਬ ਦੀ ਕਿਰਸਾਨੀ ਦੀ ਦਿਨੋ ਦਿਨ ਡਿੱਗਦੀ ਜਾ ਰਹੀ ਸਥਿਤੀ ਵੱਲ ਵੀ ਸੰਕੇਤ ਕਰਦਾ ਹੈ।

ਮੈਂ ਆਪਣੇ ਇਸ ਪਰਚੇ ਵਿੱਚ 'ਤੀਵੀਆਂ' ਨਾਵਲ ਵਿੱਚ ਪੇਸ਼ ਔਰਤ ਦੀ ਤ੍ਰਾਸਦੀ ਬਾਰੇ ਜ਼ਿਆਦਾ ਜ਼ਿਕਰ ਨਹੀਂ ਕਰਾਂਗਾ ਕਿਉਂਕਿ ਇਹ ਨਾਵਲ ਔਰਤ ਤ੍ਰਾਸਦੀ ਦੀ ਪੇਸ਼ਕਾਰੀ ਨੂੰ ਲੈ ਕੇ ਪਹਿਲਾਂ ਹੀ ਕਾਫ਼ੀ ਚਰਚਾ ਵਿੱਚ ਹੈ। ਮੈਂ ਆਪਣੇ ਇਸ ਪਰਚੇ ਰਾਹੀਂ ਨਾਵਲ ਵਿੱਚ ਪੇਸ਼ ਕੁਝ ਹੋਰ ਨਵੇਂ ਪੱਖਾਂ, ਜਿਸ ਵਿੱਚ ਪੰਜਾਬ ਦੀ ਡਿੱਗਦੀ ਕਿਰਸਾਨੀ ਅਤੇ ਮਰਦ ਦੀ ਔਰਤ ਬਿਨ੍ਹਾਂ ਦੀ ਸਥਿਤੀ, ਹੋਂਦ ਹੋਣੀ ਤ੍ਰਾਸਦੀ ਆਦਿ ਨੂੰ ਉਘਾੜਨ ਦਾ ਯਤਨ ਕੀਤਾ ਹੈ।

ਨਾਵਲ ਵਿੱਚ ਪੇਸ਼ ਮਰਦ ਪਾਤਰ ਜਿਨ੍ਹਾਂ ਵਿੱਚ ਕਾਕਾ ਸਿੰਦੂ, ਰੋਹੀ ਅਤੇ ਰਾਜੂ ਦੀ ਸਥਿਤੀ ਜ਼ਿਕਰਯੋਗ ਹੈ। ਇਹ ਸਾਰੇ ਪਾਤਰ ਨਿਮਨ ਮੱਧ ਸ਼੍ਰੇਣੀ ਨਾਲ ਸਬੰਧਤ ਹਨ। ਡਾ. ਧੰਨਵੰਤ ਕੌਰ ਦਾ ਮੱਤ



ਹੈ, "ਇਹ ਸ਼੍ਰੇਣੀ ਆਪਣੇ ਚਰਿੱਤਰ ਸੁਭਾਅ ਵਜੋਂ ਅਜਿਹੀ ਹੈ, ਜਿਹੜੀ ਸੁਪਨੇ ਅਤੇ ਪ੍ਰਾਪਤੀ ਦੇ ਤਣਾਉ ਵਿੱਚੋਂ ਗੁਜ਼ਰਦੀ ਸੰਕਟ ਗ੍ਰਸਤ ਰਹਿੰਦੀ ਹੈ। ਇਸ ਦੀਆਂ ਅਕਾਂਖਿਆਵਾਂ ਇਸਦੀ ਵਾਸਤਵਿਕ ਅਵਸਥਾ ਵਿੱਚ ਤ੍ਰਿਪਤ ਨਾ ਹੋ ਸਕਣ ਵਿੱਚੋਂ ਹੀ ਇਸ ਸ਼੍ਰੇਣੀ ਦਾ ਵਿਸ਼ਾਦ ਉਗਮਦਾ ਹੈ। ਇਸੇ ਤਰ੍ਹਾਂ ਹੀ ਤ੍ਰਾਸਦੀ ਨੂੰ ਕਾਕਾ, ਰੋਹੀ, ਸਿੰਦੂ, ਅਤੇ ਰਾਜੂ ਹੰਢਾਉਂਦੇ ਹਨ। ਇਨ੍ਹਾਂ ਮਰਦ ਪਾਤਰਾਂ ਦੀ ਤ੍ਰਾਸਦੀ ਕਰਕੇ ਹੀ ਔਰਤ ਤ੍ਰਾਸਦੀ ਭੋਗਦੀ ਹੈ। ਕਾਕਾ ਉਜਾੜਾ ਪੀੜਤ ਔਰਤ ਬਸ਼ੀਰਾ ਨੂੰ ਹਮਦਰਦੀ ਨਾਲ ਆਪਦੇ ਘਰ ਲੈ ਆਉਂਦਾ ਹੈ ਅਤੇ ਉਸਦਾ ਇਲਾਜ ਕਰਕੇ ਉਸਦੀ ਕੁੱਖੋਂ ਆਪਣਾ ਬੱਚਾ ਪ੍ਰਾਪਤ ਕਰਨ ਦੀ ਇੱਛਾ ਦੀ ਪੂਰਤੀ ਦੀ ਆਸ ਲਾਉਂਦਾ ਹੈ, ਪਰ ਉਸਦੀ ਪਤਨੀ ਜਲ ਕੌਰ ਇਸ ਸਭ ਕਾਸੇ ਲਈ ਸਹਿਮਤ ਨਹੀਂ ਹੁੰਦੀ। ਇਸ ਤਰ੍ਹਾਂ ਕਾਕਾ ਦੋਨਾਂ ਔਰਤਾਂ ਦੇ ਵਿਚਾਲੇ ਪਿਸਦਾ ਜਾਂਦਾ ਹੈ। ਉਹ ਆਪਣੇ ਦੁੱਖਾਂ ਦੀ ਪੰਡ ਸਰਵਣ ਅੱਗੇ ਇਸ ਤਰ੍ਹਾਂ ਖੋਲ੍ਹਦਾ ਹੈ,

"ਹੁਣ ਤੂੰ ਦੇਖਲੈ , ਵੀ ਸਾਡੇ ਵਿਆਹ ਨੂੰ ਪੂਰੇ ਪੰਜ ਸਾਲ ਹੋ ਗਏ ਅਜ ਤੱਕ ਜਵਾਕ ਦਾ ਮੂੰਹ ਦੇਖਣਾ ਨਸੀਬ ਨੀ ਹੋਇਆ। ਮੈਂ ਤਾਂ ਸੋਚਿਆ ਤੀ ਵੀ ਲੋਕ ਜਵਾਕਾਂ ਪਿੱਛੇ ਸੌ ਸੌ ਪਾਪੜ ਵੇਲਦੇ ਨੇ। ਦੋ ਦੋ ਵਿਆਹ ਵੀ ਕਰਾਉਂਦੇ ਨੇ, ਵੀ ਮੈਂ ਚੱਲ ਬਸ਼ੀਰਾ ਨੂੰ ਘਰੇ ਰੱਖ ਲੈਨਾ। ਪਰ ਤੇਰੇ ਆਲੀ ਭਰਜਾਈ ਗੱਲ ਲੀਹ ਤੇ ਈ ਨੀ ਲੱਗਣ ਦਿੰਦੀ। ਕਹੂ, 'ਇਹ ਨੀ ਜਾਂ ਮੈਂ ਨੀ।' ਹੁਣ ਮੈਂ ਤਾਂ ਵਚਾਲੇ ਫਸਿਆ ਪਿਆਂ।"

ਇਸ ਤਰ੍ਹਾਂ ਹੀ ਜਦੋਂ ਉਹ ਬਸ਼ੀਰਾ ਨੂੰ ਆਪਣੇ ਭਰਾ ਨਾਲ ਵਿਆਹ ਦਿੰਦਾ ਹੈ ਤਾਂ ਉਸਦੇ ਭਰਾ ਦੀਆਂ ਜ਼ਿਆਦਤੀਆਂ ਤੋਂ ਤੰਗ ਆਈ ਬਸ਼ੀਰਾ (ਬੰਤ ਕੌਰ) ਫਿਰ ਕਾਕੇ ਨੂੰ ਗਾਲ੍ਹਾਂ ਕੱਢਦੀ ਹੈ। ਅੰਤ ਵਿਸਫੋਟ ਉਦੋਂ ਹੁੰਦਾ ਹੈ ਜਦੋਂ ਬਸ਼ੀਰਾ ਆਪਣੇ ਪਤੀ ਤੇਜੇ ਦੀਆਂ ਜ਼ਿਆਦਤੀਆਂ ਤੋਂ ਤੰਗ ਹੋ ਕੇ ਕਾਕੇ ਦੀ ਸ਼ਰਨ 'ਚ ਆਉਂਦੀ ਹੈ। ਕਾਕਾ ਜਦੋਂ ਉਸਨੂੰ ਆਪਣੇ ਘਰ ਆਪਣੀ ਦੂਸਰੀ ਪਤਨੀ ਬਣਾ ਕੇ ਰੱਖਣ ਦੀ ਹਾਮੀ ਭਰਦਾ ਹੈ ਤਾਂ ਉਸਦੀ ਪਤਨੀ ਜਲ ਕੌਰ ਉਸਦੇ ਭਰਾ ਦੇ ਘਰ ਬੈਠ ਜਾਂਦੀ ਹੈ। ਇਸ ਤਰ੍ਹਾਂ ਕਾਕਾ ਇਨ੍ਹਾਂ ਨਪੀੜਿਆ ਜਾਂਦਾ ਹੈ ਕਿ ਉਹ ਸਥਿਤੀ ਨੂੰ ਆਪਣੇ ਹੱਕ ਵਿੱਚ ਨਹੀਂ ਕਰ ਪਾਉਂਦਾ। ਜਲ ਕੌਰ ਦਾ ਫੈਸਲਾ ਉਸਦੀ ਹੋਂਦ ਨੂੰ ਖਤਮ ਕਰ ਜਾਂਦਾ ਹੈ।

"ਚਲ ਵੇ ਤੇਜਿਆ! ਆਪਣੇ ਘਰ ਚੱਲੀਏ।" ਸਾਰਿਆਂ ਦੇ ਮੂੰਹ ਹੈਰਾਨੀ ਵਿੱਚ ਟੱਡੇ ਰਹਿ ਗਏ, ਜਲ ਕੌਰ ਨੇ ਬਾਰ 'ਚ ਖੜ੍ਹੇ ਤੇਜੇ ਦੀ ਬਾਂਹ ਜਾ ਫੜੀ।

ਪੰਜਾਬੀ ਗਲਪ ਦਾ ਵੀ ਇੱਕ ਮਹੱਤਵਪੂਰਨ ਭਾਗ ਸਾਡੀ ਚੇਤਨਾ ਦੇ ਸਮਾਜਿਕ ਇਤਿਹਾਸਕ ਸੰਕਟ ਵਿੱਚੋਂ ਗੁਜ਼ਰਦੇ ਉਨ੍ਹਾਂ ਪਾਤਰਾਂ ਦੀਆਂ ਗਤੀਵਿਧੀਆਂ ਨੂੰ ਸਨਮੁਖ ਲਿਆਉਂਦਾ ਹੈ, ਜਿਹੜੇ ਆਰਥਿਕ ਅਸਮਾਨਤਾ ਦੀ ਚੁੰਗਲ ਵਿਚ ਫਸੇ ਦੁਖਾਂਤ, ਮਜਬੂਰੀਆਂ ਤੇ ਮੁਸ਼ਕਲਾਂ ਦੇ ਵਿਭਿੰਨ ਪ੍ਰਕਰਣਾਂ ਨੂੰ ਭੋਗਦੇ ਹਨ।[5] ਨਾਵਲ ਦੇ ਪਾਤਰ ਮਿੰਟੂ ਅਤੇ ਰੋਹੀ ਜੋ ਕਾਕੇ ਦੇ ਹੀ ਬੰਤ ਕੌਰ (ਬਸ਼ੀਰਾ) ਦੇ ਕੁੱਖੋਂ ਜੰਮੇ ਪੁੱਤਰ ਹਨ, ਵੀ ਆਪਣੀ ਸਾਰੀ ਉਮਰ ਇਸੇ ਦੁਖਾਂਤ ਨੂੰ ਭੋਗਦੇ ਹਨ। ਇਨ੍ਹਾਂ ਦੀ ਜ਼ਿੰਦਗੀ ਔਰਤ ਬਿਨਾ ਸੱਖਣੀ ਹੈ। ਦੋਨੋ ਭਰਾ ਜ਼ਿੰਦਗੀ ਦੀ ਪੈੜਚਾਲ ਤੋਂ ਤੰਗ ਆ ਕੇ ਨਸ਼ਿਆਂ ਦਾ ਰਾਹ ਅਪਨਾ ਲੈਂਦੇ ਹਨ। ਉਨ੍ਹਾਂ ਦੀ ਘਰ ਵਿੱਚ ਔਰਤ ਹੋਣ ਦੀ ਇੱਛਾ ਵਿੱਚੋਂ ਉਨ੍ਹਾਂ ਦੇ ਘਰ 'ਸੁਰਜੀ' ਆਉਂਦੀ ਹੈ ਜਿਸਨੂੰ ਉਹ ਖ਼ਰੀਦ ਕੇ ਲਿਆਉਂਦੇ ਹਨ। ਕੁਝ ਦਿਨਾਂ ਦੇ ਸੁਨਹਿਰੀ ਸੁਪਨੇ ਵਿਖਾਉਣ ਤੋਂ ਬਾਅਦ ਸੁਰਜੀ ਆਪਣੇ ਮਾਲਕ ਦੀ ਹੁਕਮ ਅਦੂਲੀ ਕਰਦੀ ਭੱਜ ਜਾਂਦੀ ਹੈ। ਇਸ ਤਰ੍ਹਾਂ ਸਿੰਦੂ ਅਤੇ ਰੋਹੀ ਦੋਨਾਂ ਭਰਾਵਾਂ ਦੀ ਜ਼ਿੰਦਗੀ ਵਿਚ ਉਜਾੜ ਪੈ ਜਾਂਦਾ ਹੈ। ਔਰਤ ਦੀ ਰੜਕਦੀ ਘਾਟ 'ਚੋਂ ਉਨ੍ਹਾਂ ਦੇ ਘਰ ਦੇਵਕੀ ਆਉਂਦੀ ਹੈ। ਦੇਵਕੀ ਨਾਲ ਗ੍ਰਹਿਸਥੀ ਜੀਵਨ ਬਤੀਤ ਕਰਦਿਆਂ ਉਨ੍ਹਾਂ ਦੇ ਘਰ ਦੀ ਹਾਲਤ ਬਿਲਕੁਲ ਪਤਲੀ

ਪੈ ਜਾਂਦੀ ਹੈ। ਅੰਤ ਉਹ ਆਪਣੀ ਪੁੱਤਾਂ ਵਰਗੀ ਜ਼ਮੀਨ ਵੇਚਣ ਲਈ ਮਜਬੂਰ ਹੋ ਜਾਂਦੇ ਹਨ। ਸਮੇਂ ਦਾ ਗੇੜ ਇੱਕ ਵਾਰ ਫਿਰ ਸਿੰਦੂ ਅਤੇ ਰੋਹੀ ਨੂੰ ਉਲਟਾ ਦਿੰਦਾ ਹੈ। ਦੇਵਕੀ ਹੈਵਾਨਾਂ ਦੇ ਝਾਂਸੇ ’ਚ ਆ ਕੇ ਆਪਣੇ ਘਰ ਤੋਂ ਇਕ ਵਾਰ ਫਿਰ ਦੂਰ ਹੋ ਜਾਂਦੀ ਹੈ। ਜਿੱਥੇ ਦੇਵਕੀ ਇਸ ਤ੍ਰਾਸਦੀ ਨੂੰ ਭੋਗਦੀ ਹੈ ਉਥੇ ਸਿੰਦੂ ਵੀ ਗ਼ਮ ਦੇ ਜੰਗਲ ’ਚ ਡੁੱਬਿਆ ਲੋਕਾਂ ਦੇ ਤਾਅਨੇ ਮਿਹਣੇ ਸੁਣਦਾ ਹੈ। ਔਰਤ ਦੀ ਘਾਟ ਦੋਨਾਂ ਭਰਾਵਾਂ ਦੇ ਮਨ ’ਚ ਰੜਕਦੀ ਰਹਿੰਦੀ ਹੈ। ਇਸੇ ਘਾਟ ’ਚੋ ਰੋਹੀ ਗ੍ਰਹਿਸਥੀ ਜੀਵਨ ਵਿੱਚ ਪ੍ਰਵੇਸ਼ ਕਰਦਾ ‘ਸਰਸਵਤੀ’ ਨਾਮ ਦੀ ਮੁੱਲ ਦੀ ਔਰਤ ਲੈ ਆਉਂਦਾ ਹੈ, ਪਰ ਘਰ ਦੀ ਹਾਲਤ ਅੱਗੇ ਰੋਹੀ ਦੇ ਗੋਡੇ ਟੇਕੇ ਜਾਂਦੇ ਹਨ। ਉਨ੍ਹਾਂ ਦੀ ਜ਼ਮੀਨ ਵਿਕਦੀ ਜਾਂਦੀ ਹੈ। ਗ੍ਰਹਿਸਥੀ ਜੀਵਨ ਦੀ ਚੱਕੀ ਵਿੱਚ ਪਿਸਦਾ ਰੋਹੀ ਆਪਣੀ ਜੀਵਨ ਸਾਥਣ ਨੂੰ ਘਰੋਂ ਕੱਢਣ ਲਈ ਮਜਬੂਰ ਹੋ ਜਾਂਦਾ ਹੈ ਅਤੇ ਆਪ ਘਰ ਦੀ ਤੰਗੀ ਕਰਕੇ ਯਾਰਾਂ ਮਗਰ ਲੱਗ ਕੇ ਅੱਤਵਾਦ ਦੇ ਰਾਹ ਪੈ ਜਾਂਦਾ ਹੈ। ਅੰਤ ਪੁਲਸ ਹੱਥੋਂ ਮਾਰਿਆਂ ਜਾਂਦਾ ਹੈ। ਰੋਹੀ ਦਾ ਭਰਾ ਸਿੰਦੂ ਵੀ ਘਰ ਦੀ ਆਰਥਿਕ ਤੰਗੀ ਕਰਕੇ ਸਮਾਜ ਨੂੰ ਛੱਡ ਦਿੰਦਾ ਹੈ ਅਤੇ ਇੱਕ ਡੇਰੇ ਦਾ ‘ਸੰਤ’ ਬਣ ਜਾਂਦਾ ਹੈ, ਆਪਣੀ ਪਛਾਣ ‘ਨੌਮੀ ਦਾਸ’ ਨਾਮ ਨਾਲ ਸਥਾਪਿਤ ਕਰਦਾ ਹੈ। ਇਸ ਨਾਵਲ ਵਿੱਚ ਪੇਸ਼ ਮਰਦ ਪਾਤਰ ਰਾਜੂ ਵੀ ਆਪਣੇ ਦਾਦੇ, ਪਿਉ ਅਤੇ ਚਾਚੇ ਦੀ ਤਰ੍ਹਾਂ ਤ੍ਰਾਸਦੀ ਨੂੰ ਭੋਗਦਾ ਹੈ। ਸਭ ਤੋਂ ਪਹਿਲਾਂ ਤਾਂ ਰਾਜੂ ਦੇ ਸਾਹਮਣੇ ਆਪਣੀ ਪਛਾਣ ਦਾ ਮਸਲਾ ਉਠਦਾ ਹੈ। ਸਮਾਜ ਉਸਨੂੰ ਮਰਦੇ ਦਮ ਤਕ ਪ੍ਰਵਾਨ ਨਹੀਂ ਕਰਦਾ। ਪੰਜਾਬੀ ਸਮਾਜ ਉਸਨੂੰ ‘ਭਈਆ’ ਕਹਿ ਕੇ, ਭਾਵ ਕਿਸੇ ਹੋਰ ਬਰਾਦਰੀ ਦਾ ਮੰਨ ਕੇ ਉਸਨੂੰ ਆਪਣੇ ’ਚੋਂ ਛੇਕਦਾ ਹੈ।

“ਇਹ ਚੌਲ ਖਾਣੀ ਜਾਤ ਕਾਹਨੂੰ ਪੰਜਾਬ ’ਚ ਰੱਖਣ ਦੇ ਲੈਕ ਐ।”

ਰਾਜੂ ਆਪਣੀ ਹੋਣੀ ’ਤੇ ਕਲਪਦਾ ਹੈ ਅਤੇ ਆਪਣੀ ਪਛਾਣ ਦੀ ਸ਼ਨਾਖ਼ਤ ਕਰਦਾ ਰਹਿੰਦਾ ਹੈ।

“ਮੈਂ ਏਸ ਮਿੱਟੀ ਵਿੱਚ ਪਲਿਆ, ਜਵਾਨ ਹੋਇਆ, ਏਸ ਸ਼ਰੀਕੇ-ਕਬੀਲੇ ਨੂੰ ਆਪਣਾ ਬਣਾਇਆ ਪਰ ਇਹਨਾਂ ਲੋਕਾਂ ਨੇ ਕਦੇ ਮੈਨੂੰ ਆਪਣਾ ਨਹੀਂ ਸਮਝਿਆ ..... ਇਹਨਾਂ ਨੂੰ ਹੀ ਆਪਣੇ ਮਿੱਤਰ, ਤਾਏ, ਚਾਚੇ ਮੰਨਿਆ ਪਰ ਇਨ੍ਹਾਂ ਨੇ ਹਮੇਸ਼ਾਂ ਮੇਰੇ ਕੋਲੋਂ ਵਿੱਥ ਬਣਾ ਕੇ ਰੱਖੀ। ਇਹ ਪੰਜਾਬ ਮੇਰਾ ਹੈ! ਇਥੋਂ ਦੀ ਹਵਾ ਵਿੱਚ ਮੈਂ ਸਾਹ ਲਿਆ ਹੈ। ਇੱਥੋਂ ਦੀ ਮਿੱਟੀ ਵਿਚ ਆਪਣਾ ਖੂਨ ਪਸੀਨਾ ਡੋਲ੍ਹਦਾ ਹਾਂ ਪਰ ਇਹੀ ਲੋਕ ਮੈਨੂੰ ਫਿਰ ਵੀ ਯੂ.ਪੀ., ਬਿਹਾਰ ਦਾ ਭਈਆ ਕਿਉਂ ਸੱਦਦੇ ਨੇ?

ਇਸੇ ਤਰ੍ਹਾਂ ਹੀ ਨਸਲਵਾਦ ਦੀ ਤ੍ਰਾਸਦੀ ਭੁਗਤਦਾ ਰਾਜੂ ਵਿਲ੍ਹਕਦਾ ਹੈ। ਉਸਨੂੰ ਉਸਦੇ ਪਿਆਰ ਦੇ ਬਦਲੇ ਸਮਾਜ ਵੱਲੋਂ ਕੁੱਟਿਆ ਜਾਂਦਾ ਹੈ। ਉਸਦੀਆਂ ਲੱਤਾਂ ਬਾਹਾਂ ਤੋੜੀਆਂ ਜਾਂਦੀਆਂ ਹਨ। ਉਹ ਕਹਿੰਦਾ ਹੈ,

“ਜੇ ਮੈਂ ਰਾਣੀ ਨੂੰ ਪਿਆਰ ਕੀਤਾ ਤਾਂ ਸਾਰਾ ਪਿੰਡ ਮੇਰਾ ਭਈਆਪੁਣਾ ਪਰਖਦਾ ਮੇਰੇ ਪਿੱਛੇ ਪੈ ਗਿਆ। ਜਿੰਨਾਂ ਨੂੰ ਮੈਂ ਆਪਣਾ ਸਮਝਿਆ ਸੀ ਉਹ ਵੀ ਮੈਨੂੰ ਕੁੱਟਣ ਆ ਪਏ।”

ਇਸੇ ਤਰ੍ਹਾਂ ਹੀ ਰਾਜੂ ਆਪਣੀ ਹੋਂਦ ਲੱਭਦਾ ਹੈ।

“ਪਰ ਆਪਣਾ ਘਰ ਬਾਰ, ਆਪਣਾ ਪਿੰਡ, ਆਪਣਾ ਦੇਸ਼ ਛੱਡ ਕੇ ਕਿਹੜੇ ਬਿਗਾਨੇ ਦੇਸ਼ ਜਾਵਾਂ? ਕੌਣ ਅਪਣਾਏ ਮੈਨੂੰ? ਮੈਂ ਕਿਤੋਂ ਦਾ ਵੀ ਨਹੀਂ ਮੈਂ ਤਾਂ ਸੱਚ ਮੁੱਚ ਦਾ ਬੇਰੜਾ ਰਿਹਾ। ਨਾ ਭਈਆਂ ਰਿਹਾ ਨਾ ਮੁਸਲਮਾਨ, ਨਾ ਜੱਟ ਬਣਿਆ। ਮੈਂ ਕੀ....?

ਅੰਤ ਰਾਜੂ ਸਮਾਜ ਤੋਂ ਭੱਜਦਾ ਹੈ, ਪਰ ਫਿਰ ਉਸਨੂੰ ਉਸੇ ਹੀ ਸਮਾਜ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਤ੍ਰਾਸਦੀ ਭੋਗਣੀ ਪੈਂਦੀ ਹੈ। ਉਸਨੂੰ ਅੰਤ ਸਮੇਂ ਆਪਣੇ ਘਰ, ਆਪਣੀ ਮਾਂ ਦਾ ਹੇਰਵਾ ਸਤਾਉਂਦਾ ਹੈ। ਉਸਦਾ ਕੋਈ ਵੀ ਨਹੀਂ ਬਣਦਾ। ਸਮਾਜ ਜੇ ਉਸਨੂੰ ਮਾੜੀ ਮੋਟੀ ਹਮਦਰਦੀ ਦੇਂਦਾ ਵੀ




ਹੈ ਤਾਂ ਸਿਰਫ਼ ਉਸਦੀ ਇੱਕੋ ਇਕ ਰਹਿ ਗਈ ਸਨਾਖ਼ਤ ਉਸਦਾ ਘਰ ਲੁੱਟ ਲੈਣ ਬਦਲੇ। ਰਾਜੂ ਐਕਸੀਡੈਂਟ ਦਾ ਮਾਰਿਆ ਆਪਣੇ ਘਰ ਸੁੰਨਾ-ਸੁੰਨਾ ਪਿਆ ਰਹਿੰਦਾ ਹੈ। ਲਾਲਚੀ ਸ਼ਰੀਕੇ ਨੂੰ ਘਰ ਨਾ ਵੇਚਣ ਦੇ ਜਵਾਬ ਦੇਣ ਕਰਕੇ ਉਸਨੂੰ ਰੋਟੀ ਵੀ ਨਹੀਂ ਮਿਲਦੀ। ਉਹ ਭੁੱਖ ਨਾਲ ਘੁਲਦਾ ਹੈ। ਉਹ ਆਪਣੇ ਜੀਵਨ ਦੀ ਅੰਤਿਮ ਤ੍ਰਾਸਦੀ ਭੋਗਦਾ ਆਪਣੀ ਮਾਂ, ਆਪਣੀ ਪ੍ਰੇਮਿਕਾ, ਆਪਣੇ ਘਰ ਨੂੰ ਯਾਦ ਕਰਦਾ ਹੋਇਆ ਯਾਦਾਂ ’ਚ ਨਿਘਰਦਾ ਜਾਂਦਾ ਹੈ। ਉਸਦੇ ਕੰਨਾਂ ’ਚ ਆਪਣੀ ਪ੍ਰੇਮਿਕਾ ਦੇ ਸ਼ਬਦ ਗੂੰਜਦੇ ਹਨ।

ਮੈਂ ਤਾਂ ਕਹਿਣੀ ਆਂ ਇਹ ਮਰ ਜਾਣ ਸਾਰੇ ਕੁੱਤੇ, ਜਿਨ੍ਹਾਂ ਨੇ ਮੇਰੇ ਰਾਜੂ ਨੂੰ .................।”

ਇਸੇ ਤਰ੍ਹਾਂ ਹੀ ਰਾਜੂ ਆਪਣੀ ਮਾਂ ਨੂੰ ਯਾਦ, ਕਰਦਾ ਹੋਇਆ ਵਿਲ੍ਹਕਦਾ ਹੈ, “ਹਾਏ... ਮਾਂ ...... ਤੂੰ ਆਈ ਕਿਉਂ ਨਹੀ? ਇਕ ਵਾਰ ਆ ਜਾਂਦੀ ਤੈਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਂਦਾ। ਤੇਰਾ ਮੋਹ ਭਰਿਆ ਹੱਥ ਇੱਕ ਵਾਰ ਮੇਰੇ ਸਿਰ ’ਤੇ ਫਿਰਦਾ, ਮੈਨੂੰ ਸਾਰੇ ਦੁੱਖ ਭੁੱਲ ਜਾਂਦੇ। ਤੇਰੀ ਗੋਦੀ ’ਚ ਸਿਰ ਧਰਾ ਕੇ ਮਰ ਜਾਂਦਾ। ਦੇਖ! ਤੇਰਾ ਰਾਜੂ ਜ਼ਿੰਦਗੀ ਮਗਰ ਕਿੰਨਾ ਭੱਜਿਆ ਹੈ ਪਰ ਉਸਨੇ ਉਂਗਲ ਨਹੀਂ ਫੜਾਈ ਮਾਂ....! ਹੁ... ਹੁਣ ਤਾਂ ਮਾਂ .... ਮੈਂ ਥੱਕ ਗਿਆ। ਮਾਂ.... ਸਾਹ ਉਖੜ ਗਿਆ ਹੈ ਮੇਰਾ!”[11] ਇਸ ਤਰ੍ਹਾਂ ਰਾਜੂ ਵਿਲ੍ਹਕਦਾ ਤੜਪਦਾ ਜ਼ਿੰਦਗੀ ਤੋਂ ਤੰਗ ਆ ਕੇ ਨੀਂਦ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲੈਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ‘ਤੀਵੀਆਂ’ ਨਾਵਲ ਸਿਰਫ਼ ਔਰਤ ਤ੍ਰਾਸਦੀ ਤੱਕ ਹੀ ਨਹੀਂ, ਸਗੋਂ ਇਸਤੋਂ ਵੀ ਅੱਗੇ ਪੰਜਾਬੀ ਸਮਾਜ, ਸਭਿਆਚਾਰ ਦੀ ਪੇਸ਼ਕਾਰੀ ਕਰਦਾ ਹੋਇਆ ਦਿਨੋਂ ਦਿਨ ਡਿੱਗ ਰਹੀ ਕਿਸਾਨੀ ਵੱਲ ਵੀ ਸਾਡਾ ਧਿਆਨ ਦਿਵਾਉਂਦਾ ਹੈ। ਮਰਦ ਦੀ ਔਰਤ ਤੋਂ ਬਿਨ੍ਹਾਂ ਸੱਖਣੀ ਹੋਂਦ, ਮਰਦ ਦੇ ਜੀਵਨ ਵਿੱਚ ਔਰਤ ਦੀ ਘਾਟ ਅਤੇ ਉਸ ਘਾਟ ਤੋਂ ਉਤਪੰਨ ਤ੍ਰਾਸਦੀ ਨੂੰ ਵੀ ਨਾਵਲ ਵਿੱਚ ਬਾਖ਼ੂਬੀ ਚਿਤਰਿਆ ਗਿਆ ਹੈ ਜੋ ਵੇਖਣਯੋਗ ਹੈ।(98150-11156)


**ਨੌਜਵਾਨ ਕਹਾਣੀਕਾਰ ਭਗਵੰਤ ਰਸੂਲਪੁਰੀ ਵੱਲੋਂ**
**ਅਨੁਵਾਦ ਕੀਤੀ ਨਵੀਂ ਪੁਸਤਕ**
**ਸ਼ੇਖਰ ਜੋਸ਼ੀ ਪ੍ਰਤੀਨਿੱਧ ਕਹਾਣੀਆਂ**




ਲੋਕ ਪੱਖੀ ਅਤੇ ਸਮਾਜਿਕ ਸਰੋਕਾਰਾਂ ਨੂੰ ਮਾਰਕਸੀ ਦ੍ਰਿਸ਼ਟੀ ਤੋਂ ਪੇਸ਼ ਕਰਨ ਵਾਲੇ ਕਹਾਣੀਕਾਰ ਦੀਆਂ ਇਸ ਪੁਸਤਕ ਵਿਚ 26 ਪ੍ਰਤੀਨਿੱਧ ਕਹਾਣੀਆਂ ਹਨ।

**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**
ਮੁੱਲ: 165 ਰੁਪਏ, ਪੰਨੇ: 237
(ਪੁਸਤਕ ‘ਕਹਾਣੀ ਧਾਰਾ’ ਦੇ ਦਫ਼ਤਰ ਤੋਂ ਵੀ ਮਿਲ ਸਕਦੀ ਹੈ)

# ਜਨ ਬੋਧ



## ਸਮਾਜ ਤੇ ਨੈਤਿਕਤਾ

### ਅਨੁਵਾਦ: ਭਗਵੰਤ ਰਸੂਲਪੁਰੀ

### ਨੈਤਿਕਤਾ ਦਾ ਸਮਾਜ ਸ਼ਾਸਤਰ/-ਪ੍ਰੋ. ਅਰੁਣ ਕੁਮਾਰ

ਨੈਤਿਕਤਾ ਸਮਾਜ ਨਾਲ ਜੁੜੀ ਹੋਈ ਚੀਜ਼ ਹੈ ਭਾਵ ਕਿ ਸਮਾਜ 'ਚ ਮਨੁੱਖ ਨੂੰ ਕਿਸ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਬਿਨਾ ਸਮਾਜ ਦੇ ਇਸ ਉੱਤੇ ਗੱਲ ਨਹੀਂ ਕੀਤੀ ਜਾ ਸਕਦੀ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਹੌਲੀ-ਹੌਲੀ ਅਸੀਂ ਆਦਮੀ ਨੂੰ ਮਸ਼ੀਨ ਦੇ ਵਾਂਗ ਮੰਨਣ ਲੱਗ ਪਏ ਹਾਂ। ਆਜ਼ਾਦੀ ਤੋਂ ਬਾਅਦ ਤੋਂ ਸਾਡੇ ਸਾਸਕ ਵਰਗ ਨੇ ਜਿਸ ਨੈਤਿਕਤਾ ਦੀ ਕਸਮ ਖਾਧੀ ਸੀ, ਉਹ ਸਾਰੀ ਢਹਿ ਗਈ। 1965 ਤੱਕ ਮੁੱਢਲੀ ਸਿੱਖਿਆ ਹਰ ਇਕ ਲਈ ਪੂਰੀ ਹੋ ਜਾਣੀ ਚਾਹੀਦੀ ਸੀ ਪਰ ਇਹ ਅੱਜ ਤੱਕ ਹੋ ਨਹੀਂ ਸਕੀ। ਅੱਜ ਦੀ ਨੈਤਿਕਤਾ ਪੈਸੇ ਤੇ ਬਾਜ਼ਾਰ ਉੱਤੇ ਨਿਰਭਰ ਹੈ। ਬਾਜ਼ਾਰ ਵਿਚ ਕੀਮਤ ਪੈਸੇ ਨਾਲ ਪੈਂਦੀ ਹੈ। ਤੁਸੀਂ ਬੁੱਢੇ, ਬੱਚੇ ਜਾਂ ਗਰੀਬ ਹੋ ਅਤੇ ਤੁਹਾਡੀਆਂ ਜ਼ਰੂਰਤਾਂ ਵੱਖਰੀਆਂ ਹਨ ਇਸ ਨਾਲ ਬਜ਼ਾਰ ਨੂੰ ਕੁਝ ਵੀ ਲੈਣਾ ਦੇਣਾ ਨਹੀਂ। ਅੱਜ ਦੀ ਨੈਤਿਕਤਾ ਬਹੁਤ ਹੀ ਪਿਛਾਹ ਖਿੱਚੂ ਹੈ। ਕਿਉਂਕਿ ਬਜ਼ਾਰ ਵਿਅਕਤੀ ਕੇਂਦਰਤ ਹੁੰਦਾ ਹੈ ਇਸ ਲਈ ਉਹ ਵੀ ਵਿਅਕਤੀਵਾਦੀ ਹੋ ਗਈ ਹੈ। ਇਸ ਤਰ੍ਹਾਂ ਸਮੰਤੀ ਅਤੇ ਪੂੰਜੀਵਾਦੀ ਦੋਵੇਂ ਤੰਤ੍ਰ ਸ਼ੋਸ਼ਣ ਉੱਤੇ ਆਧਾਰਿਤ ਅਨੈਤਿਕਤਾ ਦੇ ਨਾਲ ਚੱਲਦੇ ਹਨ। ਬਜ਼ਾਰ ਦੀ ਸੁਤੰਤਰਤਾ ਦੀ ਸੋਚ ਆਮ ਆਦਮੀ ਨੂੰ ਲੁੱਟਣਾ ਹੈ। ਬਜ਼ਾਰ ਬਰਾਬਰੀ ਦੀ ਗੱਲ ਇਕ ਸੀਮਤ ਦਾਇਰੇ 'ਚ ਕਰਦਾ ਹੈ। ਅਮਰੀਕਾ ਦੇ ਸਬੰਧ ਵਿਚ ਲੋਕਾਂ ਦਾ ਕਹਿਣਾ ਹੈ ਕਿ ਉਹ ਬਹੁਤ ਸੁਤੰਤਰ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਥੇ ਜਬਰਦਸਤ ਸ਼ੋਸ਼ਣ ਹੈ ਅਤੇ ਉਹ ਅਮਰੀਕਾ ਬਾਕੀ ਸਾਰੇ ਦੇਸ਼ਾਂ ਦਾ ਸ਼ੋਸ਼ਣ ਕਰਦਾ ਹੈ। ਬਾਜ਼ਾਰ ਦੀ ਸ਼ਰਤ ਹੈ ਕਿ ਸਾਨੂੰ ਸ਼ੋਸ਼ਣ ਦੀ ਪੂਰੀ ਖੁੱਲ ਹੋਣੀ ਚਾਹੀਦੀ ਹੈ। ਚਾਹੇ ਅਸੀਂ ਇਸ਼ਤਿਹਾਰ ਦੇ ਜ਼ਰੀਏ ਕਰੀਏ ਜਾਂ ਵਿਕਰੀ ਦੇ ਜ਼ਰੀਏ। ਔਰਤਾਂ ਦਾ ਸ਼ੋਸ਼ਣ ਸਮੰਤੀ ਯੁੱਗ ਵਿਚ ਸੀ ਅਤੇ ਪੂੰਜੀਵਾਦੀ ਸਮਾਜ ਵਿਚ ਵੀ ਹੈ। ਦੋਹਾਂ ਸਮਾਜਾਂ ਵਿਚ ਸ਼ੋਸ਼ਣ ਦਾ ਰੂਪ ਵੱਖ ਵੱਖ ਹੈ। ਕਿਉਂਕਿ ਦੋਹਾਂ ਦੀ ਸੰਰਚਨਾ ਵੱਖਰੀ ਹੈ। ਉਸ ਸਮਾਜ ਵਿਚ ਔਰਤਾਂ ਬਾਜ਼ਾਰ 'ਚ ਨਹੀਂ ਉਤਰੀਆਂ ਸਨ। ਕੁਝ ਸੀਮਤ ਲੋਕਾਂ ਦੇ ਲਈ ਬਜ਼ਾਰ ਹੁੰਦਾ ਸੀ। ਹੁਣ ਔਰਤਾਂ ਬਜ਼ਾਰ ਵਿਚ ਆ ਰਹੀਆਂ ਹਨ। ਉਦੋਂ ਅਜਿਹਾ ਨਹੀਂ ਸੀ ਕਿ ਅਸੀਂ ਵੱਧ ਤੋਂ ਵੱਧ ਆਪਣੇ ਆਪ ਨੂੰ ਵੇਚਣਾ ਹੈ। ਉਸ ਦੌਰ ਵਿਚ ਸੈਕਸ ਉੱਤੇ ਪਬੰਧੀ ਦੂਜੇ ਰੂਪ ਵਿਚ ਸੀ। ਅੱਜ ਤਾਂ ਔਰਤ ਨੂੰ ਸਿੱਧਾ ਬਜ਼ਾਰ ਵਿਚ ਉਤਾਰਿਆ ਜਾਂਦਾ ਹੈ ਅਤੇ ਉਸਦੇ ਜਿਸਮ ਦਾ ਤਰ੍ਹਾਂ ਤਰ੍ਹਾਂ ਨਾਲ



ਇਸਤੇਮਾਲ ਕੀਤਾ ਜਾਂਦਾ ਹੈ। ਚਾਹੇ ਤਸਵੀਰ ਦਿਖਾ ਕੇ, ਇਸ਼ਤਿਹਾਰ ਰਾਹੀਂ, ਚਾਹੇ ਡਾਂਸ ਬਾਰ 'ਚ , ਇਕ ਪਾਸੇ ਉਸ ਨੂੰ ਸੁਤੰਤਰਤਾ ਮਿਲੀ ਹੈ ਕਿ ਉਹ ਜਾਬ ਮਾਰਕੀਟ ਵਿਚ ਆ ਸਕਦੀ ਹੈ। ਦੂਜੇ ਪਾਸੇ ਉਸ ਦੇ ਸ਼ੋਸ਼ਣ ਦੇ ਸੰਦ ਵੀ ਵਧੇ ਹਨ। ਅਮਰੀਕਾ ਵਰਗੇ ਦੇਸ਼ਾਂ ਵਿਚ ਸੈਕਸ ਤੇ ਹਿੰਸਾ ਦੀ ਬਹੁਤ ਜਿਆਦਾ ਵਰਤੋ ਹੈ। ਇਸ ਨਾਲ ਔਰਤ ਦੀ ਮਾਨਸਿਕਤਾ ਤੇ ਕੀ ਅਸਰ ਪੈ ਸਕਦਾ ਹੈ ਇਸ ਦਾ ਬਜ਼ਾਰ ਨੂੰ ਕੋਈ ਮਤਲਬ ਨਹੀਂ। ਉਨ੍ਹਾਂ ਔਰਤਾਂ ਦੇ ਨੌਂਹ ਕਿਸ ਤਰ੍ਹਾਂ ਦੇ ਹੋਣ, ਵਾਲ਼ ਕਿਸ ਤਰ੍ਹਾਂ ਦੇ ਹੋਣ, ਔਰਤ ਨੂੰ ਕੀ ਖਾਣਾ ਚਾਹੀਦਾ ਹੈ, ਇਹ ਸਾਰਾ ਕੁਝ ਖਰਬਾਂ ਰੁਪਏ ਦਾ ਫਿਲਮ ਉਦਯੋਗ ਤੇ ਇਸ਼ਤਿਆਰ ਤੈਅ ਕਰਦਾ ਹੈ। ਸ਼ੋਸ਼ਣ ਵਿਵਸਥਾ ਨਾਲ ਔਰਤਾਂ ਦਾ ਪੂਰਾ ਸਰੀਰ ਜੁੜ ਜਾਣ ਨਾਲ ਉਸ ਦੇ ਪਰਿਵਾਰ 'ਚ ਜਿਹੜੀ ਸੁੱਖ ਸ਼ਾਂਤੀ ਰਹਿੰਦੀ ਸੀ ਉਹ ਮਰ ਗਈ ਹੈ। ਹਾਲਾਂਕਿ ਪਰਿਵਾਰਾਂ ਵਿਚ ਪਹਿਲਾਂ ਵੀ ਝਗੜੇ ਹੁੰਦੇ ਸਨ। ਤਰ੍ਹਾਂ ਤਰ੍ਹਾਂ ਦੇ ਸ਼ੋਸ਼ਣ ਹਨ। ਹੁਣ ਪਰਿਵਾਰਾਂ ਵਿਚ ਦੂਜੀ ਕਿਸਮ ਦਾ ਸ਼ੋਸ਼ਣ ਸ਼ੁਰੂ ਹੋ ਗਿਆ ਹੈ। ਇਸ ਲਈ ਪਰਿਵਾਰ ਸੰਘਰਸ਼ ਟੁੱਟਣ ਲੱਗਾ ਹੈ। ਹੁਣ ਸੰਘਰਸ਼ ਪੈਸੇ ਨਾਲ ਹੁੰਦਾ ਹੈ। ਪਹਿਲਾਂ ਔਰਤ ਨੂੰ ਨਾਲ ਹੀ ਰਹਿਣਾ ਪੈਂਦਾ ਸੀ ਬੰਦੇ ਦਾ ਕਬਜਾ ਹੁੰਦਾ ਸੀ ਤੇ ਔਰਤ ਪੱਛੜੀ ਰਹਿੰਦੀ ਸੀ। ਹੁਣ ਸੈਕਸ ਮੁਹਿਮ ਮੰਨੋਰੰਜਨ ਦਾ ਸਾਧਨ ਮਾਤਰ ਬਣ ਕੇ ਰਹਿ ਗਿਆ ਹੈ। ਜਦੋਂ ਮਰਜ਼ੀ ਤਲਾਕ ਲੈ ਲਓ। ਇਸਦਾ ਸਮਾਜ, ਪਰਿਵਾਰ ਤੇ ਕੀ ਅਸਰ ਪਵੇਗਾ। ਕਿਸੇ ਦੇ ਕੋਲ ਇਹ ਸੋਚਣ ਲਈ ਸਮਾਂ ਹੀ ਨਹੀਂ। ਇਸ ਲਈ ਅਸੀਂ ਇਕ ਦੂਜੇ ਨੂੰ ਮਸ਼ੀਨ ਦੇ ਵਾਂਗ ਮੰਨਦੇ ਹਾਂ।

ਨੈਤਿਕਤਾ ਦੇ ਨਿਰਮਾਣ ਵਿਚ ਸਾਡੇ ਬੁੱਧੀਜੀਵੀ ਅਤੇ ਸਮਾਜ ਦੋਵੇਂ ਨਕਲਚੀ ਹਨ। ਉਹ ਮੌਲਿਕ ਕੁਝ ਵੀ ਨਹੀਂ ਸੋਚਦਾ। ਏਥੇ ਜਿਹੜੀ ਫਿਲਮ ਬਣਦੀ ਹੈ ਉਹ ਉਸ ਵਿਚ ਪੱਛਮ ਦੀਆਂ ਅਨੇਕਾਂ ਚੀਜਾਂ ਕਾਪੀ ਕਰ ਲਈਆਂ ਜਾਂਦੀਆਂ ਹਨ। ਅਸੀਂ ਨਿੱਤ ਦਿਨ ਭੰਬਲਭੂਸੇ ਵਿਚ ਫਸਦੇ ਜਾ ਰਹੇ ਹਾਂ। ਸਾਡੀ ਸਥਿਤੀ ਪੱਛਮ ਵਰਗੀ ਨਹੀਂ ਹੈ। ਪ੍ਰੰਤੂ ਸਾਡੇ ਉੱਤੇ ਮਾਪਦੰਡ ਪੱਛਮ ਦਾ ਥੋਪਿਆ ਜਾ ਰਿਹਾ ਹੈ। ਸਮੰਤੀ ਸਮਾਜ ਵਿਚ ਧਰਮ ਸ਼ੋਸ਼ਣ ਦਾ ਅਧਾਰ ਸੀ। ਪੂੰਜੀਵਾਦੀ ਸਮਾਜ ਵਿਚ ਇਹ ਹੋਰ ਵੀ ਭਿਆਨਿਕ ਰੂਪ ਧਾਰਨ ਕਰ ਗਿਆ ਹੈ। ਦਰਅਸਲ ਧਰਮ ਦਾ ਰੂਪ ਵੀ ਵਿਵਸਤਾ ਦੀ ਤਬਦੀਲੀ ਨਾਲ ਬਦਲਦਾ ਰਹਿੰਦਾ ਹੈ। ਪੂੰਜੀਵਾਦ ਦੇ ਨਾਲ ਧਰਮ ਦਾ ਸਰੂਪ ਉਦਾਸੀਨ ਰਿਹਾ ਹੈ। ਸਾਮੰਤਵਾਦ ਵਿਚ ਧਰਮ ਦਾ ਸਾਮੰਤੀ ਰੂਪ ਸੀ। ਭਾਵ ਕਿ ਉਸ ਵਿਚ ਇਕ ਇੰਦਰ ਦੇਵਤਾ ਹੋ ਗਿਆ ਉਸਦਾ ਦਾ ਦਰਬਾਰ ਹੋ ਗਿਆ। ਸਾਡੀ ਵਿਵਸਥਾ ਸ਼ੇਣੀ ਵਿਚ ਵੰਡੀ ਸੀ। ਉਥੇ ਰਾਜਾ ਇਸ਼ਵਰ ਦਾ ਪ੍ਰਤੀਨਿੱਧੀ ਸੀ। ਸਾਮੰਤਵਾਦ ਨੂੰ ਤੋੜ ਕੇ ਜਿਹੜਾ ਲੋਕਤੰਤਰ ਆਇਆ ਉਥੇ ਸਾਰਿਆਂ ਲਈ ਸੰਭਾਵਨਾ ਹੈ ਕਿ ਕੋਈ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ। ਪਰੰਤੂ ਕਾਰਪੋਰੇਟ ਜਗਤ ਨੇ ਇਸ ਨੂੰ ਵੀ ਆਪਣੀ ਮੁੱਠੀ ਵਿਚ ਲੈ ਲਿਆ। ਇਸ ਲਈ ਕਾਰਪੋਰੇਟ ਜਿਸ ਤਰ੍ਹਾਂ ਦਾ ਲੋਕਤੰਤਰ ਅੱਜ ਚਾਹੁੰਦੀ ਹੈ ਉਸ ਤਰ੍ਹਾਂ ਦਾ ਲੋਕਤੰਤਰ ਚੱਲਦਾ ਹੈ। ਪੂੰਜੀਵਾਦ ਦਾ ਸਾਮੰਤਵਾਦ ਇਹ ਹੈ ਕਿ ਅਸੀਂ ਸਾਸ਼ਕ ਹਾਂ ਅਤੇ ਸਾਡੇ ਚਾਰੇ ਪਾਸੇ ਸਾਮੰਤ ਬੈਠੇ ਹੋਏ ਹਨ। ਪਾਕਿਸਤਾਨ 'ਚ ਵਿਸ਼ਵ ਬੈਂਕ ਦਾ ਆਦਮੀ ਬਿਠਾਇਆ ਜਾਂਦਾ ਹੈ। ਤਾਨਾਸ਼ਾਹੀ ਦਾ ਸਮਰੱਥਨ ਕੀਤਾ ਜਾਂਦਾ ਹੈ। ਭਾਰਤ ਵਿਚ 1991 ਦੇ ਬਾਅਦ ਇਹ ਰੁਝਾਨ ਬਣਿਆ ਹੈ ਕਿ ਕਿਸੇ ਰਾਜ ਵਿਚ ਜਿਵੇਂ ਹੀ ਕੋਈ ਮੁੱਖਮੰਤਰੀ ਨਿਯੁਕਤ ਹੁੰਦਾ ਹੈ ਤੁਰੰਤ ਅਮਰੀਕਾ ਜਾਂਦਾ ਹੈ। ਜਿਹੜਾ ਵੀ ਪ੍ਰਧਾਨ ਮੰਤਰੀ ਹੁੰਦਾ ਹੈ ਅਮਰੀਕਾ ਵੱਲ ਦੇਖਦਾ ਹੈ। ਇੰਦਰ ਕੁਮਾਰ ਗੁਜਰਾਲ ਨੇ ਏਥੋਂ ਤਕ ਕਹਿ ਦਿੱਤਾ ਕਿ ਇਹ ਸਾਰਾ ਕੁਝ ਅਸੀਂ ਕੀਤਾ ਅਮਰੀਕਾ ਦੇ ਲਈ। ਜਦਕਿ ਕੀਤਾ ਕਿਸੇ ਹੋਰ ਨੇ ਸੀ। ਕਿਉਂਕਿ ਅਮਰੀਕਾ ਤੋਂ ਉਸ ਨੇ ਸਮਰੱਥਨ ਲੈਣਾ ਸੀ ਇਹ ਗੱਲ ਕਹਿ ਦਿੱਤੀ। ਬਜ਼ਾਰ ਤੇ ਮਸ਼ੀਨ ਦੇ ਮਧਿਆਮ ਨਾਲ ਨਵੀਂ ਤਰ੍ਹਾਂ ਦੀ ਨੈਤਿਕਤਾ ਆਈ ਹੈ। ਅਸੀਂ ਨੈਤਿਕਤਾ ਨਾਲ ਅਨੈਤਿਕਤਾ ਦੇ ਵੱਲ ਜਾ ਰਹੇ ਹਾਂ।

## ਧਰਮ, ਸੈਕਸ ਅਤੇ ਨੈਤਿਕਤਾ/ -ਸੁੰਦਰ ਚੰਦ ਠਾਕੁਰ

ਸਭਿਆਤਾ ਦੇ ਆਰੰਭਲੇ ਸਮੇਂ 'ਚ ਸੈਕਸ ਨੂੰ ਇਕ ਜਾਦੂ ਜਾਂ ਚਮਤਕਾਰ ਦੇ ਵਾਂਗ ਮੰਨਿਆ ਜਾਂਦਾ ਸੀ। ਇਹ ਚਮਤਕਾਰ ਮਨੁੱਖ ਦੀ ਅਗਿਆਨਤਾ ਵਿਚੋਂ ਨਿਕਲਿਆ ਪਰ ਉਹ ਮਨੁੱਖ ਦੀ ਆਸਥਾ ਦਾ ਹਿੱਸਾ ਬਣਿਆ। ਹਜ਼ਾਰਾਂ ਸਾਲਾਂ ਤੱਕ ਉਹ ਉਸਦੀ ਆਸਥਾ ਦਾ ਹਿੱਸਾ ਬਣਿਆ ਰਿਹਾ। ਧਰਤੀ ਵਿਚੋਂ ਫਸਲ ਪੈਦਾ ਕਰਨ ਦੇ ਲਈ ਉਹ ਕੁਝ ਵੀ ਕਰ ਸਕਦਾ ਸੀ। ਪ੍ਰਜਣਕਾਰੀ ਮੈਥੂਨ ਨੂੰ ਵੀ ਉਸਨੇ ਉਸ ਰੂਪ ਵਿਚ ਦੇਖਿਆ। ਨਵੀਂ ਫ਼ਸਲ ਬੀਜਣ ਤੋਂ ਉਪਰੰਤ ਉਸਨੇ ਇਹ ਸੋਚ ਕੇ ਮੈਥੂਨ ਕੀਤਾ ਕਿ ਇਸ ਨਾਲ ਫ਼ਸਲ ਜਲਦੀ ਪੈਦਾ ਹੋਵੇਗੀ। ਅੱਜ ਵੀ ਭਾਰਤ ਅਤੇ ਦੂਜੇ ਦੇਸ਼ਾਂ ਦੀਆਂ ਜਨਜਾਤੀਆਂ 'ਚ ਅਜਿਹੇ ਮੇਲੇ ਪ੍ਰਚੱਲਤ ਹਨ ਜਿਥੇ ਇਸਤਰੀ ਪੁਰਸ਼ ਖੇਤਾਂ 'ਚ ਜਾ ਕੇ ਮੈਥੂਨ ਕ੍ਰਿਆ ਕਰਦੇ ਹਨ। ਅੱਜ ਦੇ ਆਧੁਨਿਕ ਯੂਰਪ ਤੱਕ ਪੇਂਡੂ ਖੇਤਰਾਂ ਵਿਚ ਕਿਸਾਨ ਜੋੜੇ ਚੰਗੀ ਫ਼ਸਲ ਲਈ ਖੇਤਾਂ 'ਚ ਜਾ ਕੇ ਮੈਥੂਨ ਕਰਦੇ ਹਨ। ਮਨੁੱਖੀ ਸਮਾਜ ਖੁਦ ਨੂੰ ਜਾਨਵਰਾਂ ਦੀਆਂ ਪ੍ਰਵਿਰਤੀਆਂ ਤੋਂ ਇਸ ਲਈ ਬਚਾ ਸਕਿਆ ਕਿ ਉਸਦੀ ਪ੍ਰਜਾਤੀ ਨੂੰ ਜੀਉਣ ਲਈ ਭੋਜਨ ਮਿਲਦਾ ਰਿਹਾ। ਇਕ ਵਾਰ ਅਸਤਿੱਤਵ ਸੁਰੱਖਿਅਤ ਹੋ ਜਾਣ ਉਪਰੰਤ ਧਰਮ ਅਤੇ ਨੈਤਿਕਤਾ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਉਸਦਾ ਪਹਿਲਾ ਸੁਚੇਤ ਹਮਲਾ ਸੈਕਸ ਉੱਤੇ ਸੀ ਕਿਉਂਕਿ ਉਹੀ ਸੀ ਜਿਹੜਾ ਉਸਦੇ ਚਾਰੇ ਪਾਸੇ ਫੈਲਿਆ ਹੋਇਆ ਸੀ। ਉਸ ਤੇ ਹਮਲਾ ਕੀਤੇ ਬਿਨਾ ਉਸ ਨੂੰ ਰਸਤੇ ਤੋਂ ਹਟਾਈ ਬਿਨਾ ਧਰਮ ਅਤੇ ਨੈਤਿਕਤਾ ਨੂੰ ਅੱਗੇ ਵਧਾਉਣ ਦਾ ਰਾਹ ਨਹੀਂ ਮਿਲ ਰਿਹਾ ਸੀ। ਇਸਵਰ ਜਦੋਂ ਤੱਕ ਪ੍ਰਕ੍ਰਿਤਕ ਘਟਨਾਵਾਂ 'ਚ ਲੁਕਿਆ ਰਿਹਾ, ਉਦੋਂ ਤੱਕ ਪੁਰਸ਼ ਉਸਦੀ ਪ੍ਰਕ੍ਰਿਤਕ ਸ਼ਕਤੀ ਦੇ ਰੂਪ 'ਚ ਹੀ ਪੂਜਾ ਕਰਦਾ ਰਿਹਾ, ਪਰ ਜਿਵੇਂ ਹੀ ਉਸ ਨੇ ਮਾਨਵ ਦਾ ਰੂਪ ਧਾਰਨ ਕੀਤਾ, ਉਸ ਨੂੰ ਪ੍ਰਜਣਕਾਰੀ ਸ਼ਕਤੀ ਦੇ ਰੂਪ ਵਿਚ ਦੇਖਿਆ ਜਾਣ ਲੱਗਾ। ਕਈ ਪੌਰਾਣਿਕ ਕਥਾਵਾ ਵਿਚ ਮੰਨਿਆ ਗਿਆ ਕਿ ਚੰਦਰਮਾ ਵੀ ਨਿਛੇਚਨ ਦਾ ਕੰਮ ਕਰਦਾ ਹੈ। ਇਸ ਲਈ ਕਈ ਸੱਭਿਆਤਾ ਵਿਚ ਇਸਤਰੀਆਂ ਇਹ ਪੱਕਾ ਕਰਦੀਆਂ ਸਨ ਕਿ ਸੌਂਦੇ ਹੋਇਆ ਉਸ ਤੇ ਚਾਂਦਨੀ ਨਾ ਪਵੇ। ਜਿਨ੍ਹਾਂ ਜਨਜਾਤੀਆਂ ਵਿਚ ਇਹ ਗਿਆਨ ਆਇਆ ਕਿ ਪ੍ਰਜਣ ਦੇ ਲਈ ਪੁਰਸ਼ ਜ਼ਿੰਮੇਵਾਰ ਹੈ ਤਾਂ ਉਥੇ ਇਹ ਜੋੜ ਦਿੱਤਾ ਗਿਆ ਕਿ ਪੁਰਸ਼ ਚੰਦਰਮਾਂ ਦੀਆਂ ਕਿਰਨਾਂ ਦਾ ਰਸਤਾ ਖੋਲਦੇ ਹਨ। ਬੁੱਧ ਦੇ 29 ਸਾਲ ਦੀ ਉਮਰ ਵਿਚ ਘਰ ਤਿਆਗ ਨੂੰ ਬੋਧ ਕਥਾਵਾਂ ਵਿਚ ਜ਼ਿਕਰ ਕੀਤਾ ਗਿਆ। ਪਰ ਸਾਨੂੰ ਉਸਦੀ ਪਤਨੀ ਯਸ਼ੋਦਰਾ ਅਤੇ ਰਾਹੁਲ ਦੇ ਜੀਵਨ ਦੇ ਬਾਰੇ ਵਿਚ ਕੋਈ ਖਾਸ ਜਾਣਕਾਰੀ ਨਹੀਂ ਦਿੱਤੀ ਗਈ। ਨਿਸਚੇ ਹੀ ਬਿਨਾ ਪਤੀ ਦੇ ਤੇ ਬਿਨਾ ਪਿਤਾ ਦੇ ਜੀਵਨ ਦੁੱਖ ਭਰਿਆ ਤਾਂ ਰਿਹਾ ਹੀ ਹੋਵੇਗਾ। ਪਰੰਤੂ ਬੁੱਧ ਦੇ ਪਰਿਵਾਰ ਨੂੰ ਛੱਡਣ ਨੂੰ ਕਿਸੇ ਨੇ ਅਨੈਤਿਕ ਨਹੀਂ ਕਿਹਾ। ਜਿਵੇਂ ਰਾਮ ਦੇ ਚੌਦਾ ਸਾਲ ਦੇ ਬਨਵਾਸ ਤੋਂ ਬਾਅਦ ਫਿਰ ਤੋਂ ਸੀਤਾ ਨੂੰ ਜੰਗਲ ਵਿਚ ਰਹਿਣ ਨੂੰ ਮਜਬੂਰ ਕਰਨ ਨੂੰ ਅਨੈਤਿਕ ਨਹੀਂ ਮੰਨਿਆ ਗਿਆ। ਇਕ ਇਸਤਰੀ ਦੇ ਰੂਪ ਵਿਚ ਯਸ਼ੋਧਰਾ ਦੀ ਇਹੀ ਭੂਮਿਕਾ ਸੀ ਕਿ ਉਹ ਆਪਣੇ ਪਤੀ ਦੇ ਗਿਆਨ ਪ੍ਰਾਪਤੀ ਵਿਚ ਸਹਾਇਕ ਬਣੇ। ਗੌਤਮ ਬੁੱਧ ਨੂੰ ਚ੍ਰਤਿਰ ਦੇ ਦੇਵਤੇ ਦੇ ਸਮਾਨ ਦਿਖਾਉਣ ਲਈ ਇਹ ਜ਼ਰੂਰੀ ਸੀ ਕਿ ਕਾਮ ਵਾਸ਼ਨਾ ਉੱਤੇ ਜਿੱਤ ਪ੍ਰਾਪਤ ਕਰ ਲਵੇ। ਇਸ ਲਈ ਇਹ ਜੋੜ ਦਿੱਤਾ ਗਿਆ ਕਿ ਬੋਧ ਬਿਰਛ ਦੇ ਥੱਲੇ ਭਗਤੀ ਕਰਦੇ ਹੋਏ ਬੁੱਧ ਨੂੰ ਕਾਮਦੇਵ ਦੀ ਤ੍ਰਿਸ਼ਣਾਵਾ ਨੇ ਘੇਰਨਾ ਚਾਹਿਆ, ਪਰ ਉਹ ਅੜੇ ਰਹੇ। ਮਹਾਵੀਰ ਜੈਨ ਦੀ ਕਥਾ ਵੀ ਗੌਤਮ ਬੁੱਧ ਵਰਗੀ ਹੈ। ਉਸ ਨੇ 30 ਸਾਲ ਦੀ ਉਮਰ ਵਿਚ ਆਪਣੀ ਪਤਨੀ ਤੇ ਇਕ ਪੁੱਤਰ ਨੂੰ ਤਿਆਗ ਕੇ ਸੰਨਿਆਸ ਲਿਆ। ਜੈਨ ਧਰਮ ਦੇ ਪੰਜ ਮਹਾਵਰਤਾਂ ਵਿਚ ਇਕ ਹੈ ਬ੍ਰਹਮਚਾਰਿਆ, ਜਿਸਦੇ ਤਹਿਤ ਭਿਕਸ਼ੂਆਂ ਨੂੰ ਇਸਤਰੀਆਂ ਵੱਲ ਵੇਖਣ ਦੀ ਮਨਾਹੀ ਹੈ। ਵੇਖਣ ਵਾਲੀ ਗੱਲ ਇਹ ਹੈ



ਕਿ ਕਈ ਵਾਰ ਧਰਮ ਜਿਸ ਗੱਲ ਦੀ ਇਜ਼ਾਜ਼ਤ ਦਿੰਦਾ ਹੈ ਨੈਤਿਕਤਾ ਸਾਨੂੰ ਉਸ ਤਰ੍ਹਾਂ ਕਰਨ ਤੋਂ ਰੋਕਦੀ ਹੈ। ਪ੍ਰੰਤੂ ਇਸ ਪਖੰਡ ਨੂੰ ਸਮਝਣ ਦੇ ਲਈ ਸਾਨੂੰ ਕਈ ਸਦੀਆਂ ਲਾਉਣੀਆਂ ਪਈਆਂ। ਅੱਜ ਕਿਸੇ ਔਸਤ ਸਿੱਖਿਅਤ ਪਰਿਵਾਰ ਦੇ ਲਈ ਕਲਪਨਾ ਹੋਵੇਗੀ ਕਿ ਕੋਈ ਮਾਤਾ ਪਿਤਾ ਸਵਰਗ ਦੀ ਇੱਛਾ ਕਾਰਨ ਆਪਣੀਆਂ ਕੰਨਿਆਵਾਂ ਨੂੰ ਨਰਕ ਵਿਚ ਸੁੱਟ ਸਕਦੇ ਹਨ ਪਰ ਅੱਜ ਵੀ ਪੱਛੜੇ ਇਲਾਕੇ ਹਨ। ਜਿਥੇ ਕੁਝ ਲੋਕਾਂ ਲਈ ਅਜਿਹਾ ਕਰਨਾ ਧਰਮ ਦਾ ਕਾਰਜ ਬਣਿਆ ਹੋਇਆ ਹੈ। ਭਾਰਤ ਵਿਚ ਕਾਮਸੂਤਰ ਨੈਤਿਕਤਾ ਦੀ ਜਕੜ ਨਾਲ ਕਾਮ ਸੁੱਖ ਨੂੰ ਮੁਕਤ ਕਰਨ ਦਾ ਰਸਤਾ ਹੈ, ਹਾਲਾਂਕਿ ਇਹ ਨੈਤਿਕਤਾ ਕੇਵਲ ਸਤਹੀਂ ਹੈ। ਦੂਜੇ ਪਾਸੇ ਪੱਛਮੀ ਸਮਾਜਾਂ ਵਿਚ, ਜਿੱਥੇ ਸੈਕਸ ਦੇ ਨਾਂ ਤੇ ਆਮ ਜੀਵਨ, ਟੀ. ਵੀ. ਚੈਨਲਾਂ ਅਤੇ ਇੰਟਰਨੈੱਟ ਸਾਇਟਾ 'ਚ ਪਾਗਲਪਨ ਦਿਖਾਈ ਦੇਣ ਲੱਗਾ ਹੈ। ਕਾਮਸੂਤਰ ਦਾ ਕੰਮ ਲੋਕਾਂ ਨੂੰ ਸੰਭੋਗ ਤੋਂ ਬਚਾਉਣ ਦਾ ਹੈ। ਸਵਾਲ ਇਹ ਵੀ ਹੈ ਕਿ ਨੈਤਿਕਤਾ ਦੇ ਅਰਥ ਕੇਵਲ ਸਬੰਧਾਂ ਤੱਕ ਹੀ ਸੀਮਿਤ ਨਹੀਂ। ਨਿਤਸ਼ੇ ਦੇ ਇਸ ਕਥਨ ਨੂੰ ਦੇਖਿਆ ਜਾ ਸਕਦਾ ਹੈ ਕਿ ਨੈਤਿਕਤਾ ਸਮਾਜ ਵਿਚ ਦੋ ਵਰਗਾਂ ਵਿਚ ਵੰਡੀ ਹੋਈ ਹੁੰਦੀ ਹੈ। ਮਾਲਿਕ ਅਤੇ ਗੁਲਾਮ। ਇਨ੍ਹਾਂ ਵਰਗਾਂ ਨੂੰ ਉੱਚਾ-ਨੀਵਾਂ, ਦਲਿਤ-ਬ੍ਰਾਹਮਣ। ਨੈਤਿਕਤਾ ਦੇ ਸੰਬੰਧ ਵਿਚ ਸਾਨੂੰ ਇਹ ਵੀ ਚੇਤੇ ਰੱਖਣਾ ਪਵੇਗ ਕਿ ਵਿਹਾਰਕ ਨਜ਼ਰੀਏ ਤੋਂ ਉਸਦ ਸਰੂਪ ਬਦਲਦਾ ਰਹਿੰਦਾ ਹੈ।

## ਇਸਾਈ ਨੈਤਿਕਤਾ ਅਤੇ ਅਧੁਨਿਕਤਾ/ -ਜੋਸੇਫ਼ ਗਾਥਿਆ

ਇਸਾਈ ਨੈਤਿਕਤਾ ਦਾ ਵਰਤਮਾਨ ਸਰੂਪ ਅਨੇਕ ਕਾਲ ਖੰਡਾਂ ਤੋਂ ਹੋ ਕੇ ਲੰਘਦਾ ਹੈ। ਪਹਿਲਾਂ ਕਾਲ ਖੰਡ ਸ਼ਹਾਦਤ ਦੁਆਰਾ ਚਰਚ ਦੀ ਬੁਨਿਆਦ ਰੱਖਣ ਅਤੇ ਮਸੀਹੀ ਜੀਵਨ ਜੀਉਣ ਦੇ ਅਧਾਰਾ ਦਾ ਮਾਪਦੰਡ ਤਹਿ ਕਰਨ ਵਾਲ ਕਾਲਖੰਡ ਮੰਨਿਆ ਜਾਂਦਾ ਹੈ ਜਿਸ 'ਚ ਗ੍ਰੀਕ ਰੋਮਨ ਸਭਿਆਤਾ ਦੀ ਡੂੰਘਾ ਪ੍ਰਭਾਵ ਸੀ। ਇਸ ਕਾਲ ਵਿਚ ਚਰਚ ਦਾ ਵਿਸਥਾਰ ਭੂਮੱਧ ਸਾਗਰ ਅਤੇ ਰੋਮਨ ਸਮਾਜ ਦੀਆਂ ਹੱਦਾਂ ਤੱਕ ਸੀਮਿਤ ਸੀ। ਇੱਕਾ ਦੁਕ ਥਾਵਾਂ ਜਿਵੇਂ ਪੂਰਬ 'ਚ ਸੀਰੀਆ ਜਾਂ ਭਾਰਤ ਵਿਚ ਕਾਲੀਕਟ ਇਸਾਈਅਤ ਦੇ ਕੇਂਦਰ ਬਣੇ। ਗ੍ਰੀਕ-ਰੋਮਨ ਸੰਸਕ੍ਰਿਤੀ ਸਮਾਨਤਾ ਅਤੇ ਬ੍ਰਾਹਮਣਵਾਦ ਦੇ ਕਾਰਨ ਇਸਾਈ ਨੈਤਿਕਤਾ ਦੇ ਬੀਜਾਂ ਨੂੰ ਪੁੰਗਰਨ ਲਈ ਉਪਜਾਊ ਧਰਤੀ ਮੌਜੂਦ ਸੀ। ਇਸਾ ਮਸੀਹ ਦੇ ਭਗਤਾਂ ਵਲੋਂ ਆਰੰਭਕ ਚਰਚ ਦੀ ਸਥਾਪਨਾ। ਇਸ ਕਾਲ ਦੀ ਇਸਾਈ ਨੈਤਿਕਤਾ ਆਦਮ ਤੇ ਹਵਾ ਦੇ ਪਹਿਲੇ ਸਹਿਵਾਸ ਦੇ ਇਰਦ ਗਿਰਦ ਘੁੰਮਦੀ ਹੈ। ਰੋਮਨ ਸਾਮਰਾਜ ਵਲੋਂ ਇਸਾਈਅਤ ਤੇ ਪਬੰਧੀ ਅਤੇ ਅੱਤਿਆਚਾਰ ਦੇ ਸਮੇਂ 'ਚ ਸਥਾਨਿਕ ਪ੍ਰਤੀਨਿਧੀਆਂ ਦੀ ਨਿਯੁਕਤੀ ਕੀਤੀ ਗਈ। ਇਹ ਕੰਮ ਚੋਰੀ ਕੀਤਾ ਜਾਂਦਾ ਸੀ। ਕਿਉਂਕਿ ਰੋਮਸ ਰਾਜੇ ਇਸਾਈ ਨੈਤਿਕਤਾ 'ਚ ਆਪਣੇ ਭੋਗ-ਵਿਲਾਸ ਅਤੇ ਸੁਖ ਸਹੂਲਤਾ ਦਾ ਅੰਤ ਦੇਖਦੇ ਸਨ। ਇਸ ਕਾਲ ਵਿਚ ਨੈਤਿਕਤਾ ਦਾ ਸਿਧਾਂਤ ਚਰਚ ਦੇ ਮੁੱਠੀ ਭਰ ਆਗੂਆਂ ਵਲੋਂ ਕੀਤਾ ਜਾਂਦਾ ਸੀ। ਜਿਹੜੀ ਅੱਗੇ ਚੱਲ ਕੇ ਬਹੁਤ ਵੱਡੀ ਦੀਵਾਰ ਖੜੀ ਹੋ ਗਈ। ਇਸ ਕਾਲ 'ਚ ਮੱਠ ਵਿਚ ਜਾਣ ਵਾਲੇ ਪਾਦਰੀ ਵਿਆਹ ਕਰਵਾ ਸਕਦੇ ਸਨ ਅਤੇ ਘਰੇਲੂ ਜੀਵਨ ਬਤੀਤ ਕਰਦੇ ਸਨ। ਪ੍ਰੰਤੂ ਛੇਤੀ ਹੀ ਇਸ ਦੇ ਮਾੜੇ ਨਤੀਜੇ ਸਾਹਮਣੇ ਆਉਣ ਲੱਗੇ। ਹੌਲੀ ਹੌਲੀ ਲੋਕ ਉਨ੍ਹਾਂ ਮੱਠਾਂ ਨੂੰ ਮਾਨਤਾ ਦੇਣ ਲੱਗੇ ਜਿੱਥੇ ਪਾਦਰੀ ਸਾਰਾ ਜੀਵਨ ਵਿਆਹ ਨਾ ਕਰਵਾ ਕੇ ਸਾਰਾ ਜੀਵਨ ਪ੍ਰਭੂ ਦੀ ਸੇਵਾ ਕਰਦੇ ਸਨ। ਇਸ ਕਾਲ ਦੀ ਤੀਜੇ ਸਟੇਜ ਇਹ ਸੀ ਜਿਸ ਵਿਚ ਚਰਚ ਤੇ ਰਾਜ ਨਾਲ ਰਿਸ਼ਤੇ ਪੱਕਾ ਹੋਣ ਲੱਗਾ। ਉਦੋਂ ਤੱਕ ਰੋਮਨ ਰਾਜੇ ਪੂਰੀ ਤਰ੍ਹਾਂ ਇਸਾਈਅਤ ਦੇ ਰੰਗ ਵਿਚ ਰੰਗਿਆ ਜਾ ਚੁੱਕਾ ਸੀ। ਇਸ ਕਾਲ ਵਿਚ ਇਸਾਈ ਸਿਧਾਂਤਾਂ ਦੀ ਵਿਆਖਿਆ ਕਰਨ ਲਈ ਚਰਚ ਕੌਂਸਲਾ ਦੀ ਸਥਾਪਨਾ ਕੀਤੀ ਗਈ। ਨਾਲ ਹੀ ਧਾਰਮਿਕ ਦਰਸ਼ਕ ਦਾ ਸਾਹਿਤ ਦੀ ਸਿਰਜਣਾ ਕੀਤੀ ਗਈ। ਇਸ ਦੌਰਾਨ ਪੋਪ ਸ਼ਕਤੀ ਦੇ ਰੂਪ ਵਿਚ ਉਭਰਨ ਲੱਗਾ। ਧਾਰਮਿਕ,

ਸਮਾਜਿਕ ਤੇ ਰਾਜਨੀਤਿਕ ਮਸਲਿਆਂ ਤੇ ਆਮ ਆਦਮੀ ਪੋਪ ਦੀ ਸਲਾਹ ਨੂੰ ਨੈਤਿਕ ਆਦੇਸ਼ ਮੰਨਣ ਲੱਗੀ। ਇਕ ਸਮੇਂ ਵਿਚ ਚਰਚ ਤੇ ਰਾਜ ਦੇ ਹਿੱਤ ਟਕਰਾਉਣ ਲੱਗ ਪਏ। ਬੁੱਧੀਜੀਵੀ ਵਰਗ ਧਰਮ ਤੇ ਨਾਗਰਿਕ ਨੂੰ ਵੱਖਰਾ ਕਰਨ ਲੱਗਾ। ਬਾਈਬਲ ਵਿਚ ਇਹ ਵੀ ਲਿਖਿਆ ਹੈ ਕਿ ਪਰਮੇਸ਼ਵਰ ਉਸ ਵੱਲ ਹੈ ਜਿਹੜੇ ਗਰੀਬ ਹਨ ਜਿਨ੍ਹਾਂ ਨੂੰ ਤੰਗ ਕੀਤਾ ਜਾ ਰਿਹਾ ਹੈ। ਨਾਲ ਹੀ ਬਾਈਬਲ ਇਹ ਵੀ ਕਹਿੰਦੀ ਹੈ ਕਿ ਜਿਸਦੇ ਕੋਲ ਸ਼ਕਤੀ ਹੈ ਉਸ ਨੂੰ ਉਸ ਦੀ ਵਰਤੋਂ ਗਰੀਬਾਂ ਦੇ ਪੱਖ ਵਿਚ ਕਰਨੀ ਚਾਹੀਦੀ ਹੈ। ਇਸਾਈ ਨੈਤਿਕਤਾ 'ਚ ਦੋ ਬਿੰਦੂਆਂ ਤੇ ਬਹੁਤ ਜ਼ੋਰ ਦਿੱਤਾ ਗਿਆ, "ਤੁਸੀਂ ਲੋਕਾਂ ਨੇ ਸੁਣਿਆ ਹੈ ਕਿ ਪੂਰਵਜਾ ਤੋਂ ਕਿਹਾ ਗਿਆ ਹੈ ਹੱਤਿਆ ਨਾ ਕਰੋ। ਪਰੰਤੂ ਮੈਂ ਤੁਹਾਨੂੰ ਕਹਿੰਦਾ ਹਾਂ ਜਿਹੜੇ ਆਪਣੇ ਭਰਾ ਤੇ ਵੀ ਕ੍ਰੋਧ ਕਰਦੇ ਹਨ ਉਹ ਵੀ ਦੰਡ ਦੇ ਕਾਬਲ ਹੋਣਗੇ।(ਸੇਂਟ ਮੈਥਿਊ 5.21)

ਸੈਕਸ ਦੇ ਮਸਲੇ ਤੇ ਇਸਾਈ ਨੈਤਿਕਤਾ ਇਸਤਰੀ / ਪੁਰਸ਼ ਦੇ ਸੰਬੰਧਾਂ ਨੂੰ ਪਵਿੱਤਰਤਾ ਉੱਤੇ ਅਧਾਰਿਤ ਮੰਨਦੀ ਹੋਈ ਉਸਦਾ ਦਾ ਲਾਭ ਸੰਤਾਨ ਪੈਦਾ ਕਰਨ ਲਈ ਮੰਨਦੀ ਹੋਈ ਉਸ ਦੀ ਵਰਤੋਂ ਬੱਚੇ ਪੈਦਾ ਕਰਨ ਦੇ ਲਈ ਕਰਨਾ ਪ੍ਰਮੇਸ਼ਵਰ ਦੇ ਪ੍ਰਤਿ ਕਰਤੱਵ ਦਾ ਪਾਲਣ ਸਮਝਦੀ ਹੈ। ਸੈਕਸ ਮਹਿਜ ਸਰੀਰਕ ਆਨੰਦ ਦਾ ਸਾਧਨ ਨਹੀਂ ਅਤੇ ਨਾ ਹੀ ਇਹ ਸ਼ਰਮਨਾਕ ਕਾਰਜ ਹੈ। ਜੀਜਸ ਦੀਆਂ ਸਿੱਖਿਆਵਾਂ ਵਿਚ ਵਿਅਕਤੀ ਨੂੰ ਮਾਨਸਿਕ ਪਾਪ ਤੋਂ ਵੀ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਪੋਰਨੋਗ੍ਰਾਫੀ ਦੇ ਵਿਰੋਧ ਦਾ ਕ੍ਰਿਸ਼ੀਅਨ ਅਧਾਰ ਵੀ ਇਹੀ ਹੈ। ਸਮਲਿੰਗਗਤਾ ਅਤੇ ਪਰਾਈ ਇਸਤਰੀ ਨਾਲ ਸੰਬੰਧਾਂ ਨੂੰ ਇਸਾਈ ਮਾਨਤਾ ਨਹੀਂ ਦਿੰਦਾ। ਹਲਾਕਿ ਕੁਝ ਇਸਾਈ ਸਮੂਹ ਸੈਕਸ ਸੰਬੰਧੀ ਨੈਤਿਕ ਮਾਪਦੰਡਾਂ 'ਚ ਬਦਲਾਵ ਦੇ ਹਾਮੀ ਹਨ। 18 ਵੀਂ ਸਦੀ ਵਿਚ ਇਸਾਈ ਨੈਤਿਕਤਾ 'ਤੇ ਬਹੁਤ ਬਹਿਸ ਚੱਲੀ। ਉਸ ਸਮੇਂ ਨੈਤਿਕ ਪੱਤਣ ਇਸ ਹੱਦ ਤੱਕ ਹੋ ਚੁੱਕਾ ਸੀ। 1738 'ਚ ਬਿਸ਼ਪ ਬਰਕਲੇ ਨੇ ਕਿਹਾ ਕਿ ਇੰਗਲੈਂਡ 'ਚ ਨੈਤਿਕਤਾ ਅਤੇ ਧਰਮ ਦਾ ਸਤਿਆਨਾਸ਼ ਹੋ ਚੁੱਕਾ ਸੀ। ਚਰਚ ਨੇ ਨੈਤਿਕਤਾ ਨੂੰ ਲਾਗੂ ਕਰਨ ਦੀ ਮੁਹਿਮ ਚਲਾਈ। ਜਿਸ ਵਿਚ ਬ੍ਰਾਹਮਚਾਰੀ ਜੀਵਨ ਬਤੀਤ ਕਰਨਾ, ਵਿਆਹੇ ਲੋਕਾਂ ਨੂੰ ਆਪਣੇ ਸਾਥੀ ਦੇ ਪ੍ਰਤੀ ਸੈਕਸ ਦੇ ਮਸਲੇ 'ਤੇ ਇਮਾਨਦਾਰ ਰਹਿਣਾ ਪ੍ਰਮੁੱਖ ਬਿੰਦੂ ਸਨ। ਇਕ ਸਮਾਂ ਇਹ ਵੀ ਆਇਆ ਜਦੋਂ ਚਰਚ ਵਿਚ ਪੈਰ ਵੀ ਕੱਪੜੇ ਨਾਲ ਢੱਕ ਕੇ ਜਾਂਦੇ ਸਨ। ਔਰਤਾਂ ਪੂਰੀ ਤਰ੍ਹਾਂ ਕੱਪੜੇ ਨਾਲ ਸਰੀਰ ਢਕ ਕੇ ਚਰਚ ਆਉਂਦੀਆਂ ਸਨ ਅਤੇ ਅੰਗਰੇਜ਼ੀ ਵਿਚ ਚਾਰ ਅੱਖਰਾਂ ਵਾਲਾ ਸ਼ਬਦ ਫ... ਪੂਰਾ ਨਹੀਂ ਲਿਖਿਆ ਜਾਂਦਾ ਸੀ। ਇਸ ਦਾ ਵਿਰੋਧ ਵੀ ਹੋਇਆ। ਵਿਚਾਰਕ ਰੋਬਰਟ ਓਵਟ ਨੇ ਵਿਆਹ ਵਰਗੀ ਸੰਸਥਾ ਦਾ ਹੀ ਵਿਰੋਧ ਕਰ ਦਿੱਤਾ। ਉਸ ਨੇ ਮਾਨਵ ਜਾਤੀ ਦੀਆਂ ਤਿੰਨ ਬੁਰਾਈਆਂ-ਨਿੱਜੀ ਜਾਇਦਾਦ, ਤਰਕਹੀਣ ਧਰਮ ਅਤੇ ਵਿਆਹ ਤੋਂ ਲੋਕਾਂ ਨੂੰ ਬਚਾਉਣ ਦੀ ਲੋੜ ਹੈ। ਇਸ ਤਰ੍ਹਾਂ ਇਸਾਈ ਨੈਤਿਕਤਾ ਦੇ ਖਿਲਾਫ਼ ਐਨੀ ਬੇਸੈਂਟ ਨੇ ਝੰਡਾ ਚੁੱਕਿਆ। 1960 ਦੇ ਨੇੜੇ ਤੇੜੇ ਨਿਰੋਧ ਦੀ ਇਜ਼ਾਦ ਅਤੇ ਟੈਲੀਵੀਜ਼ਨ ਦੇ ਪ੍ਰਭਾਵ ਨਾਲ ਸੈਕਸ ਸੰਬੰਧੀ ਨਵੇਂ ਵਿਚਾਰ ਤੇਜੀ ਨਾਲ ਮੁੱਖ ਧਾਰਾ ਵਿਚ ਆਉਣ ਲੱਗੇ। 1970 ਦੇ ਦਹਾਕੇ ਦੀ ਸਥਿਤੀ ਇਹ ਸੀ ਕਿ ਯੂਰਪ ਅਤੇ ਅਮਰੀਕਾ ਵਿਚ 14 ਸਾਲ ਦੀ ਲੜਕੀ ਆਪਣੇ ਆਪ ਨੂੰ ਕੁਆਰੀ ਰੱਖਣ ਨੂੰ ਲੈ ਕੇ ਪਿਛਾਂਹ ਖਿੱਚੂ ਸਮਝਣ ਲੱਗ ਪਈ। ਉਸ ਸਮੇਂ ਬਾਰੇ ਵਿਲੀਅਮ ਲਿਖਦੇ ਹਨ, "ਉਨ੍ਹਾਂ ਦਿਨ੍ਹਾਂ ਵਿਚ ਖੁੱਲ੍ਹੇ ਯੌਨ ਸੰਬੰਧ ਦੀ ਵਕਾਲਤ ਕਰਨ ਵਾਲਿਆਂ ਨੂੰ ਟੈਲੀਵੀਜ਼ਨ ਅਤੇ ਰੇਡੀਓ ਉੱਤੇ ਬਹੁਤ ਸਮਾਂ ਦਿੱਤਾ ਜਾਂਦਾ ਸੀ ਅਤੇ ਸੈਕਸ ਦੇ ਸਬੰਧ ਵਿਚ ਰਵਾਇਤੀ ਵਿਚਾਰ ਰੱਖਣ ਵਾਲੇ ਦੇ ਲਈ ਬੀ ਬੀ ਸੀ ਦੇ ਦਰਵਾਜ਼ੇ ਤਕਰੀਬਨ ਬੰਦ ਸਨ। ਨੈਤਿਕ ਸੱਤਾ ਨੂੰ ਚੁਣੌਤੀ ਦੇਣੀ ਉਸ ਦੀ ਪਹਿਲ ਸੀ।

ਅੱਜ ਇੱਕੀਵੀਂ ਸਦੀ ਦੇ ਆਰੰਭ ਵਿਚ ਤਾਂ ਜਿਵੇਂ ਬੰਨ੍ਹ ਦੇ ਫਾਟਕ ਹੀ ਖੁੱਲ੍ਹ ਗਏ ਹਨ। ਅੱਜ ਬਾਈਬਲ ਅਧਾਰਿਤ ਇਸਾਈ ਨੈਤਿਕਤਾ ਨੂੰ ਆਮ ਜੀਵਨ ਤੋਂ, ਮੀਡੀਆ, ਸਿੱਖਿਆ ਅਤੇ ਇਥੋਂ ਤੱਕ



ਚਰਚ ਦੀਆਂ ਸਿੱਖਿਆਵਾਂ ਚੋਂ ਵੀ ਕੱਢ ਦਿੱਤਾ ਗਿਆ ਹੈ। ਪ੍ਰੰਤੂ ਕੈਥੋਲਿਕ ਚਰਚ ਅੱਜ ਵੀ ਇਹ ਮੰਨਦਾ ਹੈ ਕਿ ਖੁੱਲ੍ਹੇ ਯੌਨ ਸੰਬੰਧਾਂ ਦੇ ਅਧੀਨ ਕੀਤਾ ਗਿਆ ਸੈਕਸ ਜਾਨਵਰ ਦੀ ਉਤੇਜਨਾ ਤੋਂ ਇਲਾਵਾ ਹੋਰ ਕੁਝ ਨਹੀਂ। ਇਸ ਨਾਲ ਜੁੜਿਆ ਹੈ ਪਬਲਿਕ ਅਤੇ ਨਿੱਜੀ ਨੈਤਿਕਤਾ ਦਾ ਸਵਾਲ। ਜਾਨ ਸਟੂਅਰਟ ਮਿੱਲ ਨੇ ਇਹ ਵਿਚਾਰ ਪਹਿਲਾਂ ਸਾਹਮਣੇ ਰੱਖਿਆ ਬਾਅਦ ਵਿਚ ਅਮਰੀਕਾ ਦੇ ਕਈ ਇਸਾਈ ਵਰਗਾਂ ਨੇ ਇਸ ਨੂੰ ਅਪਣਾ ਲਿਆ। ਫਿਰ ਇਸਾਈ ਧਰਮ ਸ਼ਾਸਤਰੀਆਂ ਨੇ ਇਸਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਪਬਲਿਕ ਅਤੇ ਪ੍ਰਾਈਵੇਟ ਨੈਤਿਕਤਾ ਨਾਲ ਕੇਵਲ ਸਮਾਂ ਅਤੇ ਸਥਾਨ ਦਾ ਅੰਤਰ ਹੋ ਸਕਦਾ ਹੈ। ਅੱਜ ਇਸਾਈ ਸਮਾਜ ਵਿਚ ਤਿੰਨ ਪ੍ਰਮੁੱਖ ਮੁੱਦੇ ਹਨ ਜਿੱਥੇ ਨੈਤਿਕਤਾ ਦਾ ਸੰਕਟ ਸਾਫ਼ ਨਜ਼ਰ ਆਉਂਦਾ ਹੈ। ਮੁਢਲੇ ਜੀਵਨ ਅਤੇ ਸਮਾਜ ਨਾਲ ਜੁੜੇ ਸਵਾਲ ਹਨ ਜਿਸ ਵਿਚ ਗਰਭਪਾਤ, ਇੱਛਾ ਨਾਲ ਮੌਤ, ਮਾਨਵ ਕਲੋਨਿੰਗ ਆਦਿ ਪ੍ਰਮੁੱਖ ਹਨ। ਦੂਜਾ ਮੁੱਦਾ ਵਿਚਾਰਾਂ ਦੇ ਪ੍ਰਗਟਾਵੇ ਨਾਲ ਸੰਬੰਧਤ ਹੈ ਜਿਸ ਵਿਚ ਸੈਸਰਸ਼ਿੱਪ, ਪੋਰਨੋਗ੍ਰਾਫੀ, ਨਸਲਵਾਦ ਵਰਗੀਆਂ ਜਟਿਲ ਸਮੱਸਿਆਵਾਂ ਹਨ ਅਤੇ ਤੀਜਾ ਮੁੱਦਾ ਪਰਿਵਾਰ, ਸੈਕਸ ਅਤੇ ਵਿਆਹ ਨੂੰ ਲੈ ਕੇ ਹੈ। ਪਿਛਲੇ ਦੋ ਦਹਾਕਿਆਂ ਤੋਂ ਇਸਾਈ ਨੈਤਿਕਤਾ ਮਲਬੇ ਦੇ ਢੇਰ ਵਿਚ ਬਦਲ ਗਈ ਹੈ ਅਤੇ ਸੰਗਠਿਤ ਚਰਚ ਤਾਂ ਬਸ ਹੁਣ ਇਸ ਢੇਰ ਤੇ ਕਬਜਾ ਕਰ ਲੈਣ ਦਾ ਆਨੰਦ ਲੈ ਰਹੇ ਹਨ।

## ਬੁੱਧ ਧਰਮ ਵਿਚ ਨੈਤਿਕਤਾ/ -ਆਨੰਦ ਸ੍ਰੀਕ੍ਰਿਸ਼ਨ

ਤਥਾਗਤ ਬੁੱਧ, ਉਸਦਾ ਜੀਵਨ ਅਤੇ ਉਸਦਾ ਧਰਮ ਨੈਤਿਕਤਾ ਦਾ ਜਾਮਨ ਹੈ। ਬੁੱਧ ਦੇ ਦਰਸ਼ਨ ਵਿਚ ਪਾਖੰਡ ਅਤੇ ਕੁਕਰਮ ਲਈ ਥਾਂ ਕੇਵਲ ਸਦਾਚਾਰ ਦਾ ਵਿਹਾਰ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤ ਵਿਚ ਬੁੱਧ ਧਰਮ ਹੀ ਪਹਿਲਾ ਨੈਤਿਕਤਾ-ਅਧਾਰਿਤ ਧਰਮ ਹੈ। ਨਾਲ ਹੀ ਇਹ ਵੀ ਕਿ ਬੁੱਧ ਦੇ ਧੰਮ 'ਚ ਸ਼ੀਲ ਭਾਵ ਕਿ ਨੈਤਿਕਤਾ ਦਾ ਸਥਾਨ ਓਨਾ ਹੀ ਮਹੱਤਵਪੂਰਨ ਹੈ ਜਿਨਾਂ ਵਿਗਿਆਨਕ ਦ੍ਰਿਸ਼ਟੀਕੋਣ ਦਾ। ਇਸ ਨੂੰ ਬੁੱਧ ਦੀ ਕੁਸ਼ਲਤਾ ਦੇ ਰੂਪ ਵਿਚ ਨਹੀਂ ਦੇਖਣਾ ਚਾਹੀਦਾ ਬਲਕਿ ਉਸ ਦੀ ਕਹਿਣੀ ਤੇ ਕਰਨੀ ਦੇ ਰੂਪ ਵਿਚ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਗੌਤਮ ਬੁੱਧ ਦੇ ਪੰਚ ਸ਼ੀਲ ਦੇ ਸਿਧਾਂਤ ਉਸਦੀ ਇਸੇ ਨੈਤਿਕਤਾ ਦਾ ਸ਼ੀਸ਼ਾ ਹੈ।

ਨੈਤਿਕਤਾ ਦੇ ਪੰਜਾਂ ਸਿਧਾਂਤਾ ਦੀ ਅਸੀਂ ਅੱਗੇ ਚਲ ਕੇ ਚਰਚਾ ਕਰਾਗੇ। ਪਹਿਲਾਂ ਅਸੀਂ ਦੇਖੀਏ ਕਿ ਕੀ ਬੁੱਧ ਨਿੱਜੀ ਜੀਵਨ ਨੂੰ ਨੈਤਿਕਤਾ 'ਚਸ ਬੰਨ੍ਹਦਾ ਹੈ। ਆਮ ਤੌਰ ਹੁੰਦਾ ਇਹ ਹੈ ਕਿ ਦੂਜੇ ਨੂੰ ਸੰਦੇਸ਼ ਦਿੱਤਾ ਜਾਂਦਾ ਹੈ ਆਪਣੀਆਂ ਜੜ੍ਹਾਂ ਗਾਰ ਵਿਚ ਫਸੀਆਂ ਰਹਿੰਦੀਆਂ ਹਨ। ਬੁੱਧ ਦੇ ਆਲੇ ਦੁਆਲੇ ਵਿਚ ਅਜਿਹੇ ਲੋਕਾਂ ਦੀ ਸੰਖਿਆ ਹੋਵੇਗੀ? ਸਿਧਾਰਥ ਨੇ ਆਪਣੇ ਜੀਵਨ ਨੂੰ ਹੀ ਇਕ ਅਜਿਹਾ ਮੀਲ ਪੱਥਰ ਬਣਾਇਆ ਕਿ ਲੋਕਾਂ ਵਿਚ ਸਦਾਚਾਰ ਅਤੇ ਨੈਤਿਕਤਾ ਨੂੰ ਵਿਹਾਰ ਵਿਚ ਢਾਲਣਾ ਦੀ ਭਾਵਨਾ ਵਧੀ।

ਸੁਖੀ ਵਿਆਹੁਤਾ ਅਤੇ ਰਾਜਸ਼ੀ ਜੀਵਨ ਦੇ ਬਾਵਜੂਦ ਸਿਧਾਰਥ ਚਿੰਤਨ-ਮਨਨ ਕਰਦੇ ਰਹਿੰਦੇ ਸੀ ਕਿ ਆਖਿਰ ਦੁਨੀਆਂ ਵਿਚ ਐਨੇ ਦੁੱਖ ਕਿਓਂ ਹਨ? ਕਿਓਂ ਤਾਕਤਵਾਰ ਲੋਕ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ? ਕਿਉਂ ਉਹ ਕੁਕਰਮਾਂ ਵਿਚ ਫਸੇ ਹੋਏ ਹਨ। ਚਿੰਤਨਸ਼ੀਲ ਤੇ ਵਿਚਾਰਮਗਨ ਸਿਧਾਰਥ ਨੂੰ ਦੇਖ ਕੇ ਉਨ੍ਹਾਂ ਦੇ ਪਿਤਾ ਚਿੰਤਤ ਹੋਏ ਕਿ ਕਿਤੇ ਮੇਰਾ ਬੇਟਾ ਸਨਿਆਸੀ ਨਾ ਹੋ ਜਾਵੇ। ਬੁੱਧ ਕਹਿੰਦੇ ਸਨ, "ਇਹ ਜੋ ਤੁਹਾਡਾ ਕਹਿਣਾ ਹੈ ਕਿ ਓਪਰੇ ਮਨ ਨਾਲ ਹੀ ਇਸਤਰੀਆਂ ਨਾਲ ਪਿਆਰ ਕਰਨਾ ਚਾਹੀਦਾ ਹੈ ਚਾਹੇ ਉਸ ਨਾਲ ਪਿਆਰ ਨਾ ਵੀ ਹੋਵੇ। ਇਹ ਕਰਮ ਸਹੀ ਨਹੀਂ। ਮੈਨੂੰ ਵਿਸ਼ਵਾਸ ਹੈ ਕਿ ਆਪ ਮੈਨੂੰ ਇਸ ਰਸਤੇ 'ਤੇ ਚੱਲਣ ਲਈ ਮਜਬੂਰ ਨਹੀਂ ਕਰੋਗੇ।

ਸਿਧਾਰਥ ਸ਼ਾਕਿਆ ਸੰਘ ਦੇ ਮੁੱਖੀ ਸੁਧੋਦਨ ਦੇ ਪੁੱਤਰ ਸਨ। ਕੀ ਇਹ ਸ਼ਾਕਿਆ ਸੰਘ ਆਪਣੇ ਚ੍ਰਤਿਰ

ਤੋਂ ਨੈਤਿਕ ਸੀ? ਮੱਧ ਏਸ਼ੀਆ ਤੋਂ ਆਏ ਹੋਏ ਆਰੀਆ ਵਲੋਂ ਸ਼ੁਰੂ ਕੀਤੀ ਗਈ ਵਰਣ ਵਿਵਸਥਾ ਅਤੇ ਜਾਤੀ ਵਿਵਸਥਾ ਸ਼ਾਕਿਆ ਵਿਚ ਨਹੀਂ ਸੀ। ਸਾਕਿਆ ਦਾ ਆਪਣਾ ਸੰਘ ਸੀ ਅਤੇ ਉਸ ਦੇ ਆਪਣੇ ਕਾਨੂੰਨ ਸਨ। 20 ਸਾਲ ਦੀ ਉਮਰ ਵਿਚ ਹਰ ਬੰਦੇ ਨੂੰ ਸ਼ਾਕਿਆ ਸੰਘ ਵਿਚ ਦੀਖਸ਼ਾ ਲੈਣੀ ਪੈਂਦੀ ਸੀ। ਇਹ ਨਿਯਮ ਸਨ- 1. ਆਪਣੇ ਤਨ, ਮਨ ਅਤੇ ਧਨ ਨਾਲ ਸ਼ਾਕਿਆ ਦੇ ਹਿੱਤਾਂ ਦੀ ਰੱਖਿਆ ਕਰਨੀ।, 2. ਸੰਘ ਦੀਆਂ ਸਭਾਵਾਂ ਵਿਚ ਹਾਜ਼ਰ ਰਹਿਣਾ। , 3. ਬਿਨਾ ਕਿਸੇ ਭੈਅ ਜਾਂ ਪੱਖਪਾਤ ਦੇ ਕਿਸੇ ਵੀ ਸ਼ਾਕਿਆ ਦਾ ਦੋਸ਼ ਖੁੱਲ ਕੇ ਕਹਿਣਾ।, 4. ਦੋਸ਼ ਸਿੱਧ ਹੋਣ ਤੇ ਕ੍ਰੋਧ ਵਿਚ ਨਾ ਆਉਣਾ। ਬਲਕਿ ਆਪਣਾ ਦੋਸ਼ ਸਵੀਕਾਰ ਕਰ ਲੈਣਾ। , 5. ਵਿਭਚਾਰ ਨਾ ਕਰਨਾ।, 6. ਕਿਸੇ ਦੀ ਹੱਤਿਆ ਨਾ ਕਰਨਾ।, 7. ਚੋਰੀ ਨਾ ਕਰਨਾ। , 8. ਝੂਠੀ ਗਵਾਹੀ ਨਾ ਦੇਣਾ। ਅਸੀਂ ਦੇਖ ਸਕਦੇ ਹਾਂ ਕਿ ਸੰਘ ਦੀ ਇਹ ਵਿਵਸਥਾ ਅਤੇ ਨੈਤਿਕਤਾ ਆਧੁਨਿਕ ਲੋਕਤੰਤਰ ਰਾਜ ਨਾਲ ਬਹੁਤ ਮਿਲਦੀ ਜੁਲਦੀ ਹੈ। ਬੁੱਧ ਧਰਮ ਤੇ ਦਰਸ਼ਨ ਵਿਚ ਨੈਤਿਕਤਾ ਇਕ ਅਹਿਮ ਪਹਿਲੂ ਹੈ। ਬੁੱਧ ਦੀਆਂ ਸਾਰੀਆਂ ਸਿੱਖਿਆਵਾਂ ਤੇ ਉਸ ਦਾ ਜੀਵਨ ਇਸ ਦੀ ਗਵਾਹੀ ਭਰਦਾ ਹੈ।

## ਲੀਹ ਪਾੜਨ ਵਾਲੇ ਲੇਖਕ ਬਦਨਾਮ ਹੁੰਦੇ ਨੇ/ -ਮੈਤ੍ਰੀ ਪੁਸ਼ਪ

ਮੇਰੀ ਦ੍ਰਿਸ਼ਟੀ ਤੋਂ 'ਪਿਆਰ' ਅਤੇ 'ਵਿਭਚਾਰ' ਸ਼ਬਦਾਂ ਨੂੰ ਵੱਖ ਵੱਖ ਸਮਝਿਆ ਜਾਵੇ ਤਾਂ ਦੋਵੇਂ ਇਕ ਦੂਜੇ ਦੇ ਵਿਰੋਧੀ ਲੱਗਦੇ ਹਨ। ਪਿਆਰ ਵਿਸ਼ਵਾਸ ਅਤੇ ਇਮਾਨਦਾਰੀ ਨਾਲ ਭਰਿਆ ਸੰਨੇਹ ਹੈ। ਉਥੇ ਵਿਭਚਾਰ' ਧੋਖਾ, ਚੋਰੀ ਅਤੇ ਬੇਈਮਾਨੀ ਹੈ। ਪ੍ਰੰਤੂ ਸਮਾਜ ਦੀ ਤ੍ਰਸਦੀ ਇਹ ਹੈ ਕਿ ਅਕਸਰ ਹੀ ਪ੍ਰੇਮ ਨੂੰ 'ਵਿਭਚਾਰ' ਨਾਲ ਜੋੜ ਦਿੱਤਾ ਜਾਂਦਾ ਹੈ। ਖਾਸ ਤੌਰ ਤੇ ਇਸਤਰੀ-ਪੁਰਸ਼ ਪਿਆਰ ਨੂੰ। 'ਚਾਕ' ਨਾਵਲ ਛਪਣ ਤੋਂ ਬਾਅਦ ਬੜਾ ਰੌਲਾ ਪਿਆ ਸੀ। ਕਿਉਂਕਿ ਮੈਂ ਨਾਇਕਾ ਵਲੋਂ ਲਿਖ ਦਿੱਤਾ ਸੀ-ਇਹ ਵਿਭਚਾਰ ਨਹੀਂ। ਮੇਰਾ ਜਨਮ ਸਿੱਧ ਅਧਿਕਾਰ ਹੈ। -ਪ੍ਰੇਮ ਜਿਹੜਾ ਪ੍ਰੇਮੀ ਦਾ ਸਪਰਸ ਚਾਹੁੰਦਾ ਹੈ। ਉਸਦੇ ਦੁੱਖ ਦਰਦ ਨੂੰ ਛੂਹਣਾ ਚਾਹੁੰਦਾ ਹੈ। ਉਸਨੂੰ ਤਕਲੀਫਾਂ ਤੇ ਹਮਲਿਆ ਤੋਂ ਬਚਾਉਣਾ ਚਾਹੁੰਦਾ ਹੈ। ਕਿਸੇ ਵੀ ਮਰਦ ਦੇ ਅਧਿਕਾਰ ਵਿਚ ਆਉਂਦਾ ਹੈ ਫਿਰ ਇਸਤਰੀ ਦੇ ਹੱਕ ਵਿਚ ਕਿਓ ਨਹੀਂ? ਇਹ ਵੰਡ ਕਿਵੇਂ ਹੋਵੇ? ਮਾਪਦੰਡ ਕੀ ਹਨ? ਕੀ ਉਹ ਲਕੀਰ ਜਿਹੜੀ ਮਰਦ ਵਿਵਸਥਾ ਨੇ ਖਿੱਚੀ ਹੋਈ ਹੈ, ਪਤੀ ਦੇ ਘਰ ਦੇ ਆਸ ਪਾਸ, ਬਸ। ਇਹ ਸੀਤਾ ਸਿਧਾਂਤ ਹੈ, ਪਰ ਸੀਤਾ ਨੇ ਵੀ ਇਸ ਨੂੰ ਨਹੀਂ ਮੰਨਿਆ। ਲਛਮਣ ਰੇਖਾ ਲੰਘ ਹੀ ਗਈ।

'ਹਾਸ਼ੀਏ ਦੇ ਵਰਗ' ਸੱਚ ਜਾਣਿਓ ਮੈਂ ਇਸ ਸ਼ਬਦ ਤੋਂ ਸਾਹਿਤ 'ਚ ਆਉਣ ਤੋਂ ਬਾਅਦ ਬਹੁਤ ਦਿਨ੍ਹਾਂ ਤੱਕ ਜਾਣੂ ਨਹੀਂ ਹੋ ਸਕੀ। ਬਸ ਇਕ ਜੀਵਨ ਸੀ ਮੇਰਾ (ਇਸਤਰੀ ਦਾ) ਇਕ ਜ਼ਿੰਦਗੀ ਸੀ ਏਦਲੱਲਾ ਦੀ, ਮੇਰਾ ਬਚਪਨ ਦੇ ਮਿੱਤਰ ਦੀ। ਅਸੀਂ ਦੋਵੇਂ ਬਸਤੇ ਮੋਢਿਆ 'ਤੇ ਰੱਖ ਕੇ ਸਕੂਲ ਜਾਂਦੇ ਸੀ। ਕੁਝ ਵੱਡੇ ਘਰਾਂ ਦੇ ਲੜਕੇ ਮੇਰਾ ਸਰੀਰ ਛੂਹਦੇ, ਮੈਨੂੰ ਛੇੜਦੇ, ਚੂੰਡੀਆਂ ਵੱਢਦੇ, ਇਕੱਲੀ ਨੂੰ ਘੇਰਦੇ। ਅਤੇ ਏਦਲੱਲਾ ਦੀ ਪਿੱਠ ਤੇ ਆਪਣੇ ਸਾਰੇ ਬਸਤੇ ਲੱਦ ਦਿੰਦੇ ਫਿਰ ਉਸ ਨੂੰ ਗਧੇ ਵਾਂਗ ਹੱਕਦੇ। ਅਸੀਂ ਦੋਵੇਂ ਚੁੱਪ ਚਾਪ ਰੋਂਦੇ। ਉਦੋਂ ਲੱਗਦਾ ਏਦਲਲਾ ਮੇਰਾ ਸਾਥੀ ਹੈ। ਹੁਣ ਲੱਗਦਾ ਹੈ ਕਿ ਸਾਡੀ ਦੋਹਾਂ ਦੀ ਪੀੜ ਸਾਂਝੀ ਹੈ। ਹੁਣ ਸੋਚਦੀ ਹਾਂ ਕਿ ਏਦਲੱਲਾ ਦੀ ਜਾਤੀ ਨੇ ਉਸ ਨੂੰ ਭਾਰ ਢੋਹਣ ਲਈ ਪੇਸ਼ ਕੀਤਾ ਅਤੇ ਮੇਰੇ ਸਰੀਰ 'ਤੇ ਮੁੰਡਿਆਂ 'ਤੋਂ ਨੂੰ ਕਾਮੁਕ ਹਮਲੇ ਕਰਨ ਦੀ ਖੁੱਲ੍ਹ ਸੀ। ਕੀ ਇਹ ਦਲਿਤ ਅਤੇ ਨਾਰੀ ਸ਼ੋਸ਼ਣ ਸੀ? ਅਸੀਂ ਸ਼ੋਸ਼ਣ ਤਾਂ ਨਹੀਂ ਜਾਣਦੇ ਸੀ। ਮੈਂ ਤੇ ਏਦਲੱਲਾ ਸੱਚੇ ਮਿੱਤਰ ਬਣੇ। ਹਰਹਰ ਦੇ ਖੇਤਾਂ 'ਚ ਇਕ ਦੂਜੇ ਨਾਲ ਲੱਗ ਕੇ ਖੜੇ ਰਹਿੰਦੇ। ਮੈਂ ਕੁਝ ਦਿਨ੍ਹਾਂ ਬਾਅਦ ਉਸ ਪੱਤੇ ਤੇ ਮਿੱਟੀ ਦੇ ਡਲ਼ੇ ਦੀ ਕਹਾਣੀ ਪੜ੍ਹੀ ਸੀ ਜਿਸ 'ਚ ਲਿਖਿਆ ਸੀ ਕਿ ਹਨੇਰੀ ਆਈ ਡਲ਼ਾ ਪੱਤੇ 'ਤੇ ਬੈਠ ਗਿਆ, ਪੱਤਾ ਤੂਫ਼ਾਨ ਵਿਚ ਗੁਆਚਣ ਤੋਂ ਬਚ



ਗਿਆ। ਮੀਂਹ ਆਇਆ ਪੱਤਾ ਡਲ਼ੇ ਤੇ ਝੁਕ ਗਿਆ ਤਾਂ ਡਲ਼ਾ ਖੁਰਨ ਤੋਂ ਬਚ ਗਿਆ। ਮੈਨੂੰ ਏਦਲੱਲਾ ਬਹੁਤ ਚੇਤੇ ਆਇਆ। ਜੇਕਰ ਮੈਂ ਪਿਆਰ ਅਤੇ ਸੱਚ ਨੂੰ ਲਿਖ ਦੇਵਾਂ ਤਾਂ ਦਿੱਲੀ ਦੇ ਸਾਹਿਤ ਸਰੋਮਣੀ, ਸਾਹਿਤ ਦੀ ਨੈਤਿਕਤਾ ਦੇ ਪਹਿਰੇਦਾਰ ਮੇਰੇ ਅਤੇ ਏਦਲਲਾ ਦੇ ਸੰਬੰਧਾਂ ਨੂੰ 'ਵਿਭਚਾਰ' ਦੇ ਖਾਤੇ ਵਿਚ ਪਾ ਦੇਣਗੇ ਅਤੇ ਮੈਂ ਇਸ ਬੇਇਜਤੀ ਨੂੰ ਸਹਿ ਨਹੀਂ ਸਕਾਗੀ। ਤੁਸੀਂ ਕਹੋਗੇ, ਅਜਿਹਾ ਕਿਓਂ? ਅਜਿਹਾ ਇਸ ਲਈ ਸਾਡੇ ਵਰਗੇ ਜੀਵਨ ਵਿਚੋਂ ਉਹ ਲੰਘੇ ਨਹੀਂ। ਜਿਹੜੇ ਸਮਕਾਲੀ ਸਾਹਿਤ ਉੱਤੇ ਫਤਵੇ ਦੇਣ ਦੇ ਅਧਿਕਾਰੀ ਬਣੇ ਹੋਏ ਹਨ। ਉਸ ਵਿਚ ਜੇਕਰ ਕੋਈ ਏਦਲੱਲਾ ਹੁੰਦਾ, ਕੋਈ ਮੇਤ੍ਰੀ ਹੁੰਦੀ ਤਾਂ ਇਸ ਜੀਵਨ ਦੀ ਰਚਨਾ ਵਿਚ ਢਲਣ ਦੀ ਅਸ਼ਲੀਲ ਵਿਆਖਿਆ ਨਾ ਹੁੰਦੀ। ਮੇਰੇ ਉੱਤੇ ਵੀ 'ਇਸਤਰੀ ਸੋਸ਼ਣ' ਦੇ ਬਦਲੇ 'ਦੇਹ ਸੁੱਖ ਚੇਤਨਾ' ਦੇ ਇਲਜ਼ਾਮ ਨਾਲ ਲੱਗਦੇ। ਲੋਕ ਸੋਚਦੇ ਹਨ ਕਿ ਕੋਈ ਔਰਤ ਚਰਚਿਤ ਹੋਣ ਦੇ ਲਈ ਸੈਕਸ ਪ੍ਰਸੰਗ ਨੂੰ ਆਪਣੀ ਰਚਨਾ ਵਿਚ ਥਾਂ ਦਿੰਦੀਆਂ ਹਨ। ਉਹ ਭੁੱਲ ਜਾਂਦੇ ਹਨ ਕਿ ਲੜਕੀ ਦਾ ਸ਼ੋਸ਼ਣ ਬਾਲ ਉਮਰ ਵਿਚ ਬਚਪਨ ਤੋਂ ਹੀ ਸੈਕਸ ਦੇ ਰਾਹੀਂ ਮਰਦ ਕਰਦਾ ਹੈ। ਲੜਕੀ ਨੂੰ ਸੈਕਸ ਦੀ ਗੱਲ ਕਰਨ ਤੇ ਸ਼ਰਮ ਆਉਂਦੇ ਰਹਿਣ ਦਾ ਦਾਬਾ ਪਾਇਆ ਜਾਂਦਾ ਹੈ। ਜਿਹੜਾ ਮਾਨਸਿਕ ਰੂਪ ਵਿਚ ਡਰ ਅਤੇ ਦਹਿਸ਼ਤ ਦਾ ਰੂਪ ਲੈ ਲੈਂਦਾ ਹੈ। ਇਸ ਡਰ ਅਤੇ ਦਹਿਸ਼ਤ ਦੀ ਮਜਬੂਤ ਦਿਵਾਰ 'ਚ ਜਦੋਂ ਨਾਰੀ ਵਲੋਂ ਲਿਖੀਆਂ ਸੱਚਾਈਆਂ ਨਾਲ ਦਰਾੜਾ ਪੈਂਦੀਆਂ ਹਨ ਤਾਂ ਹਜ਼ਾਰਾਂ ਸਾਲਾਂ ਤੋਂ ਚਲਦੀ ਆ ਰਹੀ ਹਕੂਮਤ ਦਾ ਤਖਤ ਡੋਲਣ ਲੱਗਦਾ ਹੈ। ਲੀਕ ਤੋੜਨ ਵਾਲੇ ਲੇਖਕ ਬਦਨਾਮ ਹੋਣ ਦੇ ਲਈ ਮਜ਼ਬੂਰ ਹਨ। ਕਿਉਂਕਿ ਵਧੇਰੇ ਲੇਖਕ ਰੂੜੀਵਾਦੀ ਪਰਿਵਾਰਕ ਢਾਂਚੇ ਤੋਂ ਵੱਖਰਾ ਕੁਝ ਵੀ ਲਿਖ ਨਹੀਂ ਸਕਦੇ। ਉਹੀ ਅਸ਼ਲੀਲਤਾ ਦਾ ਫਤਵਾ ਦਿੰਦੇ ਹਨ, ਜਿਹੜਾ ਮੁਕਤੀ ਦੀ ਤਲਾਸ਼ ਕਰਦਾ ਹੈ। ਬੁਰਕੇ ਅਤੇ ਘੁੰਡ ਨਾਲ ਢਕੀ ਔਰਤ ਖੁੱਲ੍ਹੇ ਰੂਪ ਵਿਚ ਸਾਹ ਲੈਣ ਲਈ ਤੜਫਦੀ ਹੈ, ਉਸਦੇ ਕਰਕੇ ਉਹ ਵਿਭਚਾਰ ਕਰਨਾ ਚਾਹੁੰਦੀ ਹੈ। ਨਹੀਂ ਮੰਨਦੇ ਕਿ ਮਨੁੱਖ ਦੇ ਮੂਲ ਰੂਪ ਨਾਰੀ ਦੀਆਂ ਭਾਵਨਾਵਾਂ ਅਤੇ ਸਰੀਰਕ ਬਨਾਵਟ ਨੂੰ ਬੰਧਨ ਨਾਲ ਕੱਸ ਕੇ ਰੱਖਣ ਵਾਲਾ ਸਮਾਜ ਅਸ਼ਲੀਲਤਾ ਦਾ ਅਸਲੀ ਅਪਰਾਧੀ ਹੈ। ਇਹੀ ਕਾਰਨ ਹੈ ਕਿ ਤਸਲੀਮਾ ਦੀ ਲਿਖਤ ਨੂੰ ਇਸਤਰੀਆਂ ਅਸਲੀਲ ਨਹੀਂ ਮੰਨਦੀਆਂ। ਉਹ ਮਰਦ ਮਾਨਸਿਕਤਾ ਤੋਂ ਪੀੜਤ ਹੈ ਜਾਂ ਮਰਦ ਦੀ ਦਹਿਸ਼ਤ ਤੇ ਨੈਤਿਕਤਾ ਨਾਲ ਦੱਬੀ ਹੋਈ ਹੈ।

## ਸਿਰਜਣਾ, ਸੰਬੰਧ ਅਤੇ ਨੈਤਿਕਤਾ/ -ਜਯਾ ਜਾਦਵਾਨੀ

ਨਿਤਸ਼ੇ ਕਹਿੰਦਾ ਹੈ, ਆਦਮੀ ਸੱਚ ਦੇ ਨਾਲ ਨਹੀਂ ਜੀ ਸਕਦਾ, ਉਸ ਨੂੰ ਝੂਠ ਦੀ ਜ਼ਰੂਰਤ ਪੈਂਦੀ ਹੈ। ਸੈਕਸ ਅਤੇ ਨੈਤਿਕਤਾ -ਸੱਚ ਦੇ ਨਾਲ ਝੂਠ... ਤਿੰਨ ਤਰ੍ਹਾਂ ਦੇ ਵਿਅਕਤੀ ਹੁੰਦੇ ਹਨ ਬਰਾਬਰੀ-ਉਹ ਜਿਹੜੇ ਬਰਾਬਰ ਸੰਭਾਵਨਾਵਾਂ ਦੇ ਅਧੀਨ ਹੁੰਦੇ ਹਨ। ਸਮਾਜਿਕ ਅਤੇ ਧਾਰਮਿਕ ਨੈਤਿਕਤਾ ਸਭ ਤੋਂ ਉਪਰ ਹੈ, ਉਨ੍ਹਾਂ ਦੇ ਲਈ। ਉਹ ਜਿਹੜੇ ਆਮ ਸੰਭਾਵਨਾਵਾਂ ਦੇ ਉਪਰ ਹੁੰਦੇ ਹਨ, ਉਨ੍ਹਾਂ ਦੀ ਆਪਣੀ ਨੈਤਿਕਤਾ ਹੁੰਦੀ ਹੈ, ਉਹ ਜਿਹੜੇ ਬਰਾਬਰ ਸੰਭਾਵਨਾਵਾਂ ਤੋਂ ਥੱਲੇ ਹੁੰਦੇ ਹਨ, ਮੂਲ ਪ੍ਰਵਿਰਤੀ ਦੇ ਅਧੀਨ ਹੁੰਦੇ ਹਨ। ਨੈਤਿਕਤਾ ਦਾ ਗੁਲਾਮ ਹਮੇਸ਼ਾਂ ਵਿਚਕਾਰਲਾ ਆਦਮੀ ਹੁੰਦਾ ਹੈ। ਕਰਿਏਟਰ ਹੋਣ ਦਾ ਅਰਥ ਹੀ ਹੈ, ਦਿੱਤੀ ਹੋਈ ਨੈਤਿਕਤਾ ਜਾਂ ਕਿਸੇ ਵੀ ਨਿਯਮ ਤੋਂ ਉਪਰ ਉੱਠਣਾ, ਉਹੀ ਮਨੁੱਖ ਸਮਾਜ ਦੇ ਲਈ ਪਰਿਵਰਤਨ ਦੇ ਲਈ ਜਵਾਬਦੇਹ ਹੁੰਦਾ ਹੈ, ਪਰ ਇਕ ਲੰਮੇ ਸਮੇਂ ਤੱਕ ਸਮਾਜ ਵਿਚ ਵੱਖ ਤੇ ਦੂਰਕਾਰਨ ਤੋਂ ਬਾਅਦ...

ਬਰਟੇਨ ਰਸੇਲ ਦੇ ਜੀਵਨ ਦੇ ਬਾਰੇ ਵਿਚ ਮੈਂ ਪੜ੍ਹਿਆ ਹੈ-ਉਨ੍ਹਾਂ ਨੇ ਆਪਣੇ ਬੇਟੇ ਨੂੰ ਪੜ੍ਹਾਉਣ ਦੇ ਲਈ ਇਕ ਕੁਆਰਾ ਟਿਊਟਰ ਰੱਖਿਆ ਸੀ, ਰਸੇਲ ਦੀ ਪਤਨੀ ਬੇਹੱਦ ਖੂਬਸੂਰਤ ਸੀ-ਟਿਊਟਰ ਉਸ 'ਤੇ

ਫਿਦਾ ਹੋ ਗਿਆ, ਬੱਚੇ ਦਾ ਪੜ੍ਹਾਈ ਵਿਚ ਮਨ ਨਾ ਲੱਗਦਾ। ਰਸੇਲ ਸਮਝ ਗਿਆ, ਬੁਲਾਇਆ ਉਸ ਨੂੰ, "ਮੇਰੇ ਬੇਟੇ ਦੀ ਪੜ੍ਹਾਈ ਵਿਚ ਕੋਈ ਡਿਸਟ੍ਰਬੇਂਸ ਨਹੀਂ ਆਉਣੀ ਚਾਹੀਦੀ, ਇਸ ਦੇ ਲਈ ਤੈਨੂੰ ਡਿਸਟ੍ਰਬ ਹੋਣ ਦੀ ਜ਼ਰੂਰਤ ਨਹੀਂ ਹੈ।'

ਨੈਤਿਕਤਾ ਅਜਿਹੇ ਲੋਕ ਤੋੜਦੇ ਹਨ। ਇਸ ਦੇ ਲਈ ਬਹੁਤ ਵੱਡਾ ਜਿਗਰਾ ਚਾਹੀਦਾ ਹੈ। ਸੱਚ ਵੀ ਸਵੀਕਾਰ ਕਰਨਾ ਪੈਂਦਾ ਹੈ। ਉਂਝ ਵੀ ਸੱਤਾ ਨੂੰ ਲੱਭਣਾ ਇਕ ਗੱਲ ਹੈ, ਸਵੀਕਾਰਨਾ ਦੂਜੀ, ਅਮਲ ਕਰਨਾ ਤੀਜੀ। ਰਸੇਲ ਦਾ ਮਤਲਬ ਹੀ ਸੀ-ਜੇਕਰ ਤੂੰ ਮੇਰੀ ਵਾਇਫ ਨੂੰ ਪ੍ਰਭਾਵਿਤ ਕਰ ਸਕੋ, ਉਹ ਮੰਨ ਜਾਏ ਤਾਂ ਮੈਨੂੰ ਕੋਈ ਇਤਰਾਜ਼ ਨਹੀਂ।' ਦੁਨੀਆਂ ਦੀ ਸਭ ਤੋਂ ਸੁੰਦਰ ਖੋਜਾਂ ਵਿਚੋਂ ਇਕ ਹੈ-ਕਪੜੇ। ਆਦਮੀ ਅੱਕ ਗਿਆ ਹੁੰਦਾ, ਜੇਕਰ ਕਪੜੇ ਨਾ ਹੁੰਦੇ। ਸੀਜ਼ਨਲ ਹੋ ਜਾਂਦਾ। ਪਸ਼ੂਆਂ ਦੇ ਵਾਂਗ ਜੇਕਰ ਕੱਪੜੇ ਨਾ ਹੁੰਦੇ। ਜਿਸਮ ਦਿਖਾਉਣ ਵਾਲੇ ਨਹੀਂ ਜਾਣਦੇ, ਉਹ ਖਿਚ ਨਹੀਂ ਰਹੇ, ਉਕਤਾ ਰਹੇ ਹਨ।' ਜੇਕਰ ਅਸਲੀਅਤ ਨੂੰ ਉਘਾੜਨਾ ਹੈ ਤਾਂ ਛਿਲਕੇ ਉਤਾਰਨੇ ਜ਼ਰੂਰੀ ਹੈ-ਜੇਕਰ ਅਸਲੀਅਤ ਨੂੰ ਦੇਖਣ ਦਾ ਜੇਰਾ ਨਹੀਂ ਤਾਂ ਛਿਲਕਿਆ ਦੇ ਨਾਲ ਤਾਂ ਜੀਅ ਹੀ ਰਹੀ ਸਾਰੀ ਦੁਨੀਆਂ।

## ਵੱਖ ਵੱਖ ਨੈਤਿਕਤਾ ਕਿਓਂ/ -ਸੂਰਜਪਾਲ ਚੌਹਾਨ

ਨੈਤਿਕਤਾ ਇਕ ਗਤੀਸ਼ੀਲ ਧਾਰਨਾ ਹੈ। ਸਮੇਂ ਅਤੇ ਸਮਾਜ ਦੇ ਅਨੁਸਾਰ ਇਨ੍ਹਾਂ ਦੇ ਅਰਥ ਅਤੇ ਸੰਦਰਭ ਬਦਲਦੇ ਰਹਿੰਦੇ ਹਨ। ਆਪਣੀ ਗਤੀਸ਼ੀਲਤਾ ਦੇ ਵਿਰੁੱਧ ਇਨ੍ਹਾਂ ਦਾ ਅਰਥ ਸੰਕੋਚ ਵਾਲਾ ਭਾਰਤੀ ਸਮਾਜ, ਸਾਹਿਤ, ਦਰਸ਼ਨ ਜੋ ਹੋਇਆ ਹੈ ਉਹ ਕਿਤੇ ਹੋਰ ਥਾਂ ਹੋਇਆ ਹੈ ਦੇਖਣ ਨੂੰ ਨਹੀਂ ਮਿਲਦਾ।

ਭਾਰਤੀ ਸਮਾਜ ਜਾਤ ਅਧਾਰਤ ਸਮਾਜ ਹੈ। ਜਾਤੀ ਵਿਵਸਥਾ ਨੈਤਿਕਤਾ ਦੇ ਵਾਂਗ ਗਤੀਸ਼ੀਲ ਨਹੀਂ ਹੈ। ਉਹ ਰੁੜੀਵਾਦੀ ਅਤੇ ਜਨਮ ਅਧਾਰਤ ਹੈ। ਜਨਮ ਅਧਾਰਤ ਹੋਣ ਦੇ ਕਾਰਨ ਇਸ ਵਿਚ ਇਕ ਵਿਅਕਤੀ ਦੀ ਪਹਿਚਾਣ ਉਸਦੀ ਜਾਤੀ ਨਾਲ ਹੁੰਦੀ ਹੈ ਜਿਸ ਵਿਚ ਉਹ ਜਨਮਿਆ। ਅਸਲ ਵਿਚ ਇਸਦੇ ਚਲਦੇ ਸਮਾਜਾਂ ਦੀ ਨੈਤਿਕਤਾ ਦਾ ਸਰੂਪ ਵੀ ਦੂਜੇ ਤੋਂ ਕੁਝ ਵੱਖਰਾ ਹੈ। ਜਿਵੇਂ ਕਿ ਮੈਂ ਪਹਿਲਾਂ ਕਿਹਾ ਕਿ ਨੈਤਿਕਤਾ ਇਕ ਵਿਸ਼ਾਲ ਅਤੇ ਗਤੀਸ਼ੀਲ ਟਰਮ ਹੈ। ਪ੍ਰੰਤੂ ਬ੍ਰਾਹਮਣਵਾਦੀਆਂ ਨੇ ਨੈਤਿਕਤਾ ਨੂੰ ਨਰ-ਨਾਰੀ ਸੰਬੰਧਾਂ ਤੱਕ ਸੀਮਿਤ ਕਰਕੇ ਇਸ ਨੂੰ ਅਰਥਹੀਣ ਕਰ ਦਿੱਤਾ। ਇਸਦੇ ਲਈ ਉਹ ਸਾਹਿਤਕ ਫਤਵੇ ਜਾਰੀ ਕਰਨ ਤੋਂ ਵੀ ਪਰਹੇਜ਼ ਨਹੀਂ ਕਰਦੇ।

ਪ੍ਰਸਿੱਧ ਪੱਤਰਕਾਰ, ਸਮਾਜ ਵਿਗਿਆਨੀ ਅਤੇ ਸਮਾਜਿਕ ਕਾਰਕੁੰਨ ਰਾਮਸ਼ਰਨ ਜੋਸ਼ੀ ਦੀ ਹੰਸ ਵਿਚ 'ਆਤਮ ਕਥਾ' ਪੜ੍ਹ ਕੇ ਹਿੰਦੀ ਸਾਹਿਤਕ ਜਗਤ ਵਿਚ ਭਾਰੀ ਹਲਚਲ। ਉੱਥਰ-ਪੁੱਥਲ ਮਚ ਗਈ। ਕੀ ਕੁਝ ਨਹੀਂ ਕਿਹਾ ਗਿਆ ਉਸ ਦੇ ਵਿਰੋਧ ਵਿਚ। ਪ੍ਰੰਤੂ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਵਿਰੋਧ ਕਰਨ ਵਾਲੇ ਹੈ ਕੌਣ? ਇਨ੍ਹਾਂ ਵਿਚ ਵਧੇਰੇ ਉਹੀ ਲੋਕ ਹਨ ਜਿਹੜੇ ਨੈਤਿਕਤਾ ਦੀ ਰੌਲੀ ਪਾਉਂਦੇ ਹਨ। ਪਤਾ ਨਹੀਂ ਇਹ ਕਿਹੜੀ ਨੈਤਿਕਤਾ ਦੀ ਗੱਲ ਕਰਦੇ ਹਨ?

ਪਿਛੇ ਜਿਹੇ ਇਕ ਸੇਂਟ੍ਰਲ ਯੂਨੀਵਰਸਿਟੀ 'ਚ ਬਣੇ ਇਕ ਪ੍ਰੋਫੈਸਰ ਸਾਹਿਬ ਆਪਣੀ ਬੇਟੀ ਦੀ ਉਮਰ ਦੀ ਵਿਦਿਆਰਥਣ ਨਾਲ ਨਿਰਵਸਤਰ ਰੂਪ ਵਿਚ ਫੜੇ ਗਏ। ਆਪਣੀਆਂ ਪੁਰਾਣੀਆਂ ਗੱਲਾਂ ਭੁੱਲਦੇ ਹੋਏ ਉਸ ਨੇ ਮੈਨੂੰ ਕਿਹਾ, "ਚੌਹਾਨ ਯਾਰ ਦਲਿਤਾਂ 'ਚ ਤਾਂ ਇਹ ਸਾਰਾ ਕੁਝ ਹੁੰਦਾ ਰਹਿੰਦਾ ਹੈ। ਦਲਿਤ ਸਮਾਜ ਵਿਚ ਇਹ ਆਮ ਗੱਲ ਹੈ। ਜੋਸ਼ੀ ਤਾਂ ਬ੍ਰਾਹਮਣ ਹਨ, ਉਸ ਨੂੰ ਇਹ ਸਾਰਾ ਕੁਝ ਨਹੀਂ ਲਿਖਣਾ ਚਾਹੀਦਾ ਸੀ।"



ਵਾਹ! ਕੀ ਸੋਚ ਹੈ ਪ੍ਰੋਫੈਸ਼ਰ ਸਾਹਿਬ ਤੁਹਾਡੀ? ਰਾਮ ਸ਼ਰਣ ਜੋਸ਼ੀ ਇਕ ਬ੍ਰਾਹਮਣ ਹੈ, ਇਸ ਲਈ ਉਸ ਦਾ ਵਿਰੋਧ ਹੋ ਰਿਹਾ ਹੈ। ਨੈਤਿਕਤਾ ਦਾ ਇਹ ਕਿਹੋ ਜਿਹਾ ਦੋਹਰਾ ਮਾਪਦੰਡ ਹੈ। ਦਲਿਤ ਸਵੈ ਜੀਵਨੀਆਂ ਅਤੇ ਨਿੱਜੀ ਬਿਰਤਾਂਤਾਂ ਦੀ ਤਰੀਫ਼ ਕਰਦੇ ਹੋਏ ਗੈਰ ਦਲਿਤ ਲੋਕ ਕੋਈ ਕਸਰ ਨਹੀਂ ਛੱਡਦੇ। ਸ਼ਰਣ ਕੁਮਾਰ ਲਿੰਬਾਲੇ ਦਾ ਇਹ ਕਥਨ ਮੈਨੂੰ ਚੇਤੇ ਆ ਰਿਹਾ ਹੈ ਕਿ ਜਦੋਂ ਉਸਨੂੰ ਕਿਸੇ ਮਰਾਠੀ ਵਿਦਵਾਨ ਨੇ ਇਹ ਕਿਹਾ ਸੀ ਕਿ ਤੇਰੀ ਮਾਂ ਦੇ ਨਾਲ ਬਲਾਤਕਾਰ ਵਾਲਾ ਬਿਰਤਾਂਤ ਬਹੁਤ ਸੁੰਦਰ ਲਿਖਿਆ ਗਿਆ ਹੈ। ਇਹ ਸੁਣ ਕੇ ਡਾ. ਲਿੰਬਾਲੇ ਦੇ ਕੰਨ ਖੜੇ ਹੋ ਜਾਣੇ ਸੁਭਾਵਿਕ ਹਨ। ਕੀ ਜੋਸ਼ੀ ਜੀ ਦੇ ਮਸਲੇ ਨਾਲ ਸਬੰਧਤ ਦਲਿਤ ਸਵੈ ਜੀਵਨੀਆਂ ਦੀ ਤਰੀਫ਼ ਕੋਈ ਚਿਤਾਵਨੀ ਦਿੰਦੀ ਹੋਈ ਨਹੀਂ ਲਗਦੀ ਹੈ? ਕੀ ਇਸ ਨੂੰ ਕਿਸੇ ਭਵਿੱਖੀ ਖਤਰੇ ਦਾ ਸੂਚਕ ਮੰਨਿਆ ਜਾਵੇ? ਉੱਤਰ ਹਾਂ ਪੱਖੀ ਲੱਗਦਾ ਹੈ। ਜਿਵੇਂ ਕਿ ਮੈਂ ਪਹਿਲਾਂ ਕਿਹਾ, ਜਨਮ ਦੇ ਰੂਪ ਵਿਚ ਬ੍ਰਾਹਮਣ ਹੋਣ ਦਾ ਬੋਝ ਜੋਸ਼ੀ ਜੀ ਨੂੰ ਵੀ ਉਸੇ ਤਰ੍ਹਾਂ ਚੁੱਕਣਾ ਪਵੇਗਾ ਜਿਵੇਂ ਇਕ ਦਲਿਤ ਨੂੰ ਚੁੱਕਣਾ ਪੈਂਦਾ ਹੈ।

ਜਦੋਂ ਇਨ੍ਹਾਂ ਨੈਤਿਕਵਾਦੀਆਂ 'ਚੋਂ ਦੇਖੀਏ ਕਿ ਇਨ੍ਹਾਂ ਵਿਚੋਂ ਗੈਰ ਦਲਿਤ ਕਿਨੇ ਕੁ ਹਨ ਅਤੇ ਦਲਿਤ ਕਿੰਨੇ? ਦਲਿਤਾਂ ਦੇ ਵਲੋਂ ਰਾਮ ਸ਼ਰਣ ਜੋਸ਼ੀ ਦੀ ਲਿਖਤ ਦੇ ਵਿਰੋਧ ਵਿਚ ਆਵਾਜ਼ ਨਹੀਂ ਉੱਠੀ ਹੈ। ਭਲਾ ਉਨ੍ਹਾਂ ਵਲੋਂ ਵਿਰੋਧ ਵਿਚ ਆਵਾਜ਼ ਉੱਠੇ ਵੀ ਕਿਉਂ? ਰਾਮ ਸ਼ਰਣ ਜੋਸ਼ੀ ਨੇ ਤਾਂ ਨੈਤਿਕਤਾ ਦਾ ਮਖੌਟਾ ਪਾਈ ਆਪਣੀ ਲਿਖਤ ਦੇ ਸ਼ੀਸ਼ੇ ਵਿਚੋਂ ਦੇਖਿਆ ਹੈ। ਹਿੰਦੀ ਸਾਹਿਤ ਦੀ ਸੱਚੀ ਤਸਵੀਰ ਖਿੱਚ ਕੇ ਰੱਖ ਦਿੱਤੀ ਹੈ। ਗੈਰ ਦਲਿਤ, ਬੁੱਧੀਜੀਵੀ, ਜਿਹੜੇ ਹਮੇਸ਼ਾਂ ਨਿਰੋਲ ਯਥਾਰਥਵਾਦ ਨਾਲ ਜਿਉਂਦੇ ਹਨ ਅਤੇ ਜਿਹੜੀ ਸਿਰਜਣਾ ਅਤੇ ਜਾਤੀ ਦੇ ਲਈ ਪਾਰਦਰਸ਼ੀ ਚੇਤਨਾ ਜ਼ਰੂਰੀ ਨਹੀਂ ਸਮਝਦੇ ਹਨ, ਨੇ ਹੀ ਰਾਮਸ਼ਰਨ ਜੋਸ਼ੀ ਦੀ ਸਵੈ ਜੀਵਨੀ ਨੂੰ ਲੈ ਕੇ ਰੌਲੀ ਪਾਈ ਹੋਈ ਹੈ। ਇਸ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਆਪਣੇ ਆਪ ਨੂੰ ਬਹੁਤ ਖੱਬੇਪੱਖੀ ਕਹਾਉਣ ਵਾਲਿਆ ਦੀ ਸੰਖਿਆ ਵਧੇਰੇ ਹੈ ਅਤੇ ਇਸਦਾ ਰੌਚਿਕ ਪੱਖ ਇਹ ਹੈ ਕਿ ਇਸ 'ਚ ਵਧੇਰੇ ਕਰਕੇ ਬ੍ਰਾਹਮਣ ਹਨ। ਭਾਵ ਕਿ ਤਕਰੀਬਨ 90 %। ਇਨ੍ਹਾਂ ਵਿਚੋਂ ਦੋ ਚਾਰ ਨਾਲ ਚਰਚਾ ਕਰਦਿਆਂ ਮੈਨੂੰ ਏਨੇ ਹੀ ਪਤਾ ਲੱਗਾ, "ਯਾਰ ਸਮਾਜ ਵਿਚ ਕੀ ਕੁੱਝ ਨਹੀਂ ਹੁੰਦਾ। ਸਾਰਾ ਕੁਝ ਹੁੰਦਾ ਹੈ। ਪ੍ਰੰਤੂ ਜੋਸ਼ੀ ਨੂੰ ਇਹ ਸਾਰਾ ਕੁਝ ਲਿਖਣਾ ਨਹੀਂ ਚਾਹੀਦਾ ਸੀ।"ਮੈਂ ਇਨ੍ਹਾਂ ਮਖੌਟੇ ਧਾਰੀਆਂ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਕੇ ਰਹਿ ਗਿਆ।

ਮੈਂ ਸਿੱਖਿਆ ਦੇ ਖੇਤਰ ਨਾਲ ਤਾਂ ਨਹੀਂ ਜੁੜਿਆ ਹੋਇਆ ਪ੍ਰੰਤੂ ਇਕ ਲੇਖਕ ਹੋਣ ਦੇ ਨਾਤੇ ਮੈਂ ਅਜਿਹੇ ਕਈ ਬੁਲਾਰਿਆਂ, ਸਹਾਇਕ ਪ੍ਰੋਫੈਸਰਾਂ ਤੇ ਰੀਡਰਸ ਨੂੰ ਜ਼ਰੂਰ ਜਾਣਦਾ ਹਾਂ ਜਿਹੜੇ ਦਿਨ ਰਾਤ ਨੈਤਿਕਤਾ ਦੀਆਂ ਗੱਲਾਂ ਕਰਦੇ ਨਹੀਂ ਥੱਕਦੇ। ਪਰ ਜੇਕਰ ਉਨ੍ਹਾਂ ਨੇ ਵਿਸ਼ੇ ਨਾਲ ਸਬੰਧਤ ਸੱਚ ਲਿਖ ਦਿੱਤਾ ਜਾਵੇ ਤਾਂ ਇਨ੍ਹਾਂ ਦੇ ਨੈਤਿਕਤਾ ਦੇ ਮੌਖੋਟੇ ਲੱਥ ਜਾਣ। ਇਨ੍ਹਾਂ ਲੋਕਾਂ ਨੇ ਅਨੇਕਾਂ ਇਸਤਰੀਆਂ ਨੂੰ ਗੁਮਰਾਹ ਕਰਕੇ ਸਾਲਾਂ ਤੱਕ ਨਜਾਇਜ਼ ਸਬੰਧ ਰੱਖੇ, ਫਿਰ ਉਨ੍ਹਾਂ ਨੂੰ ਤਿਆਗ ਦਿੱਤਾ। ਕਈਆਂ ਨੇ ਉਨ੍ਹਾਂ ਤੋਂ ਔਲਾਦ ਤੱਕ ਪੈਦਾ ਕਰ ਦਿੱਤੀਆਂ। ਉਨ੍ਹਾਂ ਦਾ ਘਰ-ਪਰਿਵਾਰ ਤੱਕ ਖਤਮ ਕਰ ਦਿੱਤਾ। ਜੇਕਰ ਯੌਨ ਪੀੜਤ ਇਸਤਰੀਆਂ ਡੀ. ਐਨ. ਏ. ਟੈਸਟ ਕਰਵਾ ਕੇ ਮੁਕੱਦਮਾ ਠੋਕ ਦੇਣ ਤਾਂ ਕੀ ਹੋਵੇਗਾ? ਪ੍ਰੰਤੂ ਅਜੇ ਤੱਕ ਸਾਡੇ ਦੇਸ਼ ਵਿਚ ਇਸਤਰੀਆਂ ਵਿਚ ਐਨੀ ਸ਼ਕਤੀ ਦਾ ਵਿਕਾਸ ਨਹੀਂ ਹੋ ਸਕਿਆ। ਉਹ ਅਜਿਹਾ ਕਰਨ ਤੋਂ ਡਰਦੀਆਂ ਹਨ। ਉਨ੍ਹਾਂ ਨੂੰ ਨੈਤਿਕਤਾ ਦਾ ਡਰ ਸਤਾਉਂਦਾ ਹੈ। ਸੋਚਦੀਆਂ ਹਨ, "ਸੱਚੀ ਗੱਲ ਜਗ ਜ਼ਾਹਰ ਹੋ ਜਾਣ ਤੇ ਸਮਾਜ ਉਸ ਦੇ ਸੰਬੰਧ ਵਿਚ ਕੀ ਸੋਚੇਗਾ?' ਇਸ ਲਈ ਅਜਿਹੀਆਂ ਔਰਤਾਂ ਤ੍ਰਿਸਕਾਰ ਭਰਿਆ ਜੀਵਨ ਜੀਉਣ ਲਈ ਮਜ਼ਬੂਰ ਹਨ। ਨੈਤਿਕਤਾ ਦਾ ਇਹੀ ਮਾਪਦੰਡ ਸਮਾਜ ਨੂੰ ਅੰਦਰ ਤੋਂ ਖੋਖਲਾ ਅਤੇ ਮੁਸ਼ਕ ਮਾਰਦਾ ਬਣਾਉਂਦਾ ਹੈ। ਦਲਿਤ ਸਾਹਿਤਕਾਰ ਇਸ ਗ਼ੈਰ ਇਮਾਨਦਾਰੀ ਦੇ ਖ਼ਿਲਾਫ਼ ਹੈ।

## ਔਰਤ ਹੀ ਔਰਤ ਨੂੰ ਨੈਤਿਕਤਾ ਸਿਖਾਉਂਦੀ ਹੈ/ -ਗੀਤਾਸ਼੍ਰੀ

ਮੇਰੀ ਧਾਰਨਾ ਹੈ ਕਿ ਸਰੀਰ ਨਾਲ ਨੈਤਿਕਤਾ ਅਤੇ ਅਨੈਤਿਕਤਾ ਦਾ ਰਿਸ਼ਤਾ ਨਹੀਂ ਹੋਣਾ ਚਾਹੀਦਾ। ਨੈਤਿਕਤਾ ਸਰੀਰ ਤੋਂ ਵੱਡੀ ਚੀਜ਼ ਹੈ। ਉਸਦਾ ਸਰੀਰ ਨਾਲ ਕੋਈ ਰਿਸ਼ਤਾ ਨਹੀਂ। ਉਦਾਹਰਨ ਦੇ ਲਈ ਕੋਈ ਮਰਦ ਦਿਨ ਰਾਤ ਪਖੰਡ ਕਰਦਾ ਰਹਿੰਦਾ ਹੈ ਪ੍ਰੰਤੂ ਉਹ ਸਰੀਰਕ ਰੂਪ ਤੋਂ ਆਪਣੀ ਪਤਨੀ ਦੇ ਨਾਲ ਪੂਰੀ ਤਰ੍ਹਾਂ ਇਮਾਨਦਾਰ ਹੋਵੇ ਤਾਂ ਉਸ ਨੂੰ ਨੈਤਿਕ ਨਹੀਂ ਕਹਾਂਗਾ। ਇਹੀ ਸਥਿਤੀ ਔਰਤ ਦੇ ਪ੍ਰਸੰਗ ਵਿਚ ਵੀ ਹੈ। ਇਸ ਵਿਸ਼ੇ ਤੇ ਬਹਿਸ ਹੋਣੀ ਚਾਹੀਦੀ ਹੈ। ਪਰ ਹੁੰਦਾ ਇਹ ਹੈ ਕਿ ਅਸੀਂ ਸਰੀਰ ਤੋਂ ਨੈਤਿਕਤਾ ਨੂੰ ਜੋੜ ਕੇ ਦੇਖਦੇ ਹਾਂ ਤਾਂ ਬਹੁਤ ਸਾਰੇ ਅਪਰਾਧਾ ਨੂੰ ਇਸ ਕਾਰਨ ਨਜ਼ਰ ਅੰਦਾਜ਼ ਕਰ ਦਿੰਦੇ ਹਾਂ, ਸਮਾਜ ਦੇ ਠੇਕੇਦਾਰ 'ਚਰਿਤ੍ਰ ਨਾਲ ਜੋੜਦੇ ਹਨ-ਨੈਤਿਕਤਾ ਨਾਲ। ਸਮਾਜ ਕੇਵਲ 'ਸਰੀਰ' ਦਾ ਬਹੀ-ਖਾਤਾ ਰੱਖਦਾ ਹੈ। ਸਰੀਰ ਕਿਸੇ ਬ੍ਰਾਹਮਣ ਦੀ ਰਸੋਈ ਨਹੀਂ ਕਿ ਜੂਠੀ ਹੋ ਜਾਵੇਗੀ। ਉਸ ਵਿਚ ਨੈਤਿਕਤਾ ਦਾ ਥਰਮਾ ਮੀਟਰ ਨਾ ਲਗਾਓ। ਬਾਕੀ ਚੀਜ਼ਾਂ ਨਾਲ ਨੈਤਿਕਤਾ ਦੇਖੋ। ਵਿਅਕਤੀ ਆਪਣੇ ਪ੍ਰਤੀ ਇਮਾਨਦਾਰ ਹੈ - ਜਾਂ ਨਹੀਂ। ਕਦਰਾਂ ਕੀਮਤਾਂ ਵਿਚ ਵਿਸ਼ਵਾਸ਼ ਰੱਖਦਾ ਹੈ ਜਾਂ ਨਹੀਂ। ਵਿਅਕਤੀ ਜੇਕਰ ਧੋਖੇਬਾਜ ਹੋਵੇ ਅਤੇ ਸਰੀਰ ਦੇ ਪ੍ਰਤੀ ਇਮਾਨਦਾਰ ਹੋਵੇ ਤਾਂ ਉਹ ਕਿਵੇਂ ਨੈਤਿਕ ਹੋ ਸਕਦਾ ਹੈ। ਜਿਹੜੀਆਂ ਇਸਤਰੀਆਂ ਆਪਣੇ ਸਰੀਰ ਨਾਲ ਰੋਟੀ ਕਮਾ ਰਹੀਆਂ ਹਨ ਉਹ ਔਰਤਾਂ ਨਕਲੀ ਦਵਾਈਆਂ ਨੂੰ ਵੇਚਣ ਵਾਲਿਆਂ ਤੋਂ ਵਧੇਰੇ ਨੈਤਿਕ ਹਨ। ਕਿਉਂਕਿ ਉਸ ਵਿਚ ਧੋਖਾ ਨਹੀਂ ਹੈ। ਇਸ ਲਈ ਜ਼ਹਿਰ ਵੇਚਣ ਵਾਲਿਆਂ ਤੋਂ ਵੱਧ ਨੈਤਿਕ ਰੈਡਲਾਇਟ ਅਤੇ ਚੌਂਕਾਂ ਵਿਚ ਖੜੀਆਂ ਸਰੀਰ ਵੇਚ ਰਹੀਆਂ ਔਰਤਾਂ ਹਨ।


ਸਭਿਆਤਾ ਦੇ ਨਾਲ ਨੈਤਿਕਤਾ ਆਈ। ਇਸ ਲਈ ਇਸਤਰੀ ਦੇ ਪ੍ਰਤਿ ਨੈਤਿਕਤਾ, ਜਿਹੜੀ ਚੀਜ ਤੁਹਾਨੂੰ ਸਭ ਤੋਂ ਵੱਧ ਉਤੇਜਤ ਲੱਗਦੀ ਹੈ, ਖਿੱਚਦੀ ਹੈ, ਉਸ ਚੀਜ਼ ਨੂੰ ਤੁਸੀਂ ਆਪਣੇ ਕਾਬੂ ਵਿਚ ਰੱਖਣਾ ਚਾਹੁੰਦੇ ਹੋ। ਇਸ ਲਈ ਤੁਸੀਂ ਔਰਤ ਉੱਤੇ ਨੈਤਿਕਤਾ ਦੇ ਐਨੇ ਬੰਧਨ ਲਗਾ ਦਿੱਤੇ ਹਨ। ਤੁਸੀਂ ਕੇਵਲ ਇਸ ਨੂੰ ਭੋਗ ਦਾ ਸਾਧਨ ਮੰਨਦੇ ਹੋ, ਆਪ ਨੂੰ ਚੁਣਨ ਦੀ ਸੁਤੰਤਰਤਾ ਨਹੀਂ ਹੈ। ਤੁਸੀਂ ਹਮੇਸ਼ਾ ਲਈ ਕੀਲੇ ਨਾਲ ਬੰਨੇ ਰਹੋ ਇਸ ਲਈ ਬੰਧਨ ਲਗਾ ਦਿੰਦੇ ਹੋ। ਇਹ ਠੀਕ ਹੈ ਇਸਤਰੀ ਦਾ ਬੰਧਨ ਵੀ ਸਰੀਰ ਨਾਲ ਅਤੇ ਮੁਕਤੀ ਵੀ ਸਰੀਰ ਤੋਂ ਅਰੰਭ ਹੁੰਦੀ ਹੈ।

ਮੈਨੂੰ ਚੇਤੇ ਹੈ ਕਿ ਮੈਨੂੰ ਆਚਰਣ ਦਾ ਪਾਠ ਪੜ੍ਹਾਇਆ ਗਿਆ ਸੀ ਕਿ ਚਾਰ ਆਦਮੀਆਂ ਨਾਲ ਸੌਣਾ ਚਰਿਤ੍ਰਹੀਣਤਾ ਹੈ। ਇਕ ਦੇ ਨਾਲ ਨਹੀਂ। ਮੇਰੇ ਮਨ ਵਿਚ ਹਮੇਸ਼ਾ ਇਹ ਸਵਾਲ ਰਿਹਾ ਹੈ ਕਿ ਇਕ ਮਰਦ ਦਸ ਔਰਤਾਂ ਨਾਲ ਸਬੰਧ ਬਣਾਉਂਦਾ ਹੈ ਤਾਂ ਵੀ ਚ੍ਰਤਿਰਹੀਣਤਾ ਨਹੀਂ। ਪਰ ਇਸਤਰੀ ਸਬੰਧ ਰੱਖਦੀ ਹੈ ਤਾਂ 'ਜੂਠੀ' ਹੋ ਜਾਂਦੀ ਹੈ। ਪੱਛਮ ਵਿਚ ਘੱਟੋ ਘੱਟ ਐਨਾ ਤਾਂ ਹੈ ਕਿ ਤੁਸੀਂ ਕਿਸੇ ਮਰਦ ਦੀ ਸਰੀਰਕ ਸਜ਼ਾ ਨਹੀਂ ਝਲਦੇ। ਨੈਤਿਕਤਾ ਦਾ ਜਿਹੜਾ ਪਾਠ ਔਰਤ ਨੂੰ ਬਚਪਨ ਤੋਂ ਪੜ੍ਹਾਇਆ ਗਿਆ, ਉਸ ਦੇ ਕਾਰਨ ਮੈਂ ਜੀਵਨ ਭਰ ਮਰਦਾਂ ਦੇ ਨਾਲ ਪਿਆਰ ਨਹੀਂ ਕਰ ਸਕੀ। ਮਰਦਾਂ ਦੇ ਨਾਲ ਸਹੀ ਤਰੀਕੇ ਨਾਲ ਸੌਂਅ ਨਹੀਂ ਸਕੀ। ਹੋ ਸਕਦਾ ਹੈ ਚਾਰ ਮਰਦਾਂ ਦੇ ਨਾਲ ਪਿਆਰ ਤੇ ਤਾਂ ਸੌਂਦੀ ਤਾਂ ਸਾਇਦ ਮੈਂ ਸੈਕਸ ਦਾ ਅਸਲੀ ਆਨੰਦ ਜਾਣ ਸਕਦੀ। ਜੀਵਨ ਭਰ ਇਕ ਮਰਦ ਉੱਤੇ ਨਿਰਭਰ ਹੋ ਕੇ ਰਹਿ ਗਈ। ਅਜਿਹੇ ਸੰਸਕਾਰ ਦਿੱਤੇ ਗਏ ਮੈਨੂੰ ਬਚਪਨ ਵਿਚ।

ਇਸ ਸਾਰੇ ਕੁਝ ਦੇ ਲਈ ਔਰਤ ਵੀ ਜ਼ਿੰਮੇਵਾਰ ਹੈ। ਉਸ ਨੇ ਆਜ਼ਾਦੀ ਨਹੀਂ ਭੋਗੀ ਅਤੇ ਅਗਲੀ ਪੀੜ੍ਹੀ ਨੂੰ ਆਜ਼ਾਦੀ ਭੋਗਣ ਨਹੀਂ ਦਿੱਤੀ। ਮੈਂ ਆਜ਼ਾਦੀ ਨਹੀਂ ਭੋਗੀ ਤਾਂ ਕਿਵੇਂ ਹੋਰ ਨੂੰ ਭੋਗਣ ਦੇਵਾਂ? ਪੀੜ੍ਹੀ ਦਰ ਪੀੜ੍ਹੀ ਇਹੀ ਸਿਖਾਇਆ ਜਾਂਦਾ ਹੈ ਇਹ ਨਾ ਕਰੋ, ਉਹ ਨਾ ਕਰੋ।



## ਪੁਸਤਕ ਪੜਚੋਲ




### ਕਰਤਾਰ ਸਿੰਘ ਦੁੱਗਲ ਦੀਆਂ ਚੋਣਵੀਆਂ ਕਹਾਣੀਆਂ

**(ਸੰਪਾਦਕ: ਡਾ. ਬਲਦੇਵ ਸਿੰਘ 'ਬੱਦਨ')**

**ਮੁੱਲ:210, ਪੰਨੇ:406,ਨੈਸ਼ਨਲ ਬੁਕ ਟਰੱਸਟ, ਇੰਡੀਆ**


ਡਾ. ਬਲਦੇਵ ਸਿੰਘ 'ਬਦਨ' ਨੇ ਪੰਜਾਬੀ ਦੇ ਪ੍ਰਤੀਨਿੱਧ ਕਹਾਣੀਕਾਰਾਂ ਦੀਆਂ ਪ੍ਰਸਿੱਧ ਕਹਾਣੀਆਂ ਨੂੰ ਸੰਪਾਦਤ ਕਰਨ ਦਾ ਕਾਰਜ ਵਿੱਢਿਆ ਹੋਇਆ ਹੈ। ਇਹ ਕਾਰਜ ਨਿਰੰਤਰ ਮਿਹਨਤ ਵਾਲਾ ਹੈ। ਇਸੇ ਲੜੀ ਵਿਚ ਉਨ੍ਹਾਂ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਦੀਆਂ ਚੋਣਵੀਆਂ ਕਹਾਣੀਆਂ ਨੂੰ ਸੰਪਾਦਤ ਕੀਤਾ ਹੈ। ਕਰਤਾਰ ਸਿੰਘ ਦੁੱਗਲ ਪੰਜਾਬੀ 'ਚ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲਾ ਕਹਾਣੀਕਾਰ ਮੰਨਿਆ ਗਿਆ ਹੈ। ਜਿਸ ਨੂੰ ਭਾਰਤੀ ਪੱਧਰ ਤੇ ਬਰਾਬਰ ਮਾਨਤਾ ਮਿਲਦੀ ਰਹੀ ਹੈ। ਇਸ ਪੁਸਤਕ ਵਿਚ 56 ਪ੍ਰਤੀਨਿੱਧ ਕਹਾਣੀਆਂ ਸੰਪਾਦਤ ਕੀਤੀਆਂ ਗਈਆਂ ਹਨ। ਭਾਵੇਂ ਕਿ ਪੱਛਮੀ ਤਰਜ ਦੀਆਂ ਕਹਾਣੀਆਂ ਲਿਖਣ ਕਰਕੇ ਦੁੱਗਲ ਤੇ ਪ੍ਰਕਿਰਤੀਵਾਦੀ ਅਤੇ ਅਸ਼ਲੀਲ ਹੋਣ ਦੇ ਦੋਸ਼ ਵੀ ਲੱਗਦੇ ਰਹੇ ਹਨ ਪਰ ਇਨ੍ਹਾਂ ਕਹਾਣੀਆਂ 'ਚ ਦੁੱਗਲ ਦੇ ਕਮਾਲ ਦੇ ਕਥਾ ਸ਼ਿਲਪ ਦਾ ਪਤਾ ਲੱਗਦਾ ਹੈ। ਇਸੇ ਪੁਸਤਕ ਵਿਚ ਉਸਦੀਆਂ ਵਧੇਰੇ ਕਹਾਣੀਆਂ ਮਨੁੱਖੀ ਵਿਹਾਰ, ਵਿਸ਼ੇਸ਼ ਤੌਰ ਤੇ ਮਨੁੱਖ ਦੀਆਂ ਸੁਭਾਵਿਕ ਕਾਮੁਕ ਪ੍ਰਵਿਰਤੀਆਂ ਨੂੰ ਬੜੀ ਕਲਾਤਮਕ ਜੁਗਤ ਨਾਲ ਪੇਸ਼ ਕੀਤਾ ਹੈ। ਮਨੋ-ਯਥਾਰਥਵਾਦ ਦੀ ਪ੍ਰਵਿਰਤੀ ਰਾਹੀਂ ਉਹ ਕਹਾਣੀ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਉਸ ਨੇ ਫਰਾਇਡ ਵਰਗਿਆ ਦੇ ਮਨੋਵਿਗਿਆਨਕ ਸੂਤਰਾਂ ਨੂੰ ਕਹਾਣੀ 'ਚ ਢਾਲ ਕੇ ਮਨੁੱਖੀ ਵਿਹਾਰ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਉਸ ਵੇਲੇ ਇਹ ਪੰਜਾਬੀ ਕਹਾਣੀ ਵਿਚ ਨਵੇਕਲਾ ਤਜ਼ਰਬਾ ਸੀ। ਹਾਲਾਤ ਤੇ ਪ੍ਰਸਥਿਤੀਆਂ ਇਹੋ ਜਿਹੀਆਂ ਕਹਾਣੀਆਂ ਦੇ ਅਨੁਕੂਲ ਨਹੀਂ ਸਨ। ਕਹਾਣੀ ਦੇ ਅੰਤ ਨੂੰ ਨਾਟਕੀ ਢੰਗ ਨਾਲ ਸਥਿਤੀ ਨੂੰ ਪਲਟਾਉਣਾ ਉਹਦੀ ਕਹਾਣੀ ਦੀ ਅਹਿਮ ਬਿਰਤਾਂਤਕ ਜੁਗਤ ਮੰਨੀ ਗਈ ਹੈ। ਉਹਦੀ ਕਹਾਣੀ ਨਗੀਨਿਆਂ ਭਰਪੂਰ ਹੈ। ਪੱਠੋਹਾਰੀ ਉਪਭਾਸ਼ਾ ਰਾਹੀ ਯਥਾਰਥ ਦੇ ਹਨੇਰੇ ਕੋਨਿਆਂ ਤੇ ਤਰਕ ਦੀ ਬੈਟਰੀ ਨਾਲ ਰੋਸ਼ਨੀ ਪਾਉਣਾ ਦੁੱਗਲ ਦੀ ਕਥਾਕਾਰੀ ਦੇ ਅਹਿਮ ਲੱਛਣ ਹਨ। ਇਨ੍ਹਾਂ ਕਹਾਣੀਆਂ ਦੇ ਅਧਾਰ ਤੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਦੁੱਗਲ ਨੇ ਉਸ ਨਾਰੀ ਨੂੰ ਆਪਣੀ ਕਹਾਣੀ ਵਿਚ ਪਾਤਰ ਵਜੋਂ ਉਭਾਰਿਆ ਹੈ ਜਿਹੜੀ ਨਾਰੀ ਵਿਆਹੁਤਾ ਜ਼ਿੰਦਗੀ ਜੀਉਂਦੀ ਹੈ। ਇਸ ਨਾਰੀ ਦੇ ਸੁਪਨੇ ਖ਼ਹਿਸਾ ਤੇ ਕਾਮਨਾਵਾਂ ਜਦੋਂ ਅਤ੍ਰਿਪਤ ਹੁੰਦੀਆਂ ਹਨ ਤਾਂ ਕਹਾਣੀ ਵਿਚ ਸੰਕਟ ਪੈਦਾ ਹੁੰਦਾ ਹੈ ਪਰ ਇਨ੍ਹਾਂ ਖੁੱਲ੍ਹਾ ਲੈਣ ਦੇ ਅੱਗੇ ਸਮਾਜਿਕ ਵਰਜਣਾ ਦੀਵਾਰ ਬਣ ਕੇ ਖੜਦੀਆਂ ਹਨ। ਜਿਥੋਂ ਮਾਨਸਿਕ ਟੁੱਟ ਭੱਜ ਦੇ ਚਿਹਨ ਉਪਜਦੇ ਹਨ। ਇਨ੍ਹਾਂ ਮਸਲਿਆ ਨੂੰ ਉਭਾਰਨ ਵਾਲੀਆਂ ਕਹਾਣੀਆਂ 'ਇਕਰਾਰਾਂ ਵਾਲੀ ਰਾਤ', 'ਅਣਹੋਏ', 'ਭਾਬੀ ਜਾਨ', 'ਇਕ ਔਰਤ' ਆਦਿ ਹਨ। ਦੁੱਗਲ ਦੀਆਂ ਕਹਾਣੀਆਂ ਦੇ ਹੋਰ ਵੀ ਅਨੇਕਾਂ ਪਸਾਰ ਹਨ ਜਿਨ੍ਹਾਂ ਵਿਚ ਸੰਤਾਲੀ ਦੀ ਵੰਡ ਤੋਂ ਉਪਜੇ ਦਰਦ ਨੂੰ ਉਸ ਨੇ ਬਹੁਤ ਹੀ ਸ਼ਿੱਦਤ ਨਾਲ ਬਿਆਨ ਕੀਤਾ ਹੈ। ਇਨ੍ਹਾਂ ਕਹਾਣੀਆਂ ਦੇ ਵਿਸ਼ੇ ਸਵੈ-ਜੀਵਨੀ ਮੂਲਕ ਹਨ।

**ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਕਰਾਂਤੀਕਾਰੀਆਂ ਦਾ ਯੋਗਦਾਨ**
**ਲੇਖਕ: ਹੀਰੇਨ ਗੋਹਾਈਂ, ਅਨੁ. ਨਰਿੰਜਨ ਸਿੰਘ ਸਾਥੀ, ਮੁੱਲ: 60 ਰੁ.**




ਇਹ ਪੁਸਤਕ ਭਾਰਤ ਦੀਆਂ ਵਰਤਮਾਨ ਸਮੱਸਿਆਵਾਂ ਨੂੰ 47 ਦੇ ਆਸ ਪਾਸ ਦੇ ਇਤਿਹਾਸ ਵਿਚੋਂ ਸਮਝਣ ਲਈ ਮੁੱਲਵਾਨ ਪੁਸਤਕ ਹੈ। ਉਸ ਵੇਲੇ ਕ੍ਰਾਂਤੀਕਾਰੀ ਝੁਕਾਅ ਦੇ ਕਿਹੜੇ ਕਿਹੜੇ ਪੜਾ ਸਨ ਉਨ੍ਹਾਂ ਦਾ ਪੁਸਤਕ ਵਿਸਥਾਰ ਨਾਲ ਵਿਸ਼ਲੇਸ਼ਣ ਕਰਦੀ ਹੈ। ਪੁਸਤਕ ਤਿੰਨ ਪੜਾਵਾਂ ਬਾਰੇ ਹੈ ਪਹਿਲਾ ਪੜ੍ਹਾ ਹੈ ਉੱਨੀਵੀਂ ਸਦੀ ਦੇ ਆਖਰੀ ਸਾਲਾਂ ਤੋਂ ਲੈ ਕੇ ਵੀਹਵੀਂ ਸਦੀ ਦੇ ਸ਼ੁਰੁਆਤੀ ਸਾਲਾਂ ਤੱਕ। ਜਿਸ ਵਿਚ ਦੇਸ਼ ਭਗਤੀ ਉਭਰਦੀ ਹੈ। ਦੂਜੇ ਪੜ੍ਹਾ ਵਿਚ ਫਿਰਕੂ ਤਾਕਤਾਂ ਵਿਰੁੱਧ ਕੋਈ ਠੋਸ ਨੀਤੀ ਨਹੀਂ ਬਣਦੀ ਤੇ ਤੀਜਾ ਪੜ੍ਹਾ ਧਰਮ ਨਿਰਪੇਖ, ਰਾਸ਼ਟਰਵਾਦ, ਲੋਕਤੰਤਰੀ ਵਿਚਾਰਧਾਰਾ ਮਿਥਦੀ ਹੈ। ਪੁਸਤਕ ਇਹ ਮੁੱਦਾ ਵੀ ਉਭਾਰਦੀ ਹੈ ਕਿ ਲੀਡਰ ਪੜ੍ਹੇ ਲਿਖੇ ਮੱਧ ਵਰਗ ਨੂੰ ਕਰਾਂਤੀ ਦੀ ਮੁੱਖ ਸ਼ਕਤੀ ਮੰਨਦੇ ਸਨ। ਬੰਗਾਲ ਵੰਡ, ਸੰਸਾਰ ਜੰਗ ਤੇ ਨਾ ਮਿਲਵਰਤਨ ਲਹਿਰ ਦੇ ਪੜਾਵਾਂ ਵਿਚੋਂ ਲੰਘਦਾ ਆਜ਼ਾਦੀ ਸੰਗਰਾਮ ਵਿਕਾਸ ਕਰਦਾ ਹੈ। ਹੀਰੇਨ ਗੋਹਾਈਂ ਇਹ ਤਰਕ ਵੀ ਉਸਾਰਦਾ ਹੈ ਕਿ ਕਰਾਂਤੀਕਾਰੀਆਂ ਦਾ ਸਭਿਆਚਾਰਕ ਵੀ ਸਮਝਣ ਦੀ ਲੋੜ ਹੈ। ਪੁਸਤਕ ਕਰਾਂਤੀਕਾਰੀ ਲਹਿਰ ਦਾ ਇਤਿਹਾਸਕ ਹਵਾਲਿਆਂ ਨਾਲ ਵਿਸ਼ਲੇਸ਼ਣ ਕਰਦੀ ਹੈ।

**ਬਾਜ਼ੀਗਰ ਕਬੀਲੇ ਦਾ ਸਭਿਆਚਾਰ (ਡਾ. ਮੋਹਨ ਤਿਆਗੀ)**
**ਪ੍ਰਕਾਸ਼ਕ ਨੈਸ਼ਨਲ ਬੁੱਕਟਰੱਸਟ, ਦਿੱਲੀ**





ਇਸੇ ਕਬੀਲੇ ਵਿਚ ਪੈਦਾ ਹੋਇਆ ਡਾ. ਮਹਨ ਤਿਆਗੀ ਦਾ ਕਬੀਲੇ ਸਭਿਆਚਾਰ ਬਾਰੇ ਬੜੇ ਖੋਜ ਭਰਪੂਰ ਕਾਰਜ ਹੈ। ਅੱਜ ਭਾਰਤੀ ਪੱਧਰ ਦੇ ਕਬੀਲੇ ਬਾਰੇ ਖੋਜਾਂ ਹੋ ਰਹੀਆਂ ਹਨ। ਜਿਨ੍ਹਾਂ ਵਿਚੋਂ ਅਨੇਕਾਂ ਸਿੱਟੇ ਉਭਰਵੇਂ ਰੂਪ ਵਿਚ ਨਿਕਲ ਕੇ ਆਏ ਹਨ। ਤਿਆਗੀ ਦਾ ਇਹ ਕਾਰਜ ਨਿਵੇਕਲੀ ਅਤੇ ਮੌਲਿਕ ਹੈ। ਉਸ ਨੇ ਪੁਸਤਕ ਦੇ ਆਰੰਭ ਇਸ ਕਬੀਲੇ ਦੀ ਇਤਿਹਾਸਕਾਰੀ ਕੀਤੀ ਹੈ। ਜਿਸ ਵਿਚ ਉਸ ਨੇ ਹਵਾਲਿਆਂ ਦੇ ਅਧਾਰ ਨੇ ਇਸ ਕਬੀਲੇ ਦੀ ਨਿਸ਼ਾਨਦੇਹੀ ਕੀਤੀ ਹੈ। ਹਰ ਕਬੀਲੇ ਦੀ ਰਸਮਾਂ, ਰੀਤਾ, ਵਿਆਹ, ਮੌਤ ਦੇ ਸੰਸਕਾਰ ਵੱਖ ਵੱਖ ਹੁੰਦੇ ਹਨ। ਜਿਨ੍ਹਾਂ ਦੇ ਅਧਾਰ ਤੇ ਉਸ ਦੇ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ। ਇਸ ਪੁਸਤਕ ਵਿਚ ਇਨ੍ਹਾਂ ਬਾਰੇ ਤੱਥਾਂ ਨਾਲ ਵੇਰਵੇ ਦੇ ਕੇ ਵਿਸ਼ਲੇਸ਼ਣ ਕੀਤਾ ਹੈ। ਇਸ ਕਬੀਲੇ ਦੀ ਵਿਲੱਖਣ ਤੇ ਜੀਵਨ ਸ਼ੈਲੀ ਬਾਰੇ ਪ੍ਰਮਾਣਿਕ ਵੇਰਵੇ ਪੜ੍ਹਨ ਨੂੰ ਮਿਲਦੇ ਹਨ। ਇਸ ਕਬੀਲੇ ਦੀ ਸਮਾਜਿਕ ਪ੍ਰਬੰਧ ਕਿਹੋ ਜਿਹੇ ਹਨ, ਮਾਨਤਾਵਾਂ ਕਿਹੋ ਜਿਹੀਆਂ ਹਨ। ਕਥਾਨਿਕ ਰੂੜੀਆਂ ਅਤੇ ਵਰਜਣਾਵਾਂ ਸਮੇਤ ਮਨੌਤਾਂ ਤੇ ਕਾਨੂੰਨ ਵੀ ਵੇਰਵੇ ਮਿਲਦੇ ਹਨ। ਇਸ ਕਬੀਲੇ ਦਾ ਮੁੱਖ ਕਿੱਤਾ ਬਾਜੀ ਪਾਉਣਾ ਹੈ। ਜਿਸ ਤੋਂ ਇਸ ਕਬੀਲੇ ਦੀ ਪਛਾਣ ਹੁੰਦੀ ਹੈ। ਇਹਦੇ ਨਾਲ ਨਾਲ ਹੀ ਇਨ੍ਹਾਂ ਲੋਕਾਂ ਦੀ ਭਾਸ਼ਾ, ਕੋਡ ਅਤੇ ਗੁਪਤ ਭਾਸ਼ਾ ਦਾ ਵਿਸ਼ਲੇਸ਼ਣ ਵੀ ਪੁਸਤਕ ਵਿਚ ਕੀਤਾ ਗਿਆ ਹੈ। ਇਹਦੇ ਨਾਲ ਕਬੀਲੇ ਦੇ ਲੋਕ ਨਾਚ, ਲੋਕ ਖੇਡਾਂ, ਲੋਕ ਗੀਤ, ਬਾਤਾ, ਲੋਕ ਚਕਿਤਸਾ, ਲੋਕ ਵਿਸ਼ਵਾਸ ਦਾ ਜ਼ਿਕਰ ਵੀ ਮਿਲਦਾ




ਹੈ। ਲੋਕ ਧਾਰਾ ਦਾ ਇਹ ਕਾਰਜ ਮੌਲਿਕ ਅਤੇ ਨਿਵੇਕਲਾ ਹੈ। ਇਸ ਕਾਰਜ ਲਈ ਬਸਤਾ ਚੁੱਕ ਦੇ ਕਬੀਲਿਆ ਵਿਚ ਵਿਚਰਨਾ ਪੈਂਦਾ ਹੈ। ਜਿਹੜਾ ਕਿ ਲੇਖਕ ਨੇ ਕੀਤਾ ਹੈ। ਕਬੀਲੇ ਦੇ ਅੰਗ ਹੋਣਾ ਹੋਰ ਗੱਲ ਨੇ ਉਸੇ ਕਬੀਲੇ ਦੀ ਵਿਗਿਆਨਕ ਦ੍ਰਿਸ਼ਟੀ ਤੋ ਖੋਜ ਕਰਨਾ ਦੂਜਾ ਪੱਖ ਹੈ। ਤਿਆਗੀ ਅਖੀਰ ਤੱਕ ਪੁਸਤਕ ਦੀ ਗੰਭੀਰਤਾ ਬਣਾਈ ਰੱਖਦਾ ਹੈ।

**ਭਾਰਤ ਦੀਆਂ ਕਿਸਾਨ ਔਰਤਾਂ (ਖੋਜ) ਮੈਥਰੇਈ ਕ੍ਰਿਸ਼ਨਾਰਾਜ, ਅਰੁਨਾ ਕਾਂਚੀ,**
**ਅਨੁ. ਡਾ. ਸਰਬਜੀਤ ਸਿੰਘ ਛੀਨਾ, ਮੁੱਲ: 75 ਰੁ.**




ਭਾਰਤ ਦੇ ਸਮਾਜਿਕ, ਆਰਥਿਕ ਅਤੇ ਖੇਤੀ ਦੇ ਵਿਕਾਸ ਵਿਚ ਔਰਤਾਂ ਦੀ ਅਹਿਮ ਭੂਮਿਕਾ ਹੈ। ਹੱਥਲੀ ਪੁਸਤਕ ਇਕ ਪ੍ਰਮਾਣਿਕ ਅੰਕੜਿਆਂ ਰਾਹੀਂ ਭਾਰਤੀ ਖੇਤੀ ਨਾਲ ਸਬੰਧਤ ਔਰਤਾਂ ਬਾਰੇ ਇਕ ਅਧਿਐਨ ਪੇਸ਼ ਕਰਦੀ ਹੈ। ਕਿਤਾਬ ਹੈਰਾਨ ਕਰਨ ਵਾਲੇ ਤੱਥ ਪੇਸ਼ ਕਰਦੀ ਹੈ ਕਿ ਭਾਰਤੀ ਖੇਤੀ ਪ੍ਰਧਾਨ ਦੇਸ਼ ਵਿਚ ਮਰਦ ਨਾਲੋਂ ਔਰਤਾਂ ਖੇਤੀ ਵਿਚ ਹਾਵੀ ਹੋ ਰਹੀਆਂ ਹਨ। ਇਸ ਦੇ ਬਾਵਜੂਦ ਔਰਤ ਦਾ ਭੂਮੀ ਤੇ ਅਧਿਕਾਰ ਨਹੀਂ। ਉਹ ਆਜ਼ਾਦੀ ਨਾਲ ਖੇਤਾਂ ਦੀ ਉਪਜ ਨੂੰ ਪ੍ਰਾਪਤ ਨਹੀਂ ਕਰ ਸਕਦੀ। ਕੇਂਦਰ ਵਿਚ ਔਰਤ ਹੋਣ ਦੇ ਬਾਵਜੂਦ ਵੀ ਉਹ ਖੇਤੀ ਵਿਚ ਹਾਸ਼ੀਏ ਤੇ ਖਲੋਤੀ ਦਿਸਦੀ ਹੈ। ਭਾਰਤ ਵਿਚ ਖੇਤੀ ਦਾ ਭਵਿੱਖ ਔਰਤ ਦੇ ਹੱਥਾਂ ਵਿਚ ਹੈ। ਸਰਕਾਰੀ ਨੀਤੀ ਅਤੇ ਔਰਤਾਂ ਦੇ ਸਬੰਧ ਵਿਚ ਪੁਸਤਕ ਮੁੱਦੇ ਉਠਾਉਂਦੀ ਹੈ। ਲਿੰਗ ਭੇਦ ਇਕ ਬਹੁਤ ਅਹਿਮ ਮੁੱਦਾ ਹੈ। ਭਾਰਤ ਦੀਆਂ 80 ਪ੍ਰਤੀਸ਼ਤ ਔਰਤਾਂ ਇਸ ਖੇਤਰ ਵਿਚ ਕੰਮ ਕਰ ਰਹੀਆਂ ਹਨ। ਔਰਤਾਂ ਦੀ ਮੰਗ ਕਿ ਸਾਨੂੰ ਬੰਜ਼ਰ ਜ਼ਮੀਨਾਂ 'ਤੇ ਘਰਾਂ ਦੇ ਨਾਲ ਦੀ ਜਗ੍ਹਾ ਤੇ ਵਾਹੀ ਦੇ ਹੱਕ ਦਿੱਤੇ ਜਾਣ, ਔਰਤਾਂ ਕੋਲ ਇਸ ਜ਼ਮੀਨ ਦੀ ਮਾਲਕੀ ਨਾ ਹੋਣ ਕਾਰਨ ਉਨ੍ਹਾਂ ਦੇ ਉਤਪਾਦਨ ਵਿਚ ਕਮੀ ਆਉਂਦੀ ਹੈ। ਪੁਸਤਕ ਪੜ੍ਹਨਯੋਗ ਹੈ।

**ਫੀਜੀ ਸਫ਼ਰ (ਸਫ਼ਰਨਾਮਾ) ਬ੍ਰਿਜ ਵੀ. ਲਾਲ,**
**ਅਨੁ. ਡਾ. ਸਤਨਾਮ ਸਿੰਘ ਜੱਸਲ, ਮੁੱਲ: 80 ਰੁ.**




ਇਹ ਪੁਸਤਕ ਇਕ ਵੱਖਰੇ ਤਰ੍ਹਾਂ ਦੇ ਪਰਵਾਸ ਦੀ ਕਹਾਣੀ ਬਿਆਨ ਕਰਦੀ ਹੈ। ਜਿਸ ਵਿਚ 20ਵੀਂ ਸਦੀ ਦੇ ਆਰੰਭ ਵਿਚ ਪੂਰਬੀ ਉੱਤਰ ਪ੍ਰਦੇਸ਼ ਦੇ ਪੇਂਡੂ ਖੇਤਰਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਆਪਣੀ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਸਮੁੰਦਰ ਪਾਰ ਕਰਕੇ ਫੀਜੀ ਦੇਸ਼ ਵਿਚ ਪਹੁੰਚਦੇ ਹਨ। ਇਹ ਲੋਕ ਪਹਿਲਾਂ ਪਹਿਲ ਕੁਝ ਸ਼ਰਤਾਂ ਅਧੀਨ ਉਥੇ ਗਏ ਤੇ ਫਿਰ ਉਥੇ ਦੇ ਹੀ ਬਣ ਕੇ ਰਹਿ ਗਏ। ਪਰ ਭੂ ਹੇਰਵੇ ਦਾ ਦਰਦ ਇਨ੍ਹਾਂ ਦੇ ਮਨਾਂ ਅੰਦਰ ਅੱਜ ਵੀ ਹੈ। ਇਨ੍ਹਾਂ ਵਿਚੋਂ ਹੀ ਇਕ ਲੇਖਕ ਪ੍ਰੋ. ਬ੍ਰਿਜ ਵੀ. ਲਾਲ ਉੱਠਿਆ ਜਿਸ ਨੇ ਇਨ੍ਹਾਂ ਪਰਵਾਸੀ ਲੋਕਾਂ ਦੇ ਦਰਦ ਨੂੰ ਬੜੀ ਮਰਮਿਕ ਸ਼ੈਲੀ ਨਾਲ ਬਿਆਨ ਕੀਤਾ ਹੈ। ਉਨ੍ਹਾਂ ਨੂੰ ਉਥੇ ਰਹਿੰਦਿਆਂ 150 ਸਾਲ ਹੋ ਗਏ ਸਨ। ਜਦੋਂ ਇਹ ਲੋਕ ਫੀਜੀ ਪਹੁੰਚੇ ਸਨ ਉਦੋਂ ਫੀਜੀ ਇੰਗਲੈਂਡ ਦੀ ਬਸਤੀ ਸੀ। ਇਹ 1879 ਦਾ ਸਮਾਂ ਸੀ। 87 ਜ਼ਹਾਜ਼ ਇਨ੍ਹਾਂ ਮਨੁੱਖਾਂ ਨੂੰ ਢੋਣ ਲਈ ਵਰਤੇ ਗਏ ਅਤੇ 60,000 ਮਰਦ ਔਰਤਾਂ ਤੇ ਬੱਚੇ ਕਲਕੱਤੇ ਤੋਂ ਫੀਜੀ ਪਹੁੰਚੇ। ਫੀਜੀ ਦਾ

ਇਤਿਹਾਸ ਜਿਹੜਾ ਪੱਛਮੀ ਦ੍ਰਿਸ਼ਟੀ ਤੋਂ ਸਮਝਿਆ ਗਿਆ ਉਸ ਮਿੱਥ ਨੂੰ ਇਹ ਪੁਸਤਕ ਤੋੜਦੀ ਹੈ। ਉਥੇ ਰਹਿ ਰਹੇ ਲੋਕਾਂ ਦਾ ਸਭਿਆਚਾਰਕ, ਸਮਾਜਿਕ , ਧਾਰਮਿਕ ਸਥਿਤੀ ਤੇ ਰਸਮਾ-ਰਿਵਾਜ਼ ਨੂੰ ਬੜੀ ਪ੍ਰਮਾਣਿਕਤਾ ਨਾਲ ਉਭਾਰਿਆ ਗਿਆ ਹੈ। ਪੁਸਤਕ ਨਵੇਂ ਅਨੁਭਵ ਵਾਲੀ ਹੈ।

**-ਭਗਵੰਤ ਰਸੂਲਪੁਰੀ**

**ਨੰਨ੍ਹਾ ਬਬਲੂ ਅਤੇ ਪਰੀਆਂ (ਨਵਨੀਤਾ ਦੇਵ ਸੇਨ)**





ਇਸ ਕਿਤਾਬ 'ਚ ਪਰੀ ਕਥਾ ਰਾਹੀਂ ਬੁਲਬੁੱਲ ਦੀ ਪਰੀ ਕਹਾਣੀ ਸਿਰਜੀ ਹੈ। ਚਿੱਤਰਕਾਰ ਸੁਬੀਰ ਰਾਏ ਨੇ ਚਿੱਤਰਾਂ ਵਿਚ ਬੜੀ ਵੱਡੀ ਕਲਪਨਿਕ ਉਡਾਰੀ ਮਾਰੀ ਹੈ। ਕਹਾਣੀ ਮਾਂ ਵਿਹੂਣੇ ਬੱਚੇ ਦੀ ਮਾਨਸਿਕਤਾ ਨੂੰ ਬਿਆਨ ਕਰਦੀ ਹੈ। ਲੇਖਕ ਪਰੀ ਕਥਾ ਰਾਹੀਂ ਪਾਠਕਾਂ ਨੂੰ ਦੱਸਦਾ ਹੈ ਕਿ ਜਿਹੜੀ ਸੁੰਦਰ ਗੀਤ ਗਾਉਣ ਵਾਲੀ 'ਬੁੱਲਬੁਲ' ਹੈ ਉਹ ਅਸਲ ਵਿਚ ਪਹਿਲਾਂ ਸੁਰੀਲੀ ਬੰਸਰੀ ਵਜਾਉਣ ਵਾਲਾ ਬਬਲੂ ਹੀ ਸੀ। ਬੱਚਿਆਂ ਤੇ ਗਹਿਰਾ ਅਸਰ ਪਾਉਣ ਲਈ ਲੇਖਕ ਨੇ ਕਹਾਣੀ ਦੀ ਖੂਬਸੂਰਤ ਬੁਣਤੀ ਬੁਣੀ ਹੈ।

**ਇਕ ਯਾਤਰਾ (ਚਿੱਤਰਕਾਰ ਤੇ ਕਹਾਣੀ ਜਗਦੀਸ਼ ਜੋਸ਼ੀ)**




'ਇਕ ਯਾਤਰਾ' ਪੁਸਤਕ 'ਚ ਲਾਰਵੇ ਅਤੇ 'ਪੁਸਤਕ ਦੇ ਪੰਨੇ' ਰਾਹੀਂ ਕਹਾਣੀ ਕਹੀ ਗਈ ਹੈ।'ਪੁਸਤਕ ਦਾ ਪੰਨਾ' ਜਿਹੜਾ ਕਿ ਗਿਆਨ ਦਾ ਸੋਮਾ ਹੈ ਉਹ ਲਾਰਵਾ ਦੇ ਮਾਧਿਅਮ ਰਾਹੀਂ ਛੋਟੇ ਬੱਚਿਆਂ ਨੂੰ ਨਿੱਕਾ ਨਿੱਕਾ ਗਿਆਨ ਦਿੰਦਾ ਹੈ। ਇਹ ਪੁਸਤਕ ਪ੍ਰਾਇਮਰੀ ਉਮਰ ਵਰਗ ਦੇ ਬੱਚਿਆਂ ਦੀ ਮਾਨਸਿਕ ਪੱਧਰ ਨੂੰ ਮੁੱਖ ਰੱਖ ਕੇ ਤਿਆਰ ਕੀਤੀਆਂ ਗਈਆਂ ਹਨ। ਚਿੱਤਰਾਂ ਨੂੰ ਬਹੁਤ ਅਹਿਮੀਅਤ ਦਿੱਤੀ ਗਈ ਹੈ। ਚਿੱਤਰ ਰਾਹੀਂ ਬੱਚਾ ਕਹਾਣੀ ਵੱਧ ਸੰਚਾਰ ਕਰਦਾ ਹੈ।

**ਕਿਉਂ ਮੁਸਕਰਾਏ ਬੁੱਧ 2500 ਸਾਲ ਬਾਅਦ (ਆਬਿਦ ਸੂਰਤੀ)**




ਇਹ ਪੁਸਤਕ ਵਿਚ ਲੇਖਕ ਨੇ ਇਕ ਅਲੀ ਨਾਂ ਦਾ ਪਾਤਰ ਸਿਰਜਿਆ ਹੈ। ਜਿਹੜਾ ਕਿ ਆਪਣੀਆਂ ਅੱਖਾਂ ਰਾਹੀਂ ਭਾਰਤ ਦੀ ਸੈਰ ਕਰਦਾ ਹੈ। ਅਲੀ ਦੀ ਅੱਖ ਚਿਹਨ ਹੈ ਜਿਹੜੀ ਪਹਿਲਾਂ ਦਿੱਲੀ ਦੀ ਸੈਰ ਇਕ ਹੋਰ ਅੱਖ ਨਾਲ ਕਰਦੀ ਹੈ। ਸੈਰ ਰਾਹੀਂ ਬੱਚਿਆਂ ਨੂੰ ਦਿੱਲੀ ਦੀ ਜਾਣਕਾਰੀ ਦਿੱਤੀ ਗਈ ਹੈ। ਫਿਰ ਉਹ ਆਗਰਾ, ਕਲਕੱਤਾ, ਮਨੀਪੁਰ, ਚੈਨਈ, ਮੁਬੰਈ ਦੀ ਇਤਿਹਾਸਕ, ਭੂਗੋਲ ਦੀ ਜਾਣਕਾਰੀ ਦਿੰਦਾ ਹੈ।

**ਭੌਂਦੂ ਅਤੇ ਭੋਲੂ (ਚੰਦਰਕਿਰਨ ਸੌਨਰੇਕਸਾ) ਚਿੱਤਰ ਆਰੀਆ ਪ੍ਰਹਰਾਜ**




ਲੇਖਕ ਨੇ ਇਕ ਬੱਚੇ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਹੜੇ ਬੱਚੇ ਮਾਂ ਬਾਪ ਦਾ ਕਹਿਣਾ ਨਹੀਂ ਮੰਨਦੇ ਅਤੇ ਨਾ ਹੀ ਸਕੂਲ ਪੜ੍ਹਨ ਜਾਂਦੇ ਹਨ ਉਨ੍ਹਾਂ ਨੂੰ ਦੁੱਖ ਤੇ ਮੁਸੀਬਤਾ ਆਉਂਦੀਆਂ ਹਨ। ਕਹਾਣੀ ਵਿਚ ਭੁਪਿੰਦਰ ਤੋਂ ਭੌਂਦੂ ਬਣੇ ਬੱਚੇ ਦੀ ਕਹਾਣੀ ਕਹੀ ਗਈ ਹੈ। ਜਿਹੜਾ ਪੜ੍ਹਨ ਵੱਲ ਰਤਾ ਵੀ ਧਿਆਨ ਨਹੀਂ ਦਿੰਦਾ ਜਿਸ ਨੂੰ ਫੁਸਲਾ ਕੇ ਇਕ ਭੀਖ



ਮੰਗਣ ਵਾਲਾ ਬਾਬਾ ਦੂਰ ਲਿਜਾ ਕੇ ਭੀਖ ਮੰਗਣ ਲਈ ਮਜ਼ਬੂਰ ਕਰਦਾ ਹੈ। ਉਦੋਂ ਭੌਂਦੂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਪੜ੍ਹਾਈ ਕਿੰਨੀ ਜ਼ਰੂਰੀ ਹੈ। ਥੋੜ੍ਹਾ ਜਿਹਾ ਪੜ੍ਹਿਆ ਹੋਣ ਕਰਕੇ ਹੀ ਉਹ ਆਪਣੇ ਮਾਤਾ ਪਿਤਾ ਨੂੰ ਦੁਬਾਰਾ ਮਿਲਦਾ ਹੈ।

**ਜੰਗਲ ਵਿੱਚ ਮੰਗਲ (ਸ਼ਾਂਤਨੂੰ ਤਾਮੂਲੀ)**
**ਚਿੱਤਰ ਦੁਰਲੱਭ ਭੱਟਾਚਾਰੀਆ**




ਇਸ ਬਾਲ ਪੁਸਤਕ ਵਿਚਲੀ ਕਹਾਣੀ ਕਾਂਜੀਰੰਗਾ ਦੇ ਸੰਘਣੇ ਜੰਗਲਾਂ ਵਿਚ ਘਟਦੀ ਹੈ। ਜਿਸ ਵਿਚ ਮੁਨੂੰ ਨਾਂ ਬੱਚਾ ਪਾਤਰ ਵਜੋਂ ਉਭਰਦਾ ਹੈ। ਜਿਸ ਨੂੰ ਜੰਗਲ ਵਿਚ ਇਕ ਝੋਟੇ ਦਾ ਸਿੰਘ ਲੱਭਦਾ ਹੈ, ਜਿਸ ਦੀ ਉਸ ਦਾ ਪਿਤਾ ਪੀਪਨੀ ਬਣਾ ਦਿੰਦਾ ਹੈ। ਇਸ ਪੀਪਨੀ ਦੇ ਸੁਰੀਲੇ ਸੰਗੀਤ ਨਾਲ ਮੁਨੂੰ ਜੰਗਲ ਦੇ ਜਾਨਵਰਾਂ ਦਾ ਦਿੱਲ ਜਿੱਤ ਲੈਂਦਾ ਹੈ। ਪੀਪਨੀ ਕਰਕੇ ਹੀ ਉਹ ਟੋਏ ਵਿਚ ਡਿੱਗੇ ਗੈਂਡੇ ਤੇ ਉਹਦੇ ਬੱਚੇ ਨੂੰ ਬਚਾਉਂਦਾ ਹੈ। ਲੇਖਕ ਨੇ ਸੰਗੀਤ ਦੀ ਮਹੱਤਤਾ ਦਾ ਗਿਆਨ ਬੱਚਿਆਂ ਨੂੰ ਦਿੱਤਾ ਹੈ। ਪੁਸਤਕ ਦੇ ਚਿੱਤਰ ਬੜੇ ਹੀ ਦਿਲ ਖਿਚਵੇਂ ਹਨ। ਜਿਹੜੇ ਜੰਗਲੀ ਸੁੰਦਰਤਾ ਨੂੰ ਬੜਾ ਗਹਿਰਾ ਕਰਦੇ ਹਨ।

**ਹੀਰੋਸੀਮਾ ਦਾ ਦਰਦ (ਤੋਸ਼ੀ ਮਾਰੂਕੀ) ਚਿੱਤਰ ਹਰੀ ਮਾਰੂਕੀ**




ਇਹ ਪੁਸਤਕ ਹੀਰੋਸੀਮਾ ਦੀ ਤ੍ਰਾਸਦੀ ਨੂੰ ਚਿੱਤਰਾਂ ਅਤੇ ਸ਼ਬਦਾਂ ਰਾਹੀਂ ਬਿਆਨ ਕਰਦੀ ਹੈ। ਪੁਸਤਕ ਵਿਚ ਇਕ ਨੰਨੀ ਬੱਚੀ ਮੀਚਨ ਦੀ ਕਹਾਣੀ ਹੈ। ਜਦੋਂ ਉਸ ਦੇ ਸ਼ਹਿਰ ਵਿਚ ਅਮਰੀਕਾ ਪਰਮਾਣੂ ਬੰਬ ਸੁੱਟਦਾ ਹੈ। ਲੋਕ ਤੇ ਪੰਛੀ ਮਰਨ ਲੱਗਦੇ ਹਨ। ਉਨ੍ਹਾਂ ਤੇ ਕਾਲੇ ਰੰਗ ਤੇ ਤੇਲ ਦੀ ਵਰਖਾ ਹੁੰਦੀ ਹੈ। ਲੋਕ ਕਿਵੇਂ ਆਪਣੀ ਜਾਨ ਬਚਾਉਣ ਲਈ ਦੌੜਦੇ ਹਨ ਇਨ੍ਹਾਂ ਦਾ ਵੇਰਵਾ ਚਿੱਤਰਾ ਰਾਹੀਂ ਸਕਾਰ ਕੀਤਾ ਗਿਆ ਹੈ। ਹੀਰੋਸੀਮਾ ਦਾ ਸੰਘਣੀ ਆਬਾਦੀ ਵਾਲਾ ਸ਼ਹਿਰ ਮੈਦਾਨ ਵਿਚ ਬਦਲ ਜਾਂਦਾ ਹੈ। ਜਿੱਥੇ ਘਰ, ਦਰਖ਼ਤ ਤੇ ਬੱਚੇ ਨਹੀਂ ਬਚਦੇ। ਇਸ ਤ੍ਰਾਸਦੀ ਨੂੰ ਨੰਨੀ ਬੱਚੀ ਰਾਹੀ ਬਿਆਨ ਕੀਤਾ ਗਿਆ ਹੈ। ਪੁਸਤਕ ਬਾਲ ਮਨ ਤੇ ਗਹਿਰਾ ਅਸਰ ਛੱਡਦੀ ਹੈ। ਤੇ ਸੰਦੇਸ਼ ਦਿੰਦੀ ਹੈ ਕਿ ਅੱਜ ਦੇ ਬੱਚੇ ਕੱਲ ਵੱਖ ਵੱਖ ਅਹੁਦਿਆ ਤੇ ਪਹੁੰਚ ਕੇ ਇਹੋ ਜਿਹੀ ਤ੍ਰਾਸਦੀ ਨਾ ਹੋਣ ਦੇਣ। ਇਨ੍ਹਾਂ ਸਾਰੀਆਂ ਬਾਲ ਪੁਸਤਕ ਦਾ ਅਨੁਵਾਦ ਡਾ. ਬਲਦੇਵ ਸਿੰਘ ਬੱਧਨ' ਨੇ ਕੀਤਾ ਹੈ। ਅਨੁਵਾਦ ਦਾ ਮੁਹਾਵਰਾ ਬੱਚਿਆਂ ਦੀ ਪੱਧਰ ਦਾ ਹੈ ।


ਇਨ੍ਹਾਂ ਸਾਰੀਆਂ ਪੁਸਤਕਾਂ ਨੂੰ ਨੈਸ਼ਨਲ ਬੁਕ ਟਰੱਸਟ ਇੰਡੀਆ ਨੇ ਪ੍ਰਕਾਸਤ ਕੀਤਾ ਹੈ ਅਤੇ ਇਨ੍ਹਾਂ ਦੀ ਕੀਮਤ ਵੀ ਬੱਚਿਆਂ ਦੇ ਪੱਧਰ ਦੀ ਹੈ।




**ਇਸ਼ਤਿਹਾਰ ਦੀ ਧੁੱਪ ਛਾਂ ਦੇ (ਕਸ਼ਮੀਰ ਸਿੰਘ ਪੰਨੂੰ)**


ਕਸ਼ਮੀਰ ਸਿੰਘ ਪੰਜਾਬੀ ਦਾ ਚਰਚਿਤ ਕਹਾਣੀਕਾਰ ਹੈ। ਉਸ ਦਾ ਸਾਹਿਤਕ ਸਫ਼ਰ ਕਈ ਦਹਾਕਿਆਂ ਤੱਕ ਫੈਲਿਆਂ ਹੋਇਆ ਹੈ। ਇਸ ਸਮੇਂ ਦੌਰਾਨ ਉਸ ਨੇ ਅਨੇਕਾਂ ਲੇਖਕਾਂ ਮਿੱਤਰਾਂ ਨਾਲ ਸਾਂਝੀ ਰੱਖੀ ਹੈ। ਪੁਸਤਕ ਵਿਚ ਅੰਮ੍ਰਿਤਾ ਪ੍ਰੀਤਮ, ਸੁਰਿੰਦਰ ਮੀਸ਼ਾ, ਕੁਲਵੰਤ ਸਿੰਘ ਵਿਰਕ, ਪ੍ਰੀਤਮ ਸਿੰਘ ਆਈ. ਏ. ਐਸ., ਰਾਜਿੰਦਰ ਸਿੰਘ ਭਸੀਨ, ਮਹਿੰਦਰ-

ਭਗਵੰਤ, ਗਿਆਨੀ ਜ਼ੈਲ ਸਿੰਘ, ਹਰਸਰਨ ਸਿੰਘ ਆਦਿ ਦੇ ਸ਼ਬਦ ਚਿੱਤਰ ਲਿਖੇ ਹਨ। ਇਨ੍ਹਾਂ ਲਿਖਤਾਂ ਵਿਚ ਲੇਖਕ ਨੇ ਨਿੱਜੀ ਮੁਲਾਕਾਤਾਂ ਰਾਹੀਂ ਸਬੰਧਤ ਲੇਖਕ-ਮਿੱਤਰ ਦੀ ਸ਼ਖ਼ਸ਼ੀਅਤ ਉਭਾਰੀ ਹੈ। ਪੁਸਤਕ ਵਿਚ ਜਿਨ੍ਹਾਂ ਲੇਖਕਾਂ ਦੇ ਸ਼ਬਦ ਚਿੱਤਰ ਹਨ ਉਹ ਕੇਵਲ ਲੇਖਕ ਹੀ ਨਹੀਂ ਸਨ ਬਲਕਿ ਉਨ੍ਹਾਂ ਦਾ ਆਪਣਾ ਆਪਣਾ ਵੱਖਰਾ ਰੁਤਬਾ ਸੀ। ਅੰਮ੍ਰਿਤਾ ਪ੍ਰੀਤਮ ਦੇ ਯੁੱਗ ਵਿਚ ਪੰਜਾਬੀ ਸਾਹਿਤ ਤੇ ਸਾਹਿਤ ਦੀ ਸਿਆਸਤ ਉਸ ਦੁਆਲੇ ਘੁੰਮਦੀ ਸੀ। ਉਸ ਨਾਲ ਉਸ ਬਹੁਤ ਨੇੜਤਾ ਸੀ। ਇਸ ਤਰ੍ਹਾਂ ਵਿਰਕ, ਪ੍ਰੀਤਮ ਸਿੰਘ, ਰਾਜਿੰਦਰ ਭਸ਼ੀਨ ਤੇ ਗਿਆਨੀ ਜ਼ੈਲ ਸਿੰਘ ਦਾ ਸਾਹਿਤ ਨਾਲ ਆਪਣੇ ਆਪਣੇ ਖੇਤਰ ਵਿਚ ਕੱਦ ਵੱਡਾ ਸੀ। ਪੁਸਤਕ ਵਿਚ ਆਪਣਾ ਆਪਣੇ ਵਲੋਂ ਲਿਖਿਆ ਸ਼ਬਦ ਚਿੱਤਰ ਬੜਾ ਅਹਿਮ ਹੈ। ਇਸ ਲਿੱਖਤ ਰਾਹੀ ਉਸ ਨੇ ਆਪਣੇ ਆਪ ਨੂੰ ਨੰਗਿਆ ਕੀਤਾ ਹੈ। ਇਸ ਨੂੰ ਸਵੈ ਜੀਵਨੀ ਦਾ ਟੁੱਕੜਾ ਵੀ ਕਿਹਾ ਜਾ ਸਕਦਾ ਹੈ। ਕਸ਼ਮੀਰ ਕੋਲ ਵਾਰਤਕ ਲਿਖਣ ਦਾ ਬਰੀਕ ਗਿਆਨ ਹੈ ਜਿਸ ਨੂੰ ਉਸ ਨੇ ਇਸ ਪੁਸਤਕ ਵਿਚ ਵਰਤਿਆ ਹੈ।




**1857 ਦੇ ਬਾਗ਼ੀ ਸਿੱਖ (ਸ਼ਮਸੁਲ ਇਸਲਾਮ)**
**ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਜਲੰਧਰ**

ਗ਼ਦਰ ਲਹਿਰ ਵਿਚ ਸਿੱਖ ਕੌਮ ਦਾ ਕਿੰਨਾ ਕੁ ਯੋਗਦਾਨ ਹੈ, ਇਸ ਸਬੰਧੀ ਤੱਥ ਸ਼ਮਸੁਲ ਇਸਲਾਮ ਨੇ ਇਸ ਪੁਸਤਕ ਵਿਚ ਪੇਸ਼ ਕੀਤੇ ਹਨ। ਸਰਕਾਰੀ ਫਾਇਲਾਂ ਅਤੇ ਦਸਤਾਵੇਜ਼ਾਂ ਦੇ ਅਧਾਰ ਨੇ ਲੇਖਕ ਨੇ ਇਹ ਸਿੱਧ ਕੀਤਾ ਹੈ। 1857 ਦੀ ਬਗ਼ਾਵਤ ਸਬੰਧੀ ਸਿੱਖਾ ਬਾਰੇ ਅਨੇਕਾਂ ਸ਼ੰਕੇ ਇਤਿਹਾਸਕਾਰਾਂ ਵਿਚ ਹਨ। ਕਿ ਉਨ੍ਹਾਂ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਪੁਸਤਕ ਇਸ ਮਿੱਥ ਨੂੰ ਤੋੜਦੀ ਹੈ। ਇਸ ਸਮੇਂ ਦੇ ਗਦਰ ਅਤੇ ਸਿੱਖਾਂ ਦੇ ਰੋਲ ਬਾਰੇ ਪੜਤਾਲ ਕੀਤੀ ਹੈ। ਸਿੱਖ ਰਜਵਾੜੇ ਤੇ ਜਗੀਰਦਾਰ ਸਿੱਖ ਦਾ ਰੋਲ ਕਿਹੋ ਜਿਹਾ ਸੀ। ਬਲਕਿ ਪੁਸਤਕ ਦਾ ਲੇਖਕ ਮੁਸਲਮਾਨ ਤੇ ਹਿੰਦੂ ਰਜਵਾੜੇ ਤੇ ਜਗੀਰਦਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਨ੍ਹਾਂ ਨੇ ਗਦਰ ਨੂੰ ਫੇਲ੍ਹ ਕਰਨ ਵਿਚ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਅੰਤ ਵਿਚ ਉਨ੍ਹਾਂ ਸਿੱਖ ਫੌਜੀ ਰੈਜੀਮੈਂਟ ਦਾ ਜ਼ਿਕਰ ਹੈ ਜਿਨ੍ਹਾਂ ਨੇ 1857 ਦੇ ਗ਼ਦਰ ਵਿਚ ਪੰਜਾਬ ਤੇ ਪੰਜਾਬ ਤੋਂ ਬਾਹਰ ਬੈਠੇ ਸਿੱਖਾਂ ਨੇ ਭਾਗ ਲਿਆ। ਪੁਸਤਕ ਵਿਚ ਹਵਾਲਿਆਂ ਦੇ ਭਰਮਾਨ ਹੈ, ਵਿਸ਼ਲੇਸ਼ਣ ਘੱਟ ਹੈ। ਇਸ ਦਾ ਅਨੁਵਾਦ ਡਾ ਪਰਮਜੀਤ ਸਿੰਘ ਢੀਂਗਰਾ ਨੇ ਕੀਤਾ ਹੈ।




**ਗ਼ਦਰ ਦਾ ਦਲਾਲ ਮੁਨਸ਼ੀ ਜੀਵਨ ਲਾਲ**
**(ਸ਼ਮਸੁਮ ਇਸਲਾਮ)**
**ਪ੍ਰਕਾਸ਼ਕ ਦੀਪਕ ਪਬਲਿਸ਼ਰਜ਼, ਜਲੰਧਰ**

ਮੁਨਸ਼ੀ ਜੀਵਨ ਲਾਲ ਅੰਗਰੇਜ਼ਾਂ ਦੇ ਲਈ ਦਲਾਲੀ ਦਾ ਕੰਮ ਕਰਨ ਵਾਲਾ ਅਜਿਹਾ ਬੰਦਾ ਸੀ ਜਿਸ ਨੇ ਆਪਣੇ ਨਿੱਜੀ ਹਿੱਤਾਂ ਲਈ ਦੇਸ਼ ਦੇ ਹਿੱਤ ਕੁਰਬਾਨ ਕਰ ਦਿੱਤੇ। ਉਹ ਦਿੱਲੀ ਦੇ ਆਨਰੇਰੀ ਮੈਜਿਸਟ੍ਰੇਟ ਸਨ। ਇਤਿਹਾਸ ਵਿਚ ਉਸ ਨੂੰ ਖਲਨਾਇਕ ਦੇ ਤੌਰ ਤੇ ਦੇਖਿਆ ਜਾਂਦਾ ਹੈ। ਉਹ ਅੰਗਰੇਜ਼ ਕੌਮ ਦਾ ਅੰਨਾ ਸ਼ਰਧਾਲੂ ਸੀ। ਗ਼ਦਰ ਨੂੰ ਫੇਲ ਕਰਨ ਵਿਚ ਉਸ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਸ ਵਲੋਂ ਲਿਖੀ ਡਾਇਰੀ




ਇਸ ਕਾਰਜ ਨੂੰ ਸਿੱਧ ਕਰਨ ਵਾਲਾ ਅਹਿਮ ਦਸਤਾਵੇਜ਼ ਹੈ। ਪੁਸਤਕ ਵਿਚ ਜੀਵਨ ਲਾਲ ਦੇ ਪਰਿਵਾਰ ਦਾ ਪਿਛੋਕੜ ਦਿੱਤਾ ਗਿਆ ਹੈ। ਪੁਸਤਕ ਦੀ ਅਹਿਮ ਕੜੀ ਹੈ, ਉਸ ਵਲੋਂ ਲਿਖੀ ਡਾਇਰੀ ਦੇ ਪੰਨੇ ਜਿਨ੍ਹਾਂ ਤੋਂ ਉਸ ਦੇ ਅੰਗਰੇਜ਼ ਕੌਮ ਪ੍ਰਤੀ ਸ਼ਰਧਾ ਦਾ ਸਬੂਤ ਹੈ। ਜਿਸ ਵਿਚੋਂ ਪਤਾ ਲੱਗਦਾ ਹੈ ਕਿ ਕਿਵੇਂ ਉਹ ਦੇਸ਼ ਭਗਤਾਂ ਦੀ ਜਸੂਸੀ ਕਰਵਾਉਂਦਾ ਸੀ ਅਤੇ ਕਿਵੇਂ ਗੋਰਿਆ ਦੇ ਹੱਕ ਵਿਚ ਭੁਗਤਦਾ ਸੀ। ਇਸ ਪੁਸਤਕ ਦਾ ਅਨੁਵਾਦ ਵੀ ਡਾ. ਪਰਮਜੀਤ ਸਿੰਘ ਢੀਂਗਰਾ ਨੇ ਕੀਤਾ ਹੈ।




**ਉਦਾਸ ਹੋਣਾ ਮਨ੍ਹਾਂ ਹੈ (ਨਿਬੰਧ) ਅਜੀਤ ਸਿੰਘ ਚੰਦਨ**
**ਪ੍ਰਕਾਸ਼ਕ ਸਿੰਘ ਬ੍ਰਦਰਜ਼, ਅੰਮ੍ਰਿਤਸਰ**

ਚੰਦਨ ਪੰਜਾਬੀ ਦਾ ਚਰਚਿਤ ਵਾਰਤਕਕਾਰ ਹੈ। ਉਸ ਦੇ ਲੇਖ ਮਨੁੱਖੀ ਮਨ ਦੀ ਤਰੰਗਾ ਨੂੰ ਸਮਝਣ ਵਾਲੇ ਹੁੰਦੇ ਹਨ। ਚੰਦਨ ਤੰਦਰੁਸਤ ਅਤੇ ਸਿਹਤਮੰਦ ਜੀਵਨ ਜੀਉਣ ਦੀ ਜਾਚ ਸਿਖਾਉਂਦਾ ਹੈ। ਉਸ ਨੇ ਮਨੁੱਖੀ ਮਨ, ਤਨ, ਸੁੰਦਰਤਾ, ਜ਼ਿੰਦਗੀ ਦੇ ਦੁੱਖ ਤੇ ਤਕਲੀਫਾਂ, ਸੰਕਟ, ਸਫਲਤਾ ਵਰਗੇ ਵਰਤਾਰਿਆ ਬਾਰੇ ਆਪਣੀ ਪਹੁੰਚ ਪ੍ਰਗਟ ਕੀਤੀ ਹੈ। ਪੁਸਤਕ ਵਿਚ ਕੁਝ ਲੇਖ ਪਰਵਾਸੀ ਜੀਵਨ ਤੇ ਰਹਿਣ ਸਾਹਿਣ ਬਾਰੇ ਲਿਖੇ ਗਏ ਹਨ। ਖਾਸ ਕਰਕੇ ਅਮਰੀਕਾ ਦੇ ਸਮੁੰਦਰ, ਰਹਿਣ ਸਹਿਣ, ਖ਼ੌਫਨਾਕ ਚੁੱਪ ਬਾਰੇ ਦਰਸ਼ਨਿਕ ਪਹੁੰਚ ਹੈ। ਇਹ ਹਾਰੇ ਹੋਏ ਲੋਕਾਂ ਨੂੰ ਉਠਾ ਦਿੰਦੇ ਹਨ, ਡਿੱਗੇ ਹੋਏ ਨੂੰ ਖੜਾ ਕਰ ਦਿੰਦੇ ਹਨ। ਜ਼ਿੰਦਗੀ ਨੂੰ ਹੁਸੀਨ ਕਿਵੇਂ ਬਣਾਉਣਾ ਹੈ ਇਸ ਸਬੰਧੀ ਚੰਦਨ ਦੀ ਪਹੁੰਚ ਬੜੀ ਸਾਰਥਕ ਹੈ। ਲੇਖਕ ਪ੍ਰੀਤਲੜੀ ਦੇ ਪ੍ਰੀਤ ਫ਼ਲਸਫ਼ੇ ਨੂੰ ਅੱਗੇ ਤੋਰਦਾ ਹੈ। ਚੰਦਨ ਪਾਠਕਾਂ ਨੂੰ ਉਸਾਰੂ ਸੇਧ ਦਿੰਦਾ ਹੈ।

**ਕਾਲੇ ਲਿਖੁ ਨਾ ਲੇਖ (ਸਵੈ ਜੀਵਨੀ)**
**ਹਮਦਰਦਵੀਰ ਨੌਸ਼ਹਿਰਵੀ**




ਹਮਦਰਦਵੀਰ ਪੰਜਾਬੀ ਦਾ ਚਿਰਾ ਤੋਂ ਸਾਹਿਤ ਰਚਣ ਵਾਲਾ ਲੇਖਕ ਹੈ। ਉਸ ਨੇ ਹੁਣ ਤੱਕ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਹਨ। ਇਸ ਪੁਸਤਕ ਰਾਹੀਂ ਉਸ ਨੇ ਆਪਣੇ ਜੀਵਨ ਦੇ ਜੁੜੇ ਪ੍ਰਸੰਗਾਂ ਨੂੰ ਸਵੈ ਜੀਵਨੀ ਰਾਹੀਂ ਪ੍ਰਗਟ ਕੀਤਾ ਹੈ। ਪੁਸਤਕ ਵਿਚ ਉਸ ਨੇ ਆਪਣੇ ਜੀਵਨ ਦੇ ਪ੍ਰਸੰਗਾਂ ਨੂੰ ਅਨੇਕਾਂ ਟੁਕੜਿਆ ਵਿਚ ਲਿਖਿਆ ਹੈ। ਆਪਣੀ ਜੀਵਨੀ ਉਹ ਆਪਣੇ ਬਚਪਨ ਦੇ ਪ੍ਰਸੰਗਾ ਤੋਂ ਕਰਦਾ ਹੈ। ਉਸ ਦਾ ਬਚਪਨ ਬੜਾ ਤਕਲੀਫ਼ਦੇਹ ਰਿਹਾ ਹੈ। ਲੰਮੀ ਜ਼ਿੰਦਗੀ ਵਿਚ ਉਸ ਨਾਲ ਬੀਤੀਆਂ ਅਨੇਕਾਂ ਘਟਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਸਮਾਜ ਨੂੰ ਦੇਖਣ ਦੀ ਦ੍ਰਿਸ਼ਟੀ ਬਹੁਤ ਹੀ ਉਸਾਰੀ ਰਹੀ ਹੈ। 'ਮੁੱਲ ਦੀ ਮਾਂ' ਬਾਰੇ ਲੇਖਕ ਨੇ ਬੜੇ ਭਾਵੁਕ ਹੋ ਕੇ ਲਿਖਿਆ ਹੈ। ਉਸ ਦੀ ਮਾਂ ਬਚਪਨ ਵਿਚ ਉਸ ਨੂੰ ਇਕੱਲਾ ਛੱਡ ਦਿੰਦੀ ਹੈ। ਹਮਦਰਦਵੀਰ ਦੀ ਵਾਰਤਕ ਬੜੀ ਹੀ ਸਰਲ ਹੈ। ਉਹ ਸਧਾਰਨ ਸ਼ੈਲੀ ਵਿਚ ਆਪਣੀ ਗੱਲ ਕਹਿੰਦਾ ਹੈ। ਜਿਹੜੀ ਗੱਲ ਲਿਖਤ ਵਿਚ ਢਲ ਕੇ ਖਾਸ ਬਣ ਜਾਂਦੀ ਹੈ।

**-ਸਰੋਜ**

## ਹੁੰਗਾਰਾ-

'ਕਹਾਣੀ ਧਾਰਾ' ਦਾ ਨਾਵਲ ਅਤੇ ਨਾਵਲ ਆਲੋਚਨਾ ਵਿਸ਼ੇਸ਼ ਅੰਕ ਮਿਲਿਆ। ਪਿਛਲੇ ਕੁਝ ਦਿਨਾਂ ਵਿਚ ਮੈਂ ਇਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ। ਗੱਲ ਮੁੜ ਘਿੜ ਕੇ ਤੁਹਾਡੀ ਸੰਪਾਦਕੀ 'ਤੇ ਹੀ ਆ ਕੇ ਟਿਕੀ ਹੈ। ਤੁਸੀਂ ਦੋ ਗੱਲਾਂ ਵਲ ਆਪਣੇ ਪਾਠਕਾਂ ਦਾ ਧਿਆਨ ਕੇਂਦ੍ਰਿਤ ਕੀਤਾ ਹੈ। ਪਹਿਲੀ ਗੱਲ- 'ਸਾਡਾ ਬਹੁਤਾ ਨਾਵਲ ਪੇਂਡੂ ਕਿਸਾਨੀ ਦੁਆਲੇ ਘੁੰਮਦਾ ਹੈ। ਨਾਵਲਕਾਰ ਨੂੰ ਪਾਠਕ ਵੀ ਏਥੋਂ ਹੀ ਲੱਭਦੇ ਹਨ। ਉਹ ਆਪਣੇ ਪਾਠਕਾਂ ਨੂੰ ਮੁੱਖ ਰੱਖ ਕੇ ਪੇਂਡੂ ਸੰਸਕ੍ਰਿਤੀ ਦੇ ਨਾਵਲ ਜ਼ੋਰ ਲਾ ਲਾ ਕੇ ਲਿਖਣ ਲੱਗ ਪਏ ਹਨ। ਸਾਡੇ ਆਲੋਚਕਾਂ ਨੂੰ ਵੀ ਪੇਂਡੂ ਸੰਸਕ੍ਰਿਤੀ ਦਾ ਨਾਵਲ ਪਸੰਦ ਆਉਂਦਾ ਹੈ, ਕਿਉਂਕਿ ਉਹ ਵੀ ਤਾਂ ਪੇਂਡੂ ਪਿਛੋਕੜ ਵਿਚੋਂ ਆਏ ਹਨ।' ਅੱਗੇ ਚਲ ਕੇ ਤੁਸੀਂ ਇਹ ਗੱਲ ਸਵੀਕਾਰ ਕੀਤਾ ਹੈ ਕਿ ਪੇਂਡੂ ਪਿਛੋਕੜ ਵਾਲੇ ਬਹੁਤ ਸਾਰੇ ਜਾਨਦਾਰ ਨਾਵਲ ਲਿਖੇ ਗਏ, ਪਰ ਬਹੁਤੇ ਹਲਕੀ ਪੱਧਰ ਦੇ ਨਾਵਲਾਂ ਨੇ ਖਾਦ ਦਾ ਕੰਮ ਵੀ ਕੀਤਾ। ਮੇਰੀ ਜਾਚੇ ਇਹ ਜਿਹੜਾ ਸੰਕਟ ਆਇਆ ਹੈ, ਪੰਜਾਬੀ ਨਾਵਲਕਾਰੀ ਵਿਚ, ਇਸ ਨੂੰ ਸਾਡੇ ਨਾਵਲਕਾਰਾਂ, ਆਲੋਚਕਾਂ ਅਤੇ ਪਾਠਕਾਂ ਨੇ ਗੰਭੀਰਤਾ ਨਾਲ ਨਹੀਂ ਲਿਆ। ਨਤੀਜਾ ਇਹ ਹੋਇਆ ਹੈ ਕਿ ਪੰਜਾਬੀ ਨਾਵਲ ਵਿਚ ਪੰਜਾਬੀ ਜੀਵਨ ਦੀ ਪੇਸ਼ਕਾਰੀ ਸੰਤੁਲਿਤ ਨਾ ਰਹਿ ਕੇ, ਉਲਾਰ ਹੋ ਗਈ ਹੈ। ਅਜੇ ਤੱਕ ਗਾਡੀ-ਰਾਹ ਹੀ ਪ੍ਰਚੱਲਤ ਹੈ। ਨਵੇਂ ਮਾਰਗਾਂ ਦੀ ਤਲਾਸ਼ ਨਹੀਂ ਕੀਤੀ ਜਾ ਰਹੀ।

ਤੁਸੀਂ ਇਹ ਅੰਕ ਜਿਸ ਮੰਤਵ ਨੂੰ ਮੁੱਖ ਰੱਖ ਕੇ ਸੰਪਾਦਿਤ ਕੀਤਾ ਹੈ, ਉਹ ਪੂਰਾ ਹੋਇਆ ਪ੍ਰਤੀਤ ਨਹੀਂ ਹੁੰਦਾ। ਉਂਜ ਬੇਸ਼ੱਕ ਤੁਹਾਡੀ ਕੋਸ਼ਿਸ਼ ਸ਼ਲਾਘਾਯੋਗ ਹੈ। ਨਿਰਸੰਦੇਹ ਪੰਜਾਬੀ ਨਾਵਲਕਾਰ ਅਤੇ ਆਲੋਚਕ ਆਪਣੇ ਸਾਹਿੱਤਕ ਵਿਰਸੇ ਨੂੰ ਭੁੱਲਦੇ ਜਾ ਰਹੇ ਹਨ ਅਤੇ ਵਰਤਮਾਨ ਨੂੰ ਹੀ ਅਤੀਤ ਅਤੇ ਭਵਿੱਖ ਸਮਝੀ ਬੈਠੇ ਹਨ। ਹੈਰਾਨੀ ਹੁੰਦੀ ਹੈ ਕਿ ਇਸ ਅੰਕ ਦੇ ਪੰਨਿਆਂ ਵਿਚ ਸੁਰਿੰਦਰ ਸਿੰਘ ਨਰੂਲਾ, ਕਰਤਾਰ ਸਿੰਘ ਦੁੱਗਲ, ਨਰਿੰਦਰਪਾਲ ਸਿੰਘ, ਸੁਰਜੀਤ ਸਿੰਘ ਸੇਠੀ, ਸੁਖਬੀਰ, ਮੋਹਨ ਕਾਹਲੋਂ, ਸਵਰਨ ਚੰਦਨ, ਸ. ਸੋਜ਼, ਪਿਆਰਾ ਸਿੰਘ ਭੋਗਲ ਅਤੇ ਕੁਝ ਹੋਰ ਨਾਵਲਕਾਰਾਂ ਦਾ ਜ਼ਿਕਰ ਨਹੀ ਹੋਇਆ। ਇਨ੍ਹਾਂ ਨੇ ਪੰਜਾਬੀ ਨਾਵਲ ਦੀ ਨੋਕ-ਪਲਕ ਸੰਵਾਰੀ, ਮਨੁੱਖੀ ਮਨ ਦੀਆਂ ਅਦਿੱਖ ਗਤੀ-ਵਿਧੀਆਂ ਪ੍ਰਤੀ ਸਚੇਤ ਕੀਤਾ, ਮਨੁੱਖੀ ਭਾਵਾਂ ਦੀ ਤਰਲਤਾ ਨੂੰ ਨਾਵਲੀ ਆਕਾਰ ਦਾ ਰੂਪ ਦਿੱਤਾ, ਸਮਾਂ ਅਤੇ ਸਥਾਨ ਦੀ ਅਦਲਾ ਬਦਲੀ ਦੇ ਮਹੱਤਵ ਨੂੰ ਉਜਾਗਰ ਕੀਤਾ, ਪਾਤਰ-ਚਿਤ੍ਰਣ ਦਾ ਨਵਾਂ ਢੰਗ ਦਰਸਾਇਆ, ਘਟਨਾਵਾਂ ਨੂੰ ਬੇਤਰਤੀਬੀ ਵਿਚ ਪੇਸ਼ ਕਰਕੇ ਕਲਾਤਮਕ ਪ੍ਰਭਾਵ ਪੈਦਾ ਕੀਤਾ, ਪਾਠਕ ਦੇ ਮਨ ਵਿਚ ਉਤਸੁਕਤਾ ਪੈਦਾ ਕਰਨ ਦੀ ਬਜਾਏ ਉਸ ਨੂੰ ਰਚਨਾ ਦੇ ਥੀਮ ਨੂੰ ਗ੍ਰਹਿਣ ਕਰਨ ਦੀ ਸੋਝੀ ਬਖ਼ਸ਼ੀ ਅਤੇ ਪਿੰਡ ਅਤੇ ਸ਼ਹਿਰ ਦੇ ਵਸਨੀਕਾਂ ਵਿਚਲੇ ਨਾਮ-ਨਿਹਾਦ (ਅਖੌਤੀ) ਪਾੜੇ ਨੂੰ ਅਲੋਪ ਕੀਤਾ।

ਦੂਸਰੀ ਗੱਲ ਜਿਹੜੀ ਤੁਸੀਂ ਆਪਣੀ ਸੰਪਾਦਕੀ ਵਿਚ ਕਹੀ ਹੈ, ਉਹ ਹਰ ਲਿਹਾਜ਼ ਨਾਲ ਗੌਰ ਤਲਬ (ਧਿਆਨ ਗੋਚਰੀ) ਹੈ। ਤੁਹਾਡਾ ਇਹ ਕਹਿਣਾ-'ਅੱਜ ਵੀ ਨਾਵਲਕਾਰ ਖੇਤਾਂ ਦਾ ਰੁਦਨ ਕਰੀ ਜਾਂਦੇ ਹਨ। ਸਾਡਾ ਨਾਵਲਕਾਰ ਭੰਗੀ ਜਾਂ ਚਮੜਾ ਰੰਗਣ ਵਾਲੇ ਦਾ ਰੁਦਨ ਕਿਉਂ ਨਹੀਂ ਲਿਖ ਰਿਹਾ। ਇਹ ਅਨੁਭਵ ਦੀਆਂ ਗੱਲਾਂ ਹਨ। ਅਨੁਭਵ ਤੋਂ ਬਿਨਾਂ ਕੋਈ ਸਿਰਜਣਾ ਨਹੀਂ ਹੋ ਸਕਦੀ। ਸਮਕਾਲੀ ਪੰਜਾਬੀ ਨਾਵਲ ਦੇ ਵਿਸ਼ੇ ਦਿਨੋ-ਦਿਨ ਸੁੰਗੜ ਰਹੇ ਹਨ ਪਰ ਨਾਵਲਾਂ ਦੇ ਆਕਾਰ ਵੱਡੇ ਹੋਈ ਜਾਂਦੇ ਹਨ। ਅਜੋਕੇ ਪੰਜਾਬੀ ਨਾਵਲ ਦੇ ਸੰਕਟ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਨਾਵਲਾਂ ਵਿਚ ਸਮੁੱਚੇ ਪੰਜਾਬੀ ਸਮਾਜ ਦੀ ਪੇਸ਼ਕਾਰੀ ਦੀ ਮੰਗ ਕਰਦਾ ਹੈ। ਦਲਿਤ ਵਰਗ ਕੁਝ ਜ਼ਾਤਾਂ ਤੱਕ ਹੀ ਸੀਮਿਤ ਨਹੀਂ ਬਲਕਿ ਇਸ ਬੋਦੇ ਨਿਜ਼ਾਮ ਵਿਚ ਜਿਹੜਾ ਵਿਅਕਤੀ ਪਿੱਸ ਰਿਹਾ ਹੈ, ਉਸ ਦਾ ਸ਼ੁਮਾਰ ਦਲਿਤਾਂ ਵਿਚ ਹੁੰਦਾ ਹੈ।



ਸਿਸਟਮ ਦੇ ਬਦਲਣ ਨਾਲ ਅਤੇ ਸਾਡੀ ਵਿਚਾਰਧਾਰਾ ਦੇ ਬਦਲਣ ਨਾਲ, ਸਮਾਜ ਵਿਚ 'ਕਲਾਸਾਂ' ਦੀ ਵੰਡ ਖਤਮ ਹੋ ਜਾਏਗੀ। ਹੁਣ ਸਾਡੇ ਵਿਚ ਪਛੜੇ ਹੋਏ ਲੋਕਾਂ ਲਈ ਤਰਸ ਦੀ ਭਾਵਨਾ ਤਾਂ ਹੈ, ਪਰ ਹਮਦਰਦੀ ਨਹੀਂ। 'ਸੁਚੱਤਾ' ਦਾ ਅਹਿਸਾਸ ਸਾਨੂੰ ਰੋਗ ਬਣ ਕੇ ਚਿੰਬੜਿਆ ਹੋਇਆ ਹੈ।

**-ਨਰਿੰਜਨ ਤਸਨੀਮ**, 77, ਵਿਸ਼ਾਲ ਨਗਰ ਐਕਸਟੈਨਸਨ, ਪੱਖੋਵਾਲ ਰੋਡ, ਲੁਧਿਆਣਾ

ਪੰਜਾਬੀ ਗਲਪ (ਕਹਾਣੀ, ਨਾਵਲ) ਬਾਰੇ 28-29 ਕਹਾਣੀਧਾਰਾ ਦੇ ਦੋ ਅੰਕ ਪ੍ਰਕਾਸ਼ਤ ਕਰਕੇ ਤੁਸੀਂ ਪ੍ਰਸ਼ਨ-ਉੱਤਰ ਵਿਧੀ ਰਾਹੀਂ ਸਾਰਥਿਕ ਬਹਿਸ ਛੇੜੀ ਹੈ। ਮੁਬਾਰਕ ! ਅਜਿਹੇ ਗੰਭੀਰ ਯਤਨ ਹੋਣੇ ਹੀ ਚਾਹੀਦੇ ਹਨ। ਕਹਾਣੀਕਾਰਾਂ ਅਤੇ ਨਾਵਲਕਾਰਾਂ ਨਾਲ ਸੰਵਾਦ ਹੋਰ ਵੀ ਸਾਰਥਕ ਹੋ ਜਾਂਦਾ ਹੈ, ਇਤਿਹਾਸ ਨੂੰ ਆਧਾਰ ਬਣਾ ਕੇ ਨਾਵਲ ਲਿਖਣਾ ਏਨਾ ਸੌਖਾ ਨਹੀਂ ਜਿਨ੍ਹਾਂ ਲੇਖਕ ਸਮਝ ਲੈਂਦੇ ਹਨ। ਇਤਿਹਾਸ ਦੇ ਸਮੁੱਚੇ ਘਟਨਾਕਰਮ ਵਿਚ ਪਏ ਵਿਰਾਸਤੀ ਮੈਟਾਫ਼ਰ ਨੂੰ ਖੋਹਲਣਾ ਅਤੇ ਸਮਕਾਲੀ ਘਟਨਾ ਕਰਮ ਅਨੁਸਾਰ ਨਵੇਂ ਅਰਥਾਂ ਵਿਚ ਜਾਰੀ ਰਖਣਾ ਕਠਿਨ ਕੰਮ ਹੈ। ਮੈਂ ਉਨ੍ਹਾਂ ਆਲੋਚਕਾਂ ਵਿਦਵਾਨਾ ਨਾਲ ਸਹਿਮਤ ਨਹੀਂ ਜੋ ਨਾਇਕ ਦੇ ਵਿਗਠਨ ਨੂੰ ਸਹੀ ਮੰਨਦੇ ਹਨ। ਸਾਹਿਤ ਦਾ ਕੋਈ ਵੀ ਰੂਪ ਮੰਤਵ-ਹੀਣ ਨਹੀਂ ਹੁੰਦਾ। ਨਾਇਕ ਲੇਖਕ ਦੇ ਮੰਤਵੀ ਸਰੋਕਾਰਾਂ ਨੂੰ ਸਪਸ਼ਟ ਕਰਦਾ ਹੈ। ਨਾਇਕ-ਵਿਹੂਣਤਾ ਨਿਰਪੇਖ (unconcarned) ਦੀ ਪ੍ਰੋੜਤਾ ਕਰਦੀ ਹੈ। ਜਦ ਕਿ ਮੈਂ ਸਮਝਦਾ ਹਾਂ ਸਾਹਿਤ ਦਾ ਕੋਈ ਵੀ ਰੂਪ ਨਿਰਪੇਖ ਹੋ ਹੀ ਨਹੀਂ ਸਕਦਾ ਸਗੋਂ ਇਸਦਾ ਸਾਪੇਖ ਅਤੇ ਪੱਖੀ ਹੋਣਾ ਇਕ ਮਹੱਤਵ ਪੂਰਨ ਵਿਸ਼ੇਸ਼ਤਾ ਹੈ। ਤੁਸੀਂ ਕਿਸੇ ਦੇ ਪੱਖ ਵਿਚ ਹੋ ਜਾਂ ਵਿਰੋਧ ਵਿਚ। ਤੁਹਾਡਾ ਕੋਈ ਨਾਇਕ ਹੈ ਜਾਂ ਖਲਨਾਇਕ। ਇਸ ਕੰਟਰਾਡਿਕਸ਼ਨ ਨੂੰ ਫੜਨਾ ਅਤੇ ਮੁਕਤੀ-ਜੁਗਤ ਬਿਰਤਾਂਤੀ ਵਿਸਥਾਰ ਦੇਣਾ ਕਿਸੇ ਨਾਵਲਕਾਰ ਦਾ ਪਹਿਲਾ ਫਰਜ਼ ਹੈ।

**-ਤੇਜਵੰਤ ਮਾਨ (ਡਾ.)**, ਸੰਗਰੂਰ

ਕਹਾਣੀ-ਧਾਰਾ ਦੇ ਨਾਵਲ ਵਿਸ਼ੇਸ਼ ਅੰਕ ਵਿਚ ਛਪੇ ਅਨੇਕ ਨਾਮਵਰ ਨਾਵਲਕਾਰਾਂ ਦੇ ਸਾਹਿਤਕ ਸਿਰਜਨ ਕਲਾ ਅਤੇ ਗਲਪ ਰਚਨਾ ਪ੍ਰਕਿਰਿਆ ਨਾਲ ਸਬੰਧਿਤ ਅਨਮੋਲ ਅਨੁਭਵਾਂ ਬਾਰੇ ਪੜ੍ਹ ਕੇ ਇੰਜ ਮਹਿਸੂਸ ਹੋ ਰਿਹਾ ਹੈ ਜਿਵੇਂ ਇਸ ਵਿਧਾ ਬਾਰੇ ਮੇਰੇ ਗਿਆਨ ਵਿਚ ਇਕਦਮ ਗੁਣਾਤਮਕ ਵਾਧਾ ਹੋ ਗਿਆ ਹੋਵੇ। ਤੇਰੀ ਮਿਹਨਤ ਦੀ ਦਾਦ ਦੇਣੀ ਵੀ ਬਣਦੀ ਹੈ। ਆਲੋਚਕ ਵਿਦਵਾਨਾਂ ਨੇ ਵੀ ਖ਼ੂਬ ਪਤੇ ਦੀਆਂ ਗੱਲਾਂ ਲਿਖੀਆਂ ਹਨ। ਡਾ. ਰਜਨੀਸ਼ ਬਹਾਦਰ ਦੀਆਂ ਖਰੀਆਂ ਖਰੀਆਂ ਗੱਲਾਂ ਵੀ ਬਹੁਤ ਸੁਹਣੀਆਂ ਲੱਗੀਆਂ ਹਨ। ਬੌਧਿਕ ਮਨ ਨੂੰ ਛੂਹ ਲੈਣ ਵਾਲੀਆਂ। ਡਾ. ਸੁਰਜੀਤ ਬਰਾੜ ਨੇ ਆਪਣੇ ਲੇਖ "ਪੰਜਾਬੀ ਨਾਵਲ ਦਾ ਮੂੰਹ ਮੁਹਾਂਦਰਾ" ਵਿਚ ਤਾਂ ਕਮਾਲ ਹੀ ਕਰ ਦਿਖਾਈ ਹੈ। ਇਹ ਲੇਖ ਪੜ੍ਹ ਕੇ ਇੰਜ ਜਾਪ ਰਿਹਾ ਹੈ ਜਿਵੇਂ ਤਬਸਰਾ-ਨੁਮਾ ਗਿਆਨ ਦਾ ਸਮੁੰਦਰ ਕੁੱਜੇ ਵਿਚ ਬੰਦ ਕਰ ਦਿੱਤਾ ਹੋਵੇ। ਏਨੇ ਸਾਰੇ ਨਾਵਲਾਂ ਬਾਰੇ ਇਹ ਸੂਚਨਾਮਈ ਕਿਸਮ ਦਾ ਵਿਸ਼ਲੇਸ਼ਣਾਤਮਕ ਲੇਖ ਪੜ੍ਹ ਕੇ ਮਨ ਬਾਗ਼ ਬਾਗ਼ ਹੋ ਉੱਠਿਆ। ਏਨੇ ਸਾਰੇ ਨਾਵਲਾਂ ਨੂੰ ਪੜ੍ਹਨਾ, ਮੰਥਨ ਕਰਨਾ ਤੇ ਇਨ੍ਹਾਂ ਬਾਰੇ ਸਮੀਖਿਆ ਨੂੰ ਇਕੋ ਲੇਖ ਵਿਚ ਸਮਾ ਸਕਣਾ, ਉੱਤਮ ਦਰਜੇ ਦੀ ਸ਼ਿੱਦਤ, ਮਿਹਨਤ ਤੇ ਲਗਨ ਦੀ ਮੰਗ ਕਰਦਾ ਹੈ, ਤੇ ਡਾ. ਸੁਰਜੀਤ ਬਰਾੜ ਨੇ ਇਹ ਬਾਖ਼ੂਬੀ ਕਰ ਵਿਖਾਇਆ ਹੈ।

ਡਾ. ਬਰਾੜ ਦੇ ਇਸ ਲੇਖ ਵਿਚ ਮੇਰੇ ਨਾਵਲ 'ਜੋ ਹਾਰੇ ਨਹੀਂ' (ਤ੍ਰੈਲੜੀ) ਬਾਰੇ ਵੀ ਉੱਤਮ ਵਿਚਾਰ ਪੇਸ਼ ਕੀਤੇ ਗਏ ਹਨ (ਦੇਖੋ, ਕਹਾਣੀ-ਧਾਰਾ ਨਾਵਲ ਵਿਸ਼ੇਸ਼ ਅੰਕ -113)। ਸਿਰਫ਼ ਤਿੰਨ ਚਾਰ ਛੋਟੇ ਛੋਟੇ ਖ਼ੂਬਸੂਰਤ ਵਾਕਾਂ ਵਿਚ456 ਪੰਨੇ ਵਾਲੇ ਵੱਡ-ਆਕਾਰੀ ਨਾਵਲ ਦਾ ਨਿਚੋੜ, ਵਸਤੂਗਤ ਤੱਤ ਅਤੇ ਮੁਲਾਂਕਣ ਪੇਸ਼ ਕਰਨ ਦੀ ਬੇਮਿਸਾਲ ਸਮਰਥਾ ਦਾ ਪ੍ਰਗਟਾਵਾ ਕੀਤਾ ਹੈ। ਪਰ ਇਸ ਵਿਚ ਗਲਤੀ ਨਾਲ ਮੇਰੇ ਨਾਵਲ ਦਾ ਨਾਂ 'ਬਿਨ ਸਿੰਗੇ ਸਾਨ੍ਹ' ਛਪ ਗਿਆ ਹੈ। 'ਬਿਨ ਸਿੰਗੇ ਸਾਨ੍ਹ' ਮੇਰੇ ਬਹੁ-ਚਰਚਿਤ ਕਹਾਣੀ-ਸੰਗ੍ਰਹਿ ਦਾ ਨਾਂ ਹੈ, ਨਾਵਲ ਦਾ ਨਾਂ 'ਜੋ ਹਾਰੇ ਨਹੀਂ' ਹੈ। ਇਸ ਨਾਵਲ ਦੇ ਤਿੰਨ ਭਾਗ ਹਨਃ 'ਜੋ ਹਾਰੇ ਨਹੀਂ', 'ਮਿੱਟੀ ਜਾਏ', 'ਵਿੰਗ ਤਿੜੰਗੇ ਰਾਹ'। ਇਸ ਨਾਵਲ ਦੇ ਤਰਕ ਭਾਰਤੀ

ਪ੍ਰਕਾਸ਼ਨ, ਬਰਨਾਲਾ ਵੱਲੋਂ ਛਾਪੇ ਗਏ ਦੂਜੇ ਐਡੀਸ਼ਨ ਵਿਚ ਇਹ ਤਿੰਨੇ ਭਾਗ ਇਕੋ ਜਿਲਦ ਵਿਚ 'ਜੋ ਹਾਰੇ ਨਹੀਂ' (ਤ੍ਰੈਲੜੀ) ਨਾਂ ਹੇਠ ਛਪੇ ਹਨ। ਇਹ ਨਾਵਲ ਹਿੰਦੁਸਤਾਨ ਦੀ ਕਮਿਊਨਿਸਟ ਇਨਕਲਾਬੀ ਲਹਿਰ ਉਰਫ਼ ਨਕਸਲਬਾੜੀ ਅੰਦੋਲਨ ਬਾਰੇ ਮੇਰੇ ਹੱਡੀਂ ਹੰਡਾਏ ਅਨੁਭਵਾਂ ਉਪਰ ਆਧਾਰਿਤ ਹੈ। ਮੇਰੇ ਕੁਝ ਮਿੱਤਰ ਪਾਠਕਾਂ ਅਤੇ ਸਨੇਹੀ ਆਲੋਚਕਾਂ ਅਨੁਸਾਰ ਇਹ ਨਾਵਲ ਨਕਸਲਬਾੜੀ ਲਹਿਰ ਦੀ ਇਕ ਪ੍ਰਤੀਨਿਧੀ ਤੇ ਪ੍ਰਮਾਣਿਕ ਰਚਨਾ ਮੰਨੀ ਜਾਂਦੀ ਹੈ। ਡਾ. ਬਰਾੜ ਨੂੰ ਇਸ ਨਾਵਲ ਬਾਰੇ ਜ਼ਿਕਰ ਕਰਨ ਲਈ ਮੇਰੇ ਵੱਲੋਂ ਧੰਨਵਾਦ ਕਹਿਣਾ ਅਤੇ ਇਹ ਬੇਨਤੀ ਵੀ ਕਰ ਦੇਣਾ ਕਿ ਉਹ ਆਪਣੇ ਲੇਖ ਵਿਚ ਇਹ ਛੋਟੀ ਜਿਹੀ ਗਲਤੀ ਦਰੁੱਸਤ ਕਰ ਲੈਣ ਤਾਂ ਜੋ ਇਹ ਫਿਰ ਕਿਤੇ ਹੋਰ ਰੀਪੀਟ ਨਾ ਹੋ ਜਾਵੇ। ਇਹ ਹੀ ਗਲਤੀ ਇਕ ਵਾਰ ਪਹਿਲਾਂ ਪ੍ਰਵਚਨ ਵਿਚ ਛਪੇ ਡਾ. ਰਜਨੀਸ਼ ਬਹਾਦਰ ਸਿੰਘ ਦੇ ਇਕ ਲੇਖ ਵਿਚ ਵੀ ਹੋ ਚੁੱਕੀ ਹੈ।

**- ਪ੍ਰੋ. ਹਰਭਜਨ ਸਿੰਘ, ਅਮਰੀਕਾ**

ਜਨਵਰੀ-ਮਾਰਚ, 2013 ਦਾ 'ਕਹਾਣੀ ਧਾਰਾ' ਪੜ੍ਹਿਆ। ਤੇਰੀ ਸੰਪਾਦਕੀ ਵਿਚ ਕਰੰਟ ਹੈ। ਤੂੰ ਹਰ ਵਾਰ ਨਵੀਂ ਤਰੰਗ ਛੇੜਦਾ ਹੈਂ। ਪੰਜਾਬੀ ਕਹਾਣੀ ਤੇ ਕਹਾਣੀ ਆਲੋਚਨਾ ਬਾਬਤ ਸਵਾਲਨਾਮੇ ਦੇ ਆਧਾਰ 'ਤੇ ਪੇਸ਼ ਕੀਤਾ। ਵਿਦਵਾਨ ਲੇਖਕਾਂ-ਆਲੋਚਕਾਂ ਦਾ ਜਵਾਬਨਾਮਾ ਪੜ੍ਹ ਕੇ ਕਈ ਸਵਾਲਾਂ ਦੇ ਖ਼ੂਬਸੂਰਤ ਜਵਾਬ ਮਿਲਦੇ ਹਨ। ਇਨ੍ਹਾਂ ਜਵਾਬਾਂ ਵਿਚੋਂ ਕਈ ਹੋਰ ਖ਼ੂਬਸੂਰਤ ਸਵਾਲ ਵੀ ਖੜ੍ਹੇ ਹੁੰਦੇ ਹਨ। ਇਹ ਡੀਬੇਟ ਚੰਗੀ ਹੈ। ਚੱਲਦੀ ਰਹਿਣੀ ਚਾਹੀਦੀ ਹੈ। ਤਾਂ ਕਿ ਪੰਜਾਬੀ ਕਹਾਣੀ ਦੀ ਦਸ਼ਾ ਤੇ ਦਿਸ਼ਾ ਸਾਫ਼ ਹੁੰਦੀ ਰਹੇ। ਕਹਾਣੀ ਭਾਗ ਵਿਚ ਅਜਮੇਰ ਸਿੱਧੂ ਦੀ ਕਹਾਣੀ 'ਖੁਸ਼ਕ ਅੱਖ ਦਾ ਸੁਪਨਾ' ਇਕ ਖ਼ੂਬਸੂਰਤ ਕਹਾਣੀ ਹੈ। ਪੰਜ ਦਰਿਆਵਾਂ ਦੀ ਧਰਤੀ ਦੇ ਸੂਰਬੀਰ ਲੋਕਾਂ ਦੀ ਜ਼ਿੰਦਗੀ ਦੀ ਅੱਖ ਵਿਚਲੀ ਲਿਸ਼ਕ ਮਰ ਕੇ ਉਹ ਕਿਵੇਂ ਖੁਸ਼ਕ ਹੋ ਗਈ ਹੈ। ਪੰਜਾਬੀ ਜਨ ਮਾਨਸ ਦੀ ਜੀਵੰਤ ਜੀਵਨ-ਝਾਕੀ ਦੀ ਵਿਚਾਰਧਾਰਾ ਦਾ ਸੁਪਨਾ ਕਿਵੇਂ ਖੁਸ਼ਕ ਅੱਖ ਵਿਚ ਠਹਿਰ ਗਿਆ ਹੈ ਤੇ 'ਜ਼ੈਂਡਰ-ਚੇਂਜ' ਹੋਈ ਵਿਚਾਰਧਾਰਾ ਦੀ ਪੁੱਠ-ਸਿੱਧ ਵਿਚਲਾ ਸੰਕਟ ਕਿੰਨਾ ਗਹਿਰਾ ਹੋ ਗਿਆ ਹੈ। ਇਹ ਕਹਾਣੀ ਇਸ ਬਹੁ-ਪਰਤੀ ਸੰਕਟ ਦਾ ਪ੍ਰਮਾਣਿਕ ਕਥਾ-ਬਿਰਤਾਂਤ ਹੈ। ਇਸ ਤੋਂ ਬਿਨ੍ਹਾਂ ਸੰਦੀਪ ਚੀਮਾ, ਲਖਵੀਰ ਚੰਦ, ਗੁਰਪ੍ਰੀਤ ਸੰਧੂ, ਪਰਗਟ ਸਤੌਜ ਤੇ ਸੰਤਵੀਰ ਦੀਆਂ ਕਹਾਣੀਆਂ ਵੀ ਪੰਜਾਬੀ ਕਹਾਣੀ ਦੀ ਨਵੀਂ ਕਿਰਨ ਹਨ। ਸਰੂਪ ਸਿਆਲਵੀ ਦੀ ਸਵੈ ਜੀਵਨੀ, ਦੀਪ ਦਵਿੰਦਰ ਦੀਆਂ ਯਾਦਾਂ, ਪ੍ਰੋ. ਲਖਵਿੰਦਰ ਜੀਤ ਤੇ ਡਾ. ਤਜਿੰਦਰਪਾਲ ਕੌਰ ਦੇ ਆਲੋਚਨਾ ਲੇਖ ਮੁੱਲਵਾਨ ਲਿਖਤਾਂ ਹਨ? ਮੇਰੀਆਂ ਸ਼ੁਭ ਇੱਛਾਵਾਂ ਕਹਾਣੀ ਧਾਰਾ ਦੇ ਨਾਲ ਹਨ।

**-ਜਸਵੀਰ ਰਾਣਾ**, ਅਮਰਗੜ੍ਹ, ਸੰਗਰੂਰ

ਕਹਾਣੀ ਧਾਰਾ ਅੰਕ 28 ਜਨਵਰੀ-ਮਾਰਚ, 2013 ਪੜ੍ਹਿਆ। ਕਾਫ਼ੀ ਚਿਰ ਪੜ੍ਹਦੇ ਲੱਗ ਗਿਆ। ਕਾਰਨ ਮੈਟਰ ਕਾਫੀ ਨਿਗਰ ਤੇ ਸੰਘਣਾ ਸੀ। ਦੂਜਾ ਕਈ ਦਿਨ ਘਰ ਤੋਂ ਬਾਹਰ ਜਾਣਾ ਪਿਆ। ਕਹਾਣੀ ਦੇ ਸੁਆਲਾ ਬਾਰੇ ਵੱਖ ਵੱਖ ਵਿਦਵਾਨ ਲੇਖਕਾਂ ਦੇ ਵਿਚਾਰ ਪੜ੍ਹੇ। ਸਾਰਿਆਂ ਨੇ ਪੰਜਾਬੀ ਕਹਾਣੀ ਦੇ ਵਰਤਮਾਨ ਦੀ ਗੱਲ ਕੀਤੀ ਹੈ। ਪੰਜਾਬ ਤੋਂ ਬਾਹਰਲੇ ਕਹਾਣੀਕਾਰਾਂ ਦਾ ਜ਼ਿਕਰ ਘੱਟ ਹੋਇਆ ਹੈ। ਜਿਵੇਂ ਕੁਲਬੀਰ ਬਡੇਸਰੋਂ, ਦਿੱਲੀ ਦੇ ਕਈ ਲੇਖਕ, ਹਰਿਆਣੇ ਦੇ ਲੇਖਕ। ਬਡੇਸਰੋਂ ਜੀ ਨੇ ਪੰਜਾਬੀ ਵਿਚ ਕਈ ਚੰਗੀਆਂ ਕਹਾਣੀਆਂ ਲਿਖੀਆਂ ਹਨ। ਪੰਜਾਬੀ ਮੈਗਜ਼ੀਨ ਵਿਚ ਲਗਾਤਾਰ ਛਪ ਰਹੇ ਹਨ। ਸਵਾਲ ਭੇਜ ਕੇ ਕਹਾਣੀ ਆਲੋਚਨਾ ਕਰਵਾਉਣੀ ਚੰਗਾ ਉਪਰਾਲਾ ਹੈ। ਪੰਜਾਬੀ ਕਹਾਣੀ ਨੇ ਲਗਾਤਾਰ ਵਿਕਾਸ ਕੀਤਾ ਹੈ। ਹਰ ਆਲੋਚਕ ਤੇ ਲੇਖਕ ਦਾ ਆਪਣਾ ਆਪਣਾ ਅਨੁਭਵ ਹੈ। ਤੁਸੀਂ ਮੇਰੇ ਸਮੇਤ ਅਨੇਕਾਂ ਲੇਖਕਾਂ ਨੂੰ ਇਸ ਅੰਕ ਵਿਚ ਥਾਂ ਦਿੱਤੀ ਹੈ। ਅਜਮੇਰ ਸਿੱਧੂ ਦੀ ਕਹਾਣੀ 'ਖੁਸ਼ਕ ਅੱਖ ਦਾ ਖਾਬ' ਅਨੇਕਾਂ ਸਵਾਲ ਮਨ ਵਿਚ ਪੈਦਾ ਕਰਦੀ ਕਹਾਣੀ ਹੈ। ਸੰਦੀਪ ਚੀਮਾ, ਲਖਵੀਰ ਚੰਦ ਦੀਆਂ ਕਹਾਣੀਆਂ ਵੀ ਬਹੁਤ ਵਧੀਆਂ ਹਨ। **-ਗੁਰਮੀਤ ਸਿੰਘ ਫਾਜਿਲਕਾ (ਪ੍ਰਿੰ.)** ਕੈਲਾਸ ਨਗਰ, ਫਾਜਿਲਕਾ।

ਕਹਾਣੀ ਧਾਰਾ-27 ਵਿਚ ਛਪੀ ਤੁਹਾਡੀ ਸੰਪਾਦਕੀ 'ਪੰਜਾਬ ਦੀਆਂ ਖੰਡਰ ਹੋ ਰਹੀਆਂ ਇਤਿਹਾਸਕ



ਇਮਾਰਤਾਂ, ਵਿਚ ਪੰਜਾਬ ਦੀ ਅਲੋਪ ਹੋ ਰਹੀ ਪ੍ਰਾਚੀਨ ਸੰਸਕ੍ਰਿਤੀ ਝਲਕਦੀ ਹੈ ਜਿਨ੍ਹਾਂ ਵਿੱਚ ਕਿਲ੍ਹੇ, ਮਕਬਰੇ, ਪੁਲ ਤੇ ਥੇਹ ਆਦਿ ਹਨ, ਜਿਨ੍ਹਾਂ ਦੀ ਸਾਂਭ ਸੰਭਾਲ ਨਾ ਹੋਣ ਕਾਰਣ ਇਹ ਵਿਰਾਸਤੀ ਇਮਾਰਤਾ ਦਿਨੋਂ ਦਿਨ ਆਪਣੀ ਹੋਂਦ ਗੁਆ ਰਹੀਆਂ ਹਨ। ਹਕੂਮਤੀ ਸਰਕਾਰਾਂ ਨੂੰ ਇਨ੍ਹਾਂ ਦੀ ਸਾਂਭ ਸੰਭਾਲ ਨਾਲ ਕੋਈ ਸਰੋਕਾਰ ਨਹੀਂ। ਉਨ੍ਹਾਂ ਨੂੰ ਤਾਂ ਲੋਕਾਂ ਦੀ ਵੱਧ ਤੋਂ ਵੱਧ ਲੁੱਟ ਕਰਕੇ ਆਪਣੇ ਭੰਡਾਰ ਭਰਣ ਨਾਲ ਹੀ ਮਤਲਬ ਹੈ। ਕਹਾਣੀ ਧਾਰਾ-27 ਵਿਚ ਛਪੀ ਪਹਿਲੀ ਕਹਾਣੀ 'ਅਛੂਤ ਠਾਕਰ' ਉਸ ਸਮੇਂ ਤੇ ਦਲਿਤਾਂ ਦੀ ਦੁਰਦਸ਼ਾ ਅਤੇ ਜ਼ੁਲਮੋ ਸਿਤਮ ਦੀ ਗਵਾਹੀ ਭਰਦੀ ਹੈ। ਜਿੱਥੋਂ ਤੱਕ ਦਲਿਤਾਂ ਦੀ ਦੁਰਦਸ਼ਾ ਅਤੇ ਗੁਲਾਮੀ ਵਾਲੀ ਜ਼ਿੰਦਗੀ ਦਾ ਸਵਾਲ ਹੈ ਉਹ ਤਾਂ ਸੌ ਪ੍ਰਤੀਸ਼ਤ ਸੱਚ ਹੈ। ਸੁਖਰਾਜ ਸਿੰਘ ਧਾਲੀਵਾਲ ਦੀ ਲਿਖੀ ਕਹਾਣੀ 'ਲਹੌਰੀਆਂ ਬੁੱਢਾ' ਲੇਖਕ ਦੀ ਪਤਨੀ ਦੀ ਛੋਟੀ ਮਾਸੀ ਦਾ ਜੇਠ ਘੁੰਮਣ ਫਿਰਨ ਖਾਣ ਪੀਣ ਦਾ ਸ਼ੌਕੀਨ ਕਥਾ ਰਸ਼ ਨਾਲ ਭਰਪੂਰ ਹੈ। ਬਲਦੇਵ ਸਿੰਘ ਧੋਹਲੋਪੁਰੀ ਦੀ ਕਹਾਣੀ ਪੰਜਾਬ ਦੀ ਨਸ਼ਿਆਂ ਵਿੱਚ ਗ੍ਰਸੀ ਨੌਜਵਾਨ ਪੀੜ੍ਹੀ ਦੀ ਬਾਤ ਪਾਉਂਦੀ ਹੈ।

ਪ੍ਰੀਤ ਨੀਤਪੁਰ ਦੀ ਕਹਾਣੀ 'ਪਿਆਸੀ ਨਦੀ' ਹੈ ਜੋ ਕਿ 'ਕਹਾਣੀ ਧਾਰਾ'-27 ਦੀ ਹਾਸਿਲ ਕਹਾਣੀ ਅਖਵਾਉਣ ਦਾ ਦਰਜਾ ਰੱਖਦੀ ਹੈ। ਇਸ ਕਹਾਣੀ ਵਿੱਚ ਜੱਟਾਂ ਦੀ ਰੀਸੋ ਰੀਸੀ ਕਰਜ਼ਾ ਲੈ ਕੇ ਟ੍ਰੈਕਟਰ, ਮੋਟਰ ਸਾਈਕਲ, ਕਾਰਾਂ ਖਰੀਦੇ, ਵਿਆਹ-ਸ਼ਾਦੀਆਂ ਦੇਣੇ ਲੈਣੇ ਵਿੱਚ ਆਪਣੀ ਚੜ੍ਹਤ ਵਿਖਾਉਣੀ, ਕੰਮਾਂ ਕਾਰਾਂ ਤੋਂ ਅਵੇਸਲੇ ਹੋ ਕੇ ਭਈਆਂ ਦੇ ਸਿਰ ਤੇ ਸਾਰਾ ਕੰਮ ਸੁੱਟਣਾ ਅਤੇ ਖੁਦ ਨਸ਼ਿਆ ਵਿਚ ਗਲਤਾਣ ਹੋ ਕੇ ਨਿਘਾਰ ਵੱਲ ਜਾਣ ਵਰਜਿਤ ਹੈ। ਰਿਤੂ ਕਲਸੀ ਦੀ ਕਹਾਣੀ 'ਬਿਜਨਸ ਡੀਲ' ਚੰਗਾ ਟਾਈਮ ਪਾਸ ਕਰਨ ਦਾ ਸਾਧਨ ਹੈ। ਸਰੂਪ ਸਿਆਲਵੀ ਦੀ ਸਵੈ ਜੀਵਨੀ ਦਲਿਤਾਂ ਦੀ ਖੂਹੀ ਆਦਿ ਧਰਮੀ ਲਹਿਰ ਦਾ ਅਧੂਰਾ ਸੁਪਨਾ ਦੁਹਰਾਂਦੀ ਹੈ ਅਤੇ ਡਾ. ਬੀ. ਆਰ. ਅਬੇਡਕਰ ਤੋਂ ਬਾਅਦ ਬਾਬੂ ਕਾਂਸ਼ੀ ਰਾਮ ਜੀ ਵੱਲੋਂ ਡਾ. ਅੰਬੇਡਕਰ ਦੇ ਅਧੂਰੇ ਖ਼ਾਬ ਦੀ ਪੂਰਤੀ ਲਈ ਮਾਰੇ ਹੰਭਲੇ ਦਾ ਵਰਣਨ ਕਰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਨਿਧਨ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਮਾਇਆਵਤੀ ਦੀ ਕਮਾਂਡ ਹੇਠ ਯੂ ਪੀ ਤੱਕ ਹੀ ਸਿਮਟ ਕੇ ਰਹਿ ਗਈ ਹੈ।

ਗੁਰਮੀਤ ਕੜਿਆਲਵੀ ਵੱਲੋਂ ਲਿਖਿਆ ਕੇ. ਐਲ. ਗਰਗ ਦਾ ਸ਼ਬਦ ਚਿੱਤਰ ਕੇ. ਐਲ. ਗਰਗ ਬਨਾਮ ਗਰਗ ਬਾਣੀ' ਉਸ ਦੇ ਮਿਹਨਤੀ ਤੇ ਪੜ੍ਹਾਕੂ ਸੁਭਾਅ ਦੀ ਗੱਲ ਕਰਦਾ ਹੈ। 'ਜਨ ਬੋਧ' ਵਾਲੇ ਕਾਲਮ ਵਿੱਚ 'ਸੈਕਿੰਡ ਸੈਕਸ' ਦੀ ਲੇਖਕਾ ਅਤੇ ਜਾਂ ਪਾਲ ਸਾਰਤਰ ਦੀ ਲੇਖਕ ਮਿੱਤਰ ਸਿਮੋਨ ਦਾ ਬੋਓਵਾਰ ਵਲੋਂ ਲਿਖਿਆ ਅਤੇ ਭਗਵੰਤ ਰਸੂਲਪੁਰੀ ਵੱਲੋਂ ਅਨੁਵਾਦਤ ਲੇਖ 'ਸਾਰਤਰ ਦੇ ਜੀਵਨ 'ਚ ਔਰਤਾਂ ਇੱਕ ਖੁੱਲਾ ਖੁਲਾਸਾ ਮਹਾਨ ਅਸਿਤਤਵ ਵਾਦੀ ਲੇਖਕ ਦੇ ਬਚਪਨ ਅਤੇ ਜਵਾਨੀ ਨੂੰ ਬੇਨਕਾਬ ਕਰਦਾ ਹੋਇਆ ਸਾਰਤਰ ਦੇ ਵਿਚਾਰ ਤੋਂ ਅਵਗਤ ਕਰਵਾਉਂਦਾ ਹੈ। ਅਜਿਹੇ ਲੇਖਾਂ ਤੋਂ ਮਹਾਨ ਵਿਚਾਰਕਾਂ ਦਾ ਪਿਛੋਕੜ ਸਾਹਮਣੇ ਆਉਂਦਾ ਹੈ।

ਅੰਕ-28 ਵਿਚ ਕਹਾਣੀ ਅਤੇ ਕਹਾਣੀ ਆਲੋਚਨਾ ਦਾ ਸੰਕਟ' ਸੰਪਾਦਕੀ ਵਿੱਚ ਰਸੂਲਪੁਰੀ ਨੇ ਸੰਖੇਪ ਵਿੱਚ ਪੰਜਾਬੀ ਕਹਾਣੀ ਦੇ ਇਤਿਹਾਸ ਅਤੇ ਕਹਾਣੀ ਦੇ ਵਿਕਾਸ ਦਾ ਉਚਿਤ ਮੁਲਾਂਕਣ ਕਰਦੇ ਹੋਇਆਂ ਬਹੁਤ ਹੀ ਮੁੱਲਵਾਨ ਸਿੱਟੇ ਕੱਢੇ ਹਨ। ਨਾਲ ਦੀ ਨਾਲ ਦਲਿਤ ਲੇਖਕਾਂ ਦੁਆਰਾ ਲਿਖਤ ਦਲਿਤ ਕਹਾਣੀਆਂ ਦਾ ਵੀ ਲੇਖਾ ਜੋਖਾ ਕੀਤਾ ਹੈ। ਸੱਚ ਤਾਂ ਇਹ ਹੈ ਕਿ ਵਧੇਰੇ ਕਹਾਣੀ ਪਤ੍ਰਿਕਾਵਾਂ ਦੇ ਗੈਰ ਦਲਿਤ ਸੰਪਾਦਕ ਹੋਣ ਕਾਰਨ ਵਧੀਆ ਦਲਿਤ ਲੇਖਕਾਂ ਦਾ ਵੀ ਉਚਿਤ ਮੁਲੰਕਣ ਨਹੀਂ ਹੋਇਆ। ਇਨਾਮਾਂ / ਸਨਮਾਨਾਂ ਦੀ ਹਾਲਤ ਦਿਨੋਂ ਦਿਨ ਨਿਘਰਦੀ ਜਾ ਰਹੀ ਹੈ। ਇਸਦਾ ਘਾਟਾ ਅਸਲੀ ਪ੍ਰਤਿਭਾਸ਼ੀਲ ਅਤੇ ਯੋਗ ਸਾਹਿਤਕਾਰਾਂ ਨੂੰ ਹੋ ਰਿਹਾ ਹੈ। ਅਜੋਕੇ ਚਮਚਾ ਯੁੱਗ ਅੰਦਰ ਕੜਛੀ ਮਾਰਾਂ ਦੀ ਤੂਤੀ ਬੋਲਦੀ ਹੈ। ਇਮਾਨਦਾਰ ਅਤੇ ਸੁਹਿਰਦ ਲੇਖਕ ਕਦੇ ਵੀ ਇਨਾਮਾਂ-ਸਨਮਾਨਾਂ ਦੀ ਪਰਵਾਹ ਨਹੀਂ ਕਰਦੇ। ਪੱਲਿਓਂ ਪੈਸੇ ਖਰਚ ਕੇ ਅਤੇ ਲੇਲੜ੍ਹੀਆਂ ਕੱਢਣ ਵਾਲੇ ਘੱਟ ਹੀ ਪ੍ਰਵਾਨ ਹੁੰਦੇ ਹਨ। ਇਸੇ ਅੰਕ ਦੀ

ਪਹਿਲੀ ਕਹਾਣੀ ਅਜਮੇਰ ਸਿੱਧੂ ਦੀ 'ਖ਼ੁਸ਼ਕ ਅੱਖ ਦਾ ਖ਼ਾਬ' ਵਿਚ ਲੇਖਕ ਕਹਿੰਦਾ ਹੈ ਕਿ ਪਹਿਲਾਂ ਸਟੂਡੈਂਟ ਫੈਡਰੇਸ਼ਨਾਂ ਦੇ ਚੱਲੇ ਘੋਲਾਂ ਅਤੇ ਉਸ ਤੋਂ ਬਾਅਦ ਨਕਸਲਬਾੜੀ ਲਹਿਰ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਹੱਲਾਂ ਸ਼ੇਰੀ ਦਿੰਦੀਆਂ ਰਹੀਆਂ ਹਨ ਅਤੇ ਰਾਜਨੀਤਿਕ ਲਾਹਾ ਲੈਂਦੀਆਂ ਰਹੀਆਂ ਹਨ। ਮੇਰੇ ਵਿਚਾਰ ਅਨੁਸਾਰ ਇਨ੍ਹਾਂ ਲਹਿਰਾਂ ਨੇ ਹਮੇਸ਼ਾ ਹੀ ਲੋਕਾਂ ਦਾ ਕੁਝ ਨਹੀਂ ਸੰਵਾਰਿਆ ਬਲਕਿ ਉਲਟੇ ਘਰਾਂ ਦੇ ਘਰ ਤਬਾਹ ਕੀਤੇ ਅਤੇ ਮਾਂਵਾਂ ਦੇ ਨੌਜਵਾਨ ਪੁੱਤਰ ਮਰਵਾਏ ਹਨ।

ਉਸ ਤੋਂ ਬਾਅਦ ਲੋਕਾਂ ਦੀ ਰੂੜੀਵਾਦੀ ਮਾਨਸਿਕਤਾ ਦਾ ਦੀਵਾਲੀਆਪਨ ਦਰਸ਼ਾਇਆ ਹੈ ਕਿ ਜਿਸ ਅਨੁਸਾਰ ਸਾਨੂੰ ਆਪਣੀ ਪੀੜ੍ਹੀ ਚਲਾਉਣ ਲਈ ਜਾਂ ਨਾਂ ਰੱਖਣ ਲਈ ਵਾਰਸ ਪੈਦਾ ਕਰਨਾ ਬਹੁਤ ਜ਼ਰੂਰੀ ਹੈ। ਉਸਦੇ ਲਈ ਵੀ ਪੁੱਤਾਂ ਦਾ ਪੈਦਾ ਹੋਣਾ ਅਤਿ ਜ਼ਰੂਰੀ ਹੈ। ਜਿਨ੍ਹਾਂ ਦੇ ਪੁੱਤ ਨਹੀਂ ਹੁੰਦੇ ਉਹ ਪੁੱਤ ਦੀ ਆਸ ਵਿਚ ਜਾਂ ਤਾਂ ਧੀਆਂ ਦੀ ਲਾਈਨ ਲਗਾ ਦਿੰਦੇ ਹਨ ਅਤੇ ਜਾਂ ਫਿਰ ਡੇਰਿਆ ਤੇ ਜਾ ਕੇ ਸਮੇਂ ਅਤੇ ਧਨ ਦੀ ਬਰਬਾਦੀ ਕਰਦੇ ਹਨ ਤੇ ਜਾਂ ਫਿਰ ਸਾਧੂ ਸੰਤਾਂ ਤੋਂ ਲੁੱਟ ਹੁੰਦੇ ਹਨ। 'ਖ਼ੁਸ਼ਕ ਅੱਖ ਦਾ ਖ਼ਾਬ' ਕਹਾਣੀ ਲੇਖਕ ਨੇ ਖੁਦ ਨੂੰ ਮੈਂ ਪਾਤਰ ਬਣਾ ਕੇ ਉੱਤਮ ਪੁਰਖੀ ਸ਼ੈਲੀ ਵਿਚ ਲਿਖੀ ਹੈ। ਬਹੁਤੇ ਲੇਖਕ ਅੱਜ ਕੱਲ ਕਹਾਣੀ ਇਸੇ ਵਿਧਾ ਵਿਚ ਲਿਖਦੇ ਹਨ। ਇਸ ਵਿਧਾ ਰਾਹੀਂ ਲੇਖਕ ਬਹੁਤ ਪਾਏਦਾਰ ਅਤੇ ਸਿਧਾਂਤਕ ਗੱਲਾਂ ਕਹਿ ਜਾਂਦਾ ਹੈ। ਜਿਹੜੀਆਂ ਪਾਠਕਾਂ ਦੇ ਮਨ 'ਤੇ ਗਹਿਰਾ ਅਸਰ ਕਰਦੀਆਂ ਹਨ। ਜਿਵੇਂ "ਅਸੀਂ ਤਾਂ ਘਰੋਂ ਨਿਕਲੇ ਸੀ ਗਰੀਬ-ਗੁਰਬੇ ਦਾ ਰਾਜ ਲਿਆਉਣ ਲਈ। ਇਹ ਤਾਂ ਚਿੱਤ ਚੇਤਾ ਵੀ ਨਹੀਂ ਸੀ ਬਈ ਸਾਨੂੰ ਘਰਾਂ ਵਿੱਚ ਵੀ ਜੰਗਾ ਲੜਨੀਆਂ ਪੈਣਗੀਆਂ।"

'ਰਾਤ ਕਦੋਂ ਬੀਤੇਗੀ' ਪਰਗਟ ਸਿੰਘ ਸਤੌਜ ਦੀ ਕਹਾਣੀ ਵੀ ਇਕ ਨਵੀਂ ਗੱਲ ਕਰਦੀ ਹੈ। ਅਜੋਕੇ ਯੁੱਗ ਅੰਦਰ ਇਕ ਸਰੀਫ਼ ਤੇ ਈਮਾਨਦਾਰ ਵਿਅਕਤੀ ਦਾ ਜੀਉਣਾ ਵੀ ਬੇਅਰਥ ਹੈ। ਅੱਜਕੱਲ ਹੱਕ ਸੱਚ ਦੀ ਲੜਾਈ ਲੜਨ ਵਾਲਾ ਭੁੱਖਾ ਮਰਦਾ ਹੈ ਅਤੇ ਥਾਣੇ ਕਚਿਹਰੀਆਂ ਵਿੱਚ ਖ਼ਜਲ ਹੁੰਦਾ ਜਾਂ ਜੇਲ੍ਹੀ ਸੜਦਾ ਹੈ। ਸੰਦੀਪ ਚੀਮਾ ਦੀ ਕਹਾਣੀ 'ਹੇਅਰ ਡਰੈਸਰ' ਧਰਮ ਦੇ ਨਾਂ ਤੇ ਚਲਾਈ ਜਾ ਰਹੀ ਪੰਜਾਬ ਦੀ ਅਜੋਕੀ ਰਾਜਨੀਤੀ ਦੇ ਪਾਜ ਉਘਾੜਦੀ ਹੈ। ਇਸ ਨੂੰ ਅਜੋਕੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਕਹਾਣੀ 'ਦਫ਼ਨਾਏ ਜ਼ਖ਼ਮ' ਵਿਚ ਨਵੀਂ ਪੀੜ੍ਹੀ ਦਾ ਉਦਰੇਵਾ ਬਿਆਨ ਕੀਤਾ ਗਿਆ ਹੈ। ਸੰਤਵੀਰ ਦੀ ਕਹਾਣੀ 'ਉਹ ਲੋਕ' ਇਕ ਆਦਰਸ਼ ਚਰਿਤੱਰ ਦੀ ਪੇਸ਼ਕਾਰੀ ਹੈ। ਉੱਚੇ ਚਰਿੱਤਰ ਅਦਰਸ਼ਵਾਦੀ ਧਾਰਨਾ ਹੈ। 'ਸਾਹਾਂ ਵਿਚ ਮਚਦਾ ਸ਼ਿਵਾ' ਇਕ ਨਿਵੇਕਲੇ ਵਿਸ਼ੇ ਨੂੰ ਲੈ ਕੇ ਲਿਖੀ ਗਈ ਕਹਾਣੀ ਹੈ। ਇਹ ਕਹਾਣੀ ਮੈਂ ਬੜੀ ਮੁਸ਼ਕਲ ਨਾਲ ਸਾਹ ਰੋਕ ਕੇ ਪੜ੍ਹੀ ਹੈ। ਇਸ ਅੰਕ ਦੀ ਵਿਸ਼ੇਸ਼ ਪ੍ਰਾਪਤੀ ਕਹਾਣੀ ਆਲੋਚਨਾ ਅੰਕ ਦਾ ਹੋਣਾ ਹੈ। ਲੇਖਕਾਂ ਅਤੇ ਆਲੋਚਕਾ ਵਲੋਂ ਕਹਾਣੀ ਬਾਰੇ ਰਚਾਇਆ ਸੰਵਾਦ ਬਹੁਤ ਨਿੱਗਰ ਕਾਰਜ ਹੈ। ਇਸ ਰਾਹੀਂ ਅਨੇਕਾਂ ਨਵੀਆਂ ਧਾਰਨਾਵਾਂ ਸਪੱਸ਼ਟ ਹੁੰਦੀਆਂ ਹਨ।

'ਕਹਾਣੀ ਧਾਰਾ' ਦਾ ਨਾਵਲ ਅੰਕ-30 ਬਹੁਤ ਹੀ ਮੁੱਲਵਾਨ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਮੈਨੂੰ ਸਾਰੇ ਨਾਵਲਕਾਰਾਂ ਦੇ ਨਾਵਲ ਤੇ ਲੇਖਣੀ ਬਾਰੇ ਵਿਚਾਰ ਬਹੁਤ ਹੀ ਪ੍ਰਭਾਵਿਤ ਕੀਤੇ ਹਨ। ਖਾਸ ਕਰਕੇ ਡਾ. ਰਜਨੀਸ਼ ਬਹਾਦਰ ਸਿੰਘ ਦੀ ਮੁਲਾਕਾਤ ਨੇ ਸਿਖਰ ਲਾ ਦਿੱਤੀ ਹੈ। ਉਨ੍ਹਾਂ ਬੜੀ ਜੁਗਤ ਨਾਲ ਪੰਜਾਬੀ ਨਾਵਲ ਬਾਰੇ ਆਪਣੇ ਨਿਰਪੱਖ ਵਿਚਾਰ ਦਿੱਤੇ ਹਨ। ਪੰਜਾਬੀ ਨਾਵਲ ਬਾਰੇ ਐਨਾ ਗਿਆਨ ਹੋਣਾ ਅਚੰਭੇ ਤੋਂ ਘੱਟ ਨਹੀਂ ਹੈ। ਵਧਾਈ। **-ਨਿਰਮਲ ਪ੍ਰਸੰਨ**, 3 ਦਸਮੇਸ਼ ਨਗਰ, ਘਨੌਲੀ।

'ਕਹਾਣੀ ਧਾਰਾ' -28 ਅੰਕ ਕਹਾਣੀ ਅਤੇ ਕਹਾਣੀ ਆਲੋਚਨਾ ਵਿਸ਼ੇਸ਼ ਅੰਕ ਪੜ੍ਹਿਆ। ਵਿਦਵਾਨ ਲੇਖਕਾਂ / ਆਲੋਚਕਾਂ ਨੇ ਸੰਪਾਦਕ ਵਲੋਂ ਭੇਜੇ ਗਏ ਸਵਾਲਨਾਮੇ ਦੇ ਜਵਾਬ ਵਿਚ ਬੜੀ ਹੈ ਸੂਝ-ਬੂਝ ਤੇ ਸਿਆਣਪ ਨਾਲ ਨਿਰਪੱਖ ਤੇ ਉਸਾਰੂ, ਸਵਾਲਾਂ ਮੁਤਾਬਕ ਢੁੱਕਵੇਂ ਆਲੋਚਨਾਤਮਕ ਲੇਖ ਲਿਖੇ ਹਨ। ਜਿਨ੍ਹਾਂ ਨੂੰ ਪੜ੍ਹ ਕੇ (ਕਹਾਣੀ ਲਿਖਣ ਵਾਲੇ) ਕੁੱਝ ਚੰਗੀਆਂ ਗੱਲਾਂ ਦਾ ਗਿਆਨ ਹੋਇਆ ਤੇ ਕੁਝ ਭਰਮ ਭੁਲੇਖੇ ਵੀ ਦੂਰ ਹੋਏ। ਵਿਦਵਾਨ ਲੇਖਕਾਂ ਨੇ ਪਹਿਲਾਂ ਲਿਖੀ ਗਈ (ਨਾਨਕ ਸਿੰਘ ਤੋਂ ਲੈ ਕੇ) ਕਹਾਣੀ ਤੇ ਅੱਜ ਲਿਖੀ ਜਾ ਰਹੀ ਕਹਾਣੀ ਬਾਰੇ। ਸ਼ਿਲਪ, ਵਿਸ਼ੇ, ਰੂਪ ਤੇ ਸਮੇਂ ਸਮੇਂ ਬਦਲਦੀ ਤਕਨੀਕ ਬਾਰੇ। ਘੱਟ



ਗਿਣਤੀ ਸਮਾਜਾਂ / ਕਬੀਲਿਆਂ ਦੇ ਲੋਕਾਂ ਦਾ 'ਪਾਤਰ' ਵਜੋਂ ਘੱਟ ਆਉਣ ਬਾਰੇ। ਕਹਾਣੀ ਦੇ ਬਿਰਤਾਂਤ, ਕਹਾਣੀ ਦੀ ਮੰਗ ਮੁਤਾਬਕ ਜਾਂ ਜਾਣ ਬੁੱਝ ਕੇ ਕਹਾਣੀ ਨੂੰ ਲਮਕਾਉਣ ਬਾਰੇ, ਵਰਜਿਤ ਰਿਸ਼ਤਿਆਂ ਬਾਰੇ, ਲੋੜੋਂ ਵੱਧ ਉਲਾਰ ਹੋ ਕੇ ਲਿਖੀਆਂ ਗਈਆਂ ਕਹਾਣੀਆਂ ਬਾਰੇ, ਨਿੱਠ ਕੇ ਵਿਸਥਾਰ ਪੂਰਵਕ ਗੱਲ ਕੀਤੀ ਗਈ ਹੈ। ਤੇ ਹਰੇਕ ਲੇਖ ਵਿਚੋਂ ਇਹ ਗੱਲ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ, ਕਿ ਕਹਾਣੀ ਵਿਚ ਕਹਾਣੀ ਰਸ, ਕਹਾਣੀ ਕਲਾ ਤੇ ਜ਼ਿੰਦਗੀ / ਸਮਾਜ ਦਾ ਯਥਾਰਥ ਅਵੱਸ਼ ਹੋਵੇ ਤੇ ਸਹਿਜ ਰੂਪ ਵਿਚ ਤੁਰਦੀ / ਘਟਦੀ ਕਹਾਣੀ ਹੀ ਅਸਲ ਕਹਾਣੀ ਹੁੰਦੀ ਹੈ ਤੇ ਇਸ ਗੱਲ ਨਾਲ ਵੀ ਸਾਰੇ ਵਿਦਵਾਨ ਲੇਖਕ ਸਹਿਮਤ ਹਨ ਕਿ ਪੰਜਾਬੀ ਕਹਾਣੀ ਨੇ ਵਿਕਾਸ ਕੀਤਾ ਹੈ। ਤੇ ਪੰਜਾਬੀ ਕਹਾਣੀ ਦਾ ਭਵਿੱਖ ਉਜੱਲ ਹੈ। ਇਹ ਪੰਜਾਬੀ ਕਹਾਣੀਕਾਰਾਂ ਲਈ ਖੁਸ਼ੀ ਤੇ ਮਾਣ ਵਾਲੀ ਗੱਲ ਹੈ।

ਵੈਸੇ ਸਮੁੱਚੇ ਲੇਖ ਹੀ ਕਾਬਿਲ-ਏ-ਤਰੀਫ਼ ਸੀ। ਜਿਹਨੂੰ ਪੜ੍ਹਕੇ ਵਾਹਵਾ ਚੰਗਾ ਤੇ ਨਵਾਂ ਸਿੱਖਣ ਨੂੰ ਮਿਲਿਆ। ਪਰ ਕੁਲਜੀਤ ਮਾਨ, ਗੁਰਬਚਨ ਭੁੱਲਰ ਤੇ ਜੇ. ਬੀ. ਸੇਖੋਂ ਦੇ ਲੇਖਾਂ ਨੇ ਵੱਧ ਪ੍ਰਭਾਵਿਤ ਕੀਤਾ। ਖਾਸ ਕਰਕੇ ਕੁਲਜੀਤ ਮਾਨ ਬਿਨਾਂ ਕਿਸੇ ਦਾ ਨਾਂਅ ਲਿਆ ਜੁਗਾੜੀ ਕਹਾਣੀਕਾਰਾਂ ਦੇ ਤਿੱਖੇ ਵਿਅੰਗਮਈ ਬਾਣ ਮਾਰਦਾ ਹੈ। ਕਹਾਣੀ ਬਾਰੇ, ਕਹਾਣੀ ਦੀ ਸਿਰਜਣ ਪ੍ਰਕਿਰਿਆ ਬਾਰੇ ਗੱਲਾਂ ਵੀ ਖੂਬਸੂਰਤ ਤੇ ਪਿਆਰੀਆਂ ਕਰਦਾ ਹੈ। ਭੁੱਲਰ ਸਾਹਿਬ ਵੀ ਬਹੁਤ ਹੀ ਪਤੇ ਦੀਆਂ ਸਾਰਥਿਕ, ਉਸਾਰੂ ਤੇ ਬੇਬਾਕ ਟਿੱਪਣੀਆਂ ਕਰਦਾ ਹੈ। ਸੇਖੋਂ ਸਾਹਿਬ ਦੀਆਂ ਵੀ ਬਹੁਤ ਸਾਰੀਆਂ ਗੱਲਾਂ ਨੋਟ ਕਰਨ ਵਾਲੀਆਂ ਹਨ। ਸੇਖੋਂ ਨੌਜਵਾਨ ਆਲੋਚਕਾਂ ਵਿੱਚੋਂ ਸਿਰਕੱਢ ਅਲੋਚਕ ਹੈ। 'ਕਹਾਣੀ ਧਾਰਾ' ਦੀ ਪੰਜਾਬੀ ਕਹਾਣੀ ਪ੍ਰਤੀ ਸੁਹਿਰਦ ਪਹੁੰਚ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਇਕ ਗੱਲ ਹੋਰ ਮੈਨੂੰ ਐਂ ਲੱਗਦੈ ਕਿ ਚੰਗੇ ਤੇ ਸਥਾਪਿਤ ਕਹਾਣੀਕਾਰਾਂ ਦੀਆਂ ਸਾਰੀਆਂ ਕਹਾਣੀਆਂ 'ਚੰਗੀਆਂ' ਨਹੀਂ ਹੁੰਦੀਆਂ। ਸਾਰੀਆਂ 'ਚੋਂ ਕੁੱਝ ਕੁ ਸਤੱਹੀ ਪੱਧਰ ਦੀਆਂ ਵੀ ਹੁੰਦੀਆਂ ਹਨ। ਹੱਥਲੇ ਅੰਕ ਦੀਆਂ ਕਹਾਣੀਆਂ ਪੜ੍ਹਕੇ ਮੈਂ ਕੁਝ ਅਜਿਹਾ ਹੀ ਪ੍ਰਭਾਵ ਕਬੂਲਿਆ। ਇਕ 'ਪਾਠਕ' ਦੀ ਹੈਸੀਅਤ ਵਿਚ ਕਹਿਣਾ ਚਾਹੁੰਦੈ ਕਿ ਅਜਮੇਰ ਸਿੱਧੂ ਨੂੰ ਛੱਡਕੇ ਬਾਕੀ ਦੀਆਂ ਕਹਾਣੀਆਂ ਜ਼ਿੰਦਗੀ / ਸਮਾਜ ਦੇ ਕਰੂਰ ਯਥਾਰਥ ਦੀ ਤਸਵੀਰਕਸ਼ੀ ਨਹੀਂ ਕਰਦੀਆਂ। ਸਗੋਂ ਮਨਇੱਛਤ ਯਥਾਰਥ ਦੀ ਤਰਜਮਾਨੀ ਕਰਦੀਆਂ ਹਨ। **-ਪ੍ਰੀਤ ਨੀਤਪੁਰ**, ਬਾੜੀਆਂ ਕਲਾ, ਹੁਸ਼ਿਆਰਪੁਰ

ਕਹਾਣੀ ਧਾਰਾ-29 ਅੰਕ ਪੜ੍ਹਿਆ। ਸੰਪਾਦਕ ਦੀ ਇਹ ਗੱਲ ਠੀਕ ਹੈ ਕਿ ਜਦੋਂ ਪੰਜਾਬੀ ਦਾ ਕਹਾਣੀਕਾਰ ਨਾਵਲ ਲਿਖਣ ਲੱਗ ਜਾਂਦਾ ਹੈ ਉਹ ਕਹਾਣੀ ਵੱਲ ਨਹੀਂ ਮੁੜਦਾ। ਸਹੀ ਹੈ। ਮੇਰੇ ਵਿਚਾਰ ਅਨੁਸਾਰ ਕਹਾਣੀ ਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਰਹਿ ਕੇ ਹੀ ਕਹਾਣੀ ਸਿਰਜ ਹੁੰਦੀ ਹੈ। ਦੂਜੇ ਪਾਸੇ ਨਾਵਲ ਵਿੱਚ ਖੁਲ੍ਹੇ ਤੌਰ ਤੇ ਗੱਲ ਕੀਤੀ ਜਾ ਸਕਦੀ ਹੈ। ਕਹਾਣੀ ਇਕ ਵਿਸ਼ੇ ਦੁਆਲੇ ਘੁੰਮਦੀ ਹੈ ਜਦ ਕਿ ਨਾਵਲ ਇਸ ਪੱਖ ਤੋਂ ਅਜ਼ਾਦ ਹੈ। ਕਹਾਣੀ ਵਿੱਚ ਸੀਮਾ ਅੰਦਰ ਰਹਿ ਕੇ ਗੱਲ ਕੀਤੀ ਜਾ ਸਕਦੀ ਹੈ ਜਦਕਿ ਨਾਵਲ ਵਿੱਚ ਵੱਖੋ ਵੱਖਰੀ ਜੁਗਤ ਵਿਧੀ ਵੀ ਅਪਣਾਈ ਜਾ ਸਕਦੀ ਹੈ।

ਗੁਰਦਿਆਲ ਸਿੰਘ ਦੀ ਗੱਲ ਸਹੀ ਹੈ ਕਿ ਮਹਾਂ ਬਿਰਤਾਂਤ ਲਈ ਅਸੀਮ ਗਿਆਨ, ਵਿਦਵਤਾ, ਪ੍ਰਤਿਭਾ ਸਮਰੱਥਾ, ਸਮਾਂ, ਇਕਾਗਰਤਾ ਮਾਹੌਲ ਤੇ ਹੋਰ ਵੀ ਬੜਾ ਕੁਸ਼ ਚਾਹੀਦਾ ਹੈ। ਪਰ ਮੇਰੇ ਕੋਲ ਇੰਨਾ ਵਿਚੋਂ ਬਹੁਤਾ ਕੁਸ਼ ਹੈ ਨਹੀਂ।" ਸਮਾਂ ਤੇ ਇਕਾਗਰਤਾ ਤੋਂ ਬਿਨਾਂ ਨਾਵਲ ਨੂੰ ਕਿਸ ਤਰ੍ਹਾਂ ਨੇਪਰੇ ਚਾੜ੍ਹਿਆ ਜਾ ਸਕੇਗਾ। ਕੀ ਭੀੜ ਵਿਚ ਅਸੀਂ ਨਾਵਲ ਵਰਗੇ ਵਿਸ਼ੇ ਨੂੰ ਸੋਚਾਂਗੇ। ਜਸਵੰਤ ਸਿੰਘ ਕੰਵਲ ਮਾਲਵੇ ਦਾ ਪ੍ਰਸਿੱਧ ਨਾਵਲਕਾਰ ਹੈ। ਉਸ ਦੀ ਕਹਿਣੀ ਤੇ ਕਥਨੀ ਵਿਚ ਬੜਾ ਫਰਕ ਹੈ। ਮਨਮੋਹਨ ਬਾਵਾ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ। ਜਿੰਨਾ ਨੇ ਆਮ ਤੌਰ ਤੇ ਵੱਖਰੇ ਤੌਰ ਤੇ ਇਤਿਹਾਸਕ ਅਤੇ ਮਿਥਿਹਾਸਕ ਨਾਵਲ ਲਿਖਕੇ ਪੰਜਾਬੀ ਪਾਠਕ ਨੂੰ ਚੇਤਨ ਰੂਪ ਵਿਚ ਆਪਣੇ ਨਾਲ ਤੋਰਿਆ। ਉਸਦੇ ਨਾਵਲਾਂ ਦੀ ਗਿਣਤੀ ਭਾਵੇਂ ਘੱਟ ਹੈ ਪਰ ਜਿੰਨੇ ਕੁ ਹਨ ਉਹ ਦਿਲਚਸਪ ਹਨ। ਪਾਠਕ ਨੂੰ ਨਾਲ ਤੋਰਨ ਦੇ ਸਮਰੱਥ ਹਨ। ਬਲਦੇਵ ਸਿੰਘ ਤੇ ਮਿੱਤਰ ਸੈਨ ਮੀਤ ਦੇ ਵਿਚਾਰ ਵੀ ਚੰਗੇ ਲੱਗੇ। ਪ੍ਰਗਟ ਸਿੰਘ ਸਿੱਧੂ ਨੂੰ ਹਮੇਸ਼ਾਂ ਹੀ ਇਹ

ਗਿਲਾ ਰਿਹਾ ਹੈ ਕਿ ਉਹ ਅਣ ਗੌਲਿਆ ਹੋਇਆ ਹੈ। ਕੁਝ ਕੁ ਦਿਨ ਪਹਿਲਾਂ ਪੰਜਾਬੀ ਟ੍ਰਿਬਿਊਨ ਵਿਚ ਇੱਕ ਲੇਖ ਦੀ ਮਾਰਫਤ ਉਸਨੇ ਭੜਾਸ ਕੱਢ ਲਈ ਹੈ। ਉਸ ਅਨੁਸਾਰ ਅੱਗੇ ਆਉਣ ਲਈ ਕੋਈ ਵੀ ਲੇਖਕ, ਆਲੋਚਕ ਨਾਲ ਆੜੀ ਪਾ ਕੇ ਰਖਦਾ ਹੈ ਅਤੇ ਫਿਰ ਆਲੋਚਕ ਹੀ ਲੇਖਕ ਦੀ ਬੱਲੇ ਬੱਲੇ ਕਰਵਾ ਦਿੰਦਾ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਜੇ ਰਚਨਾ 'ਚ ਦਮ ਹੋਵੇਗਾ ਤਾਂ ਉਸਦੀ ਪ੍ਰਸਿੱਧੀ ਹੋਵੇਗੀ। ਪਰ ਸਿੱਧੂ ਇਸ ਗੱਲ ਤੇ ਜੋਰ ਦਈ ਜਾ ਰਿਹਾ ਹੈ ਕਿ 'ਨਾਵਲ ਆਲੋਚਕਾ ਦੀ ਸਥਿਤੀ ਬਹੁਤ ਮਾੜੀ ਹੈ। ਸ਼ੈਲੀ ਪੱਖੋਂ ਓਮ ਪ੍ਰਕਾਸ਼ ਗਾਸੋ ਇਕ ਵਧੀਆਂ ਨਾਵਲਕਾਰ ਹੈ। ਪਰ ਉਸਦਾ ਨਾਵਲਕਾਰਾਂ ਵਿਚ ਜ਼ਿਕਰ ਬਹੁਤ ਘੱਟ ਹੋਇਆ ਹੈ। ਜੋਗਿੰਦਰ ਸਿੰਘ ਕੈਰੋਂ ਨੇ ਨਾਵਲ ਵਿਧਾ ਨੂੰ ਸਮਝਾਉਣ ਦੀ ਬਜਾਏ ਆਪ ਬੀਤੀ ਨੂੰ ਲੱਸੀ ਵਿਚ ਪਾਣੀ ਪਾਉਣ ਵਾਂਗ ਵਧਾ ਲਿਆ। ਖ਼ੈਰ ਉਸਦਾ 'ਨਾਦ ਬਿੰਦ' ਨਾਵਲ ਬਹੁਤ ਹੀ ਕਮਾਲ ਦਾ ਹੈ। ਜੋ ਕਿ ਸਾਇਦ ਉਸਨੇ ਬਹੁਤ ਮਿਹਨਤ ਨਾਲ ਲਿਖਿਆ ਹੈ। ਕਹਾਣੀ ਤੋਂ ਨਾਵਲ ਵੱਲ ਵਧਿਆ ਦਿੱਲੀ ਬੈਠਾ ਨਛੱਤਰ ਦਾ ਨਾਵਲ 'ਸਲੋਅ ਡਾਊਨ' ਚੰਗੇ ਨਾਵਲਾਂ ਵਿਚ ਹਾਜ਼ਰੀ ਲਵਾਉਂਦਾ ਹੈ। ਨਛੱਤਰ ਆਖਦਾ ਹੈ ਜੀਵਨੀ ਮੂਲਕ ਨਾਵਲ ਜਾਂ ਇਤਿਹਾਸਕ ਨਾਵਲ ਲਿਖਣਾ ਦੂਸਰੇ ਨਾਵਲਾਂ ਨਾਲੋਂ ਅਸਾਨ ਹੈ। ਪਰ ਇਸ ਵਿੱਚ ਕਿੰਨੀ ਕੁ ਸਚਾਈ ਹੈ। ਇਹ ਤਾਂ ਬਲਦੇਵ ਸਿੰਘ ਸੜਕਨਾਮਾਂ ਹੀ ਦੱਸ ਸਕਦਾ ਹੈ।

ਆਸ਼ੋਕ ਚਰਨ ਆਲਮਗੀਰ ਲਿਖਦਾ ਹੈ, "ਪੰਚਵਿੰਜਾ ਵਰ੍ਹੇ ਹੋ ਗਏ ਮੈਨੂੰ ਲਿਖਦਿਆ।' ਪਰ ਮੇਰਾ ਵੀਰ ਗੁੱਸਾ ਵੀ ਨਾ ਕਰੇ। ਮੈਂ ਤਾਂ ਉਸਦਾ ਨਾਂ ਪਹਿਲੇ ਵਾਰ ਪੜ੍ਹਿਆ ਹੈ। ਮੈਨੂੰ ਆਪਦੇ ਆਪ ਤੇ ਹੀਣਤਾ ਆਉਂਦੀ ਹੈ ਕਿ ਮੈਂ ਹੋਰਨਾਂ ਵਾਂਗ ਬਹੁਤਾਂ ਕਿਉਂ ਨਹੀਂ ਪੜ੍ਹਦਾ? ਬੂਟਾ ਸਿੰਘ ਸ਼ਾਦ ਕਾਫੀ ਲੰਮੇਂ ਸਮੇਂ ਤੋਂ ਲਿਖਦਾ ਆ ਰਿਹਾ ਹੈ। ਇਕ ਨਾਵਲ ਦੀ ਰਚਨਾ ਉਪਰੰਤ ਉਹ ਕਾਫੀ ਚਰਚਾ ਵਿਚ ਵੀ ਰਿਹਾ ਹੈ। ਪਰਗਟ ਸਿੰਘ ਸਤੌਜ ਨਵੀਂ ਪੀੜ੍ਹੀ ਦਾ ਨਾਵਲਕਾਰ ਹੈ। 'ਭਾਗੂ' ਲਿਖਣ ਤੋਂ ਬਾਅਦ ਉਸਦਾ ਨਾਵਲ 'ਤੀਵੀਂਆਂ' ਬਹੁਤ ਚਰਚਾ ਵਿੱਚ ਰਿਹਾ ਹੈ ਅਤੇ ਹੈ ਵੀ ਹੈ। ਇਸ ਨਾਵਲ ਨੂੰ ਪੜ੍ਹਦਿਆਂ ਪਾਠਕ ਜੁੜਿਆ ਰਹਿੰਦਾ ਹੈ। ਉਸ ਕੋਲ ਕਮਾਲ ਦਾ ਕਥਾ ਰਸ ਹੈ। ਅੰਤ ਵਿਚ ਰਜਨੀਸ਼ ਬਹਾਦਰ ਸਿੰਘ ਦੀ ਮੁਲਾਕਾਤ ਕਮਾਲ ਦੇ ਮੁੱਦੇ ਉਭਾਰਦੀ ਹੈ। ਪੰਜਾਬੀ ਨਾਵਲ ਦੀ ਇਕ ਮੁਕੰਮਲ ਤਸਵੀਰ ਮੁਲਾਕਾਤ ਵਿਚੋਂ ਉਭਰਦੀ ਹੈ। ਰਜਨੀਸ਼ ਨੇ ਤਰਕ ਨਾਲ ਪੰਜਾਬੀ ਨਾਵਲ ਦਾ ਮੁਹਾਂਦਰਾ ਪੇਸ਼ ਕੀਤਾ ਹੈ। ਮੁੱਢ ਤੋਂ ਲੈ ਕੇ ਹੁਣ ਤੱਕ ਪੂਰਾ ਪੰਜਾਬੀ ਨਾਵਲ ਸਾਡੇ ਸਾਹਮਣੇ ਰੱਖ ਦਿੱਤਾ ਹੈ। ਬਾਕੀ ਡਾ. ਸੁਰਜੀਤ ਬਰਾੜ, ਡਾ. ਸਾਕ ਮੁਹੰਮਦ, ਜੇ. ਬੀ. ਸੇਖੋਂ ਤੇ ਡਾ. ਰਾਮ ਮੂਰਤੀ ਦੇ ਨਾਵਲ ਬਾਰੇ ਲੇਖ ਕਮਾਲ ਦੇ ਹਨ। ਸਾਰਾ ਅੰਕ ਪੜ੍ਹ ਕੇ ਇਹ ਪ੍ਰਭਾਵ ਬਣਦਾ ਹੈ ਕਿ ਇਹ ਇਕ ਯਾਦਗਾਰੀ ਨਾਵਲ ਅੰਕ ਬਣ ਗਿਆ ਹੈ। ਇਸ ਨੂੰ ਖੋਜ ਵਿਦਿਆਰਥੀ ਅਤੇ ਲੇਖਕ ਦੇਰ ਤੱਕ ਸਾਂਭ ਕੇ ਰੱਖਣਗੇ।

**-ਮਹਿੰਦਰ ਸਿੰਘ ਤਤਲਾ**, ਪਿੰਡ. ਬਸੂਵਾਲ, ਡਾ. ਚੀਮਾਂ, ਜਗਰਾਓ, ਲੁਧਿਆਣਾ।

ਇਨਾਮਾਂ ਦੀ ਸਿਆਸਤ ਬਾਰੇ ਮੇਰੇ ਮਨ 'ਚ ਬੜੇ ਚਿਰ ਤੋਂ ਗੱਲ ਰੜਕ ਰਹੀ ਸੀ। ਤੁਹਾਡੀ ਸੰਪਾਦਕੀ ਨੇ ਕੁਝ ਲਿਖਣ ਦੀ ਹਿੰਮਤ ਕਰ ਦਿੱਤੀ। ਲਿਖਣਾ ਤਾਂ ਇੱਕ ਸਾਧਨਾ ਹੈ। ਲੰਮਾ ਪੰਧ ਹੈ ਤੇ ਬਹੁਤ ਦੂਰ ਇਸਦਾ ਨਿਸ਼ਾਨਾ ਪਿਆ ਹੁੰਦਾ ਹੈ। ਕਈ-ਕਈ ਦਹਾਕੇ ਸਾਹਿਤ ਦੀ ਭੱਠੀ 'ਚ ਸੜ-ਸੜ ਕੇ ਕੁਝ ਮਾਅਰਕੇ ਦਾ ਲਿਖਿਆ ਜਾਂਦਾ ਹੈ। ਫਿਰ ਉਹ ਪਾਠਕਾਂ ਦੀ ਕਚਿਹਰੀ 'ਚ ਪ੍ਰਵਾਨ ਚੜ੍ਹਦਾ ਹੈ ਤਾਂ ਉਹ ਚੰਗਾ ਸਾਹਿਤ ਹੋ ਨਿਬੜਦਾ ਹੈ। ਪਾਠਕ ਉਹਨੂੰ ਆਪਣੀਆਂ ਅੱਖਾਂ 'ਤੇ ਬਿਠਾਉਂਦੇ ਹਨ। ਚੰਗਾ ਲੇਖਕ ਉਹੋ ਹੀ ਹੁੰਦਾ ਹੈ ਜੋ ਲੋਕਾਂ ਦੀਆਂ ਤੰਗੀਆਂ ਤੁਰਸ਼ੀਆਂ ਵੇਦਨਾਵਾਂ, ਭਾਵਨਾਵਾਂ ਵਧੀਕੀਆਂ ਦੀਆਂ ਬਾਤਾਂ ਪਾਵੇ। ਉਹੋ ਲੇਖਕ ਲੋਕਾਂ ਨੂੰ ਚੰਗਾ-ਚੰਗਾ ਜਾਪਣ ਲੱਗਦਾ ਹੈ। ਕਿ ਇਹ ਹੈ ਉਹ ਮਨੁੱਖ ਜੋ ਸਾਡੀ ਨਬਜ਼ ਫੜਕੇ ਸਾਡੇ ਰੋਗਾਂ ਨੂੰ ਲੱਭਦਾ ਹੈ। ਮੱਲ੍ਹਮ ਲਾਉਂਦਾ ਹੈ। ਧਰਵਾਸਾ ਦੇਂਦਾ ਹੈ। ਸਾਨੂੰ ਰਾਜ਼ੀ ਕਰਨ ਵਾਲਾ। ਸਾਡੇ ਅੱਥਰੂ ਪੂੰਝਣ ਵਾਲਾ।



ਇਹੋ ਜਿਹੇ ਨੂੰ ਜਦੋਂ ਲੋਕਾਂ ਦੀ ਕਚਿਹਰੀ 'ਚ ਪ੍ਰਵਾਨਗੀ ਮਿਲਦੀ ਹੈ ਤੇ ਸਭ ਸਿਰ ਝੁਕਾਉਂਦੇ ਹਨ। ਕੋਈ ਉਂਗਲ ਨਹੀਂ ਕਰਦਾ।

ਪਰ ਜਦੋਂ ਨਾ ਤਜ਼ਰਬੇਕਾਰ ਜਾਂ ਕਹਿ ਲਵੋਂ ਅਭਿਆਸੀ ਦੌਰ 'ਚੋਂ ਗੁਜ਼ਰਦਾ ਭਲਵਾਨ ਹੀ ਅਖਾੜੇ ਦਾ ਮੱਲ ਐਲਾਨ ਦਿੱਤਾ ਜਾਵੇ, ਫੇਰ ਤਾਂ ਰੱਬ ਦੀ ਰਾਖਾ ਹੈ। ਖੋਤਾ-ਘੋੜਾ ਇਕ ਬਰੋਬਰ। ਲੋਕ ਉਂਗਲ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਕੋਈ ਰੋਕ ਵੀ ਨਹੀਂ ਸਕਦਾ।

ਪਿਛਲੀ ਵਾਰੀ ਬਲਦੇਵ ਸਿੰਘ ਸੜਕਨਾਮਾਂ ਨੂੰ ਸਾਹਿਤ ਅਕਾਡਮੀ ਦਾ ਐਵਾਰਡ ਮਿਲਿਆ ਤਾਂ ਹਰੇਕ ਮਨ ਗਦ ਗਦ ਹੋ ਉੱਠਿਆ। ਬਈ ਇਹ ਹੈ ਅਸਲ ਹੱਕਦਾਰ। ਇਹ ਹੈ ਸਾਡਾ ਚੈਪੀਅਨ। ਜਿਸਨੇ ਅਪਣੇ ਦਿਲ ਦਿਮਾਗ਼ ਨੂੰ ਲੂਹ-ਲੂਹ ਕੇ ਸਾਨੂੰ ਵੱਡਮੁੱਲੀਆਂ ਰਚਨਾਵਾਂ ਪੜ੍ਹਾਈਆਂ ਤੇ ਸਾਡੇ ਸੀਨੇ ਠਾਰੇ। ਇਹ ਰਚਨਾਵਾਂ ਹੀ ਸਦੀਵੀਂ ਹਨ।

ਪਰ ਇਸ ਵਾਰ 'ਮਹਾਂ ਕੰਬਲੀ' ਵਾਲੇ ਦਰਸ਼ਨ ਬੁੱਟਰ ਨੂੰ ਝੱਟਪਟ ਹੀ ਇਨਾਮ ਫੜਾ ਦਿੱਤਾ। ਕੱਲ੍ਹ ਅਜੇ ਨਾਂ ਸੁਣਦੇ ਸਾਂ, ਅੱਜ ਏਡਾ ਵੱਡਾ ਸਨਮਾਨ। ਇਵੇਂ ਫੇਰ ਕੱਲ੍ਹ ਨੂੰ ਮੈਂ ਵੀ ਆਸ ਰੱਖਾਂਗਾ। ਸਾਨੂੰ ਦੁੱਖ ਇਹ ਨਹੀਂ ਕਿ ਉਹ ਕਿਉਂ ਲੈ ਗਿਆ। ਪਰ ਜਿਹਨਾਂ ਤਰੀਕਿਆਂ ਨਾਲ ਲਿਆ। ਉਹ ਮਾੜੀ ਗੱਲ ਹੈ। ਇਹ ਪ੍ਰਦੂਸ਼ਨ ਹੋ ਨਿਬੜਦਾ ਹੈ ਜਦੋਂ ਅਸੀਂ ਆਪ ਜਾ ਜਾ ਜੱਫ਼ਾ ਮਾਰਦੇ ਹਾਂ। ਅਜੇ 'ਬੁੱਟਰ' ਸਾਹਬ ਨੂੰ ਕਾਹਲੀ ਹੀ ਕੀ ਸੀ। ਇਹ ਇਨਾਮ ਪ੍ਰਾਪਤ ਕਰਕੇ ਉਹਨਾਂ ਕੀ ਪ੍ਰਾਪਤ ਕਰ ਲਿਆ ਸਗੋਂ ਆਪਣਾ ਵਧ ਰਿਹਾ ਸਾਹਿਤਕ ਕੱਦ ਬੌਣਾ ਕਰ ਲਿਆ। ਇਹ ਸਨਮਾਨ ਵੀ ਆਮ ਪ੍ਰੋਗਰਾਮਾਂ 'ਤੇ ਮਿਲਦੇ ਮੋਮੈਂਟੋਆਂ ਜਿਹਾ ਹੀ ਬਣਕੇ ਰਹਿ ਗਿਆ।

ਦਰਸ਼ਨ ਬੁੱਟਰ ਹੁਰਾਂ ਨੂੰ ਇਨਾਮ ਵਾਪਸ ਕਰ ਦੇਣਾ ਚਾਹੀਦਾ ਸੀ। ਬਈ ਮੈਂ ਹੱਕਦਾਰ ਨਹੀਂ। ਜਿਹੜੇ ਹੱਕਦਾਰ ਹਨ, ਉਨ੍ਹਾਂ ਨੂੰ ਦੇਵੋ। ਹੈ ਇਹ ਜ਼ੁਰਅਤ ਉਹਨਾਂ 'ਚ? ਸਾਇਦ ਨਹੀਂ। ਅਜੇ ਉਹਨਾਂ ਦਾ ਕੱਦ ਇਹ ਇਨਾਮ ਲੈਣ ਲਈ ਬਹੁਤ ਹੀ ਛੋਟਾ ਹੈ। ਅਜੇ ਉਨ੍ਹਾਂ ਨੂੰ ਬਹੁਤ ਮੌਕੇ ਮਿਲਣੇ ਸਨ, ਇਥੇ ਪਹੁੰਚਣ ਲਈ।

ਅਜੇ ਤਾਂ ਉਹਨਾਂ ਤੋਂ ਬਹੁਤ ਹੀ ਵੱਡੇ ਤੇ ਸਨਮਾਨਯੋਗ ਨਾਂ ਪਏ ਹਨ। ਜਿਹਨਾਂ 'ਤੇ ਲੋਕ ਆਸ ਲਾਈ ਬੈਠੇ ਹਨ। ਐਤਕੀਂ ਉਹਨਾਂ 'ਚੋਂ ਕਿਸੇ ਦਾ ਨਾਂ ਹੋਵੇਗਾ। ਪਰ ਨਹੀਂ।

ਸਨਮਾਨ ਦੇਣ ਵਾਲੀ ਚੋਣ ਕਮੇਟੀ ਤੇ ਵੀ ਤਰਸ ਆਉਂਦਾ ਹੈ। ਖਿਝ ਚੜ੍ਹਦੀ ਹੈ ਜਿਹੜੇ ਏਸ ਸਨਮਾਨ ਦਾ ਸਗੋਂ ਨਾਸ਼ ਹੀ ਮਾਰ ਰਹੇ ਹਨ। ਉਹਨਾਂ ਮਹਾਂਪੁਰਸ਼ਾਂ ਨੂੰ ਯੋਗ ਨਾਂ ਕਿਉਂ ਨਹੀਂ ਦਿਸਦੇ। ਜਿਹੜੇ ਹਰੇਕ ਅੱਖ ਨੂੰ ਦਿਸਦੇ ਪਏ ਹਨ। ਉਹ ਉਹਨਾਂ ਦੀ ਸ਼ਾਇਦ ਚਾਪਲੂਸੀ ਨਹੀਂ ਕਰਦੇ ਹੋਣਗੇ। ਉਹਨਾਂ ਦੁਆਲੇ ਗੇੜੇ ਨਹੀਂ ਕੱਢਦੇ ਹੋਣਗੇ।

ਮੈਨੂੰ ਦਿਸ ਰਿਹਾ ਹੈ ਕਿ ਮੇਰੀਆਂ ਅੱਖਾਂ ਸਾਹਮਣੇ ਉਹ ਨਾਂ ਆ ਰਹੇ ਹਨ ਜਿਹਨਾਂ ਦੇ ਕੱਦ ਹੁਣ ਸਾਹਿਤ ਅਕਾਡਮੀ ਦੇ ਸਨਮਾਨ ਤੋਂ ਕਿਤੇ ਵੱਡੇ ਹੋ ਗਏ ਹਨ। ਮੇਰਾ ਜੀਅ ਕਰਦੈ ਉਹਨਾਂ ਦੇ ਇੱਥੇ ਨਾਂ ਲਵਾਂ ਜਿਹਨਾਂ ਦੇ ਨਾਂ ਇਹ ਸਨਮਾਨ ਹੋਣਾ ਚਾਹੀਦਾ ਸੀ। ਜਿਵੇਂ ਪੰਜਾਬੀ ਦੇ ਪ੍ਰਸਿੱਧ ਕਵੀ ਹਰਿਭਜਨ ਸਿੰਘ ਹੁੰਦਲ, ਜਿਹਨਾਂ ਨੇ ਕਵਿਤਾ, ਵਾਰਤਕ ਤੇ ਅਨੁਵਾਦ ਦੇ ਖੇਤਰ ਵਿਚ ਕਮਾਲ ਦਾ ਤੇ ਢੇਰ ਸਾਰਾ ਕੰਮ ਕੀਤਾ ਹੈ। ਕਵੀ ਪ੍ਰਮਿੰਦਰਜੀਤ ਹੁਰਾਂ ਦਾ ਕਵਿਤਾ 'ਚ ਵੱਟ ਕੱਢਵਾਂ ਨਾਂ ਹੈ। ਓਮ ਪ੍ਰਕਾਸ਼ ਗਾਸੋ ਦੀ ਨਾਵਲ ਦੇ ਖੇਤਰ ਵਿਚ ਕਮਾਈ ਕੋਈ ਘੱਟ ਹੈ। ਮਨਮੋਹਨ ਬਾਵਾ, ਗੁਰਦੇਵ ਰੁਪਾਣਾ, ਸੁਖਵੰਤ ਕੌਰ ਮਾਨ, ਨਛੱਤਰ, ਮੋਹਨਜੀਤ ਇਨ੍ਹਾਂ ਨੂੰ ਸਾਹਿਤ ਅਕਾਦਮੀ ਦੇ ਐਵਾਰਡ ਕਦੋਂ ਦਿੱਤੇ ਜਾਣਗੇ? ਕਿ ਅਕੈਡਮੀ ਵਾਲੇ ਇਨ੍ਹਾਂ ਸ਼ੇਰਾਂ ਦੀ ਮੌਤ ਉਡੀਕ ਰਹੇ ਹਨ। ਇਹ ਨਾਂ ਸਾਰੀ ਦੁਨੀਆਂ ਨੂੰ ਤਾਂ ਦਿਸ ਰਹੇ ਹਨ। ਚੋਣਕਾਰਾਂ ਨੂੰ ਖੌਰੇ ਇਨ੍ਹਾਂ ਨਾਲ ਕੋਈ ਅਲਰਜ਼ੀ ਹੈ। ਮੈਂ ਇਹਨਾਂ ਲਈ ਹਾਅ ਦਾ ਨਾਅਰਾ ਮਾਰ ਰਿਹਾ ਹਾਂ।

**-ਡਾ. ਕਰਮਜੀਤ ਸਿੰਘ ਨਡਾਲਾ**, ਵਾਲੀਆ ਹਸਪਤਾਲ,
ਨਡਾਲਾ, ਕਪੂਰਥਲਾ, ਮੋਬਾ. 98151-86532